# PANJAB TIMES ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

12th - 19th September 2024 • Issue No. 3047 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389


# ਸੁਪਰੀਮ ਕੋਰਟ ਵਲੋਂ ਸੁਮੇਧ ਸੈਣੀ ਨੂੰ ਝਟਕਾ, ਨਵੀਂ ਐਫ.ਆਈ.ਆਰ. ਰੱਦ ਕਰਨ ਤੋਂ ਇਨਕਾਰੀ

## ✪ ਕੈਪਟਨ ਤੇ ਬਾਦਲ ਪਰਿਵਾਰ ਦਾ ਵਿਸ਼ਵਾਸ ਪਾਤਰ ਸੀ ਸੈਣੀ ✪ ਅਦਾਲਤ ਵਿਚ ਬਾਦਲ ਸਰਕਾਰ ਨੇ ਸੈਣੀ ਦੇ ਹਕ ਵਿਚ ਦਿਤੀ ਸੀ ਗਵਾਹੀ ✪ ਨਿਆਂ ਉਪਰ ਉਠੇ ਸੁਆਲ ਕਿ ਸਤਾਰਾਂ ਸਾਲ ਬਾਅਦ ਵੀ ਕੇਸ ਕਿਉਂ ਲਟਕ ਰਿਹਾ ਏ, ਇਨਸਾਫ ਕਦੋਂ ?



ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਝਟਕਾ ਦਿੰਦਿਆਂ ਬਲਵੰਤ ਸਿੰਘ ਮੁਲਤਾਨੀ ਦੇ ਅਗਵਾ ਕਰਨ ਅਤੇ ਹੱਤਿਆ ਦੇ ਮਾਮਲੇ ਵਿਚ ਸੈਣੀ ਖ਼ਿਲਾਫ਼ ਦਰਜ ਨਵੀਂ ਐਫ.ਆਈ.ਆਰ. 'ਤੇ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ। ਸੁਮੇਧ ਸੈਣੀ ਨੇ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਸਰਬਉਚ ਅਦਾਲਤ ਨੇ ਪਟੀਸ਼ਨ ਖ਼ਾਰਜ ਕਰਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ ਨੂੰ ਰੱਦ ਕਰਨ ਦਾ ਕੋਈ ਕਾਰਨ ਨਹੀਂ ਹੈ। ਸੈਣੀ ਨੇ ਪਟੀਸ਼ਨ ਵਿਚ ਦਾਅਵਾ ਕਰਦਿਆਂ ਕਿਹਾ ਕਿ ਉਨ੍ਹਾਂ ਖ਼ਿਲਾਫ਼ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਸਾਜਿਸ਼ ਕੀਤੀ ਅਤੇ ਘਟਨਾ ਦੇ ਦਹਾਕਿਆਂ ਤੋਂ ਬਾਅਦ ਐਫ.ਆਈ.ਆਰ. ਦਰਜ ਕੀਤੀ। ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਪੰਕਜ ਮਿੱਥਲ ਦੇ ਬੈਂਚ ਨੇ ਮਾਮਲੇ ਦੀ ਪ੍ਰਗਤੀ ਤੇ ਖ਼ਾਸ ਤੌਰ 'ਤੇ ਦੋਸ਼ ਪੱਤਰ ਦਾਖ਼ਲ ਕਰਨ ਨੂੰ ਆਪਣੇ ਫ਼ੈਸਲੇ ਦਾ ਆਧਾਰ ਮੰਨਿਆ। ਸੁਪਰੀਮ ਕੋਰਟ ਨੇ ਇਹ ਸਪੱਸ਼ਟ ਕੀਤਾ ਕਿ 8 ਸਤੰਬਰ, 2020 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਪਿਛਲੇ ਫ਼ੈਸਲੇ ਦੀਆਂ ਟਿੱਪਣੀਆਂ 'ਤੇ ਚੱਲ ਰਹੀ ਹੇਠਲੀ ਅਦਾਲਤ ਦੀ ਕਾਰਵਾਈ ਪ੍ਰਭਾਵਿਤ ਨਹੀਂ ਹੋਵੇਗੀ।

ਉਕਤ ਮਾਮਲਾ ਪੰਜਾਬ ਸੰਤਾਪ ਦੇ ਪ੍ਰਭਾਵਿਤ ਸਮੇਂ 1990 ਦੇ ਦਹਾਕੇ ਦਾ ਹੈ।ਉਸ ਦੌਰਾਨ ਸੁਮੇਧ ਸੈਣੀ ਚੰਡੀਗੜ੍ਹ ਦੇ ਐਸ.ਐਸ.ਪੀ. ਸਨ। 1991 'ਚ ਸੈਣੀ 'ਤੇ ਖਾੜਕੂ ਹਮਲਾ ਹੋਇਆ।ਉਸ ਹਮਲੇ ਵਿਚ ਸੈਣੀ ਦੀ ਸੁਰੱਖਿਆ 'ਚ ਤਾਇਨਾਤ 4 ਪੁਲਿਸ ਮੁਲਾਜ਼ਮ ਮਾਰੇ ਗਏ ਅਤੇ ਸੈਣੀ ਆਪ ਵੀ ਜ਼ਖ਼ਮੀ ਹੋ ਗਏ। ਉਸੇ ਮਾਮਲੇ ਵਿਚ ਪੁਲਿਸ ਨੇ ਸੁਮੇਧ ਸੈਣੀ ਦੇ ਆਦੇਸ਼ 'ਤੇ ਸਾਬਕਾ ਆਈ. ਏ. ਐਸ. ਦੇ ਬੇਟੇ ਬਲਵੰਤ ਸਿੰਘ ਮੁਲਤਾਨੀ ਨੂੰ ਗ੍ਰਿਫ਼ਤਾਰ ਕੀਤਾ। ਵਿਸਥਾਰ ਸਹਿਤ ਖਬਰ ਸਫ਼ਾ 3 ਤੇ ਪੜ੍ਹੋ →

✪ ਝਾਰਖੰਡ, ਮਹਾਰਾਸ਼ਟਰ, ਯੂਪੀ ਦੀਆਂ 10 ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ ਮੋਦੀ ਲਈ ਇਮਤਿਹਾਨ ਦੀ ਘੜੀ

✪ ਸਿਖ ਕਿਸਾਨ ਨੇ ਤਿੰਨ ਏਕੜ ਵਿਚ ਕੇਲਿਆਂ ਤੇ ਇਕ ਏਕੜ ਵਿਚ ਹਲਦੀ ਦੀ ਖੇਤੀ ਕਰਕੇ ਦਿਖਾਇਆ ਕਮਾਲ

✪ ਕੈਬਨਿਟ ਮੰਤਰੀਆਂ ਤੋਂ ਬਾਅਦ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰਾਂ ਦੀ ਹੋ ਸਕਦੀ ਹੈ ਪੇਸ਼ੀ

✪ ਕਾਂਗਰਸ ਤੇ 'ਆਪ' ਵਿਚਾਲੇ ਸਮਝੌਤੇ ਦੀ ਗੱਲਬਾਤ ਟੁੱਟੀ

ਵਿਸਥਾਰ ਸਹਿਤ ਖਬਰਾਂ ਅੰਦਰ ਦੇਖੋ

# ਕੌਣ ਪੈਦਾ ਕਰ ਰਿਹਾ ਸਿੱਖਾਂ ਤੇ ਮੁਸਲਮਾਨਾਂ 'ਚ ਟਕਰਾਅ !

## ✪ ਜਥੇਦਾਰ ਨੇ ਦਿੱਤਾ ਸਖਤ ਆਦੇਸ਼



ਅੰਮ੍ਰਿਤਸਰ-ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵਿਦੇਸ਼ਾਂ ਵਿੱਚ ਸੋਸ਼ਲ ਮੀਡੀਆ 'ਤੇ ਸਿੱਖਾਂ ਅਤੇ ਮੁਸਲਮਾਨਾਂ ਦੇ ਭੇਸ ਅਤੇ ਨਾਵਾਂ ਵਾਲੇ ਖਾਤੇ ਬਣਾ ਕੇ ਸਿੱਖਾਂ ਅਤੇ ਇਸਲਾਮ ਧਰਮ ਟਕਰਾਅ ਪੈਦਾ ਕਰਨ ਤੇ ਕਿਹਾ ਹੈ ਕਿ ਕਿਸੇ ਵੀ ਧਰਮ ਅਤੇ ਪੀਰਾਂ ਪੈਗੰਬਰਾਂ ਬਾਰੇ ਗਲਤ ਸੋਚ ਰੱਖਣ ਵਾਲੇ ਇਨਸਾਨ ਕਦੇ ਵੀ ਕਿਸੇ ਧਰਮ ਦੇ ਪੈਰੋਕਾਰ ਨਹੀਂ ਹੋ ਸਕਦੇ।

ਇਸ ਸਬੰਧੀ ਅਕਾਲ ਤਖਤ ਸਾਹਿਬ ਤੋਂ ਜਾਰੀ ਲਿਖਤੀ ਬਿਆਨ ਵਿੱਚ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਕਈ ਲਿਖਤੀ ਰੂਪ ਵਿੱਚ ਸ਼ਿਕਾਇਤਾਂ ਪੁੱਜੀਆਂ ਹਨ ਕਿ ਵਿਦੇਸ਼ਾਂ ਵਿੱਚ ਕਈ ਸਿੱਖਾਂ ਦੇ ਨਾਵਾਂ 'ਤੇ ਟਿਕਟਾਕ ਖਾਤੇ ਬਣੇ ਹੋਏ ਹਨ, ਜਿਸ ਨਾਲ ਉਹ ਇਸਲਾਮ ਧਰਮ ਦੇ ਖਿਲਾਫ ਨਫਰਤ ਭਰੇ ਬਿਆਨ ਦੇ ਰਹੇ ਹਨ ਅਤੇ ਇਸੇ ਤਰ੍ਹਾਂ ਹੀ ਮੁਸਲਮਾਨਾਂ ਦੇ ਨਾਵਾਂ ਵਾਲੇ ਕਈ ਟਿਕਟਾਕ ਤੇ ਖਾਤੇ ਹਨ ਜੋ ਸਿੱਖ ਧਰਮ ਦੇ ਖਿਲਾਫ ਕੂੜ ਪ੍ਰਚਾਰ ਕਰ ਰਹੇ ਹਨ। ਇਸ ਸਭ ਕੁਝ ਨਾ ਤਾਂ ਸੱਚਾ ਸਿੱਖ ਕਰ ਸਕਦਾ ਹੈ ਅਤੇ ਨਾ ਹੀ ਸੱਚਾ ਮੁਸਲਮਾਨ। ਜਥੇਦਾਰ ਨੇ ਕਿਹਾ ਕਿ ਇਹ ਇਕ ਡੂੰਘੀ ਸਾਜਿਸ਼ ਹੈ, ਜੋ ਦੋਵੇਂ ਧਰਮਾਂ ਦੇ ਲੋਕਾਂ ਨੂੰ ਲੜਾਉਣਾ ਚਾਹੁੰਦੇ ਹਨ। ਜਥੇਦਾਰ ਨੇ ਦੇਸ਼ ਅਤੇ ਵਿਦੇਸ਼ ਵਿੱਚ ਰਹਿ ਰਹੇ ਲੋਕਾਂ ਨੂੰ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿ ਕੇ ਦਸ ਗੁਰੂ ਸਾਹਿਬਾਨ ਦੇ ਆਸ਼ੇ ਮੁਤਾਬਕ ਆਪਣੇ ਧਰਮ ਵਿੱਚ ਪ੍ਰਪੱਕ ਰਹਿਣ ਤੇ ਦੂਜੇ ਧਰਮਾਂ ਦਾ ਸਤਿਕਾਰ ਕਰਨ ਦਾ ਆਦੇਸ਼ ਦਿੱਤਾ ਹੈ। ਜਥੇਦਾਰ ਨੇ ਮੁਸਲਮਾਨ ਭਾਈਚਾਰੇ ਨੂੰ ਵੀ ਸੁਚੇਤ ਰਹਿਣ ਲਈ ਕਿਹਾ ਹੈ। ਜਥੇਦਾਰ ਨੇ ਕਿਹਾ ਕਿ ਜੋ ਵੀ ਕੋਈ ਸੋਸ਼ਲ ਮੀਡੀਆ ਤੇ ਸਿੱਖ ਦੇ ਭੇਸ ਵਿੱਚ ਇਸਲਾਮ ਪ੍ਰਤੀ ਗਲਤ ਬਿਆਨਬਾਜ਼ੀ ਕਰਦਾ ਹੈ ਉਸ ਨੂੰ ਸਿੱਖ ਨਾ ਸਮਝਿਆ ਜਾਵੇ।

ਜਥੇਦਾਰ ਨੇ ਮੁਸਲਮਾਨ ਭਾਈਚਾਰੇ ਨੂੰ ਵਿਸ਼ਵਾਸ਼ ਦਵਾਇਆ ਕਿ ਸਿੱਖ ਇਸ ਸਾਜਿਸ਼ ਨੂੰ ਨੰਗਾ ਕਰਨ ਲਈ ਹਰ ਤਰੀਕੇ ਨਾਲ ਆਪਣੇ ਮੁਸਲਮਾਨ ਭਰਾਵਾਂ ਨਾਲ ਖੜ੍ਹੇ ਹਨ। ਜਥੇਦਾਰ ਨੇ ਮੁਸਲਮਾਨ ਭਾਈਚਾਰੇ ਨੂੰ ਵੀ ਸਿੱਖ ਕੌਮ ਨਾਲ ਇਸ ਮਾਮਲੇ ਵਿੱਚ ਸਹਿਯੋਗ ਕਰਨ ਲਈ ਕਿਹਾ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com



# ਓਪਨ ਯੂਨੀਵਰਸਿਟੀ ਵਿੱਚ ਹੋਣ ਦਾ ਅਹਿਸਾਸ ਘਰ ਵਰਗਾ ਸੀ

## ਅਨੁਸ਼ਰੀ ਦੀ ਪੁਲਾੜ ਦੀ ਖੋਜ ਲਈ ਯਾਤਰਾ ਬੜੀ ਜੋਸ਼ ਭਰੀ ਅਤੇ ਓਪਨ ਯੂਨੀਵਰਸਿਟੀ ਦੁਆਰਾ ਆਯੋਜਿਤ ਕੀਤੀ ਗਈ

ਅਨੁਸ਼ਰੀ ਭਾਰਤ ਵਿੱਚ ਆਪਣੀ ਬੈਚਲਰ ਡਿਗਰੀ ਕਰ ਰਹੀ ਸੀ ਅਤੇ ਨਾਲ ਹੀ ਸਿਵਲ ਸਰਵਿਸ ਪ੍ਰੀਖਿਆਵਾਂ ਦੀ ਤਿਆਰੀ ਵੀ ਕਰ ਰਹੀ ਸੀ, ਜਦੋਂ ਕੋਲੰਬੀਆ ਸਪੇਸ ਸ਼ਟਲ ਦੀ ਘਟਨਾ ਵਾਪਰੀ। ਇਹ ਘਟਨਾ, ਭਾਵੇਂ ਬਹੁਤ ਹੀ ਦਿਲ ਦਹਿਲਾਉਣ ਵਾਲੀ ਸੀ, ਪਰ ਇਹੀ ਘਟਨਾ ਅਨੁਸ਼ਰੀ ਲਈ ਪੁਲਾੜ ਦੀ ਖੋਜ ਵਿੱਚ ਰੁਚੀ ਦਾ ਮੂਲ ਕਾਰਨ ਬਣੀ ਅਤੇ ਉਸ ਨੂੰ ਵਿਗਿਆਨਕ ਖੋਜ ਲਈ ਮਨੁੱਖਾਂ ਦੀ ਪੁਲਾੜ ਵਿੱਚ ਜਾਣ ਦੀ ਸੰਭਾਵਨਾ ਬਾਰੇ ਸੋਚਣ ਨੂੰ ਪ੍ਰੇਰਿਤ ਕੀਤਾ।

ਅੱਜ, ਓਪਨ ਯੂਨੀਵਰਸਿਟੀ ਤੋਂ ਐਸਟ੍ਰੋਬਾਇਓਲੌਜੀ ਵਿੱਚ ਆਪਣੀ ਪੀ.ਐੱਚ.ਡੀ. ਸਫਲਤਾ ਪੂਰਵਕ ਮੁਕੰਮਲ ਕਰਨ ਤੋਂ ਬਾਅਦ, ਉਸ ਨੇ ਗ੍ਰਹਿ ਵਿਗਿਆਨ ਦੇ ਖੇਤਰ ਵਿੱਚ ਸਫਲ ਕਰੀਅਰ ਬਣਾ ਲਿਆ ਹੈ ਅਤੇ ਉਹ ਮਾਰਸ 2020 ਪਰਸੀਵਰੈਂਸ ਰੋਵਰ ਲਈ ਸ਼ੇਰਲੌਕ ਵਿਗਿਆਨ ਅਤੇ ਸੰਚਾਲਨ ਟੀਮ ਦਾ ਹਿੱਸਾ ਹੈ।

ਹਾਲਾਂਕਿ ਕੋਲੰਬੀਆ ਸਪੇਸ ਸ਼ਟਲ ਦੀ ਘਟਨਾ ਸ਼ੁਰੂਆਤੀ ਚਿੰਗਾੜੀ ਸੀ, ਸਿਵਲ ਸਰਵਿਸ ਪ੍ਰੀਖਿਆਵਾਂ ਦੀ ਤਿਆਰੀ ਦੇ ਦੌਰਾਨ ਅਨੁਸ਼ਰੀ ਦੀ ਪੁਲਾੜ ਖੋਜ ਬਾਰੇ ਜਾਣਕਾਰੀ ਅਤੇ ਉਤਸੁਕਤਾ ਹੋਰ ਵੀ ਗਹਿਰੀ ਹੋ ਗਈ। ਇਸ ਸਮੇਂ ਦੌਰਾਨ ਹੀ ਉਸਨੇ ਪਹਿਲੀ ਵਾਰ "ਸਪੇਸ ਬਾਇਓਲੌਜੀ" ਸ਼ਬਦ ਸੁਣਿਆ ਅਤੇ ਪੁਲਾੜ ਅਤੇ ਜੀਵ ਵਿਗਿਆਨ ਨੂੰ ਮਿਲਾਉਣ ਦੇ ਵਿਚਾਰ ਨੇ ਉਸਨੂੰ ਬਹੁਤ ਪ੍ਰਭਾਵਿਤ ਕੀਤਾ। ਉਸਨੇ ਕਿਹਾ, "ਸਿਵਲ ਸਰਵਿਸ ਦੀ ਤਿਆਰੀ ਜਾਰੀ ਰੱਖਣ ਦੇ ਬਾਵਜੂਦ, ਪੁਲਾੜ ਖੋਜ ਦਾ ਵਿਚਾਰ ਮੇਰੇ ਮਨ ਵਿੱਚ ਬਣਿਆ ਰਹਿੰਦਾ ਸੀ।"

ਉਸਨੇ ਪੁਲਾੜ ਜੀਵ-ਵਿਗਿਆਨ ਬਾਰੇ ਹੋਰ ਖੋਜ ਕਰਨ ਲਈ ਆਪਣਾ ਸਮਾਂ ਸਮਰਪਿਤ ਕਰਨਾ ਸ਼ੁਰੂ ਕੀਤਾ ਅਤੇ ਉਸ ਨੂੰ ਪਤਾ ਲੱਗਿਆ ਕਿ ਭਾਰਤ ਵਿੱਚ ਇਸ ਤਰ੍ਹਾਂ ਦੇ ਕੋਈ ਪ੍ਰੋਗਰਾਮ ਨਹੀਂ ਸਨ ਅਤੇ ਉਸ ਨੂੰ ਵਿਦੇਸ਼ ਜਾਣਾ ਹੀ ਪਵੇਗਾ। ਇਸ ਸੱਚਾਈ ਨੇ ਅਨੁਸ਼ਰੀ ਦੇ ਮਨ ਵਿੱਚ ਤੂਫ਼ਾਨ ਲਿਆ ਦਿੱਤਾ, ਤੇ ਉਹ ਦੋ ਭਾਵਨਾਵਾਂ ਦੇ ਵਿਚਕਾਰ ਫਸ ਗਈ, ਕਿਉਂਕਿ ਉਹਦੇ ਪਰਿਵਾਰ ਦਾ ਸੁਪਨਾ ਸੀ ਕਿ ਉਹ ਸਿਵਲ ਸਰਵਿਸ ਵਿੱਚ ਕੰਮ ਕਰੇ ਅਤੇ ਉਸਦੀ ਆਪਣੀ ਰੁੱਚੀ ਇੱਕ ਨਵੇਂ ਖੇਤਰ, ਐਸਟ੍ਰੋਬਾਇਓਲੌਜੀ ਵਿੱਚ ਵੱਧ ਰਹੀ ਸੀ।

ਭਾਰਤ ਦੇ ਉੱਤਰੀ ਹਿੱਸੇ ਵਿੱਚ ਸਥਿਤ ਇੱਕ ਛੋਟੇ ਜਿਹੇ ਕਸਬੇ ਬਸਤੀ ਤੋਂ ਆ ਕੇ, ਇੱਕ ਅਜਿਹੇ ਖੇਤਰ ਵਿੱਚ ਅੱਗੇ ਜਾਣਾ ਜਿਸ ਬਾਰੇ ਉਸਦੇ ਆਲੇ ਦੁਆਲੇ ਕੋਈ ਵੀ ਨਹੀਂ ਜਾਣਦਾ ਸੀ ਇੱਕ ਚੁਣੌਤੀ-ਪੂਰਨ ਕੰਮ ਸੀ। "ਕਲਾ ਦੇ ਖੇਤਰ ਦੀ ਵਿਦਿਆਰਥਣ ਹੋਣ ਦੇ ਕਾਰਨ ਮੇਰਾ ਕੋਈ ਵਿਗਿਆਨਕ ਪਿਛੋਕੜ ਨਹੀਂ ਸੀ, ਐਸਟ੍ਰੋਬਾਇਓਲੋਜੀ ਦਾ ਅਧਿਐਨ ਕਰਨਾ ਮੇਰੀ ਪਹੁੰਚ ਤੋਂ ਬਾਹਰ ਸੀ। ਮੈਨੂੰ ਇਹ ਤਾਂ ਪਤਾ ਸੀ ਕਿ ਮੈਂ ਕੀ ਹਾਸਲ ਕਰਨਾ ਚਾਹੁੰਦੀ ਹਾਂ, ਪਰ ਇਹ ਨਹੀਂ ਸੀ ਪਤਾ ਕਿ ਇਹ ਕਰਨਾ ਕਿਵੇਂ ਹੈ ਅਤੇ ਮੇਰੇ ਕੋਲ ਕੋਈ ਮਾਰਗਦਰਸ਼ਨ ਜਾਂ ਸਾਧਨ ਨਹੀਂ ਸਨ। ਸਾਡੇ ਘਰ ਵਿੱਚ ਕੰਪਿਊਟਰ ਵੀ ਨਹੀਂ ਸੀ, ਇਸ ਲਈ ਮੈਂ ਇੰਟਰਨੈੱਟ ਕੈਫੇ ਵਿੱਚ ਘੰਟਿਆਂ ਬੱਧੀ ਬੈਠ ਕੇ ਵੱਖ-ਵੱਖ ਮੌਕਿਆਂ ਬਾਰੇ ਖੋਜ ਕਰਦੀ ਸੀ। ਮੇਰੇ ਜਜ਼ਬੇ ਅਤੇ ਦ੍ਰਿੜਤਾ ਨੂੰ ਦੇਖਦੇ ਹੋਏ, ਮੇਰੇ ਪਿਤਾ ਨੇ ਆਖਿਰ ਕਾਰ ਸਾਡੇ ਘਰ ਲਈ ਇੱਕ ਕੰਪਿਊਟਰ ਖਰੀਦਿਆ, ਜਿਸ ਨਾਲ ਮੇਰੀਆਂ ਕੋਸ਼ਿਸ਼ਾਂ ਨੂੰ ਬਹੁਤ ਮਦਦ ਮਿਲੀ ਅਤੇ ਮੇਰੀ ਮਿਹਨਤ ਰੰਗ ਲਿਆਉਣ ਲੱਗੀ।

"ਇਹ ਸਫ਼ਰ ਆਸਾਨ ਨਹੀਂ ਸੀ, ਪਰ ਮੈਨੂੰ ਉਸ ਸਮੇਂ ਕੋਈ ਮੁਸ਼ਕਲ ਮਹਿਸੂਸ ਨਹੀਂ ਹੋਈ ਕਿਉਂਕਿ ਮੇਰੇ ਜਜ਼ਬੇ ਅਤੇ ਇੱਕ ਕਿਸਮ ਦੇ ਪਾਗਲਪਨ ਨੇ ਮੈਨੂੰ ਬੱਲ ਬਖਸ਼ਿਆ ਹੋਇਆ ਸੀ। ਜਦੋਂ ਤੁਸੀਂ ਇਸ ਹੱਦ ਤੱਕ ਲੀਨ ਹੋ ਜਾਂਦੇ ਹੋ, ਤਾਂ ਤੁਹਾਨੂੰ ਚੁਣੌਤੀਆਂ ਮਹਿਸੂਸ ਨਹੀਂ ਹੁੰਦੀਆਂ, ਭਾਵੇਂ ਉਹ ਕਿੰਨੀਆਂ ਹੀ ਵੱਡੀਆਂ ਕਿਉਂ ਨਾ ਹੋਣ।"

ਅਨੁਸ਼ਰੀ ਦੇ ਮਾਪੇ ਵੀ ਉਸਦੇ ਫੈਸਲੇ ਨੂੰ ਲੈ ਕੇ ਬੇਯਕੀਨੀ ਵਿੱਚ ਸਨ ਕਿਉਂਕਿ ਉਹ ਉਹਦੇ ਦੱਸੇ ਖੇਤਰ ਨਾਲ ਬਿਲਕੁਲ ਜਾਣੂ ਨਹੀਂ ਸਨ। ਐਸਟ੍ਰੋਬਾਇਓਲੌਜੀ ਦਾ ਸੰਕਲਪ ਉਨ੍ਹਾਂ ਦੀ ਸਮਝ ਅਤੇ ਤਜ਼ਰਬੇ ਤੋਂ ਪਰੇ ਸੀ, ਕਿਉਂਕਿ ਪਰਿਵਾਰ ਵਿੱਚ ਕਿਸੇ ਨੇ ਵੀ ਵਿਗਿਆਨ ਦਾ ਅਧਿਐਨ ਨਹੀਂ ਕੀਤਾ ਸੀ, ਇੱਥੋਂ ਤੱਕ ਕਿ ਪੁਲਾੜ ਦੀ ਖੋਜ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਅਨੁਸ਼ਰੀ ਵੱਲੋਂ ਐਸਟ੍ਰੋਬਾਇਓਲੌਜੀ ਦੀ ਚੋਣ ਕਰਨਾ ਉਹਨਾਂ ਲਈ ਇਕ ਪੂਰਨ ਅਚੰਭਾ ਸੀ।

ਪਰ, ਉਸਨੇ ਆਖਿਰਕਾਰ ਆਪਣਾ ਸੁਪਨਾ ਪੂਰਾ ਕਰਨ ਦੀ ਚੋਣ ਕੀਤੀ ਅਤੇ ਉਸਦੇ ਮਾਤਾ-ਪਿਤਾ, ਜਿਨ੍ਹਾਂ ਨੂੰ ਅਜੇ ਵੀ ਇਹ ਸਭ ਮੁਸ਼ਕਲ ਲੱਗ ਰਿਹਾ ਸੀ, ਉਹਨਾਂ ਨੇ ਵੀ ਉਸ ਦਾ ਸਾਥ ਦਿੱਤਾ।

2016 ਵਿੱਚ, ਆਪਣੀ ਮਾਸਟਰ ਆਫ ਸਾਇੰਸ (ਬਾਇਓਟੈਕਨੋਲੋਜੀ) ਪੂਰੀ ਕਰਦੇ ਸਮੇਂ, ਅਨੁਸ਼ਰੀ ਆਪਣੇ ਭਵਿੱਖ ਦੇ ਪੀ. ਐਚ. ਡੀ. ਸੁਪਰਵਾਈਜ਼ਰ, ਓਪਨ ਯੂਨੀਵਰਸਿਟੀ ਦੇ ਪ੍ਰੋਫੈਸਰ ਕੈਰਨ ਔਲਸਨ-ਫ੍ਰੈਂਸਿਸ, ਡਾਇਰੈਕਟਰ ਆਫ ਐਸਟ੍ਰੋਬਾਇਓਲੌਜੀ ਨੂੰ ਮਿਲੀ ਅਤੇ ਇਹ ਮੁਲਾਕਾਤ ਕਿਸਮਤ ਵਾਲੀ ਸਾਬਿਤ ਹੋਈ, ਕਿਉਂਕਿ ਇਸ ਨਾਲ ਉਸਨੂੰ ਓਪਨ ਯੂਨੀਵਰਸਿਟੀ ਵੱਲੋਂ ਪੂਰੀ ਤਰ੍ਹਾਂ ਉਹਨਾਂ ਦੇ ਫੰਡ 'ਤੇ ਪੀ.ਐਚ.ਡੀ. ਕਰਨ ਲਈ ਅਰਜ਼ੀ ਦੇਣ ਦਾ ਸੱਦਾ ਮਿਲਿਆ।

ਪੀ.ਐਚ.ਡੀ. ਕਰਨ ਦਾ ਫੈਸਲਾ ਲੈਣਾ ਬਹੁਤ ਔਖਾ ਸੀ, ਖਾਸ ਤੌਰ 'ਤੇ ਜਦੋਂ ਉਸ ਨੂੰ ਨਾਸਾ ਦੇ ਗੋਡਾਰਡ ਸਪੇਸ ਫਲਾਈਟ ਸੈਂਟਰ ਵਿੱਚ ਮਾਰਸ ਕਿਊਰੀਓਸਿਟੀ ਟੀਮ ਦੇ ਨਾਲ ਡਾ. ਪੌਲ ਮਹਾਫੇ ਨਾਲ ਕੰਮ ਕਰਨ ਲਈ ਇੱਕ ਮਹੱਤਵਪੂਰਨ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਸੀ। ਇੱਕ ਲੁਭਾਉਣੇ ਤੇ ਆਕਰਸ਼ਕ ਮੌਕੇ ਦੇ ਬਾਵਜੂਦ, ਉਸ ਨੇ ਪੀ.ਐਚ.ਡੀ. ਨੂੰ ਤਰਜੀਹ ਦਿੱਤੀ ਕਿਉਂਕਿ ਇਸ ਨਾਲ ਉਸਦੇ ਕਰੀਅਰ ਵਿੱਚ ਗਹਿਰਾਈ ਆਉਣੀ ਸੀ ਅਤੇ ਉਸਨੂੰ ਓਪਨ ਯੂਨੀਵਰਸਿਟੀ ਚੁਣਨ ਦੇ ਫੈਸਲੇ 'ਤੇ ਹੋਰ ਵੀ ਯਕੀਨ ਹੋ ਗਿਆ ਸੀ।

"ਮੈਂ ਕਦੇ ਵੀ ਆਪਣੇ ਫੈਸਲੇ 'ਤੇ ਸ਼ੱਕ ਨਹੀਂ ਕੀਤਾ, ਕਿਉਂਕਿ ਓਪਨ ਯੂਨੀਵਰਸਿਟੀ ਕੋਲ ਪੁਲਾੜ ਖੋਜ, ਮੰਗਲ ਅਧਿਐਨ ਅਤੇ ਗ੍ਰਹਿ ਵਿਗਿਆਨ ਵਿੱਚ ਡੂੰਘਾ ਤਜ਼ਰਬਾ ਹੈ। ਜਦੋਂ ਮੈਂ ਨਾਸਾ ਨਾਲ ਕੰਮ ਕਰ ਰਹੀ ਸੀ ਤਾਂ ਉੱਥੇ ਦੇ ਬਹੁਤ ਸਾਰੇ ਲੋਕ ਇਨ੍ਹਾਂ ਖੇਤਰਾਂ ਵਿੱਚ ਓਪਨ ਯੂਨੀਵਰਸਿਟੀ ਦੇ ਯੋਗਦਾਨ ਬਾਰੇ ਵੀ ਜਾਣੂ ਸਨ। ਮੈਨੂੰ ਪੂਰਾ ਭਰੋਸਾ ਸੀ ਕਿ ਮੈਂ ਚੰਗੀ ਥਾਂ 'ਤੇ ਜਾ ਰਹੀ ਹਾਂ।"

ਆਪਣੇ ਸਮੇਂ ਦੌਰਾਨ ਓਪਨ ਯੂਨੀਵਰਸਿਟੀ ਵਿੱਚ, ਅਨੁਸ਼ਰੀ ਨੇ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਸਮਰਥਨ ਵਾਲੇ ਅਤੇ ਬੌਧਿਕ ਤੌਰ ਤੇ ਉਤਸ਼ਾਹਿਤ ਕਰਨ ਵਾਲੇ ਵਾਤਾਵਰਣ ਵਿੱਚ ਪਾਇਆ। ਐਸਟ੍ਰੋਬਾਇਓਲੌਜੀ ਓਪਨ ਯੂਨੀਵਰਸਿਟੀ 50-60 ਖੋਜਕਰਤਾਵਾਂ ਦਾ ਸਮੂਹ ਹੈ, ਜੋ ਇੱਕ ਵਿਭਿੰਨ ਅਤੇ ਅੰਤਰ-ਅਨੁਸ਼ਾਸਨੀ ਭਾਈਚਾਰਾ ਹੈ ਜਿਥੇ ਉਹ ਵੱਖ-ਵੱਖ ਵਿਗਿਆਨਕ ਵਿਸ਼ਿਆਂ ਦੇ ਮਾਹਿਰਾਂ ਦੇ ਨਾਲ ਗੱਲਬਾਤ ਕਰ ਸਕਦੀ ਸੀ। ਆਪਣੇ ਤਜ਼ਰਬੇ ਦਾ ਵਰਣਨ ਕਰਦੇ ਹੋਏ, ਉਸਨੇ ਕਿਹਾ, "ਤਜ਼ਰਬਾ ਬਹੁਤ ਵਧੀਆ ਸੀ। ਮੈਨੂੰ ਘਰ ਵਰਗਾ ਮਹਿਸੂਸ ਹੋਇਆ ਕਿਉਂਕਿ ਮੈਂ ਲਗਭਗ ਚਾਰ ਸਾਲ ਇੱਕ ਸ਼ਾਨਦਾਰ ਭਾਈਚਾਰੇ ਨਾਲ ਖੋਜ ਅਤੇ ਗੱਲਬਾਤ ਕਰਨ ਵਿੱਚ ਬਿਤਾਏ।"



ਅਨੁਸ਼ਰੀ ਨੇ ਓਪਨ ਯੂਨੀਵਰਸਿਟੀ ਦੇ ਆਪਣੇ ਸੁਪਰਵਾਈਜ਼ਰਾਂ, ਪ੍ਰੋਫੈਸਰ ਕੈਰਨ ਔਲਸਨ-ਫ੍ਰੈਂਸਿਸ ਅਤੇ ਡਾਕਟਰ ਵਿਕਟੋਰੀਆ ਪੀਅਰਸਨ ਦੇ ਨਾਲ-ਨਾਲ ਪ੍ਰੋਫੈਸਰ ਸੁਜ਼ੈਨ ਸ਼ਵੇਨਜ਼ਰ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਹ ਆਪਣੇ ਅਹੁਦੇ ਦੇ



ਬਾਵਜੂਦ ਬਹੁਤ ਨਿਮਰ ਰਹੇ ਅਤੇ ਹਮੇਸ਼ਾ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਦੇ ਰਹੇ। ਉਸਨੇ ਕਿਹਾ, "ਉਹ ਸੱਚਮੁੱਚ ਚਾਹੁੰਦੇ ਹਨ ਕਿ ਹੋਰ ਲੋਕ ਸਫਲ ਹੋਣ ਅਤੇ ਅੱਗੇ ਵਧਣ। ਮੈਂ ਉਹਨਾਂ ਦੀ ਚੰਗੀ ਇੱਛਾ ਅਤੇ ਅਟੱਲ ਸਮਰਥਨ ਦਾ ਨਤੀਜਾ ਹਾਂ ਅਤੇ ਮੈਂ ਇਸ ਲਈ ਤਹਿ ਦਿਲੋਂ ਉਨ੍ਹਾਂ ਦੀ ਬਹੁਤ ਧੰਨਵਾਦੀ ਹਾਂ।"

ਓਪਨ ਯੂਨੀਵਰਸਿਟੀ ਉਹਨਾਂ ਲੋਕਾਂ ਲਈ ਸਭ ਤੋਂ ਵਧੀਆ ਹੈ ਜੋ ਆਪਣੀ ਰੁਝੇਵੇਂ ਭਰੀ ਜ਼ਿੰਦਗੀ ਵਿੱਚ ਵੀ ਸਿੱਖਣਾ ਚਾਹੁੰਦੇ ਹਨ ਅਤੇ ਨਾਲ ਹੀ ਮਜ਼ਬੂਤ ਸਮਰਥਨ ਪ੍ਰਾਪਤ ਕਰਨਾ ਚਾਹੁੰਦੇ ਹਨ। ਇਹ ਅਨੁਸ਼ਰੀ ਲਈ ਬਿਲਕੁਲ ਸਹੀ ਚੋਣ ਸੀ, ਕਿਉਂਕਿ ਇਸ ਨਾਲ ਉਸ ਨੂੰ ਪੀ. ਐਚ. ਡੀ. ਵੱਲ ਧਿਆਨ ਦੇਣ ਲਈ ਸਮਾਂ ਮਿਲਿਆ ਅਤੇ ਇਸ ਖੇਤਰ ਵਿੱਚ ਵਲੰਟੀਅਰ ਵਜੋਂ ਕੰਮ ਕਰਨ ਦੀ ਸਹੂਲਤ ਮਿਲੀ, ਜਿਸ ਨਾਲ ਉਸਦੇ ਐਸਟ੍ਰੋਬਾਇਓਲੌਜੀ ਦੇ ਗਿਆਨ ਵਿੱਚ ਵਾਧਾ ਹੋਇਆ।

ਇਸ ਤਜ਼ਰਬੇ ਨਾਲ ਨਾ ਸਿਰਫ ਉਸਦੀ ਐਸਟ੍ਰੋਬਾਇਓਲੌਜੀ ਦੀ ਸਮਝ ਵਧੀ, ਬਲਕਿ ਉਸਨੇ ਸਹਿਯੋਗ ਅਤੇ ਮਾਰਗ-ਦਰਸ਼ਨ ਨੂੰ ਵੀ ਪ੍ਰੇਰਿਤ ਕੀਤਾ ਜੋ ਵਿਗਿਆਨਕ ਦੇ ਤੌਰ 'ਤੇ ਉਸਦੇ ਵਿਕਾਸ ਵਿੱਚ ਮਹੱਤਵਪੂਰਨ ਸੀ। ਉਸਨੇ ਕਿਹਾ, "ਐਸਟ੍ਰੋਬਾਇਓਲੌਜੀ ਓਪਨ ਯੂਨੀਵਰਸਿਟੀ ਦੇ ਲੋਕ ਦਿਆਲੂ ਸਨ ਅਤੇ ਉਨ੍ਹਾਂ ਨੇ ਅਜਿਹਾ ਮਾਹੌਲ ਬਣਾਇਆ ਜਿਸ ਨਾਲ ਸੱਚਮੁੱਚ, ਮੈਨੂੰ ਬਹੁਤ ਖੁਸ਼ੀ ਮਹਿਸੂਸ ਹੋਈ। ਜਦੋਂ ਮੈਂ ਉਥੇ ਸੀ, ਸਭ ਕੁਝ ਬਹੁਤ ਚੰਗੀ ਤਰ੍ਹਾਂ ਪ੍ਰਬੰਧਿਤ ਸੀ, ਜੋ ਕਿ ਮੈਨੂੰ ਹੋਰ ਜਗ੍ਹਾ 'ਤੇ ਮਹਿਸੂਸ ਨਹੀਂ ਹੋਇਆ।"

ਓਪਨ ਯੂਨੀਵਰਸਿਟੀ ਵਿੱਚ ਆਪਣੇ ਦੂਜੇ ਸਾਲ ਵਿੱਚ, ਅਨੁਸ਼ਰੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਕੋਵਿਡ-19 ਮਹਾਂਮਾਰੀ ਨੇ ਸੰਸਾਰ ਵਿੱਚ ਬਹੁਤ ਸਾਰੇ ਲੋਕਾਂ ਦੇ ਰੋਜ਼ਾਨਾ ਜੀਵਨ ਨੂੰ ਬਦਲ ਦਿੱਤਾ ਸੀ। ਮੁਸ਼ਕਲਾਂ ਦੇ ਬਾਵਜੂਦ, ਐਸਟ੍ਰੋਬਾਇਓਲੌਜੀ ਓ.ਯੂ. ਦੇ ਵਿਭਾਗ ਨੇ ਉਸਨੂੰ ਹਰ ਤਰੀਕੇ ਨਾਲ ਸਮਰਥਨ ਦਿੱਤਾ। ਉਸਨੇ ਸਾਂਝਾ ਕੀਤਾ, "ਜਦੋਂ ਮਹਾਂਮਾਰੀ ਨੇ ਕਈ ਮਹੀਨਿਆਂ ਲਈ ਲੈਬ ਦਾ ਕੰਮ ਰੋਕ ਦਿੱਤਾ, ਮੇਰੇ ਸੁਪਰਵਾਈਜ਼ਰਾਂ ਨੇ ਮੇਰੇ ਯਤਨਾਂ ਨੂੰ ਸਮਝਿਆ, ਮੈਨੂੰ ਸਹਿਯੋਗ ਦਿੱਤਾ ਅਤੇ ਮੇਰੇ ਕੰਮ ਦੀ ਪ੍ਰਸ਼ੰਸਾ ਕੀਤੀ। ਇਹ ਇੱਕ ਮੁਸ਼ਕਲ ਸਮਾਂ ਸੀ, ਖ਼ਾਸ ਕਰਕੇ ਮੇਰੇ ਵਰਗੇ ਲੈਬ-ਅਧਾਰਤ ਪ੍ਰੋਜੈਕਟ ਲਈ, ਪਰ ਉਨ੍ਹਾਂ ਦੀ ਮਿਹਰਬਾਨੀ ਅਤੇ ਲਚਕਤਾ ਨੇ ਮੇਰਾ ਬਹੁਤ ਸਾਥ ਦਿੱਤਾ।"

ਉਸਨੇ ਅੱਗੇ ਦੱਸਿਆ ਕਿ ਕਿਵੇਂ ਓਪਨ ਯੂਨੀਵਰਸਿਟੀ ਦੇ ਅਧਿਆਪਕਾਂ ਨੇ ਅਕਾਦਮਿਕ ਖੇਤਰ ਤੋਂ ਅੱਗੇ ਵੱਧ ਕੇ ਚੁਣੌਤੀ ਭਰੇ ਸਮੇਂ ਵਿੱਚ ਉਸਦਾ ਸਾਥ ਦਿੱਤਾ। "ਉਸ ਸਮੇਂ ਦੌਰਾਨ ਮੇਰੀ ਮਾਂ ਨੂੰ ਕੋਵਿਡ-19 ਹੋ ਗਿਆ, ਜਿਸ ਨਾਲ ਭਾਵਨਾਤਮਕ ਤਣਾਅ ਵੱਧ ਗਿਆ। ਮੈਨੂੰ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਾ ਮੁਸ਼ਕਲ ਲੱਗ ਰਿਹਾ ਸੀ ਅਤੇ ਮੈਨੂੰ ਯਾਦ ਹੈ ਕਿ ਆਪਣੇ ਸੁਪਰਵਾਈਜ਼ਰ ਨਾਲ ਗੱਲ ਕਰਦੇ ਹੋਏ ਮੈਂ ਟੁੱਟ ਗਈ। ਉਸਨੇ ਬਿਨਾਂ ਕਿਸੇ ਫੈਸਲੇ ਜਾਂ ਮੇਰੇ ਪੀ.ਐਚ.ਡੀ. ਪ੍ਰਗਤੀ ਦੀ ਚਿੰਤਾ ਕੀਤੇ, ਮੈਨੂੰ ਸੁਣਿਆ - ਉਹ ਇਨਸਾਨੀਅਤ ਦੇ ਤੌਰ 'ਤੇ ਮੇਰੇ ਲਈ ਉਥੇ ਮੌਜੂਦ ਸੀ।"

"ਇਸ ਤਰ੍ਹਾਂ ਦਾ ਸਮਰਥਨ ਬੇਹੱਦ ਕੀਮਤੀ ਹੈ। ਮੈਂ ਐਸੇ ਦਿਆਲੂ ਵਿਅਕਤੀਆਂ ਨੂੰ ਮਿਲ ਕੇ ਬਹੁਤ ਹੀ ਖੁਸ਼ਨਸੀਬ ਮਹਿਸੂਸ ਕਰ ਰਹੀ ਹਾਂ ਕਿ ਜਿਨ੍ਹਾਂ ਨੇ ਚੁਣੌਤੀਆਂ ਭਰੇ ਸਮੇਂ ਨੂੰ ਬਰਦਾਸ਼ਤ ਕਰਨ ਯੋਗ ਬਣਾ ਦਿੱਤਾ। ਉਨ੍ਹਾਂ ਦੇ ਸਮਰਥਨ ਦੇ ਬਗੈਰ, ਉਹਨਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਬਹੁਤ ਔਖਾ ਹੁੰਦਾ।"

"ਛੱਡਣਾ ਬਹੁਤ ਮੁਸ਼ਕਲ ਸੀ - ਮੈਂ ਰੋਣ-ਹਾਕੀ ਹੋ ਗਈ ਸੀ। ਇਹ ਹੀ ਦੱਸਦਾ ਹੈ ਕਿ ਮੈਂ ਆਪਣੇ ਸਮੇਂ ਦਾ ਕਿੰਨਾ ਅਨੰਦ ਮਾਣਿਆ ਅਤੇ ਉੱਥੇ ਹੁੰਦੇ ਹੋਏ ਘਰ ਵਰਗਾ ਮਹਿਸੂਸ ਕੀਤਾ।"

ਪਿਛਲਾ ਅਨੁਭਵ ਦੱਸਦਾ ਹੈ ਕਿ, ਅਨੁਸ਼ਰੀ ਓਪਨ ਯੂਨੀਵਰਸਿਟੀ ਵਿੱਚ ਸ਼ੁਰੂ ਤੋਂ ਹੀ ਆਪਣੀ ਅੰਡਰਗ੍ਰੈਜੂਏਟ ਸਟੱਡੀਜ਼ ਕਰਨ ਦੀ ਚੋਣ ਕਰਦੀ, ਸਿੱਧੇ ਹੀ ਉਨ੍ਹਾਂ 'ਤੇ ਭਰੋਸਾ ਕਰਦੇ ਹੋਏ। ਉਸਨੇ ਕਿਹਾ, "ਜੇ ਮੈਂ ਕਿਸੇ ਚੀਜ਼ ਵਿੱਚ ਵਿਸ਼ਵਾਸ ਕਰਦੀ ਹਾਂ, ਤਾਂ ਮੈਂ ਬਿਨਾਂ ਕਿਸੇ ਪੱਖਪਾਤ ਦੇ, ਖੁਸ਼ੀ-ਖੁਸ਼ੀ ਇਸ 'ਤੇ ਅਮਲ ਕਰਦੀ ਹਾਂ।"

ਉਹ ਮਹਿਸੂਸ ਕਰਦੀ ਹੈ ਕਿ ਉਸਦਾ ਸਫ਼ਰ ਉਹਨਾਂ ਲਈ ਇੱਕ ਪ੍ਰਮਾਣ ਹੈ ਜੋ ਓਪਨ ਯੂਨੀਵਰਸਿਟੀ ਦੇ ਨਾਲ ਆਪਣੇ ਭਵਿੱਖ ਬਾਰੇ ਸੋਚ ਰਹੇ ਹਨ। ਉਸਨੇ ਕਹਿੰਦੇ ਹੋਏ ਆਪਣੇ ਜਜ਼ਬਾਤ ਸਾਂਝੇ ਕੀਤੇ, "ਮੈਨੂੰ ਲੱਗਦਾ ਹੈ ਕਿ ਮੇਰਾ ਹੁਣ ਤੱਕ ਦਾ ਜੀਵਨ ਅਤੇ ਮੈਂ ਹੁਣ ਜਿੱਥੇ ਹਾਂ, ਓਪਨ ਯੂਨੀਵਰਸਿਟੀ ਤੋਂ ਗ੍ਰੇਜੂਏਟ ਹੋਣ ਦੇ ਬਾਅਦ 'ਨਾਸਾ' ਦੇ ਸਭ ਤੋਂ ਵੱਡੇ ਮਿਸ਼ਨਾਂ (ਮੁਹਿੰਮਾਂ) ਵਿੱਚੋਂ ਇੱਕ ਦਾ ਹਿੱਸਾ ਬਣਨਾ, ਇਹ ਸਭ ਕੁਝ ਬਿਆਨ ਕਰਦਾ ਹੈ। ਇਹ ਸੱਚਮੁੱਚ ਸਭ ਕੁਝ ਦੱਸਦਾ ਹੈ। ਜੋ ਕੰਮ ਮੈਂ ਹੁਣ ਕਰ ਰਹੀ ਹਾਂ, ਸਚਮੁੱਚ, ਇਹ ਉਹ ਕੰਮ ਹੈ ਜਿਸਦੇ ਬਾਰੇ ਬਹੁਤ ਸਾਰੇ ਵਿਦਿਆਰਥੀ ਅਤੇ ਲੋਕ ਸੁਪਨਾ ਦੇਖਦੇ ਹਨ। ਮੈਂ ਖੁਦ ਨੂੰ ਬਹੁਤ ਖੁਸ਼ਕਿਸਮਤ ਮਹਿਸੂਸ ਕਰਦੀ ਹਾਂ ਕਿ ਮੈਨੂੰ ਓਪਨ ਯੂਨੀਵਰਸਿਟੀ ਵਿੱਚ ਐਸੇ ਚੰਗੇ, ਸਮਰਥਨ ਵਾਲੇ ਲੋਕ ਮਿਲੇ ਜਿਨ੍ਹਾਂ ਹਮੇਸ਼ਾ ਮੈਨੂੰ ਅੱਗੇ ਵਧਣ ਵਿੱਚ ਮਦਦ ਕੀਤੀ।

"ਹੁਣ ਜਦੋਂ ਮੈਂ ਕਾਰਨੇਗੀ ਇੰਸਟੀਚਿਊਟ ਆਫ ਸਾਇੰਸ, ਵਾਸ਼ਿੰਗਟਨ, ਡੀ.ਸੀ. ਵਿੱਚ ਆਪਣੇ ਪੀ.ਐਚ.ਡੀ. ਤੋਂ ਅਗਲੇਰਾ ਅਧਿਐਨ ਕਰ ਰਹੀ ਹਾਂ, ਮੇਰੇ ਸੁਪਰਵਾਈਜ਼ਰ ਨੇ ਓਪਨ ਯੂਨੀਵਰਸਿਟੀ ਵਿੱਚ ਮੇਰੇ ਨਾਲ ਕੰਮ ਕਰਨ ਵਾਲੇ ਅਧਿਆਪਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੇ ਮੇਰੀਆਂ ਯੋਗਤਾਵਾਂ ਵਿੱਚ ਵਿਸ਼ਵਾਸ ਦੇ ਆਧਾਰ 'ਤੇ ਮੇਰੇ ਲਈ ਵਕਾਲਤ ਕੀਤੀ। ਇਹ ਮੇਰੇ ਲਈ ਬਹੁਤ ਮਹੱਤਵਪੂਰਨ ਹੈ ਕਿ ਮੈਨੂੰ ਇਸ ਸਮਰਥਨ ਪ੍ਰਣਾਲੀ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ।"

ਅਖ਼ੀਰ ਵਿੱਚ, ਅਨੁਸ਼ਰੀ ਦਾ ਓਪਨ ਯੂਨੀਵਰਸਿਟੀ ਵਿੱਚ ਅਨੁਭਵ ਸਿਰਫ ਅਕਾਦਮਿਕ ਨਹੀਂ ਸੀ - ਇਹ ਇੱਕ ਬਦਲਦੀ ਜ਼ਿੰਦਗੀ ਦਾ ਅਨੁਭਵ ਸੀ ਜਿਸਨੇ ਉਸਦਾ ਪੇਸ਼ੇਵਰ ਅਤੇ ਨਿੱਜੀ ਤੌਰ 'ਤੇ ਵਿਕਾਸ ਕੀਤਾ, ਇਹ ਦਰਸਾਉਂਦਾ ਹੈ ਕਿ ਇੱਕ ਸਮਰਥਨ ਵਾਲਾ ਅਕਾਦਮਿਕ ਵਾਤਾਵਰਣ ਵਿਅਕਤੀਆਂ ਨੂੰ ਰੁਕਾਵਟਾਂ ਨੂੰ ਪਾਰ ਕਰਨ ਅਤੇ ਐਸਟ੍ਰੋਬਾਇਓਲੌਜੀ ਵਰਗੇ ਚੁਣੌਤੀ ਭਰੇ ਖੇਤਰਾਂ ਵਿੱਚ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਕ ਹੋ ਸਕਦਾ ਹੈ।

ਓਪਨ ਯੂਨੀਵਰਸਿਟੀ ਪਿਛਲੇ 50 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਦੁਨੀਆ ਭਰ ਦੇ ਵਿਦਿਆਰਥੀਆਂ ਨੂੰ ਦੂਰ ਬੈਠਿਆਂ ਪੜ੍ਹਨ ਲਈ ਸ਼ਾਨਦਾਰ ਸਿੱਖਿਆ ਅਤੇ ਬੇਮਿਸਾਲ ਸਮਰਥਨ ਪ੍ਰਦਾਨ ਕਰਦੀ ਹੈ, ਜਿਸਦਾ ਮਿਸ਼ਨ ਸਿੱਖਿਆ ਨੂੰ ਸਭ ਲਈ ਪਹੁੰਚ ਯੋਗ ਬਣਾਉਣਾ ਹੈ। ਸਮਰਪਿਤ ਟਿਊਟਰ ਸਮਰਥਨ ਅਤੇ ਸਿੱਖਣ ਦੇ ਨਵੇਂ ਤਰੀਕਿਆਂ ਦੇ ਨਾਲ, ਇਸ ਸੰਸਥਾ ਨੇ ਅਨੁਸ਼ਰੀ ਵਰਗੇ 2 ਮਿਲੀਅਨ ਤੋਂ ਵੱਧ ਵਿਦਿਆਰਥੀਆਂ ਦੀਆਂ ਇੱਛਾਵਾਂ ਨੂੰ ਸਾਕਾਰ ਕਰਨ ਵਿੱਚ ਸਹਾਇਤਾ ਕੀਤੀ ਹੈ।

ਓਪਨ ਯੂਨੀਵਰਸਿਟੀ ਦੇ ਨਾਲ, ਤੁਸੀਂ ਜੋ ਮੁਕਾਮ ਹਾਸਲ ਕਰਨਾ ਚਾਹੁੰਦੇ ਹੋ ਉਸ ਦੀਆਂ ਕੋਈ ਸੀਮਾਵਾਂ ਨਹੀਂ ਹਨ। ਓ.ਯੂ. ਤੁਹਾਡੇ ਪਿਛਲੇ ਸਿੱਖਿਆ ਅਨੁਭਵ ਅਤੇ ਤੁਸੀਂ ਅਗਾਂਹ ਕਿੱਥੇ ਜਾਣਾ ਚਾਹੁੰਦੇ ਹੋ, ਉਸ ਦੀ ਪਰਵਾਹ ਕੀਤੇ ਬਿਨਾਂ ਮੌਕੇ ਅਤੇ ਸਮਰਥਨ ਪ੍ਰਦਾਨ ਕਰਦੀ ਹੈ।

The Open University

ਤੁਸੀਂ ਭਵਿੱਖ ਲਈ ਜਿਹੜਾ ਵੀ ਮੁਕਾਮ ਹਾਸਲ ਕਰਨਾ ਚਾਹੁੰਦੇ ਹੋ, ਤੁਹਾਡੇ ਲਈ ਸੰਭਾਵਨਾਵਾਂ ਖੁੱਲ੍ਹੀਆਂ ਹਨ। ਹੋਰ ਜਾਣਨ ਲਈ, ਇਸ ਵੈਬਸਾਈਟ 'ਤੇ ਜਾਓ: www.open.ac.uk

# ਸੁਪਰੀਮ ਕੋਰਟ ਵਲੋਂ ਸੁਮੇਧ ਸੈਣੀ ਨੂੰ ਝਟਕਾ, ਨਵੀਂ ਐਫ.ਆਈ.ਆਰ. ਰੱਦ ਕਰਨ ਤੋਂ ਇਨਕਾਰੀ

**ਵਿਸ਼ੇਸ਼ ਰਿਪੋਟ** ✪ ਕੈਪਟਨ ਤੇ ਬਾਦਲ ਪਰਿਵਾਰ ਦਾ ਵਿਸ਼ਵਾਸ ਪਾਤਰ ਸੀ ਸੈਣੀ ✪ ਅਦਾਲਤ ਵਿਚ ਬਾਦਲ ਸਰਕਾਰ ਨੇ ਸੈਣੀ ਦੇ ਹਕ ਵਿਚ ਦਿਤੀ ਸੀ ਗਵਾਹੀ ✪ ਨਿਆਂ ਉਪਰ ਉਠੇ ਸੁਆਲ ਕਿ ਸਤਾਰਾਂ ਸਾਲ ਬਾਅਦ ਵੀ ਕੇਸ ਕਿਉਂ ਲਟਕ ਰਿਹਾ ਏ, ਇਨਸਾਫ ਕਦੋਂ?

*ਮੁੱਖ ਸਫ਼ੇ ਦੀ ਖ਼ਬਰ ਦਾ ਬਾਕੀ ਹਿਸਾ*

ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਵਲੋਂ ਕੀਤੀ ਗਈ ਸ਼ਿਕਾਇਤ ਅਨੁਸਾਰ, ਉਨ੍ਹਾਂ ਨੂੰ 11 ਦਸੰਬਰ 1991 ਨੂੰ ਤੜਕੇ 4 ਵਜੇ ਦੇ ਕਰੀਬ ਉਨ੍ਹਾਂ ਦੇ ਮੋਹਾਲੀ ਸਥਿਤ ਆਵਾਸ ਤੋਂ ਪੁਲਿਸ ਨੇ ਹਿਰਾਸਤ ਵਿਚ ਲਿਆ ਗਿਆ ਸੀ। ਉਸ ਵੇਲੇ ਕੁਝ ਹੋਰ ਲੋਕਾਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਸੀ। ਚੰਡੀਗੜ੍ਹ ਪੁਲਿਸ ਨੇ ਦੋ ਦਿਨ ਟਾਰਚਰ ਕਰਨ ਤੋਂ ਬਾਅਦ 13 ਦਸੰਬਰ ਨੂੰ ਐੱਫਆਈਆਰ ਦਰਜ ਕਰ ਲਈ ਸੀ, ਜਿਸ ਵਿੱਚ ਉਸ ਵੇਲੇ ਦੇ ਚੰਡੀਗੜ੍ਹ ਦੇ ਐੱਸਐੱਸਪੀ ਸੁਮੇਧ ਸਿੰਘ ਸੈਣੀ 'ਤੇ ਹੋਏ ਹਮਲੇ ਵਿਚ ਉਸ ਦਾ ਹੱਥ ਦੱਸਿਆ ਗਿਆ ਸੀ। ਚੰਡੀਗੜ੍ਹ ਪੁਲਿਸ ਦੀ ਹਿਰਾਸਤ ਵਿਚ ਕੁਲ 7 ਦਿਨਾਂ ਤੱਕ ਟਾਰਚਰ ਕਰਨ ਤੋਂ ਬਾਅਦ ਬਲਵੰਤ ਨੂੰ ਕਾਦੀਆਂ (ਗੁਰਦਾਸਪੁਰ) ਥਾਣੇ ਲਿਜਾਇਆ ਗਿਆ ਅਤੇ ਉੱਥੇ ਉਸ ਨੂੰ ਫਰਾਰ ਘੋਸ਼ਿਤ ਕਰਕੇ ਉਸ ਖਿਲਾਫ਼ ਇੱਕ ਹੋਰ ਐਫਆਈਆਰ ਦਰਜ ਕੀਤੀ ਗਈ।

ਦਸੰਬਰ 1991 ਵਿਚ ਬਲਵੰਤ ਦੇ ਪਿਤਾ ਅਤੇ ਆਈਏਐੱਸ ਅਫ਼ਸਰ ਦਰਸ਼ਨ ਸਿੰਘ ਮੁਲਤਾਨੀ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਦਿਆਂ ਉਨ੍ਹਾਂ ਦੇ ਬੇਟੇ ਬਲਵੰਤ ਨੂੰ ਅਦਾਲਤ ਵਿਚ ਪੁਲਿਸ ਵਲੋਂ ਪੇਸ਼ ਕਰਾਉਣ ਲਈ ਕਿਹਾ ਸੀ। ਪਰ ਅਦਾਲਤ ਨੇ ਇਸ ਦਾਅਵੇ ਦੇ ਆਧਾਰ 'ਤੇ ਪਟੀਸ਼ਨ ਖਾਰਿਜ ਕਰ ਦਿੱਤੀ ਕਿ ਬਲਵੰਤ ਪੁਲਿਸ ਹਿਰਾਸਤ ਤੋਂ ਭੱਜ ਗਿਆ ਸੀ ਅਤੇ ਉਸ ਦੇ ਠਿਕਾਨੇ ਬਾਰੇ ਹੁਣ ਕਿਸੇ ਨੂੰ ਨਹੀਂ ਪਤਾ। ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਸਾਲ 2007 ਵਿਚ ਇਹ ਕੇਸ ਸੀਬੀਆਈ ਨੂੰ ਸੌਂਪ ਦਿਤਾ ਗਿਆ।2008 ਵਿਚ ਸੀਬੀਆਈ ਨੇ ਸੁਪਰੀਮ ਕੋਰਟ ਵਿਚ ਆਪਣਾ ਹਲਫ਼ਨਾਮਾ ਸੌਂਪਿਆ। ਸੁਪਰੀਮ ਕੋਰਟ ਵਿਚ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਸੈਣੀ ਦੇ ਹੱਕ ਵਿਚ ਆਪਣਾ ਪੱਖ ਰਖਦਿਆਂ ਕਿਹਾ ਸੀ ਕਿ ਸੈਣੀ ਵਰਗੇ ਇਮਾਨਦਾਰ ਪੁਲਿਸ ਅਧਿਕਾਰੀ ਨੇ ਪੰਜਾਬ ਤੋਂ ਖਾੜਕੂਵਾਦ ਖ਼ਤਮ ਕਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ।

ਦਸੰਬਰ 2011 ਵਿਚ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਦੀ ਅਪੀਲ ਨੂੰ ਮਨਜ਼ੂਰੀ ਦਿਤੀ ਅਤੇ ਹਾਈਕੋਰਟ ਦੇ ਆਦੇਸ਼ਾਂ ਨੂੰ ਗ਼ਲਤ ਘੋਸ਼ਿਤ ਕੀਤਾ।

ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ 'ਤੇ 7 ਮਈ 2020 ਨੂੰ ਮੁੜ ਤੋਂ ਸੁਮੇਧ ਸਿੰਘ ਸੈਣੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ।

ਪਲਵਿੰਦਰ ਮੁਲਤਾਨੀ ਵਲੋਂ ਕੇਸ ਲੜ ਰਹੇ ਵਕੀਲ ਪ੍ਰਦੀਪ ਵਿਰਕ ਅਨੁਸਾਰ ਸੈਣੀ ਅਤੇ 7 ਹੋਰਾਂ ਖ਼ਿਲਾਫ਼ ਧਾਰਾ 364, 201, 344, 330 ਅਤੇ 120ਬੀ ਦੇ ਨਾਲ ਅਦਾਲਤ ਦੇ ਹੁਕਮਾਂ ਤੋਂ ਬਾਅਦ ਧਾਰਾ 302 (ਕਤਲ਼ ਦੀ ਧਾਰਾ) ਵੀ ਜੋੜ ਲਈ ਗਈ ਸੀ।

ਹੁਣ ਸੁਆਲ ਅਦਾਲਤ ਦੀ ਨਿਆਂ ਉਪਰ ਹੈ ਕਿ ਅਜਿਹੇ ਬੁਰਛਾਗਰਦ ਪੁਲੀਸ ਅਫਸਰ ਦੇ ਮਾਮਲੇ ਵਿਚ ਸਤਾਰਾਂ ਸਾਲ ਬਾਅਦ ਵੀ ਕੇਸ ਲਟਕ ਕਿਉਂ ਰਿਹਾ ਹੈ। ਪੀੜਤ ਪਰਿਵਾਰ ਨੂੰ ਇਨਸਾਫ ਕਿਉਂ ਨਹੀਂ।





## ਸੁਮੇਧ ਸੈਣੀ ਬਾਰੇ ਜਾਣਕਾਰੀ

ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ 1982 ਬੈਚ ਦੇ ਆਈਪੀਐੱਸ ਅਫ਼ਸਰ ਹਨ। ਸੈਣੀ 6 ਜ਼ਿਲ੍ਹਿਆਂ ਦੇ ਐਸਐਸਪੀ ਰਹਿ ਚੁੱਕੇ ਹਨ। ਸੁਮੇਧ ਸੈਣੀ ਬਟਾਲਾ, ਫਿਰੋਜ਼ਪੁਰ, ਲੁਧਿਆਣਾ, ਬਠਿੰਡਾ, ਰੂਪਨਗਰ ਤੇ ਚੰਡੀਗੜ੍ਹ ਦੇ ਐੱਸਐੱਸਪੀ ਰਹੇ ਹਨ। ਅਗਸਤ 1991 ਵਿੱਚ ਸੈਣੀ ਚੰਡੀਗੜ੍ਹ ਦੇ ਐੱਸਐੱਸਪੀ ਸੀ ਉਸ ਦੌਰਾਨ ਉਨ੍ਹਾਂ ਉੱਤੇ ਜਾਨਲੇਵਾ ਹਮਲਾ ਹੋਇਆ। ਇਸ ਹਮਲੇ ਵਿੱਚ ਸੁਮੇਧ ਤਾਂ ਬਚ ਗਏ ਪਰ ਤਿੰਨ ਸੁਰੱਖਿਆ ਕਰਮਚਾਰੀਆਂ ਦੀ ਮੌਤ ਹੋ ਗਈ। ਸੈਣੀ ਉੱਪਰ ਲੁਧਿਆਣਾ ਦੇ ਕਾਰੋਬਾਰੀ ਨੂੰ ਦੋ ਹੋਰ ਵਿਅਕਤੀਆਂ ਸਮੇਤ ਅਗਵਾ ਕਰਕੇ ਖੁਰਦ-ਬੁਰਦ ਕਰਨ ਦਾ ਸੀਬੀਆਈ ਕੇਸ ਵੀ ਲੰਬਾ ਸਮਾਂ ਚੱਲਿਆ। ਵਿਨੋਦ ਦੀ ਮਾਂ ਨੇ ਸੁਮੇਧ ਖਿਲਾਫ 24 ਸਾਲ ਅਦਾਲਤੀ ਮੁਕੱਦਮਾ ਲੜਿਆ ਅਤੇ 100 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਸਾਲ 1994 ਤੋਂ ਜਾਰੀ ਅਦਾਲਤੀ ਕਾਰਵਾਈ ਅਜੇ ਵੀ ਜਾਰੀ ਹੈ। ਚੰਡੀਗੜ੍ਹ ਵਿੱਚ ਉਹ ਫੌਜ ਦੇ ਲੈਫਟੀਨੈਂਟ ਕਰਨਲ ਦੇ ਥੱਪੜ ਮਾਰਨ ਅਤੇ ਬਠਿੰਡਾ ਵਿੱਚ ਐੱਸਐੱਸਪੀ ਰਹਿੰਦਿਆਂ ਡਿਪਟੀ ਕਮਿਸ਼ਨਰ ਦੀ ਪਾਰਟੀ ਵਿੱਚ ਇੱਕ ਇੰਜਨੀਅਰ ਨਾਲ ਖਿੱਚਧੂਹ ਕਰਨ ਕਰਕੇ ਵਿਵਾਦਾਂ ਵਿੱਚ ਆਏ ਸਨ।

### ਕੌਣ ਸੀ ਬਲਵੰਤ ਸਿੰਘ ਮੁਲਤਾਨੀ?

ਬਲਵੰਤ ਸਿੰਘ ਮੁਲਤਾਨੀ ਤਤਕਾਲੀ ਆਈਏਐੱਸ ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਪੁੱਤਰ ਸਨ।

ਬਲਵੰਤ ਸਿੰਘ ਚੰਡੀਗੜ੍ਹ ਇੰਡਸਟ੍ਰਿਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕੌਰਪੋਰੇਸ਼ਨ (ਸਿਟਕੋ) ਵਿੱਚ ਕੰਮ ਕਰਦੇ ਸਨ।

ਬਲਵੰਤ ਨੇ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਹੋਈ ਸੀ ਅਤੇ ਉਹ ਮਈ, 1989 ਤੋਂ ਚੰਡੀਗੜ੍ਹ ਵਿੱਚ ਹੀ ਸਿਟਕੋ ਵਿੱਚ ਜੂਨੀਅਰ ਇੰਜੀਨੀਅਰ ਵਜੋਂ ਕੰਮ ਕਰ ਰਹੇ ਸਨ।

31 ਦਸੰਬਰ, 1991 ਤੱਕ ਉਨ੍ਹਾਂ ਨੂੰ ਐਸ.ਡੀ.ਓ ਵਜੋਂ ਤਰੱਕੀ ਦਿੱਤੀ ਜਾਣੀ ਸੀ। ਉਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ ਸੀ ਅਤੇ ਗ੍ਰਿਫ਼ਤਾਰੀ ਵੇਲੇ ਉਹ 28 ਸਾਲਾਂ ਦੇ ਸਨ।

### ਕੈਪਟਨ ਤੇ ਬਾਦਲ ਦੋਵਾਂ ਦੇ ਰਹੇ ਭਰੋਸੇਮੰਦ

ਸਾਬਕਾ ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਦੇ ਕਰੀਬੀ ਸਮਝੇ ਜਾਂਦੇ ਸੁਮੇਧ ਸੈਣੀ ਸਰਕਾਰ ਦੀ ਗੋਲੀ ਬਦਲੇ ਗੋਲੀ ਦੀ ਨੀਤੀ ਨੂੰ ਲਾਗੂ ਕਰਨ ਵਾਲੇ ਪੰਜਾਬ ਪੁਲਿਸ ਦੇ ਮੋਹਰੀ ਅਫ਼ਸਰ ਵਿੱਚੋਂ ਸਨ।

2007 ਤੋਂ ਬਾਅਦ ਉਹ ਅਕਾਲੀ ਦਲ ਦੀ 10 ਸਾਲ ਦੀ ਸੱਤਾ ਦੌਰਾਨ ਅਹਿਮ ਭੂਮਿਕਾ ਵਿੱਚ ਰਹੇ। ਅਕਾਲੀ ਭਾਜਪਾ ਸਰਕਾਰ ਦੌਰਾਨ ਹੀ ਉਹ 2012 ਤੋਂ 2015 ਤੱਕ ਪੰਜਾਬ ਪੁਲਿਸ ਮੁਖੀ ਦੇ ਰਹੇ।

2009 ਵਿੱਚ ਭਾਰਤ ਦੇ ਸਾਬਕਾ ਚੀਫ਼ ਜਸਟਿਸ ਟੀਐੱਸ ਠਾਕੁਰ ਨੇ ਸੈਣੀ 'ਤੇ ਪੰਜਾਬ ਹਾਈਕੋਰਟ ਦੇ ਜੱਜਾਂ ਦੇ ਫੋਨ ਟੈਪ ਕਰਨ ਦਾ ਇਲਜ਼ਾਮ ਲਾਇਆ ਸੀ।

ਸੁਮੇਧ ਸਿੰਘ ਸੈਣੀ, ਕੈਪਟਨ ਅਮਰਿੰਦਰ ਦੇ ਪਹਿਲੇ ਕਾਰਜਕਾਲ ਦੌਰਾਨ ਉਨ੍ਹਾਂ ਦੇ ਭਰੋਸੇਯੋਗ ਅਫ਼ਸਰ ਸਨ।

ਅਕਾਲੀ ਸਰਕਾਰ ਦੌਰਾਨ ਕੈਪਟਨ 'ਤੇ ਲੁਧਿਆਣਾ ਦੇ ਸਿਟੀ ਸੈਂਟਰ ਅਤੇ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਘੁਟਾਲੇ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਾਏ ਗਏ ਸਨ।ਇਸ ਮਗਰੋਂ ਇਹ ਰਿਸ਼ਤੇ ਨਿੱਘਰਦੇ ਹੀ ਚਲੇ ਗਏ। ਇਹ ਇਲਜ਼ਾਮ ਲਾਏ ਜਾਣ ਸਮੇਂ ਸੁਮੇਧ ਸੈਣੀ ਪੰਜਾਬ ਵਿਜੀਲੈਂਸ ਵਿਭਾਗ ਦੇ ਮੁਖੀ (2007-12) ਸਨ। ਕੈਪਟਨ ਅਮਰਿੰਦਰ ਸਿੰਘ ਦੇ ਸਰਕਾਰ ਵਿੱਚ ਆਉਣ ਤੋਂ ਬਾਅਦ ਸਿਟੀ ਸੈਂਟਰ ਘੋਟਾਲਾ ਮਾਮਲੇ ਵਿੱਚ ਕਲੋਜ਼ਰ ਰਿਪੋਰਟ ਜਮਾਂ ਕਰਵਾ ਦਿੱਤੀ ਗਈ ਸੀ।

ਇਸ ਦੇ ਖਿਲਾਫ਼ ਸੈਣੀ ਨੇ ਲੁਧਿਆਣਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਅਰਜ਼ੀ ਦਾਇਰ ਕਰ ਦਿੱਤੀ।

14 ਅਕਤੂਬਰ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੋਟਕਪੂਰਾ 'ਚ ਸਿੱਖਾਂ ਵੱਲੋਂ ਪ੍ਰਦਰਸ਼ਨ, ਜਿਸ ਉੱਤੇ ਪੁਲਿਸ ਵੱਲੋਂ ਲਾਠੀਚਾਰਜ ਹੋਇਆ। ਇਸੇ ਦਿਨ ਬਹਿਬਲ ਕਲਾਂ ਵਿੱਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿਚ ਦੋ ਸਿੱਖ ਨੌਜਵਾਨਾਂ ਦੀ ਸ਼ਹਾਦਤ ਹੋ ਗਈ ਸੀ। ਇਸ ਤੋਂ ਬਾਅਦ ਸਰਕਾਰ 'ਤੇ ਸੈਣੀ ਨੂੰ ਪੁਲਿਸ ਮੁਖੀ ਦੇ ਅਹੁਦੇ ਤੋਂ ਹਟਾਉਣ ਦਾ ਦਬਾਅ ਪਿਆ ਅਤੇ ਸੈਣੀ ਦੀ ਥਾਂ 1982 ਬੈਚ ਦੇ ਹੀ ਅਫ਼ਸਰ ਸੁਰੇਸ਼ ਅਰੋੜਾ ਨੂੰ ਪੁਲਿਸ ਮੁਖੀ ਨਿਯੁਕਤ ਕਰ ਦਿੱਤਾ ਗਿਆ।

## ਕੀ ਰਾਸ਼ੀਦ ਵਾਂਗ ਅੰਮ੍ਰਿਤਪਾਲ ਨੂੰ ਵੀ ਮਿਲ ਸਕੇਗੀ ਜ਼ਮਾਨਤ?

ਬਿਊਰੋ ਰਿਪੋਰਟ-ਯੂਏਪੀ ਐਕਟ ਅਧੀਨ ਤਿਹਾੜ ਜੇਲ੍ਹ ਵਿੱਚ ਬੰਦ ਬਾਰਾਮੂਲਾ ਤੋਂ ਮੈਂਬਰ ਪਾਰਲੀਮੈਂਟ ਇੰਜੀਅਰ ਰਾਸ਼ੀਦ ਨੂੰ 2 ਅਕਤੂਬਰ ਤੱਕ ਜ਼ਮਾਨਤ ਮਿਲ ਗਈ ਹੈ। ਦਿੱਲੀ ਦੀ ਅਦਾਲਤ ਨੇ ਜੰਮੂ-ਕਸ਼ਮੀਰ ਵਿੱਚ ਪ੍ਰਚਾਰ ਦੇ ਲਈ ਉਨ੍ਹਾਂ ਨੂੰ ਬੇਲ ਦਿੱਤੀ ਹੈ। ਅਜਿਹੇ ਵਿੱਚ ਅਟਕਲਾਂ ਹਨ ਜੇਕਰ ਪੰਜਾਬ ਵਿੱਚ 4 ਜ਼ਿਮਨੀ ਚੋਣਾਂ ਦੇ ਨਾਲ ਪੰਚਾਇਤੀ ਅਤੇ ਨਗਰ ਨਿਗਮ ਦੀਆਂ ਚੋਣਾਂ ਹੋਇਆ ਤਾਂ ਕੀ ਖਡੂਰ ਸਾਹਿਬ ਤੋਂ ਐੱਮਪੀ ਅੰਮ੍ਰਿਤਪਾਲ ਸਿੰਘ ਦੀ ਵੀ ਜ਼ਮਾਨਤ 'ਤੇ ਰਿਹਾਈ ਹੋ ਸਕਦੀ ਹੈ। ਅੰਮ੍ਰਿਤਪਾਲ ਸਿੰਘ ਦੇ ਵਕੀਲ ਇੰਜੀਅਰ ਰਾਸ਼ੀਦ ਦਾ ਹਵਾਲਾ ਦੇ ਕੇ ਇਸ ਨੂੰ ਅਧਾਰ ਬਣਾ ਸਕਦੇ ਹਨ।

ਜਿਹਾਦੀ ਫੰਡਿੰਗ ਦੇ ਮਾਮਲੇ ਵਿੱਚ ਇੰਜੀਅਰ ਰਾਸ਼ੀਦ 2019 ਤੋਂ ਤਿਹਾੜ ਜੇਲ੍ਹ ਵਿੱਚ ਹੈ। 2024 ਦੀਆਂ ਚੋਣਾਂ ਵਿੱਚ ਰਾਸ਼ੀਦ ਨੇ ਜੇਲ੍ਹ ਤੋਂ ਚੋਣ ਲੜੀ ਸੀ ਅਤੇ 2 ਲੱਖ ਤੋਂ ਵੱਧ ਵੋਟਾਂ ਦੇ ਨਾਲ ਨੈਸ਼ਨਲ ਕਾਨਫਰੰਸ ਦੇ ਉਮਰ ਅਬਦੁੱਲਾ ਨੂੰ ਹਰਾਇਆ ਸੀ। 5 ਜੁਲਾਈ ਨੂੰ ਅੰਮ੍ਰਿਤਪਾਲ ਸਿੰਘ ਦੇ ਨਾਲ ਰਾਸ਼ਿਦ ਨੇ ਵੀ ਐੱਮਪੀ ਵਜੋਂ ਸਹੁੰ ਚੁੱਕੀ ਸੀ।

30 ਮਈ 2017 ਨੂੰ ਐਨ ਆਈਏ ਨੇ ਆਈਪੀਸੀ ਦੇ ਸੈਕਸ਼ਨ 120ਬੀ ਯੂਏਪੀ ਐਕਟ ਦੀ ਧਾਰਾਵਾਂ ਅਧੀਨ ਹਾਫ਼ਿਜ਼ ਮੁਹੰਮਦ ਸਈਦ ਕੋ-ਫਾਉਂਡਰ ਲਸ਼ਕਰ-ਏ-ਤੋਇਬਾ ਖਿਲਾਫ ਕੇਸ ਦਰਜ ਕੀਤਾ ਸੀ। ਐਨਆਈਏ ਦੀ ਸ਼ੁਰੂਆਤੀ 'ਚ ਰਾਸ਼ਿਦ ਦਾ ਨਾਂ ਨਹੀਂ ਸੀ ਪਰ ਬਾਅਦ ਵਿੱਚੋਂ ਉਨ੍ਹਾਂ ਦਾ ਨਾਂ ਪਾਇਆ ਗਿਆ ਹੈ।

## -ਮਾਮਲਾ 100 ਕਰੋੜ ਦੀ ਸਾਈਬਰ ਠੱਗੀ ਦਾ-

# ਮੰਤਰੀ ਬੈਂਸ ਦੀ ਪਤਨੀ ਖ਼ਿਲਾਫ਼ ਡੀਜੀਪੀ ਵਲੋਂ ਕਾਰਵਾਈ !

## 3 ਮੈਂਬਰੀ ਸਿਟ ਕਰੇਗੀ ਜਾਂਚ ਪੜਤਾਲ



ਚੰਡੀਗੜ੍ਹ-100 ਕਰੋੜ ਰੁਪਏ ਦੀ ਕਥਿਤ ਸਾਈਬਰ ਠੱਗੀ ਦੇ ਇਲਜ਼ਾਮਾਂ ਵਿੱਚ ਘਿਰੀ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਪਤਨੀ ਜੋਤੀ ਯਾਦਵ ਦੇ ਖ਼ਿਲਾਫ਼ ਹੁਣ 3 ਮੈਂਬਰੀ ਸਿਟ ਜਾਂਚ ਕਰੇਗੀ। ਇਸ ਮਾਮਲੇ ਵਿੱਚ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਵੱਲੋਂ ਏਡੀਜੀਪੀ ਵੀ. ਨੀਰਜਾ, ਆਈਜੀਪੀ ਧੰਨਪ੍ਰੀਤ ਕੌਰ ਅਤੇ ਐਸਐਸਪੀ ਮੋਹਾਲੀ ਦੀਪਕ ਪਾਰਿਕ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ।

ਹੁਣ ਇਹ ਵਿਸ਼ੇਸ਼ ਜਾਂਚ ਟੀਮ ਕੈਬਨਿਟ ਮੰਤਰੀ ਤੇ ਉਨ੍ਹਾਂ ਦੀ ਪਤਨੀ ਖ਼ਿਲਾਫ਼ ਲੱਗੇ 100 ਕਰੋੜ ਰੁਪਏ ਦੇ ਘਪਲੇ ਦੇ ਇਲਜ਼ਾਮਾਂ ਦੀ ਜਾਂਚ ਕਰੇਗੀ। ਇਸ ਦੇ ਨਾਲ ਹੀ ਇਸ ਤੱਥ ਦੀ ਵੀ ਜਾਂਚ ਹੋਵੇਗੀ ਕਿ ਇੰਸਪੈਕਟਰ ਅਮਨਜੋਤ ਕੌਰ ਵੱਲੋਂ ਲਾਏ ਇਲਜ਼ਾਮ ਕਿੰਨੇ ਸੱਚੇ ਹਨ। ਦੱਸ ਦੇਈਏ ਮੰਤਰੀ ਦੀ ਪਤਨੀ ਜੋਤੀ ਯਾਦਵ 'ਤੇ ਭੂ-ਮਾਫੀਆ ਦਾ ਸਮਰਥਨ ਕਰਨ ਦੇ ਵੀ ਇਲਜ਼ਾਮ ਲੱਗੇ ਹਨ।

ਉੱਧਰ ਕੈਬਨਿਟ ਮੰਤਰੀ ਹਰਜੋਤ ਬੈਂਸ ਇਸ ਮਾਮਲੇ ਵਿੱਚ ਉਨ੍ਹਾਂ ਤੇ ਆਪਣੀ ਪਤਨੀ 'ਤੇ ਲੱਗੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰ ਰਹੇ ਹਨ। ਉਨ੍ਹਾਂ ਕਿਹਾ ਹੈ ਕਿ ਉਹ ਤੇ ਉਨ੍ਹਾਂ ਦੀ ਪਤਨੀ ਬੇਦਾਗ਼ ਹਨ। ਉਨ੍ਹਾਂ ਨੇ ਇਸ ਮਾਮਲੇ ਵਿੱਚ ਇੰਸਪੈਕਟਰ ਅਮਨਜੋਤ ਕੌਰ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰਨ ਦੀ ਚੇਤਾਵਨੀ ਦਿੱਤੀ ਹੈ।

### ਖਹਿਰਾ ਨੇ ਕੀਤਾ ਜਾਂਚ ਦਾ ਸਵਾਗਤ

ਉੱਧਰ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਡੀਜੀਪੀ ਵੱਲੋਂ ਬਿਠਾਈ ਇਸ ਸਿਟ ਜਾਂਚ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਜਦ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ, ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਉਨ੍ਹਾਂ ਆਪਣੇ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕਰਕੇ ਲਿਖਿਆ, "ਹਾਲਾਂਕਿ ਮੈਂ 100 ਕਰੋੜ ਦੇ ਸਾਈਬਰ ਘੁਟਾਲੇ ਵਿੱਚ ਮੰਤਰੀ ਹਰਜੋਤ ਬੈਂਸ ਅਤੇ ਉਨ੍ਹਾਂ ਦੀ ਆਈਪੀਐਸ ਪਤਨੀ ਜੋਤੀ ਯਾਦਵ ਦੀ ਭੂਮਿਕਾ ਦੀ ਜਾਂਚ ਲਈ ਭਗਵੰਤ ਮਾਨ ਵੱਲੋਂ ਬਣਾਈ ਗਈ ਐਸਆਈਟੀ ਦਾ ਸੁਆਗਤ ਕਰਦਾ ਹਾਂ। ਪਰ ਮੈਨੂੰ ਲੱਗਦਾ ਹੈ ਕਿ ਜਦੋਂ ਤੱਕ ਉਕਤ ਮੰਤਰੀ ਮੰਤਰੀ ਮੰਡਲ ਤੋਂ ਅਸਤੀਫਾ ਨਹੀਂ ਦੇ ਦਿੰਦਾ, ਉਦੋਂ ਤੱਕ ਜਾਂਚ ਦਾ ਕੋਈ ਅਰਥ ਨਹੀਂ ਰਹਿ ਜਾਵੇਗਾ ਕਿਉਂਕਿ ਸੱਤਾ ਦੇ ਅਹੁਦੇ 'ਤੇ ਰਹਿੰਦਿਆਂ ਉਹ ਜਾਂਚ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।"

### ਜਾਣੋ ਪੂਰਾ ਮਾਮਲਾ

ਇੰਸਪੈਕਟਰ ਅਮਨਜੋਤ ਕੌਰ ਜਨਵਰੀ ਵਿੱਚ ਜ਼ਿਲ੍ਹਾ ਸਾਈਬਰ ਸੈੱਲ ਦੀ ਇੰਚਾਰਜ ਵਜੋਂ ਤਾਇਨਾਤ ਸੀ ਅਤੇ ਹੁਣ ਉਹ ਪੁਲਿਸ ਲਾਈਨਜ਼ ਵਿੱਚ ਤਾਇਨਾਤ ਹੈ। 9 ਜਨਵਰੀ ਨੂੰ, ਜਦੋਂ ਜ਼ਿਲ੍ਹਾ ਸਾਈਬਰ ਸੈੱਲ ਦੀ ਇੰਚਾਰਜ ਵਜੋਂ ਤਾਇਨਾਤ ਇੰਸਪੈਕਟਰ ਅਮਨਜੋਤ ਕੌਰ ਨੇ ਸੈਕਟਰ 108 ਦੇ ਇਕ ਘਰ ਤੋਂ ਕਥਿਤ ਤੌਰ 'ਤੇ ਚਲਾਏ ਜਾ ਰਹੇ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਤਾਂ ਕਥਿਤ ਕਾਲ ਸੈਂਟਰ ਦੇ ਮਾਲਕਾਂ ਵਰਿੰਦਰ ਰਾਜ ਕਪੂਰੀਆ, ਸੰਕੇਤ, ਸੋਨੂੰ, ਰਜਤ ਕਪੂਰ ਅਤੇ ਨਿਖਿਲ ਕਪਿਲ ਵਿਰੁੱਧ ਸੂਚਨਾ ਤਕਨਾਲੋਜੀ ਐਕਟ ਅਤੇ ਭਾਰਤੀ ਦੰਡਾਵਲੀ, ਆਈਪੀਸੀ ਦੀਆਂ ਸਬੰਧਿਤ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀ ਗਈ ਸੀ।

ਇੰਸਪੈਕਟਰ ਅਮਨਜੋਤ ਕੌਰ ਨੇ ਦੱਸਿਆ ਕਿ ਮੌਕੇ ਦੇ ਮੌਜੂਦ ਮੁਲਾਜ਼ਮਾਂ ਨੇ ਦੱਸਿਆ ਕਿ ਉਹ ਇਸ ਸਾਈਬਰ ਸੈਂਟਰ ਦੇ ਜ਼ਰੀਏ ਵਿਦੇਸ਼ੀ ਲੋਕਾਂ ਨਾਲ ਠੱਗੀ ਮਾਰਦੇ ਹਨ। ਇਸ ਦੇ ਲਈ ਮੁਲਜ਼ਮ ਵਿਜੇ ਰਾਜ ਕਪੂਰੀਆਂ ਉਨ੍ਹਾਂ ਨੂੰ ਤਨਖਾਹ ਦੇ ਨਾਲ ਇਨਸੈਂਟਿਵ ਵੀ ਦਿੰਦੇ ਸਨ। ਅਮਨਜੋਤ ਨੇ ਕਿਹਾ ਬਿਲਡਿੰਗ ਵਿੱਚ ਸੀਸੀਟੀਵੀ ਕੈਮਰੇ ਲੱਗੇ ਸਨ, ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਸਰਵਰ ਨੂੰ ਬੰਦ ਕਰ ਦਿੱਤਾ ਗਿਆ ਸੀ।

ਅਮਨਜੋਤ ਕੌਰ ਵੱਲੋਂ ਮੌਕੇ ਤੋਂ ਵਰਿੰਦਰ ਰਾਜ ਕਪੂਰੀਆ ਅਤੇ ਸੰਕੇਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਡੀਜੀਪੀ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਇਸਪੈਕਟਰ ਦਾਅਵਾ ਕੀਤਾ ਹੈ ਕਿ ਕਾਲ ਸੈਂਟਰ ਦੇ ਮਾਲਕ ਦੇ ਮੰਤਰੀ ਹਰਜੋਤ ਬੈਂਸ ਨਾਲ ਡੂੰਘੇ ਸਬੰਧ ਹਨ।

ਦੋਵੇਂ ਨੰਗਲ ਦੇ ਰਹਿਣ ਵਾਲੇ ਹਨ ਅਤੇ ਬੈਂਸ ਨੇ ਕਥਿਤ ਤੌਰ 'ਤੇ ਉਸ ਤੋਂ ਵੱਡੇ ਪਾਰਟੀ ਫੰਡ ਲਏ। ਇਸ ਤੋਂ ਵੀ ਮਾੜੀ ਗੱਲ, ਉਸਨੇ ਇਲਜ਼ਾਮ ਲਾਇਆ ਕਿ ਬੈਂਸ ਦੀ ਪਤਨੀ ਐਸਪੀ ਜੋਤੀ ਯਾਦਵ ਜਾਂਚ ਵਿੱਚ ਰੁਕਾਵਟ ਪਾ ਰਹੀ ਹੈ ਅਤੇ ਮੁਲਜ਼ਮਾਂ ਨੂੰ ਬਚਾ ਰਹੀ ਹੈ। ਉਹ ਦਾਅਵਾ ਕਰਦੀ ਹੈ ਕਿ ਜੋਤੀ ਯਾਦਵ ਨੇ ਉਸ 'ਤੇ ਕੇਸ ਵਾਪਸ ਲੈਣ ਲਈ ਦਬਾਅ ਪਾਇਆ ਹੈ।

ਇੰਸਪੈਕਟਰ ਨੇ ਇਲਜ਼ਾਮ ਲਗਾਇਆ ਕਿ ਪਲਕ ਦੇਵ ਦੇ ਜ਼ਰੀਏ ਉਸ ਦੇ ਖਿਲਾਫ ਝੂਠੇ ਕੇਸ ਵਿੱਚ 25 ਲੱਖ ਦੀ ਰਿਸ਼ਵਤ ਮੰਗਣ ਦਾ ਮਾਮਲਾ ਪਾਇਆ ਗਿਆ। ਇੰਸਪੈਕਟਰ ਅਮਨਜੋਤ ਕੌਰ ਨੇ ਮੁਹਾਲੀ ਦੇ ਇਕ ਜੱਜ 'ਤੇ ਵੀ ਘਪਲੇਬਾਜ਼ਾਂ ਤੋਂ ਮਕਾਨ ਲੈਣ ਅਤੇ ਫਿਰ ਉਸਦੇ ਖਿਲਾਫ ਝੂਠੀ ਐਫ. ਆਈ. ਆਰ. ਦਰਜ ਕਰਨ ਦਾ ਇਲਜ਼ਾਮ ਲਗਾਇਆ ਹੈ।

ਆਪਣੇ ਸ਼ਿਕਾਇਤ ਪੱਤਰ ਵਿੱਚ ਉਸਨੇ ਜੱਜ ਦਾ ਨਾਂ ਅਤੇ ਮੁਹਾਲੀ ਵਾਲੇ ਘਰ ਦਾ ਪਤਾ ਵੀ ਦਿੱਤਾ ਹੈ। ਜ਼ਿਲ੍ਹਾ ਅਦਾਲਤ ਨੇ ਅਪ੍ਰੈਲ ਵਿੱਚ ਇੰਸਪੈਕਟਰ ਅਮਨਜੋਤ ਕੌਰ ਖਿਲਾਫ ਐਫਆਈਆਰ ਦਰਜ ਕਰਨ ਦੇ ਹੁਕਮ ਦਿੱਤੇ ਸਨ।

# ਪੰਜਾਬ ਸਰਕਾਰ ਨੂੰ ਹਾਈਕੋਰਟ ਵਲੋਂ ਵੱਡਾ ਝਟਕਾ

## ✪ ਰਾਜ ਸਰਕਾਰ ਦਾ ਐਨਆਰਆਈ ਕੋਟੇ ਤਹਿਤ ਡਾਕਟਰੀ ਕੋਰਸਾਂ ਵਿਚ ਦਾਖ਼ਲਿਆਂ ਦਾ ਫ਼ੈਸਲਾ ਰੱਦ

ਚੰਡੀਗੜ੍ਹ-ਪੰਜਾਬ ਸਰਕਾਰ ਨੂੰ ਵੱਡਾ ਝਟਕਾ ਦਿੰਦੇ ਹੋਏ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਐੱਨਆਰਆਈ ਕੋਟੇ ਤਹਿਤ ਐੱਮਬੀਬੀਐੱਸ / ਬੀਡੀਐੱਸ ਡਿਗਰੀਆਂ ਵਿਚ ਦਾਖਲੇ ਲਈ ਨਿਯਮ ਬਦਲਣ ਲਈ ਰਾਜ ਸਰਕਾਰ ਦੇ ਫ਼ੈਸਲੇ ਨੂੰ ਖਾਰਜ ਕਰ ਦਿੱਤਾ ਹੈ। ਹਾਈ ਕੋਰਟ ਅਨੁਸਾਰ ਰਾਜ ਦੇ ਨਵੇਂ ਨਿਯਮ ਦਾਖਲਾ ਪ੍ਰਕਿਰਿਆ ਦੀ ਅਖੰਡਤਾ ਤੇ ਨਿਰਪੱਖਤਾ ਨਾਲ ਸਮਝੌਤਾ ਕਰਨਗੇ। ਅਦਾਲਤ ਦਾ ਮੰਨਣਾ ਹੈ ਕਿ 20 ਅਗਸਤ ਦੇ ਹਾਲ ਹੀ ਦੇ ਸੋਧ ਪੱਤਰ ਰਾਹੀਂ



'ਐੱਨਆਰਆਈ' ਦੀ ਪਰਿਭਾਸ਼ਾ ਦਾ ਵਿਸਥਾਰ ਕਈ ਕਾਰਨਾਂ ਤੋਂ ਤਰਕਸੰਗਤ ਰੂਪ 'ਚ ਢੁੱਕਵਾਂ ਨਹੀਂ ਹੈ। ਸ਼ੁਰੂ ਵਿਚ ਐੱਨਆਰਆਈ ਕੋਟੇ ਦਾ ਉਦੇਸ਼ ਅਸਲੀ ਐੱਨਆਰਆਈ ਤੇ ਉਨ੍ਹਾਂ ਦੇ ਬੱਚਿਆਂ ਨੂੰ ਲਾਭ ਪਹੁੰਚਾਉਣਾ ਸੀ ਜਿਸ ਨਾਲ ਉਨ੍ਹਾਂ ਨੂੰ ਭਾਰਤ ਵਿਚ ਸਿੱਖਿਆ ਦੇ ਮੌਕਿਆਂ ਤੱਕ ਪਹੁੰਚ ਮਿਲ ਸਕੇ। ਪਰਿਭਾਸ਼ਾ ਨੂੰ ਵਿਆਪਕ ਬਣਾ ਕੇ ਚਾਚਾ-ਚਾਚੀ, ਦਾਦਾ-ਦਾਦੀ ਤੇ ਚਚੇਰੇ ਭੈਣ-ਭਰਾ ਜਿਵੇਂ ਦੂਰ ਦੇ ਰਿਸ਼ਤੇਦਾਰਾਂ ਨੂੰ ਸ਼ਾਮਿਲ ਕਰ ਕੇ, ਐੱਨਆਰਆਈ ਕੋਟੇ ਦੇ ਅਸਲ ਉਦੇਸ਼ ਨੂੰ ਕਮਜ਼ੋਰ ਕੀਤਾ ਗਿਆ ਹੈ। ਇਹ ਵਿਸਥਾਰ ਸੰਭਾਵਿਤ ਦੁਰਵਰਤੋਂ ਲਈ ਰਾਹ ਖੋਲ੍ਹਦਾ ਹੈ, ਜਿਸ ਨਾਲ ਅਜਿਹੇ ਵਿਅਕਤੀ ਜੋ ਨੀਤੀ ਦੇ ਅਸਲ ਉਦੇਸ਼ ਤਹਿਤ ਨਹੀਂ ਆਉਂਦੇ ਹਨ, ਇਨ੍ਹਾਂ ਸੀਟਾਂ ਦਾ ਲਾਭ ਉਠਾ ਸਕਦੇ ਹਨ, ਜੋ ਸੰਭਾਵਿਤ ਤੌਰ 'ਤੇ ਵੱਧ ਯੋਗ ਉਮੀਦਵਾਰਾਂ ਨੂੰ ਦਰਕਿਨਾਰ ਕਰ ਸਕਦੇ ਹਨ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਅਰੁਣ ਖੇਤਰਪਾਲ ਦੇ ਬੈਂਚ ਨੇ ਐੱਮਬੀਬੀਐੱਸ/ ਬੀਡੀਐੱਸ ਕੋਰਸਾਂ ਵਿਚ ਦਾਖ਼ਲੇ ਲਈ ਗੀਤਾ ਵਰਮਾ ਤੇ ਹੋਰ ਉਮੀਦਵਾਰਾਂ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਹ ਹੁਕਮ ਪਾਸ ਕੀਤੇ ਹਨ।


# ਝਾਰਖੰਡ, ਮਹਾਰਾਸ਼ਟਰ, ਯੂਪੀ ਦੀਆਂ 10 ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ ਮੋਦੀ ਲਈ ਇਮਤਿਹਾਨ ਦੀ ਘੜੀ

## ✪ ਹਰਿਆਣਾ ਤੇ ਜੰਮੂ-ਕਸ਼ਮੀਰ ਦੇ ਚੋਣ ਨਤੀਜੇ 8 ਅਕਤੂਬਰ ਨੂੰ ਆਉਣਗੇ ✪ ਮਹਾਰਾਸ਼ਟਰ ਵਿਚ ਕੌਣ ਭਾਰੂ ਪਵੇਗਾ ? ✪ ਸਰਵੇ ਕਾਰਣ ਭਾਜਪਾ ਪਰੇਸ਼ਾਨ ! ਅਮਿਤ ਸ਼ਾਹ ਨੇ ਲੀਡਰਾਂ ਨੂੰ ਦਿੱਤਾ ਨਵਾਂ ਫਾਰਮੂਲਾ

ਇਸ ਸਾਲ ਦੇ ਅਖੀਰ ਵਿਚ ਝਾਰਖੰਡ ਦੇ ਨਾਲ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ। ਇਨ੍ਹਾਂ ਦੇ ਨਾਲ ਹੀ ਯੂਪੀ ਦੀਆਂ 10 ਵਿਧਾਨ ਸਭਾ ਸੀਟਾਂ ਲਈ ਹੋਣ ਵਾਲੀਆਂ ਉਪ ਚੋਣਾਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਵੀ ਪਰਖ ਕਰਨਗੀਆਂ। ਹਾਲਾਂਕਿ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ, ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 4 ਜੂਨ ਤੋਂ ਬਾਅਦ ਆਪਣੇ ਖੋਲ (ਸ਼ੈਲ) 'ਚੋਂ ਬਾਹਰ ਨਿਕਲ ਕੇ ਚੋਣ ਪ੍ਰਚਾਰ ਕਰਨਗੇ। ਜਾਂ ਨਹੀਂ ? ਹਰਿਆਣਾ ਤੇ ਜੰਮੂ-ਕਸ਼ਮੀਰ ਦੇ ਚੋਣ ਨਤੀਜੇ 8 ਅਕਤੂਬਰ ਨੂੰ ਆਉਣਗੇ। ਪ੍ਰਧਾਨ ਮੰਤਰੀ ਮੋਦੀ 2024 ਦੀਆਂ ਲੋਕ ਸਭਾ ਚੋਣਾਂ ਦੇ ਝਟਕਿਆਂ ਤੋਂ ਅਜੇ ਉੱਭਰ ਨਹੀਂ ਸਕੇ। ਮੋਦੀ ਲਈ ਇਹ ਚੋਣਾਂ 'ਉਸ ਦੀ ਸਿਆਸਤ ਲਈ ਚੈਲਿੰਜ ਹਨ ਹਾਲਾਂਕਿ ਇਸ ਖੇਡ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਸਭ ਤੋਂ ਅੱਗੇ ਹਨ।

ਭਾਵੇਂ ਵਿਧਾਨ ਸਭਾ ਚੋਣਾਂ ਵਿਚ ਹਰਿਆਣਾ ਤੇ ਝਾਰਖੰਡ ਦਾ ਆਪਣਾ ਮਹਤੱਵ ਹੈ। ਪਰ ਮਹਾਰਾਸ਼ਟਰ ਨੂੰ ਜਿੱਤਣ ਵਾਲੀ ਪਾਰਟੀ ਹੀ ਜੇਤੂ ਸਮਝੀ ਜਾਏਗੀ, ਕਿਉਂਕਿ ਹਰ ਕੋਈ ਜਾਣਦਾ ਹੈ ਕਿ ਮੁੰਬਈ ਇਸ ਦਾ ਦਿਲ ਹੈ ਅਤੇ ਭਾਰਤ ਦੇ ਇਸ ਵਪਾਰਕ ਤੇ ਵਿੱਤੀ ਕੇਂਦਰ ਵਿਚ ਹਰ ਕੋਈ ਸੱਤਾਧਾਰੀ ਹੋਣਾ ਚਾਹੁੰਦਾ ਹੈ। ਕਿਹੜੀ ਪਾਰਟੀ/ਗਠਜੋੜ ਮੁੰਬਈ ਨੂੰ ਆਪਣੀ ਝੋਲੀ ਵਿਚ ਪਾਵੇਗਾ ? ਪਤਾ ਨਹੀਂ, ਫਿਲਹਾਲ ਇਥੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਸ਼ਿਵਸੈਨਾ ਦੀ ਅਗਵਾਈ ਵਾਲਾ ਮਹਾਯੁਤੀ ਗਠਜੋੜ ਸੱਤਾ ਵਿਚ ਹੈ। ਮਹਾਯੁਤੀ ਤੇ ਮਹਾ ਵਿਕਾਸ ਅਗਾੜੀ ਦੋਹਾਂ ਗਠਜੋੜਾਂ 'ਵਿਚ ਕਿਹੜਾ ਵਿਧਾਨ ਸਭਾ ਚੋਣਾਂ ਜਿੱਤਣ ਲਈ ਬਿਹਤਰ ਸਥਿਤੀ ਵਿਚ ਹੈ ? ਇਹ ਮਹੱਤਵਪੂਰਨ ਹੋਵੇਗਾ ਕਿ ਮੋਦੀ ਵਿਧਾਨ ਸਭਾ ਚੋਣਾਂ ਵਿਚ ਲੋਕ ਸਭਾ ਚੋਣਾਂ ਵਾਂਗ ਹੀ ਪ੍ਰਚਾਰ ਕਰਨਗੇ ਜਾਂ ਨਹੀਂ ?ਕੀ ਨਰਿੰਦਰ ਮੋਦੀ 'ਚ ਮਹਾਰਾਸ਼ਟਰ ਦੀ ਧਰਤੀ 'ਤੇ ਇਕ ਹੋਰ ਚੋਣ ਮੁਹਿੰਮ ਚਲਾਉਣ ਲਈ ਪੂਰਾ ਹੌਸਲਾ ਹੈ ? ਜੇਕਰ ਮੋਦੀ ਅਜਿਹਾ ਨਹੀਂ ਕਰਦੇ ਤਾਂ ਦੇਵੇਂਦਰ ਫੜਨਵੀਸ ਤੇ ਏਕਨਾਥ ਸ਼ਿੰਦੇ ਨੂੰ ਸਮਾਂ ਆਉਣ 'ਤੇ ਊਧਵ ਠਾਕਰੇ ਤੇ ਸ਼ਰਦ ਪਵਾਰ ਸਮੇਤ ਰਾਹੁਲ ਗਾਂਧੀ ਨਾਲ ਟੱਕਰ ਲੈਣੀ ਪਵੇਗੀ।

ਊਧਵ ਠਾਕਰੇ ਨੇ ਹੁਣ ਏਕਨਾਥ ਸ਼ਿੰਦੇ ਦੇ ਵਿਸ਼ਵਾਸਘਾਤ 'ਤੇ ਕਾਬੂ ਪਾ ਲਿਆ ਹੈ ਅਤੇ ਉਹ ਲਗਾਤਾਰ ਆਤਮ-ਵਿਸ਼ਵਾਸ ਨਾਲ ਭਰੇ ਹੋਏ ਵਿਖਾਈ ਦੇ ਰਹੇ ਹਨ। ਮਹਾਂ ਵਿਕਾਸ ਅਗਾੜੀ (ਐਮ.ਵੀ.ਏ.) ਦੁਆਰਾ ਚੋਣਾਂ ਤੋਂ ਪਹਿਲਾਂ ਕਰਵਾਏ ਗਏ ਇਕ ਸਰਵੇਖਣ 'ਚ ਕਿਹਾ ਗਿਆ ਹੈ ਕਿ ਐਮ.ਵੀ.ਏ. ਗਠਜੋੜ 165 ਤੋਂ ਜ਼ਿਆਦਾ ਸੀਟਾਂ ਜਿੱਤ ਸਕਦਾ ਹੈ। ਲੋਕ ਸਭਾ ਚੋਣਾਂ 'ਚ ਐਮ.ਵੀ.ਏ. ਵਲੋਂ ਸੂਬੇ ਦੀਆਂ 31 ਲੋਕ ਸਭਾ ਸੀਟਾਂ ਦੀ ਜਿੱਤ ਨੇ ਇਸ ਸਰਵੇਖਣ ਦੇ ਦਾਅਵੇ ਨੂੰ ਮਜ਼ਬੂਤ ਕੀਤਾ ਹੈ, ਜਿਸ 'ਚ ਕਿਹਾ ਗਿਆ ਹੈ ਕਿ ਐਮ.ਵੀ.ਏ.



ਨਾਗਪੁਰ, ਅਮਰਾਵਤੀ, ਮਰਾਠਵਾੜਾ ਤੇ ਪੱਛਮੀ ਮਹਾਰਾਸ਼ਟਰ ਖੇਤਰ 'ਚ ਚੰਗਾ ਪ੍ਰਦਰਸ਼ਨ ਕਰੇਗਾ। ਕਾਂਗਰਸ ਦੇ ਇਕ ਸੀਨੀਅਰ ਆਗੂ ਨੇ ਦਾਅਵਾ ਕੀਤਾ ਹੈ ਕਿ ਸਾਡੇ ਗਠਜੋੜ ਨੇ ਮਹਾਰਾਸ਼ਟਰ ਦੀਆਂ 48 ਲੋਕ ਸਭਾ ਸੀਟਾਂ 'ਚੋਂ 31 'ਤੇ ਜਿੱਤ ਪ੍ਰਾਪਤ ਕੀਤੀ ਹੈ, ਜੋ ਕੁੱਲ ਸੀਟਾਂ ਦਾ ਲਗਭਗ 65 ਫ਼ੀਸਦੀ ਹੈ। ਅਸੀਂ ਇਸ ਔਸਤ ਫ਼ੀਸਦੀ ਨੂੰ ਬਰਕਰਾਰ ਰੱਖਣਾ ਚਾਹਾਂਗੇ, ਜਿਸ ਨਾਲ ਸਾਨੂੰ 188 ਸੀਟਾਂ ਮਿਲ ਸਕਦੀਆਂ ਹਨ ਤੇ ਮੁੱਢਲੇ ਮੁੱਲਾਂਕਣ 'ਚ ਅਸੀਂ 165 ਸੀਟਾਂ ਜਿੱਤ ਰਹੇ ਹਾਂ। ਸੂਬੇ ਵਿਚ ਸਰਕਾਰ ਬਣਾਉਣ ਲਈ ' 144 ਸੀਟਾਂ ਦੀ ਲੋੜ ਹੈ। ਐਮ.ਵੀ.ਏ. ਗਠਜੋੜ ਵਿਚ ਕਾਂਗਰਸ, ਸ਼ਿਵ ਸੈਨਾ (ਯੂ.ਬੀ.ਟੀ.) ਅਤੇ ਐਨ.ਸੀ.ਪੀ. (ਸ਼ਰਦ ਚੰਦਰ ਪਵਾਰ) ਸ਼ਾਮਿਲ ਹਨ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ 'ਚ ਵੀ ਲੋਕ ਸਭਾ ਵਾਲਾ ਪ੍ਰਦਰਸ਼ਨ ਦੁਹਰਾਉਣ ਦੀ ਉਮੀਦ ਹੈ।

ਐਮ.ਵੀ.ਏ. ਗਠਜੋੜ ਨੇ ਜਿੱਤ ਦੀ ਰਣਨੀਤੀ ਬਣਾਉਣ ਲਈ ਮਹਾਰਾਸ਼ਟਰ ਨੂੰ 7 ਖੇਤਰਾਂ 'ਚ ਵੰਡਿਆ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਨਾਗਪੁਰ, ਅਮਰਾਵਤੀ, ਮਰਾਠਵਾੜਾ ਤੇ ਪੱਛਮੀ ਮਹਾਰਾਸ਼ਟਰ ਖੇਤਰਾਂ 'ਚ ਉਨ੍ਹਾਂ ਦਾ ਪਲੜਾ ਭਾਰੀ ਹੈ। ਕਾਂਗਰਸ ਨਾਗਪੁਰ ਤੇ ਅਮਰਾਵਤੀ ਅਤੇ ਸ਼ਿਵ ਸੈਨਾ (ਯੂ. ਬੀ. ਟੀ.) ਮਰਾਠਵਾੜਾ, ਜਦਕਿ ਐਨ. ਸੀ. ਪੀ. (ਸ਼ਰਦ ਚੰਦਰ ਪਵਾਰ) ਨੂੰ ਪੱਛਮੀ ਮਹਾਰਾਸ਼ਟਰ 'ਚ ਚੰਗੇ ਪ੍ਰਦਰਸ਼ਨ ਦੀ ਉਮੀਦ ਹੈ। ਪਰ ਐਮ.ਵੀ.ਏ. ਲਈ ਮੁੰਬਈ, ਕੋਂਕਣ ਤੇ ਉੱਤਰੀ ਮਹਾਰਾਸ਼ਟਰ ਸਮੱਸਿਆ ਵਾਲੇ ਖੇਤਰ ਹਨ, ਜਿਥੇ ਮਹਾਯੁਤੀ ਗਠਜੋੜ ਕਾਫੀ ਮਜ਼ਬੂਤ ਹੈ। ਮਹਾਯੁਤੀ ਗਠਜੋੜ 'ਚ ਭਾਜਪਾ, ਸ਼ਿਵ ਸੈਨਾ (ਸ਼ਿੰਦੇ) ਅਤੇ ਐਨ.ਸੀ.ਪੀ. (ਅਜੀਤ ਪਵਾਰ) ਸ਼ਾਮਿਲ ਹਨ।

ਐਮ.ਵੀ.ਏ. ਦਾ ਕੋਂਕਣ ਖੇਤਰ 'ਚ ਮਾੜਾ ਪ੍ਰਦਰਸ਼ਨ ਗਠਜੋੜ ਲਈ ਚਿੰਤਾ ਦਾ ਵਿਸ਼ਾ ਹੈ, ਜਦਕਿ ਮੁੰਬਈ ਖੇਤਰ 'ਚ ਉਸ ਨੂੰ ਭਾਜਪਾ ਤੇ ਸ਼ਿਵ ਸੈਨਾ (ਸ਼ਿੰਦੇ) ਤੋਂ ਵੱਡੀ ਚੁਣੌਤੀ ਮਿਲੇਗੀ। ਉੱਤਰੀ ਮਹਾਰਾਸ਼ਟਰ ਖੇਤਰ 'ਚ ਵੀ ਐਮ.ਵੀ.ਏ. ਦੀ ਸਥਿਤੀ ਕਮਜ਼ੋਰ ਹੈ ਅਤੇ ਗਠਜੋੜ ਕੋਲ ਇਸ ਸਮੱਸਿਆ ਨੂੰ ਸੁਲਝਾਉਣ ਲਈ ਬਹੁਤ ਘੱਟ ਸਮਾਂ ਬਚਿਆ ਹੈ। ਮਹਾਰਾਸ਼ਟਰ ਵਿਧਾਨ ਸਭਾ 'ਚ 288 ਸੀਟਾਂ ਹਨ ਤੇ ਇਥੇ ਅਕਤੂਬਰ 'ਚ ਚੋਣਾਂ ਹੋਣੀਆਂ ਹਨ। ਸ਼ਰਦ ਪਵਾਰ ਨੇ ਦਾਅਵਾ ਕੀਤਾ ਹੈ ਕਿ ਐਮ.ਵੀ.ਏ. ਗਠਜੋੜ 225 ਤੋਂ ਵੱਧ ਸੀਟਾਂ ਜਿੱਤੇਗਾ ਤੇ ਉਹ ਮਹਾਰਾਸ਼ਟਰ 'ਚ ਸੱਤਾ ਤਬਦੀਲੀ ਹੁੰਦੀ ਵੇਖ ਰਹੇ ਹਨ, ਇਥੋਂ ਦੇ ਲੋਕ ਸ਼ਰਦ ਪਵਾਰ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਨ। ਉਨ੍ਹਾਂ ਦਾ ਭਤੀਜਾ ਅਜੀਤ ਪਵਾਰ ਆਪਣੇ ਐਨ.ਸੀ.ਪੀ. ਧੜੇ ਨਾਲ ਸੱਤਾਧਾਰੀ ਮਹਾਯੁਤੀ ਗਠਜੋੜ ਦਾ ਹਿੱਸਾ ਹੈ। ਅਜੀਤ ਪਵਾਰ ਨੂੰ ਰਾਜਨੀਤੀ 'ਚ ਲਿਆਉਣ ਤੇ ਪ੍ਰਪੱਕ ਕਰਨ ਵਾਲੇ ਸ਼ਰਦ ਪਵਾਰ ਆਪਣੀ ਬੇਟੀ ਸੁਪ੍ਰਿਆ ਸੁਲੇ ਨੂੰ ਆਪਣਾ ਰਾਜਨੀਤਕ ਵਾਰਸ ਤੇ ਉਤਰਾਧਿਕਾਰੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਜੋ ਅਜੀਤ ਪਵਾਰ ਨੂੰ ਪਸੰਦ ਨਹੀਂ ਆਇਆ।

ਸ਼ਰਦ ਪਵਾਰ ਦਾ ਕਹਿਣਾ ਹੈ ਕਿ ਮਹਾਰਾਸ਼ਟਰ ਇਸ ਸਮੇਂ ਗ਼ਲਤ ਲੋਕਾਂ ਦੇ ਹੱਥਾਂ ਵਿਚ ਹੈ। ਹਾਲੀਆ ਸਿਆਸੀ ਘਟਨਾਕ੍ਰਮ ਵਿਚ ਅਜੀਤ ਪਵਾਰ ਦੀ ਅਗਵਾਈ ਵਾਲੀ ਐਨ.ਸੀ.ਪੀ. ਦੇ ਕਈ ਵਿਧਾਇਕ ਵਾਪਸੀ ਕਰਦਿਆਂ ਸ਼ਰਦ ਪਵਾਰ ਦੇ ਧੜੇ 'ਚ ਸ਼ਾਮਿਲ ਹੋ ਗਏ ਹਨ। ਸ਼ਰਦ ਪਵਾਰ ਦੀ ਪਾਰਟੀ ਨੇ ਲੋਕ ਸਭਾ ਦੀਆਂ 10 ਸੀਟਾਂ 'ਤੇ ਚੋਣ ਲੜੀ ਸੀ ਤੇ ਉਨ੍ਹਾਂ ਵਿਚੋਂ 8 'ਤੇ ਜਿੱਤ ਪ੍ਰਾਪਤ ਕੀਤੀ ਸੀ। ਐਮ.ਵੀ.ਏ. ਨੂੰ ਮਹਾਯੁਤੀ ਨਾਲੋਂ ਬਿਹਤਰ ਪ੍ਰਦਰਸ਼ਨ ਦੀ ਉਮੀਦ ਹੈ, ਕਿਉਂਕਿ ਲੋਕ ਸਭਾ ਚੋਣਾਂ ਦੇ ਨਤੀਜੇ ਉਨ੍ਹਾਂ ਦੇ ਹੱਕ ਵਿਚ ਗਏ ਸਨ। ਭਾਜਪਾ ਦੀ ਅਗਵਾਈ ਵਾਲਾ ਮਹਾਯੁਤੀ ਗਠਜੋੜ ਹਿੰਦੂਤਵ ਨੂੰ ਆਧਾਰ ਬਣਾ ਕੇ ਪ੍ਰਚਾਰ ਕਰ ਰਿਹਾ ਹੈ ਤੇ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ 'ਚ ਲੋਕ ਸਭਾ ਚੋਣਾਂ ਨਾਲੋਂ ਬਿਹਤਰ ਪ੍ਰਦਰਸ਼ਨ ਦੀ ਉਮੀਦ ਹੈ।

ਮੁੱਖ ਮੰਤਰੀ ਏਕਨਾਥ ਸ਼ਿੰਦੇ ਦਾ ਕਹਿਣਾ ਹੈ ਕਿ ਦੀਵਾਲੀ ਸਿਰਫ਼ ਇਕ ਗਠਜੋੜ ਮਨਾਏਗਾ ਤੇ ਇਹ ਮਹਾਯੁਤੀ ਹੋਵੇਗਾ, ਜਿਸ ਨੇ ਹਾਲ ਹੀ 'ਚ ਐਮ. ਐਲ. ਸੀ. ਚੋਣਾਂ ਵਿਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ।

ਦੋਵੇਂ ਗਠਜੋੜ ਵਿਧਾਨ ਸਭਾ ਚੋਣਾਂ ਵੱਖ-ਵੱਖ ਰਾਜਸੀ ਸੰਗਠਨਾਂ ਵਜੋਂ ਲੜਨਗੇ। ਮਹਾਰਾਸ਼ਟਰ ਵਿਧਾਨ ਸਭਾ 'ਚ ਸਭ ਤੋਂ ਵੱਡੀ ਪਾਰਟੀ ਭਾਜਪਾ ਦਾ ਕਹਿਣਾ ਹੈ ਕਿ ਉਹ 180 ਸੀਟਾਂ 'ਤੇ ਚੋਣ ਲੜੇਗੀ, ਜਦਕਿ ਅਜੀਤ ਪਵਾਰ ਦੀ ਐਨ.ਸੀ.ਪੀ. ਅਤੇ ਮੁੱਖ ਮੰਤਰੀ ਸ਼ਿੰਦੇ ਦੀ ਸ਼ਿਵਸੈਨਾ ਨੇ ਕ੍ਰਮਵਾਰ 80 ਤੇ 100 ਸੀਟਾਂ 'ਤੇ ਚੋਣ ਲੜਨ ਦਾ ਐਲਾਨ ਕੀਤਾ ਹੈ।

ਮੁੱਖ ਮੰਤਰੀ ਸ਼ਿੰਦੇ ਨੇ ਮਹਾਯੁਤੀ ਦੀ ਸਰਕਾਰ ਬਣਨ ਦਾ ਦਾਅਵਾ ਕਰਦਿਆਂ ਕਿਹਾ ਹੈ ਕਿ ਗਠਜੋੜ ਨੇ ਅਜੇ ਸੀਟ ਵੰਡ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ। ਪਰ ਮੁੱਖ ਸਵਾਲ ਇਹ ਹੈ ਕਿ, ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਹਾਯੁਤੀ ਗਠਜੋੜ ਦੇ ਸਟਾਰ-ਪ੍ਰਚਾਰਕਾਂ ਵਿਚੋਂ ਇਕ ਹੋਣਗੇ ?

## ਚੋਣ ਸਰਵੇਖਣਾਂ ਤੋਂ ਭਾਜਪਾ ਪਰੇਸ਼ਾਨ

ਇਸ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਸਬੰਧੀ ਹੋਏ ਸਰਵੇਖਣਾਂ ਵਿੱਚ ਵੀ ਬੀਜੇਪੀ ਨੂੰ ਚੰਗਾ ਹੁੰਗਾਰਾ ਮਿਲਦਾ ਦਿਖਾਈ ਨਹੀਂ ਦੇ ਰਿਹਾ। ਹਰਿਆਣਾ ਮਗਰੋਂ ਹੁਣ ਮਹਾਰਾਸ਼ਟਰ ਬਾਰੇ ਹੋਏ ਸਰਵੇ ਨੇ ਵੀ ਬੀਜੇਪੀ ਦੀ ਨੀਂਦ ਉਡਾ ਦਿੱਤੀ ਹੈ। ਦਰਅਸਲ ਮਹਾਰਾਸ਼ਟਰ ਵਿੱਚ ਇਸ ਸਾਲ ਦੇ ਅੰਤ ਵਿੱਚ ਵਿਧਾਨ ਸਭਾ ਚੋਣਾਂ ਹੋ ਸਕਦੀਆਂ ਹਨ। ਭਾਜਪਾ ਨੇ ਇਨ੍ਹਾਂ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਅਗਸਤ ਮਹੀਨੇ 'ਚ ਕੀਤੇ ਗਏ ਇੰਪਰੀਕਲ ਤੇ ਮਾਸ ਸਰਵੇ ਮੁਤਾਬਕ ਇਸ ਵਾਰ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਮਹਾਯੁਤੀ ਨੂੰ 123 ਤੇ ਮਹਾਵਿਕਾਸ ਅਗਾੜੀ ਨੂੰ 152 ਸੀਟਾਂ ਮਿਲ ਸਕਦੀਆਂ ਹਨ। ਇਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੀਤੇ ਦਿਨੀਂ ਐਤਵਾਰ (8 ਸਤੰਬਰ) ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਤੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਅਜੀਤ ਪਵਾਰ ਨਾਲ ਦੇਰ ਰਾਤ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਖ-ਵੱਖ ਸਰਕਾਰੀ ਸਕੀਮਾਂ ਸਬੰਧੀ ਲੋਕਾਂ ਦੀ ਪ੍ਰਤੀਕਿਰਿਆ ਜਾਣਨ ਦਾ ਯਤਨ ਕੀਤਾ ਗਿਆ।

ਦੱਸ ਦਈਏ ਕਿ ਮੰਨਿਆ ਜਾ ਰਿਹਾ ਹੈ ਕਿ ਮਹਾਰਾਸ਼ਟਰ ਵਿਚ ਅਕਤੂਬਰ-ਨਵੰਬਰ 'ਚ ਵਿਧਾਨ ਸਭਾ ਚੋਣਾਂ ਹੋ ਸਕਦੀਆਂ ਹਨ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਵੱਲੋਂ ਹਾਲ ਹੀ ਵਿੱਚ ਦਿੱਤੇ ਗਏ ਵਿਵਾਦਤ ਬਿਆਨਾਂ ਬਾਰੇ ਵੀ ਚਰਚਾ ਕੀਤੀ ਗਈ।

ਇਸ ਬੈਠਕ 'ਚ ਅਮਿਤ ਸ਼ਾਹ ਨੇ ਭਾਜਪਾ ਨੇਤਾਵਾਂ ਨੂੰ ਜਨਤਕ ਵਿਵਾਦਾਂ ਤੋਂ ਬਚਣ ਦੇ ਨਿਰਦੇਸ਼ ਦਿੱਤੇ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਅਸੀਂ ਮਹਾਗਠਜੋੜ ਵਿੱਚ ਹਾਂ ਤਾਂ ਸਾਨੂੰ ਸੰਜਮ ਵਰਤਣਾ ਚਾਹੀਦਾ ਹੈ ਤੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਏਕਤਾ ਦੀ ਤਸਵੀਰ ਜਨਤਾ ਦੇ ਸਾਹਮਣੇ ਪੇਸ਼ ਹੋਵੇ।

ਉਨ੍ਹਾਂ ਨੇ ਕਿਹਾ ਕਿ ਜਿੱਤਣ ਦੀ ਸੰਭਾਵਨਾ ਵਾਲੇ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਵਿਰੋਧੀਆਂ ਦੇ ਝੂਠੇ ਬਿਆਨਾਂ ਦਾ ਜਵਾਬ ਦਿੰਦੇ ਰਹੋ। ਕੁੱਲ ਮਿਲਾ ਕੇ ਬੀਜੇਪੀ ਦੀ ਸਥਿਤੀ ਔਖੀ ਦਿਖਾਈ ਦੇ ਰਹੀ ਹੈ।

# ਸਿਖ ਕਿਸਾਨ ਨੇ ਤਿੰਨ ਏਕੜ ਵਿਚ ਕੇਲਿਆਂ ਤੇ ਇਕ ਏਕੜ ਵਿਚ ਹਲਦੀ ਦੀ ਖੇਤੀ ਕਰਕੇ ਦਿਖਾਇਆ ਕਮਾਲ

## ਖਾਸ ਖਬਰ ✪ ਕਣਕ-ਝੋਨੇ ਦੇ ਚੱਕਰ ਤੋਂ ਬਾਹਰ ਨਿਕਲ ਕੀਤੀ ਕੇਲਿਆਂ ਦੀ ਖੇਤੀ, ਏਕੜ ਪਿੱਛੇ 6 ਲੱਖ ਦੀ ਆਮਦਨ!

ਪੰਜਾਬ ਵਿੱਚ ਕਣਕ-ਝੋਨੇ ਦੇ ਫਸਲੀ ਚੱਕਰ ਤੋਂ ਬਾਹਰ ਨਿਕਲ ਕੇ ਗੁਰਦਾਸਪੁਰ ਦੇ ਇੱਕ 60 ਸਾਲਾ ਕਿਸਾਨ ਸਤਨਾਮ ਸਿੰਘ ਨੇ ਕਮਾਲ ਕਰ ਦਿੱਤਾ ਹੈ। ਕਿਸਾਨ ਸਤਨਾਮ ਸਿੰਘ ਕੋਲ 5 ਏਕੜ ਦੀ ਜ਼ਮੀਨ ਹੈ, ਜਿਸ ਵਿੱਚੋਂ ਸਿਰਫ਼ ਇੱਕ ਏਕੜ ਵਿੱਚ ਕਣਕ ਤੇ ਬਾਸਮਤੀ ਲਾਈ, ਜੋ ਉਹ ਆਪਣੇ ਘਰ ਦੀ ਵਰਤੋਂ ਵਾਸਤੇ ਰੱਖਣਗੇ। ਉਨ੍ਹਾਂ ਨੇ 3 ਏਕੜ ਵਿੱਚ ਕੇਲਿਆਂ ਦੀ ਖੇਤੀ ਕੀਤੀ ਅਤੇ ਬਾਕੀ 1 ਏਕੜ ਵਿੱਚ ਹਲਦੀ ਬੀਜੀ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਉਹ ਵੀ ਕਣਕ ਤੇ ਝੋਨਾ ਬੀਜਦੇ ਸਨ, ਪਰ ਪਿਛਲੇ ਸਾਲ ਤੋਂ ਕੇਲਿਆਂ ਦੀ ਖੇਤੀ ਕਰ ਰਹੇ ਹਨ। ਹੁਣ ਉਨ੍ਹਾਂ ਦੀ ਫਸਲ ਨੇ ਫਲ ਦੇਣਾ ਸ਼ੁਰੂ ਕਰ ਦਿੱਤਾ ਹੈ।



ਦਰਅਸਲ ਸਤਨਾਮ ਸਿੰਘ ਪਹਿਲਾਂ ਇੱਕ ਨਰਸਰੀ ਚਲਾਉਂਦੇ ਸਨ। ਉਸ ਦੌਰਾਨ ਉਨ੍ਹਾਂ ਵੱਡੇ ਪੱਧਰ 'ਤੇ ਫੁੱਲਾਂ ਦੀ ਖੇਤੀ ਕੀਤੀ। ਕਰੀਬ 17 ਏਕੜ ਜ਼ਮੀਨ ਠੇਕੇ 'ਤੇ ਲਈ ਅਤੇ ਫੁੱਲਾਂ ਦੀ ਖੇਤੀ ਕਰਕੇ ਚੰਗਾ ਮੁਨਾਫ਼ਾ ਕਮਾਇਆ। ਪਰ ਸਮੇਂ ਦੇ ਨਾਲ-ਨਾਲ ਉਹ ਫੁੱਲਾਂ ਦੀ ਖੇਤੀ ਛੱਡ ਕੇ ਕਣਕ-ਝੋਨੇ ਦੇ ਚੱਕਰ ਵਿੱਚ ਫਸ ਗਏ। ਹੁਣ ਉਨ੍ਹਾਂ 3 ਕੁ ਸਾਲ ਪਹਿਲਾਂ ਉਸ ਨਰਸਰੀ ਵਾਲੀ ਥਾਂ 'ਤੇ ਪਹਿਲਾਂ ਕੇਲੇ ਦੇ 4 ਬੂਟੇ ਲਾਏ। ਉਨ੍ਹਾਂ ਦੇਖਿਆ ਕਿ ਇਹ ਬੂਟੇ ਬਹੁਤ ਵਧੀਆ ਝਾੜ ਦੇ ਰਹੇ ਹਨ, ਫਲ ਵੀ ਚੰਗਾ ਸੀ।

### ਪਰਿਵਾਰ ਨੇ ਦਿੱਤਾ ਸਾਥ, ਪਰ ਲੋਕ ਕਰਦੇ ਸਨ ਮਖੌਲ

ਇਸ ਮਗਰੋਂ ਉਨ੍ਹਾਂ ਉਤਸੁਕਤਾ ਵਿੱਚ ਕੇਲੇ ਦੀ ਖੇਤੀ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਦਿੱਲੀ ਤੋਂ ਟਿਸ਼ੂ ਕਲਚਰ ਰਾਹੀਂ ਤਿਆਰ ਕੀਤੇ ਕੇਲੇ ਦੇ ਬੂਟੇ ਲਿਆ ਕੇ ਜੂਨ ਮਹੀਨੇ ਵਿੱਚ ਆਪਣੀ ਜ਼ਮੀਨ ਵਿੱਚ ਲਾਏ। ਉਨ੍ਹਾਂ ਦੇ ਪਰਿਵਾਰ ਵਿਦੇਸ਼ ਵਿੱਚ ਰਹਿੰਦੇ ਪੁੱਤਰਾਂ ਨੇ ਸਤਨਾਮ ਸਿੰਘ ਦਾ ਕਾਫੀ ਸਾਥ ਦਿੱਤਾ ਤੇ ਉਨ੍ਹਾਂ ਨੂੰ ਫਲਾਂ ਦੀ ਖੇਤੀ ਲਈ ਉਤਸ਼ਾਹਿਤ ਵੀ ਕੀਤਾ।

ਸਤਨਾਮ ਸਿੰਘ ਦੱਸਦੇ ਹਨ ਕਿ ਭਾਵੇਂ ਇਸ ਖੇਤੀ ਲਈ ਲੇਬਰ ਦੀ ਲੋੜ ਨਹੀਂ ਪੈਂਦੀ, ਪਰ ਤਕਨੀਕ ਦੀ ਬਹੁਤ ਲੋੜ ਹੁੰਦੀ ਹੈ। ਇਸ ਕਰਕੇ ਕੇਲਿਆਂ ਦੇ ਬੂਟਿਆਂ ਦੀ ਸਾਂਭ-ਸੰਭਾਲ ਦੀ ਬਹੁਤ ਲੋੜ ਹੁੰਦੀ ਹੈ। ਉਹ ਦੱਸਦੇ ਹਨ ਕਿ ਇੱਕ ਵਾਰ ਸਰਦੀਆਂ ਵਿੱਚ ਉਨ੍ਹਾਂ ਦਾ ਪੂਰਾ ਬਾਗ ਸੜ ਗਿਆ ਸੀ। ਇਹ ਦੇਖ ਕੇ ਉਹ ਤਾਂ ਬਹੁਤ ਚਿੰਤਤ ਹੋਏ ।

ਪੂਰਾ ਬਾਗ ਸੜਨ ਮਗਰੋਂ ਉਨ੍ਹਾਂ ਨੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨਾਲ ਗੱਲਬਾਤ ਕੀਤੀ। ਯੂਨੀਵਰਸਿਟੀ ਦੇ ਮਾਹਿਰਾਂ ਦੀ ਟੀਮ ਨੇ ਉਨ੍ਹਾਂ ਨੂੰ ਕੁਝ ਸੁਝਾਅ ਦਿੱਤੇ ਜੋ ਉਨ੍ਹਾਂ ਨੇ ਅਪਣਾਏ। ਅੱਜ ਉਨ੍ਹਾਂ ਨੂੰ ਆਪਣੀ ਮਿਹਨਤ ਦਾ ਫਲ ਮਿਲ ਰਿਹਾ ਹੈ।

### ਕੇਲਿਆਂ ਦੀ ਖੇਤੀ ਤੋਂ 6 ਲੱਖ ਦੀ ਆਮਦਨ!

ਕਿਸਾਨ ਸਤਨਾਮ ਸਿੰਘ ਮੁਤਾਬਕ ਇੱਕ ਏਕੜ ਦੇ ਰਕਬੇ ਵਿੱਚ ਕੇਲੇ ਦੀ ਖੇਤੀ ਕਰਨ ਨਾਲ ਕਰੀਬ ਇਕ ਲੱਖ ਰੁਪਏ ਦੀ ਕੁੱਲ ਲਾਗਤ ਆਉਂਦੀ ਹੈ ਅਤੇ ਉਨ੍ਹਾਂ ਨੂੰ ਇਸ ਤੋਂ ਕਰੀਬ 6 ਲੱਖ ਰੁਪਏ ਦੀ ਆਮਦਨ ਹੋਣ ਦੀ ਉਮੀਦ ਹੈ। ਇੱਕ ਵਾਰ ਲਾਇਆ ਬੂਟਾ ਚਾਹੇ ਇੱਕ ਸਾਲ ਹੀ ਫਲ ਦਿੰਦਾ ਹੈ ਪਰ ਅਗਲੇ ਸਾਲ ਲਈ ਉਸ ਦੇ ਨਾਲ ਹੀ ਛੋਟਾ ਬੂਟਾ ਵੀ ਤਿਆਰ ਹੋ ਜਾਂਦਾ ਹੈ ਅਤੇ ਇਸੇ ਤਰ੍ਹਾ ਤਿੰਨ ਸਾਲ ਤੱਕ ਫਲ ਮਿਲਦਾ ਰਹਿੰਦਾ ਹੈ। ਇੱਕ ਤਕਨੀਕ ਦੀ ਵਰਤੋਂ ਕਰਕੇ ਇੱਕ ਏਕੜ ਵਿੱਚ ਕਰੀਬ 1600 ਬੂਟੇ ਲਾਏ ਜਾ ਸਕਦੇ ਹਨ।

# ਕਾਂਗਰਸ ਤੇ 'ਆਪ' ਵਿਚਾਲੇ ਸਮਝੌਤੇ ਦੀ ਗੱਲਬਾਤ ਟੁੱਟੀ

## ✪ ਆਪ ਨੇ 20 ਉਮੀਦਵਾਰਾਂ ਦੀ ਆਪਣੀ ਪਹਿਲੀ ਸੂਚੀ ਕੀਤੀ ਜਾਰੀ ✪ ਹਰਿਆਣੇ ਦੀਆਂ ਖੇਤਰੀ ਪਾਰਟੀਆਂ ਠੁਸ, ਦੂਜੀਆਂ ਪਾਰਟੀਆਂ ਨਾਲ ਗੱਠਜੋੜ ਕਰਨ ਲਗੀਆਂ



ਜਗਾਧਰੀ-ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਇੱਕ ਨਵਾਂ ਮੋੜ ਆ ਗਿਆ ਜਦੋਂ ਆਮ ਆਦਮੀ ਪਾਰਟੀ (ਆਪ) ਨੇ 20 ਉਮੀਦਵਾਰਾਂ ਦੀ ਆਪਣੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ ਜਿਸ ਨਾਲ ਕਾਂਗਰਸ ਨਾਲ ਚੋਣ ਗੱਠਜੋੜ ਦੀ ਗੱਲਬਾਤ ਲਗਭਗ ਖ਼ਤਮ ਹੋ ਗਈ ਹੈ। ਇਸ ਕਰ ਕੇ ਰਾਜ ਵਿੱਚ ਬਹੁਕੋਨੇ ਮੁਕਾਬਲਿਆਂ ਵਾਲਾ ਚੋਣ ਦ੍ਰਿਸ਼ ਬਣਨ ਲਈ ਤਿਆਰ ਹੋ ਗਿਆ ਹੈ। ਪਹਿਲਾਂ ਆਸਾਰ ਨਜ਼ਰ ਆ ਰਹੇ ਸਨ ਕਿ ਕਾਂਗਰਸ ਅਤੇ ਆਪ ਦਾ ਗੱਠਜੋੜ ਹੋਣ ਨਾਲ ਇਸ ਦਾ ਭਾਜਪਾ ਨਾਲ ਸਿੱਧਾ ਮੁਕਾਬਲਾ ਹੋਵੇਗਾ। ਰੋਹਤਕ, ਬਹਾਦਰਗੜ੍ਹ ਅਤੇ ਸਮਾਲਖਾ ਜਿਹੇ ਕਾਂਗਰਸ ਦੇ ਗੜ੍ਹ ਮੰਨੇ ਜਾਂਦੇ ਹਲਕਿਆਂ ਲਈ ਉਮੀਦਵਾਰਾਂ ਦਾ ਐਲਾਨ ਕਰਦਿਆਂ ਆਪ ਨੇ ਆਪਣੇ ਇਰਾਦੇ ਜ਼ਾਹਿਰ ਕਰ ਦਿੱਤੇ ਹਨ। ਅਨੁਰਾਗ ਢਾਂਡਾ ਕਲਾਇਤ ਅਤੇ ਕੁਲਦੀਪ ਗਡਰਾਣਾ ਡੱਬਵਾਲੀ ਤੋਂ ਚੋਣ ਲੜਨਗੇ ਜਿੱਥੇ ਜੇਜੇਪੀ ਦੇ ਦਿਗਵਿਜੈ ਚੌਟਾਲਾ ਚੋਣ ਲੜ ਰਹੇ ਹਨ। ਇਸ ਤੋਂ ਪਤਾ ਲਗਦਾ ਹੈ ਕਿ 'ਆਪ' ਖ਼ੁਦ ਨੂੰ ਇੱਕ ਗੰਭੀਰ ਦਾਅਵੇਦਾਰ ਵਜੋਂ ਪੇਸ਼ ਕਰਨਾ ਚਾਹੁੰਦੀ ਹੈ। ਇਕੱਲਿਆਂ ਚੋਣ ਲੜਨ ਅਤੇ ਖ਼ਾਸਕਰ ਕਾਂਗਰਸ ਦੇ ਵਿਧਾਇਕਾਂ ਵਾਲੇ ਖੇਤਰਾਂ ਤੋਂ ਉਮੀਦਵਾਰ ਉਤਾਰਨ ਦਾ ਫ਼ੈਸਲਾ ਕਰ ਕੇ 'ਆਪ' ਰਾਜ ਦੇ ਸ਼ਹਿਰੀ ਖੇਤਰਾਂ ਵਿੱਚ ਆਪਣੇ ਪੈਰ ਪਸਾਰਨ ਦੇ ਇਰਾਦੇ ਜ਼ਾਹਿਰ ਕਰ ਰਹੀ ਹੈ। ਇਸੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਲਾਇਤ ਜਿਹੇ ਕੁਝ ਵਿਧਾਨ ਸਭਾ ਹਲਕਿਆਂ ਵਿੱਚ ਆਪ ਨੂੰ ਬੜ੍ਹਤ ਹਾਸਿਲ ਹੋਈ ਸੀ ਜਿਸ ਕਰ ਕੇ ਇਸ ਨੇ ਹੁਣ ਇਹ ਦਲੇਰਾਨਾ ਰਣਨੀਤੀ ਅਪਣਾਈ ਹੈ।

ਦੂਜੇ ਪਾਸੇ ਇਸ ਤਬਦੀਲੀ ਕਰ ਕੇ ਕਾਂਗਰਸ ਦੀ ਮੁਹਿੰਮ ਨੂੰ ਸੱਟ ਵੱਜ ਸਕਦੀ ਹੈ ਕਿਉਂਕਿ ਇੱਕ ਹੋਰ ਧਿਰ ਦੇ ਆਉਣ ਨਾਲ ਵਿਰੋਧੀ ਧਿਰ ਦੀ ਵੋਟ ਵੰਡੀ ਜਾ ਸਕਦੀ ਹੈ ਅਤੇ ਇਸ ਦਾ ਸੰਭਾਵੀ ਤੌਰ 'ਤੇ ਭਾਜਪਾ ਨੂੰ ਲਾਭ ਹੋ ਸਕਦਾ ਹੈ। ਭਾਜਪਾ ਪਿਛਲੇ ਇੱਕ ਦਹਾਕੇ ਤੋਂ ਸੱਤਾ ਮਾਣ ਰਹੀ ਹੈ। ਪਾਰਟੀ ਧੜੇਬੰਦੀ ਅਤੇ ਟਿਕਟਾਂ ਦੀ ਵੰਡ ਤੋਂ ਵਰਕਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰ ਰਹੀ ਹੈ। ਇਸ ਤੋਂ ਇਲਾਵਾ ਕਿਸਾਨਾਂ ਦੇ ਮਸਲਿਆਂ ਨਾਲ ਸਿੱਝਣ ਅਤੇ ਜਾਤੀਗਤ ਸਮੀਕਰਨਾਂ ਕਰ ਕੇ ਇਸ ਲਈ ਚੁਣੌਤੀਆਂ ਵਧ ਗਈਆਂ ਹਨ।

ਇਸੇ ਦੌਰਾਨ, ਜੇਜੇਪੀ ਅਤੇ ਇਨੈਲੋ ਜਿਹੀਆਂ ਖੇਤਰੀ ਪਾਰਟੀਆਂ ਜੋ ਕਿਸੇ ਵੇਲੇ ਕਾਫ਼ੀ ਦਮਖ਼ਮ ਰੱਖਦੀਆਂ ਸਨ, ਹੁਣ ਕਮਜ਼ੋਰ ਪੈ ਗਈਆਂ ਹਨ ਜਿਸ ਕਰ ਕੇ ਇਨ੍ਹਾਂ ਨੂੰ ਚੰਦਰ ਸ਼ੇਖਰ ਆਜ਼ਾਦ ਦੀ ਆਜ਼ਾਦ ਸਮਾਜ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨਾਲ ਚੋਣ ਸਮਝੌਤੇ ਕਰਨ ਲਈ ਮਜਬੂਰ ਹੋਣਾ ਪਿਆ ਹੈ। ਜੇਜੇਪੀ ਵੱਲੋਂ 2019 ਵਿਚ ਭਾਜਪਾ ਨਾਲ ਸਾਂਝ ਪਾਉਣ ਕਰ ਕੇ ਇਸ ਨੂੰ ਆਪਣੇ ਵੋਟਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ ਹੈ ਜਦੋਂਕਿ ਇਨੈਲੋ ਨੂੰ ਆਪਣਾ ਵੋਟ ਬੈਂਕ ਸੁਰੱਖਿਅਤ ਰੱਖਣ ਲਈ ਆਪਣੀ ਕਿਸਾਨ ਪੱਖੀ ਵਿਰਾਸਤ ਦੀ ਦੁਹਾਈ ਦੇਣੀ ਪੈ ਰਹੀ ਹੈ। ਜਿਵੇਂ ਹਰਿਆਣਾ ਦੋ-ਧਰੁਵੀ ਸਿਆਸੀ ਢਾਂਚੇ ਵੱਲ ਵਧ ਰਿਹਾ ਹੈ ਤਾਂ ਇਸ ਚੋਣ ਨਤੀਜੇ ਦਾ ਇਸ ਦੇ ਸਿਆਸੀ ਭਵਿੱਖ ਉੱਪਰ ਪ੍ਰਭਾਵ ਪਵੇਗਾ।

## ਪੰਜਾਬ ਦਾ ਸਿੰਘ ਨਿਊਜ਼ੀਲੈਂਡ ਵਿਚ ਬਣਿਆ ਪਹਿਲਾ ਸਿੱਖ 'ਇਸ਼ੂਇੰਗ ਅ.ਫਸਰ'



ਦਸੂਹਾ ਸ਼ਹਿਰ ਦੇ ਜੰਮਪਲ ਕਰਮਜੀਤ ਸਿੰਘ ਤਲਵਾੜ ਨੇ ਨਿਊਜ਼ੀਲੈਂਡ ਵਿੱਚ ਮਨਿਸਟਰੀ ਆਫ਼ ਜਸਟਿਸ ਸਰਵਿਸਜ਼ ਨਾਲ ਸਬੰਧ 'ਇਸ਼ੂਇੰਗ ਅ.ਫਸਰ'ਵਜੋਂ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੂੰ ਇਹ ਵਕਾਰੀ ਅਹੁਦਾ ਨਿਊਜ਼ੀਲੈਂਡ ਦੇ 'ਅਟਾਰਨੀ ਜਨਰਲ'ਨੇ ਸੌਂਪਿਆ ਇਸ ਨਾਲ ਪੰਜਾਬ ਤੇ ਸਿਖ ਪੰਥ ਦਾ ਮਾਣ ਵਧਿਆ ਹੈ। ਇਥੇ ਜ਼ਿਕਰਯੋਗ ਹੈ ਕਿ ਉਹ ਧਾਰਮਿਕ ਸਿੱਖ ਆਗੂ ਜੋਗਿੰਦਰ ਸਿੰਘ ਤਲਵਾੜ ਦੇ ਬੇਟੇ ਹਨ। ਇਸ ਤੋਂ ਪਹਿਲਾ ਤਲਵਾੜ ਨਿਊਜ਼ੀਲੈਂਡ ਦੇ ਨੋਰਥ ਸ਼ੋਰ ਇਲਾਕੇ ਦੇ ਇਕਲੌਤੇ 'ਜਸਟਿਸ ਆਫ਼ ਪੀਸ (ਜੇਪੀ) ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਤਕਰੀਬਨ 27 ਸਾਲ ਤੋਂ ਪਰਿਵਾਰ ਸਮੇਤ ਨਿਊਜ਼ੀਲੈਡ ਵਿੱਚ ਰਹਿ ਰਹੇ ਕਰਮਜੀਤ ਸਿੰਘ ਤਲਵਾੜ ਨਿਊਜ਼ੀਲੈਂਡ ਸਕੂਲ ਬੋਰਡ ਦੇ ਤਿੰਨ ਵਾਰ ਟਰੱਸਟੀ ਵੀ ਬਣੇ ਹਨ।

# ਕੈਬਨਿਟ ਮੰਤਰੀਆਂ ਤੋਂ ਬਾਅਦ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰਾਂ ਦੀ ਹੋ ਸਕਦੀ ਹੈ ਪੇਸ਼ੀ

**✪ ਬੀਬੀ ਜਾਗੀਰ ਕੌਰ, ਮਲੂਕਾ, ਸਵਰਨ ਸਿੰਘ ਫਿਲੌਰ ਨੇ ਕਿਹਾ ਕਿ ਬਾਦਲ ਪਰਿਵਾਰ ਦੋਸ਼ੀ, ਪੰਥ ਵਿਰੋਧੀ ਫੈਸਲੇ ਅਸੀਂ ਸ਼ਾਮਲ ਨਹੀਂ ✪ 18 ਸਤੰਬਰ ਤੋਂ ਬਾਅਦ ਹੋਵੇਗੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ✪ ਹੁਣ ਭੂੰਦੜ ਖ਼ਿਲਾਫ਼ ਅਕਾਲ ਤਖ਼ਤ 'ਤੇ ਸ਼ਿਕਾਇਤ ਪਹੁੰਚੀ ਕਿ ਡੇਰਾ ਸਿਰਸਾ ਨਾਲ ਮੀਟਿੰਗਾਂ ਕਰਦੇ ਰਹੇ**

// ਬਘੇਲ ਸਿੰਘ ਧਾਲੀਵਾਲ //



ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਕਾਲੀ ਦਲ ਨਾਲ ਸਬੰਧਤ ਮਾਮਲੇ ਨੂੰ ਵਿਚਾਰਨ ਲਈ 18 ਸਤੰਬਰ ਨੂੰ ਸ਼ਤਾਬਦੀ ਸਮਾਰੋਹ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦਣ ਜਾ ਰਹੇ ਹਨ। ਚਰਚਾ ਹੈ ਕਿ ਸਾਬਕਾ ਕੈਬਨਿਟ ਮੰਤਰੀਆਂ 30 ਅਗਸਤ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿਚ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇ ਕੇ ਨਿੱਜੀ ਰੂਪ ਵਿਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ ਸੀ ਅਤੇ ਉਪਰੋਕਤ ਸਮੇਂ ਰਹੇ ਸਾਬਕਾ ਸਿੱਖ ਕੈਬਨਿਟ ਮੰਤਰੀਆਂ ਪਾਸੋਂ 15 ਦਿਨ ਦੇ ਅੰਦਰ ਸਪੱਸ਼ਟੀਕਰਨ ਮੰਗਿਆ ਸੀ। ਜਿਥੇ ਸੁਖਬੀਰ ਸਿੰਘ ਬਾਦਲ ਨੇ ਪੇਸ਼ ਹੋ ਕੇ ਲਿਖਤੀ ਪੱਤਰ ਦਿੱਤਾ ਸੀ, ਉਥੇ ਹੀ ਹੁਣ ਤੱਕ ਬਿਕਰਮ ਸਿੰਘ ਮਜੀਠੀਆ, ਡਾਕਟਰ ਦਲਜੀਤ ਸਿੰਘ ਚੀਮਾ, ਸ਼ਰਨਜੀਤ ਸਿੰਘ ਢਿੱਲੋਂ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਸੁੱਚਾ ਸਿੰਘ ਲੰਗਾਹ ਤੇ ਮਨਪ੍ਰੀਤ ਸਿੰਘ ਬਾਦਲ, ਸੋਹਣ ਸਿੰਘ ਥੰਡਲ, ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਜੇਲ੍ਹ ਮੰਤਰੀ ਹੀਰਾ ਸਿੰਘ ਗਾਬੜੀਆ , ਸਾਬਕਾ ਵਿੱਤ ਮੰਤਰੀ ਡਾਕਟਰ ਉਪਿੰਦਰਜੀਤ ਕੌਰ, ਸਿਕੰਦਰ ਸਿੰਘ ਮਲੂਕਾ, ਸਰਵਣ ਸਿੰਘ ਫਿਲੌਰ ਆਪਣਾ ਸਪੱਸ਼ਟੀਕਰਨ ਦੇ ਚੱਕੇ ਹਨ। ਹਾਲੇ ਤਕ ਇਹਨਾਂ ਵਿਚੋਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜਨਮੇਜਾ ਸਿੰਘ , ਸਰਵਣ ਸਿੰਘ ਫਿਲੌਰ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ ਸਪਸ਼ਟੀਕਰਨ ਦੇਣ ਨਹੀਂ ਪਹੁੰਚੇ।

ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ 2007 ਤੋਂ 23 ਜੁਲਾਈ 2024 ਤੱਕ ਜਾ 2007 ਤੋਂ 2017 ਤੱਕ ਰਹੇ ਕੋਰ ਕਮੇਟੀ ਮੈਂਬਰਾਂ ਨੂੰ ਵੀ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣਾ ਪੈ ਸਕਦਾ ਹੈ। ਇਹ ਵੀ ਚਰਚਾ ਹੈ ਕਿ ਜੇਕਰ ਪੰਜ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਉੱਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਵੱਜੋਂ ਤਨਖਾਹੀਆ ਕਰਾਰ ਦਿੱਤਾ ਹੈ ਅਤੇ ਉੱਪ ਮੁੱਖ ਮੰਤਰੀ ਦੇ ਸਾਥੀ ਕੈਬਨਿਟ ਮੰਤਰੀਆਂ ਪਾਸੋਂ ਸਪਸ਼ਟੀਕਰਨ ਮੰਗਿਆ ਜਾ ਸਕਦਾ ਹੈ ਤਾਂ ਫਿਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾਲ ਰਹੇ ਕੋਰ ਕਮੇਟੀ ਦੇ ਮੈਂਬਰਾਂ ਪਾਸੋਂ ਸਪਸ਼ਟੀਕਰਨ ਕਿਉਂ ਨਹੀਂ ਮੰਗਿਆ ਜਾ ਸਕਦਾ।

ਇਥੋਂ ਤੱਕ ਕਿ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਹੋਈਆਂ ਗਲਤੀਆਂ ਲਈ ਮਾਫੀ ਮੰਗਣ ਅਤੇ ਪਸ਼ਚਾਤਾਪ ਕਰਨ ਲਈ ਕਈ ਵਾਰ ਕੋਰ ਕਮੇਟੀ ਵਿਚ ਚਰਚਾ ਹੋ ਚੱਕੀ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਅਕਾਲੀ ਆਗੂਆਂ ਬੀਬੀ ਜਾਗੀਰ ਕੌਰ,ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ, ਕਰਨੈਲ ਸਿੰਘ ਪੰਜੋਲੀ, ਭਾਈ ਮਨਜੀਤ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰਤਾਪ ਸਿੰਘ ਵਡਾਲਾ, ਸਰਵਨ ਸਿੰਘ ਫਿਲੋਰ ਨੇ ਪਹਿਲੀ ਜੁਲਾਈ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਲਿਖਤੀ ਪੱਤਰ ਦੇ ਕੇ 2007 ਤੋਂ 2017 ਤੱਕ ਅਕਾਲੀ ਸਰਕਾਰ ਦਰਮਿਆਨ ਹਰੇਕ ਗਲਤੀ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜਿੰਮੇਵਾਰ ਠਹਿਰਾ ਕੇ ਆਪ ਵੀ ਇਸ ਵਿਚ ਸ਼ਾਮਲ ਹੋਣ ਦਾ ਕਹਿ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਧਾਰਮਿਕ ਰਹੂ ਰੀਤਾਂ ਅਨੁਸਾਰ ਕਾਰਵਾਈ ਕਰਨ ਦੀ ਗੁਹਾਰ ਲਗਾਈ ਸੀ, ਪੱਤਰ ਦੇਣ ਵਾਲਿਆਂ ਵਿਚ ਬਹੁਤ ਸਾਰੇ ਕੋਰ ਕਮੇਟੀ ਮੈਂਬਰ ਹਨ।

### ਬੀਬੀ ਜਾਗੀਰ ਕੌਰ ਨੇ ਬਾਦਲ ਪਰਿਵਾਰ ਨੂੰ ਦੋਸ਼ੀ ਠਹਿਰਾਇਆ

ਬੀਬੀ ਜਗੀਰ ਕੌਰ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤੇ ਸਪਸ਼ਟੀਕਰਨ ਵਿੱਚ ਲਿਖਿਆ ਕਿ ਮੈਂ 2007 ਤੋਂ 2012 ਦੀ ਸਰਕਾਰ ਸਮੇਂ ਵਿਧਾਨ ਵਿਧਾਨ ਸਭਾ ਦੀ ਮੈਂਬਰ ਨਹੀਂ ਸੀ ਇਸ ਕਰਕੇ ਮੈਂ ਕੈਬਨਿਟ ਦਾ ਹਿੱਸਾ ਨਹੀਂ ਸੀ । 2012 ਤੋਂ 2017 ਦੀ ਸਰਕਾਰ ਵਿੱਚ ਮੈਂ 14 ਮਾਰਚ 2012 ਨੂੰ ਬਤੌਰ ਕੈਬਨਿਟ ਮੰਤਰੀ ਸਹੁੰ ਚੁੱਕੀ ਸੀ ਅਤੇ 30 ਮਾਰਚ 2012 ਨੂੰ ਕੈਬਨਿਟ ਮੰਤਰੀ ਤੋਂ ਅਸਤੀਫਾ ਦੇ ਦਿੱਤਾ ਸੀ। ਕੇਵਲ 16 ਦਿਨ ਹੀ ਸਰਕਾਰ ਵਿੱਚ ਕੈਬਨਿਟ ਮੰਤਰੀ ਰਹੀ।

ਇਸ ਸਮੇਂ ਦੌਰਾਨ ਚਲੰਤ ਕੇਸਾਂ ਵਿੱਚ ਦਰਜ ਗੁਨਾਹਾਂ ਬਾਬਤ ਕੋਈ ਵੀ ਕਾਰਵਾਈ ਜਾਂ ਫੈਸਲਾ ਪੰਜਾਬ ਸਰਕਾਰ ਵੱਲੋਂ ਕੈਬਨਿਟ ਵਿੱਚ ਨਹੀਂ ਲਿਆ ਗਿਆ। ਜਿਸ ਵਿੱਚ ਕਿਸੇ ਵੀ ਕਿਸਮ ਦੀ ਮੇਰੀ ਸ਼ਮੂਲੀਅਤ ਹੋਵੇ। ਰਹਿੰਦੀ ਸਰਕਾਰ ਵਿੱਚ ਬਤੌਰ ਐਮਐਲਏ ਜਾਂ ਬਤੌਰ ਪਾਰਟੀ ਦੀ ਸੇਵਾਦਾਰ ਵੀ ਇਹਨਾਂ ਮਸਲਿਆਂ ਵਿੱਚ ਨਾ ਤਾਂ ਮੇਰੀ ਕੋਈ ਸਲਾਹ ਜਾਂ ਸੁਝਾਅ ਲਿਆ ਗਿਆ ਅਤੇ ਨਾ ਹੀ ਕਿਸੇ ਕਾਰਵਾਈ ਜਾਂ ਫੈਸਲੇ ਵਿੱਚ ਮੇਰੀ ਸ਼ਮੂਲੀਅਤ ਹੋਈ। ਬਤੌਰ ਪਾਰਟੀ ਦੀ ਜ਼ਿੰਮੇਵਾਰ ਸੇਵਾਦਾਰ ਮੈਂ ਸਿੱਖ ਸਿਧਾਂਤਾਂ ਤੇ ਸਮੇਂ-ਸਮੇਂ ਸਿਰ ਪਹਿਰੇਦਾਰੀ ਕਰਦਿਆਂ ਆਪਣੀ ਆਵਾਜ਼ ਬੁਲੰਦ ਕਰਦੀ ਰਹੀ ਪਰ ਸ਼੍ਰੋਮਣੀ ਅਕਾਲੀ ਦਲ ਵਿੱਚ ਬਾਦਲ ਪਰਿਵਾਰ ਦੀ ਪਕੜ ਬਹੁਤ ਮਜਬੂਤ ਹੋਣ ਕਾਰਨ ਮੇਰੀ ਕੌਮੀ ਚਾਰਾਜੋਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਵਿਰੋਧੀ ਭੂਮਿਕਾ ਵਜੋਂ ਦਰਜ ਕੀਤਾ। ਜਿਸ ਦੇ ਨਤੀਜੇ ਵਜੋਂ ਵਾਰ ਵਾਰ ਮੈਂ ਮੁੱਖ ਆਗੂਆਂ ਦੇ ਵਿਰੋਧ ਦਾ ਸ਼ਿਕਾਰ ਵੀ ਹੋਈ। ਜਿਸ ਦੇ ਨਤੀਜੇ ਵਜੋਂ ਦੋ ਵਾਰ ਮੈਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਬਿਨਾਂ ਕਿਸੇ ਕਾਰਨ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਵਾਰ-ਵਾਰ ਆਵਾਜ਼ ਚੁੱਕਣ ਤੇ ਸੁਣਵਾਈ ਨਹੀਂ ਹੋਈ। ਦੋਸ਼ੀਆਂ ਵੱਲੋਂ ਹੋਈਆਂ ਸਾਰੀਆਂ ਗਲਤੀਆਂ ਗੁਨਾਹਾਂ ਦਾ ਰੂਪ ਧਾਰਨ ਕਰ ਗਈਆਂ ਅਤੇ ਕੌਮੀ ਸੰਸਥਾ ਨੂੰ ਸਿੱਖ ਕੌਮ ਨੇ ਰਾਜਸੀ ਤੌਰ ਤੇ ਵੱਡਾ ਝਟਕਾ ਦਿੱਤਾ।

### ਮਲੂਕਾ ਨੇ ਬਾਦਲ ਪਰਿਵਾਰ ਨੂੰ ਦੋਸ਼ੀ ਠਹਿਰਾਇਆ

ਬਾਗੀ ਧੜੇ ਵੱਲੋਂ ਸਿਕੰਦਰ ਸਿੰਘ ਮਲੂਕਾ ਨੇ ਜਥੇਦਾਰ ਅਕਾਲ ਤਖਤ ਨੂੰ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਜਿਹੜੇ ਫੈਸਲਿਆਂ ਦੀ ਵਜ੍ਹਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਾਨੂੰ ਸੱਦਿਆ ਹੈ ਉਹ ਕਦੇ ਵੀ ਨਾ ਕੈਬਨਿਟ ਵਿੱਚ ਵਿਚਾਰੇ ਗਏ ਨਾ ਹੀ ਕੋਰ ਕਮੇਟੀ ਵਿੱਚ ਇਨ੍ਹਾਂ ਮੁਦਿਆਂ ਨੂੰ ਰੱਖਿਆ ਗਿਆ ਹੈ। ਅਸੀਂ ਆਪਣੇ ਸਪੱਸ਼ਟੀਕਰਨ ਵਿੱਚ ਇਹ ਹੀ ਚੀਜ਼ ਰੱਖੀ ਹੈ। ਮਲੂਕਾ ਨੇ ਉਮੀਦ ਜਤਾਈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੁਝ ਅਜਿਹਾ ਫੈਸਲਾ ਹੋਵੇਗਾ ਜਿਸ ਨਾਲ ਅਕਾਲੀ ਦਲ ਵਿੱਚ ਏਕਾ ਹੋਵੇਗਾ ਅਤੇ ਪਾਰਟੀ ਮਜ਼ਬੂਤ ਹੋਵੇਗੀ।

ਉੱਧਰ 2012 ਤੋਂ 2014 ਵਿੱਚ ਬਾਦਲ ਸਰਕਾਰ ਵਿੱਚ ਮੰਤਰੀ ਰਹੇ ਸਰਵਣ ਸਿੰਘ ਫਿਲੌਰ ਨੇ ਸਾਫ਼ ਕੀਤਾ ਕਿ ਸਾਡੇ ਨਾਲ ਕਦੇ ਵੀ ਡੇਰੇ ਨਾਲ ਜੁੜੇ ਕਿਸੇ ਵੀ ਮੁੱਦੇ 'ਤੇ ਰਾਏ ਨਹੀਂ ਮੰਗੀ ਗਈ ਹੈ। ਉਨ੍ਹਾਂ ਨੇ ਕਿਹਾ ਸੁਖਬੀਰ ਸਿੰਘ ਬਾਦਲ ਨੇ ਆਪ ਹੀ ਮੰਨ ਲਿਆ ਹੈ ਕਿ ਸਾਨੂੰ ਇਸ ਵਿੱਚ ਕਹਿਣ ਦੀ ਕੀ ਜ਼ਰੂਰਤ ਹੈ।

### ਹੁਣ ਭੂੰਦੜ ਖ਼ਿਲਾਫ਼ ਅਕਾਲ ਤਖ਼ਤ 'ਤੇ ਸ਼ਿਕਾਇਤ

ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਪੈਦਾ ਹੋਇਆ ਸੰਕਟ ਲਗਾਤਾਰ ਵਧ ਰਿਹਾ ਹੈ। ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਖ਼ਿਲਾਫ਼ ਵੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਦਿੱਤੀ ਗਈ ਹੈ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਬਾਕੀ ਹਿਸਾ ਸਫਾ 46 ਤੇ ਪੜ੍ਹੋ →

## ਮਨਪ੍ਰੀਤ ਬਾਦਲ ਨੂੰ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਨੁਸਾਰ ਪਤਿਤ ਹੋਣ ਕਰਕੇ ਬੁਲਾਉਣਾ ਗਲਤ-ਬੀਬੀ ਕਿਰਨਜੋਤ ਕੌਰ

ਬੀਤੇ ਦਿਨੀਂ ਬਾਦਲ ਪਰਿਵਾਰ ਦੀ ਰਵਾਇਤ ਨੂੰ ਪਾਲਦਿਆਂ ਮਨਪ੍ਰੀਤ ਸਿੰਘ ਬਾਦਲ ਨੇ ਬੰਦ ਲਿਫਾਫੇ ਵਿੱਚ ਸਪੱਸ਼ਟੀਕਰਨ ਸੌਂਪਿਆ ਸੀ। ਮਨਪ੍ਰੀਤ ਸਿੰਘ ਬਾਦਲ ਅਕਾਲੀ ਸਰਕਾਰ ਸਮੇਂ 2007 ਤੋਂ 2011 ਤੱਕ ਮੰਤਰੀ ਰਹੇ ਸਨ, ਜਿਸ ਕਰਕੇ ਉਨ੍ਹਾਂ ਕੋਲੋ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸਪੱਸ਼ਟੀਕਰਨ ਮੰਗਿਆ ਸੀ।

ਜਦ ਕਿ ਮਨਪ੍ਰੀਤ ਸਿੰਘ ਬਾਦਲ ਪਤਿਤ ਹਨ, ਉਨ੍ਹਾਂ ਦਾ ਮਸਲਾ ਅਕਾਲ ਤਖਤ ਸਾਹਿਬ ਤੋਂ ਨਹੀਂ ਵਿਚਾਰਿਆ ਜਾ ਸਕਦਾ। ਇਹ ਗਲ ਸ੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਨੇ ਕਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿਧਾਂਤਕ ਗਲਤੀ ਹੈ। ਅਕਾਲ ਤਖਤ ਸਾਹਿਬ ਦੀ ਮਰਿਆਦਾ ਦਾ ਪਾਲਣ ਹੋਣਾ ਚਾਹੀਦਾ ਸੀ। ਯਾਦ ਰਹੇ ਕਿ ਮਨਪ੍ਰੀਤ ਸਿੰਘ ਬਾਦਲ ਨੇ ਗਿਦੜਬਾਹਾ ਇਲੈਕਸ਼ਨ ਲਈ ਅੰਮ੍ਰਿਤ ਛਕਿਆ ਸੀ। ਬਾਅਦ ਵਿਚ ਉਸਨੇ ਦਾੜ੍ਹੀ ਕਤਲ ਕਰਾ ਦਿਤੀ ਸੀ। ਅਕਾਲ ਤਖਤ ਸਾਹਿਬ ਦੀ ਮਰਿਆਦਾ ਅਨੁਸਾਰ ਨਾ ਪਤਿਤ ਅਕਾਲ ਤਖਤ ਸਾਹਿਬ ਹਾਜਰ ਹੋ ਸਕਦਾ ਹੈ ਨਾ ਉਸਦੀ ਦੇਗ ਪ੍ਰਵਾਨ ਹੋ ਸਕਦੀ ਹੈ। ਸਿੱਖ ਰਹਿਤ-ਮਰਿਆਦਾ ਵਿਚ ਤਨਖ਼ਾਹੀਏ ਇਹ ਹਨ- ਮੀਣੇ, ਮਸੰਦ, ਧੀਰ ਮਲੀਏ, ਰਾਮਰਾਈਏ ਆਦਿ ਪੰਥ ਵਿਰੋਧੀਆਂ ਜਾਂ ਨੜੀ-ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ। ਇੱਥੇ "ਵਰਤਣ" ਦਾ ਮਤਲਬ ਰੋਟੀ-ਬੇਟੀ ਦੀ ਸਾਂਝ ਹੈ। ਹੋਰ ਵੀ ਕਈ ਅਮਲਾਂ ਨਾਲ ਸਿੱਖ ਤਨਖ਼ਾਹੀਆ ਹੋ ਜਾਂਦਾ ਹੈ। ਪਰ ਚਾਰ ਬੱਜਰ ਕੁਰਹਿਤਾਂ 'ਚੋਂ ਕੋਈ ਵੀ ਇਕ ਕਰਨ ਵਾਲਾ ਭਾਵ ਕੇਸਾਂ ਦੀ ਬੇਅਦਬੀ, ਕੁਠਾ (ਮੁਸਲਮਾਨੀ ਤਰੀਕੇ ਨਾਲ ਬਣਿਆ) ਮਾਸ ਖਾਣਾ, ਪਰ ਇਸਤਰੀ/ਮਰਦ ਗਮਨ ਜਾਂ ਤੰਬਾਕੂ ਦੀ ਵਰਤੋਂ, ਪਤਿਤ ਹੋ ਜਾਂਦਾ ਹੈ ਅਤੇ ਆਪਣੇ-ਆਪ ਸਿੱਖੀ ਤੋਂ ਬਾਹਰ ਹੋ ਜਾਂਦਾ ਹੈ। ਸਿੱਖ ਰਹਿਤ ਮਰਿਆਦਾ ਦੇ ਪੰਨਾ ਨੰਬਰ 15



'ਤੇ ਇਸ ਬਾਰੇ ਅੰਕਿਤ ਕੀਤਾ ਹੋਇਆ ਹੈ। ਜਿਸ 'ਚ ਦਰਜ ਹੈ ਕਿ ਤਖਤਾਂ ਦੇ ਖਾਸ ਅਸਥਾਨ ਉਤੇ ਰਹਿਤਵਾਨ ਅੰਮ੍ਰਿਤਧਾਰੀ ਸਿੰਘ ਹੀ ਚੜ੍ਹ ਸਕਦੇ ਹਨ ਪਰ ਤਖਤਾਂ ਉੱਤੇ ਪਤਿਤ ਤੇ ਤਨਖਾਹੀਏ ਸਿੱਖਾਂ ਤੋਂ ਬਿਨਾਂ ਹਰੇਕ ਪ੍ਰਾਣੀ ਦੀ ਅਰਦਾਸ ਹੋ ਸਕਦੀ ਹੈ।

ਚਾਹੀਦਾ ਤਾਂ ਇਹ ਸੀ ਅਕਾਲ ਤਖਤ ਨੂੰ ਨਿਰਪਖ ਸਿਖ ਬੁਧੀਜੀਵੀਆਂ ਵਕੀਲਾਂ ਦੀ ਟੀਮ ਬਣਾਉਣੀ ਚਾਹੀਦੀ ਸੀ ਜੋ ਇਹਨਾਂ ਦੇ ਬਿਆਨ ਲਿਖਤੀ ਤੇ ਵੀਡਿਓ ਲੈਕੇ ਅਕਾਲ ਤਖਤ ਸਾਹਿਬ ਰਿਪੋਟ ਬਣਾਕੇ ਪੇਸ਼ ਕਰਦੀ। ਸਿੰਘ ਸਾਹਿਬਾਨ ਨੂੰ ਸਿਖ ਰਹਿਤ ਮਰਿਆਦਾ ਤੇ ਅਕਾਲ ਤਖਤ ਸਾਹਿਬ ਦੇ ਅਕਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਸਿੰਘ ਸਾਹਿਬਾਨ ਨੂੰ ਇਸ ਮਸਲੇ ਵਲ ਧਿਆਨ ਦੇਣਾ ਚਾਹੀਦਾ ਹੈ।

ਵਿਚਾਰ :– ਸੱਚ ਬੋਲਣ ਵਾਲਾ ਕਦੇ ਵੀ ਇਕੱਲਾ ਨਹੀਂ ਹੁੰਦਾ ਪਰਮਾਤਮਾ ਦਾ ਹੱਥ ਹਮੇਸ਼ਾ ਉਸ ਦੇ ਸਿਰ ਉੱਪਰ ਰਹਿੰਦਾ ਹੈ।



ਰਜਿੰਦਰ ਸਿੰਘ ਪੁਰੇਵਾਲ

# ਭਾਰਤ ਵਿਚ ਸਿਖਾਂ ਬਾਰੇ ਰਾਹੁਲ ਗਾਂਧੀ ਨੇ ਕੀ ਗਲਤ ਕਿਹਾ?

ਹਾਲਾਂਕਿ ਵਿਦੇਸ਼ਾਂ ਵਿਚ ਦਿੱਤੇ ਗਏ ਰਾਹੁਲ ਗਾਂਧੀ ਦੇ ਕਿਸੇ ਵੀ ਬਿਆਨ ਵਿਚ ਭਾਜਪਾ ਹਮਲਾ ਕਰਨ ਦਾ ਮੌਕਾ ਭਾਲ ਲੈਂਦੀ ਹੈ, ਪਰ ਰਾਹੁਲ ਦੇ ਤਾਜ਼ਾ ਬਿਆਨ ਦੇ ਇਕ ਹਿੱਸੇ ਨੂੰ ਇਸ ਤਰ੍ਹਾਂ ਫੜ ਲਿਆ ਹੈ ਕਿ ਭਾਜਪਾ ਦਾ ਹਰ ਮੰਤਰੀ, ਖਾਸ ਕਰਕੇ ਭਾਜਪਾ ਦੇ ਸਿਖ ਚਿਹਰੇ ਰਾਹੁਲ 'ਤੇ ਹਮਲਾ ਕਰ ਰਹੇ ਹਨ। ਭਾਜਪਾ ਆਪਣੇ ਸਿਖ ਚਿਹਰਿਆਂ ਨੂੰ ਰਾਹੁਲ ਗਾਂਧੀ ਸਾਹਮਣੇ ਡਾਹ ਰਹੀ ਹੈ। ਦਰਅਸਲ, ਰਾਹੁਲ ਨੇ ਆਪਣੇ ਅਮਰੀਕਾ ਦੌਰੇ ਦੌਰਾਨ ਯੂਨੀਵਰਸਿਟੀ ਦੇ ਇੱਕ ਸਮਾਗਮ ਵਿੱਚ ਧਾਰਮਿਕ ਆਜ਼ਾਦੀ ਬਾਰੇ ਗੱਲ ਕਰਦੇ ਹੋਏ ਕਿਹਾ ਸੀ ਕਿ ਮਸਲਾ ਇਹ ਹੈ ਕਿ ਕੀ ਭਾਰਤ ਵਿੱਚ ਸਿੱਖ ਨੂੰ ਦਸਤਾਰ ਪਹਿਨਣ ਦੀ ਇਜਾਜ਼ਤ ਦਿੱਤੀ ਜਾਵੇਗੀ ਜਾਂ ਗੁਰਦੁਆਰੇ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਹ ਕੇਵਲ ਸਿੱਖਾਂ ਲਈ ਨਹੀਂ, ਸਗੋਂ ਸਾਰੇ ਧਰਮਾਂ ਲਈ ਹੈ। ਇਸ ਬਿਆਨ ਦੇ ਪਹਿਲੇ ਹਿੱਸੇ ਨੂੰ ਲੈ ਕੇ ਭਾਜਪਾ ਨੇਤਾਵਾਂ ਨੇ ਰਾਹੁਲ 'ਤੇ ਤਿੱਖੇ ਹਮਲੇ ਕੀਤੇ। ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਉਨ੍ਹਾਂ 'ਤੇ ਸਿੱਖ ਕੌਮ ਵਿਰੁੱਧ ਨਫ਼ਰਤ ਭਰੇ ਸ਼ਬਦਾਂ ਦੀ ਵਰਤੋਂ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਭਾਰਤ ਵਿਚ ਸਿੱਖ ਆਪਣੀ ਪਛਾਣ ਅਤੇ ਆਪਣੇ ਧਰਮ ਦਾ ਪਾਲਣ ਕਰਨ ਦੇ ਅਧਿਕਾਰ ਲਈ ਲੜ ਰਹੇ ਹਨ। ਰਾਹੁਲ, ਤੁਹਾਡੀ ਗੰਦੀ ਰਾਜਨੀਤੀ ਦੇਸ਼ ਨੂੰ ਡੋਬ ਰਹੀ ਹੈ। ਤੁਸੀਂ ਇੰਨੇ ਨੀਵੇਂ ਹੋ ਗਏ ਹੋ ਕਿ ਤੁਸੀਂ ਇਲਜ਼ਾਮ ਲਗਾਉਂਦੇ ਹੋ ਕਿ ਭਾਰਤ ਵਿੱਚ ਸਿੱਖ ਪੱਗ ਅਤੇ ਕੜਾ ਨਹੀਂ ਪਹਿਨ ਸਕਦੇ। ਤੁਸੀਂ ਕਹਿੰਦੇ ਹੋ ਕਿ ਭਾਰਤ ਵਿੱਚ ਸਿੱਖ ਅਤੇ ਗੁਰਦੁਆਰੇ ਸੁਰੱਖਿਅਤ ਨਹੀਂ ਹਨ।

ਹਰਦੀਪ ਸਿੰਘ ਪੁਰੀ ਨੇ ਟਵੀਟ ਕੀਤਾ, 'ਵਿਦੇਸ਼ ਦੀ ਧਰਤੀ 'ਤੇ ਰਾਹੁਲ ਜੀ ਦਾ ਸਿਰਫ ਦਿੱਖ ਬਦਲਦਾ ਹੈ, ਨਜ਼ਰੀਆ ਉਹੀ ਰਹਿੰਦਾ ਹੈ। ਹਰ ਫੇਰੀ 'ਤੇ ਭਾਰਤ ਦਾ ਅਪਮਾਨ ਕਰਨਾ ਰਾਹੁਲ ਦਾ ਮਨੋਰਥ ਹੈ। ਅੱਜ ਸਿੱਖ ਭਾਰਤ ਵਿੱਚ ਬੜੇ ਮਾਣ ਨਾਲ ਦਸਤਾਰਾਂ ਅਤੇ ਕੜੇ ਪਾ ਕੇ ਘੁੰਮ ਰਹੇ ਹਨ ਪਰ ਰਾਹੁਲ ਜੀ ਵਿਦੇਸ਼ਾਂ ਵਿੱਚ ਝੂਠ ਫੈਲਾ ਕੇ ਸਿੱਖ ਪਰਵਾਸੀ ਭਾਰਤੀਆਂ ਦੇ ਮਨਾਂ ਵਿੱਚ ਜ਼ਹਿਰ ਬੀਜ ਰਹੇ ਹਨ ਅਤੇ ਭਾਰਤ ਨੂੰ ਬਦਨਾਮ ਕਰ ਰਹੇ ਹਨ। ਦਰਅਸਲ, ਉਹ 'ਕੈਰੋਸੀਨ ਮੈਨ' ਬਣ ਕੇ ਦੇਸ਼ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਰਾਹੁਲ ਜੀ, ਸਿੱਖਾਂ ਦੀ ਪੱਗ ਬੰਨ੍ਹਣ, ਵਾਲ ਰੱਖਣ ਅਤੇ ਰੱਖਣ ਨੂੰ ਲੈ ਕੇ ਸਿਰਫ਼ ਇੱਕ ਵਾਰ ਹੀ ਲੜਾਈ ਹੋਈ ਹੈ... 1984 ਵਿੱਚ ਜਦੋਂ ਕਾਂਗਰਸੀ ਆਗੂਆਂ ਦੇ ਉਕਸਾਹਟ 'ਤੇ ਦੰਗਾਕਾਰੀਆਂ ਨੇ ਦਸਤਾਰ ਸਜਾਉਣ ਵਾਲੇ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ, ਜਿਉਂਦਾ ਸਾੜ ਦਿਤਾ ਸੀ। ਭਾਜਪਾ ਦੇ ਕੌਮੀ ਬੁਲਾਰੇ ਆਰਪੀ ਸਿੰਘ ਨੇ ਕਿਹਾ ਕਿ ਦਿੱਲੀ ਵਿੱਚ 3000 ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਉਨ੍ਹਾਂ ਦੀਆਂ ਪੱਗਾਂ ਉਤਾਰੀਆਂ ਗਈਆਂ, ਉਨ੍ਹਾਂ ਦੇ ਵਾਲ ਕੱਟੇ ਗਏ ਅਤੇ ਦਾੜ੍ਹੀ ਮੁੰਨ ਦਿੱਤੀ ਗਈ। ਉਹ ਇਹ ਨਹੀਂ ਕਹਿੰਦਾ ਕਿ ਅਜਿਹਾ ਉਦੋਂ ਹੋਇਆ ਜਦੋਂ ਕਾਂਗਰਸ ਸੱਤਾ ਵਿੱਚ ਸੀ। ਮੈਂ ਰਾਹੁਲ ਗਾਂਧੀ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਭਾਰਤ ਵਿੱਚ ਉਹੀ ਗੱਲ ਦੁਹਰਾਉਣ ਜੋ ਉਹ ਸਿੱਖਾਂ ਬਾਰੇ ਕਹਿ ਰਹੇ ਹਨ...ਮੈਂ ਉਨ੍ਹਾਂ ਵਿਰੁੱਧ ਕੇਸ ਦਰਜ ਕਰਾਵਾਂਗਾ। ਦੂਜੇ ਪਾਸੇ ਬਾਦਲ ਅਕਾਲੀ ਦਲ ਇਸ ਬਾਰੇ ਦੋਹਰਾ ਸਟੈਂਡ ਰਖ ਰਿਹਾ ਹੈ ਕਿ ਜੋ ਭਾਜਪਾ ਦੇ ਰਾਜ ਵਿਚ ਦਿਕਤਾਂ ਸਿਖਾਂ ਨੂੰ ਆ ਰਹੀਆਂ ਹਨ, ਉਸ ਬਾਰੇ ਉਸਦਾ ਕੋਈ ਸਪਸ਼ਟ ਸਟੈਂਡ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪਰਮਬੰਸ ਸਿੰਘ ਰੋਮਾਣਾ ਤੇ ਬੀਬੀ ਹਰਸਿਮਰਤ ਕੌਰ ਬਾਦਲ ਅਨੁਸਾਰ ਅਕਾਲੀ ਦਲ ਵਾਰ-ਵਾਰ ਕਹਿ ਰਿਹਾ ਹੈ ਕਿ ਮੌਜੂਦਾ ਸਰਕਾਰ ਵਿੱਚ ਧਾਰਮਿਕ ਅਸਹਿਣਸ਼ੀਲਤਾ ਕਈ ਗੁਣਾ ਵਧ ਗਈ ਹੈ, ਘੱਟ ਗਿਣਤੀਆਂ ਨੂੰ ਦਬਾਇਆ ਜਾ ਰਿਹਾ ਹੈ। ਭਾਜਪਾ ਸਰਕਾਰ ਅਤੇ ਆਰਐਸਐਸ ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰ ਰਹੇ ਹਨ। ਇਸ ਸਭ ਦੇ ਬਾਵਜੂਦ ਰਾਹੁਲ ਗਾਂਧੀ ਇਸ ਮੁੱਦੇ 'ਤੇ ਬੋਲਣ ਵਾਲੇ ਆਖਰੀ ਵਿਅਕਤੀ ਹੋਣੇ ਚਾਹੀਦੇ ਹਨ। ਉਸ ਦੀ ਪਾਰਟੀ ਅਤੇ ਪਰਿਵਾਰ ਨੇ ਸਿੱਖ ਕੌਮ ਨਾਲ ਜੋ ਕੁਝ ਕੀਤਾ ਹੈ, ਉਸ ਤੋਂ ਬਾਅਦ ਉਸ ਨੂੰ ਇਸ 'ਤੇ ਬੋਲਣ ਦਾ ਕੀ ਨੈਤਿਕ ਅਧਿਕਾਰ ਹੈ... ਉਸ ਨੂੰ ਆਪਣੀ ਦਾਦੀ ਇੰਦਰਾ ਗਾਂਧੀ ਦੇ ਹੁਕਮ 'ਤੇ 1984 ਵਿਚ ਹਰਿਮੰਦਰ ਸਾਹਿਬ 'ਤੇ ਜੋ ਕੁਝ ਹੋਇਆ ਸੀ, ਉਸ ਬਾਰੇ ਗੱਲ ਕਰਨੀ ਚਾਹੀਦੀ ਹੈ। ਉਸ ਨੂੰ ਆਪਣੇ ਪਿਤਾ ਰਾਜੀਵ ਗਾਂਧੀ ਦੇ ਹੁਕਮਾਂ 'ਤੇ ਹੋਏ ਸਭ ਤੋਂ ਵੱਡੇ ਸਿੱਖ ਕਤਲੇਆਮ ਦੀ ਗੱਲ ਕਰਨੀ ਚਾਹੀਦੀ ਹੈ... ਰਾਹੁਲ ਗਾਂਧੀ ਨੇ ਸਿੱਖ ਕਤਲੇਆਮ ਦੇ ਦੋ ਮੁੱਖ ਦੋਸ਼ੀਆਂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਨੂੰ ਵੀ ਉੱਚ ਅਹੁਦੇ ਦਿਤੇ ਸਨ। ਇਸ ਮਾਮਲੇ ਉਪਰ ਬੀਬੀ ਕਿਰਨਜੋਤ ਕੌਰ ਦਾ ਸਟੈਂਡ ਸਹੀ ਹੈ ਕਿਰਨਜੋਤ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਦੀ ਗੱਲ ਦੀ ਘੋਖ ਕੀਤੀ ਜਾਏ ਤਾਂ ਉਹ ਸਹੀ ਕਹਿ ਰਿਹਾ ਹੈ। ਅੰਮ੍ਰਿਤਧਾਰੀ ਬੱਚਿਆਂ ਦੇ ਕੜੇ ਤੇ ਕਿਰਪਾਨਾਂ ਲੁਹਾਉਣ ਦੀਆਂ ਖ਼ਬਰਾਂ ਹਰ ਸਾਲ ਛਪਦੀਆਂ ਹਨ, ਖ਼ਾਸ ਕਰ ਨੀਟ ਦੇ ਪੇਪਰ ਵੇਲੇ। ਕਈ ਸਕੂਲਾਂ ਵਿਚ ਕੜਿਆਂ ਉਪਰ ਪਾਬੰਦੀ ਹੈ। ਹਰਿਆਣਾ ਦੇ ਗੁਰਦਵਾਰੇ ਬੀਜੇਪੀ ਦੀ ਸਰਕਾਰ ਨੇ ਪੁਲਿਸ ਵਰਤ ਕੇ ਕਬਜ਼ਾ ਕੀਤਾ ਹੈ ਤੇ ਆਪਣੀ ਮਰਜ਼ੀ ਦੇ ਬੰਦੇ ਬਿਠਾਏ ਹੋਏ ਹਨ। ਬੰਗਾਲ ਦੇ ਸਿੱਖ ਪੁਲਿਸ ਅਫ਼ਸਰ ਦੀ ਪਗੜੀ ਦੇਖ ਕੇ ਉਸ ਨੂੰ ਖਾਲਿਸਤਾਨੀ ਬੁਲਾਉਣ ਵਾਲਾ ਵੀ ਬੀਜੇਪੀ ਦਾ ਬੰਦਾ ਸੀ। ਸਿੱਖ ਬਾਹਰਲੇ ਮੁਲਕਾਂ ਤੋਂ ਕਿਰਪਾਨ ਪਾ ਕੇ ਜਹਾਜ਼ ਦਾ ਸਫ਼ਰ ਕਰਕੇ ਇੰਡੀਆ ਪਹੁੰਚਦੇ ਹਨ ਤਾਂ ਦਿੱਲੀ ਤੋ ਅੰਮ੍ਰਿਤਸਰ ਦੀ ਫ਼ਲਾਈਟ ਤੇ ਉਨ੍ਹਾ ਦੀ ਕਿਰਪਾਨ ਦਿੱਲੀ ਹਵਾਈ ਅੱਡੇ ਤੇ ਉਤਰਵਾਈ ਜਾਂਦੀ ਹੈ।

ਪੰਥਕ ਹਲਕਿਆਂ ਵਿਚ ਰਾਹੁਲ ਦੇ ਬਿਆਨ ਨੂੰ ਸਹੀ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਦੇ ਸਕੂਲਾਂ ਵਿਚ ਕੜਿਆਂ ਉਪਰ ਪਾਬੰਦੀ ਹੈ, ਪੰਜਾਬੀ ਬੋਲਣ ਉਪਰ ਪਾਬੰਦੀ ਹੈ। ਸ਼ੋਸ਼ਲ ਮੀਡੀਆ ਉਪਰ ਭਗਵੇਂ ਵਾਦੀਆਂ ਦੀ ਫਿਰਕੂ ਫੋਰਸਾਂ ਵਲੋਂ ਪੱਗ ਦਾ ਮਤਲਬ ਖਾਲਿਸਤਾਨੀ ਐਲਾਨਿਆ ਜਾ ਰਿਹਾ ਹੈ। ਮਤਲਬ ਖਾਲਿਸਤਾਨੀ ਤੇ ਖਾਲਿਸਤਾਨ ਗਾਲ ਬਣਾਕੇ ਰਖ ਦਿਤੀ ਹੈ ਤੇ ਇਸੇ ਤਹਿਤ ਸਿਖਾਂ ਖਿਲਾਫ ਨਫਰਤ ਫੈਲਾਈ ਜਾ ਰਹੀ ਹੈ। ਇਸੇ ਤਰ੍ਹਾਂ ਮੁਸਲਮਾਨਾਂ ਅਤੇ ਈਸਾਈਆਂ ਨੂੰ ਪਿਛਲੇ ਦਸ ਸਾਲਾਂ ਤੋਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਡਾ ਮੰਨਣਾ ਹੈ ਕਿ ਰਾਹੁਲ ਗਾਂਧੀ ਨੇ ਸਿਖਾਂ ਬਾਰੇ ਕੋਈ ਗਲਤ ਸਟੈਂਡ ਨਹੀਂ ਲਿਆ। ਭਾਜਪਾ ਵਿਚਲੇ ਸਿਖਾਂ ਨੇ ਇਸ ਸੱਚ ਦਾ ਵਿਰੋਧ ਕਰਨਾ ਸੀ, ਕਿਉਂ ਕਿ ਇਸ ਨਾਲ ਮੋਦੀ ਸਰਕਾਰ ਦੀ ਬਦਨਾਮੀ ਹੋ ਰਹੀ ਹੈ। ਭਾਜਪਾ ਸਰਕਾਰ ਉਪਰ ਦੋਸ਼ ਲੱਗ ਰਹੇ ਹਨ ਕਿ ਇਸ ਰਾਜ ਵਿਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ। ਪਰ ਦੁਖ ਇਸ ਗੱਲ ਦਾ ਹੈ ਕਿ ਅਕਾਲੀ ਦਲ ਬਾਦਲ ਇਸ ਮਸਲੇ ਬਾਰੇ ਸਪੱਸ਼ਟ ਸਟੈਡ ਨਹੀਂ ਰੱਖ ਸਕਿਆ, ਉਹ ਮੋਦੀ ਸਰਕਾਰ ਦਾ ਬਚਾਅ ਕਰ ਰਿਹਾ ਹੈ। -ਰਜਿੰਦਰ ਸਿੰਘ ਪੁਰੇਵਾਲ

## NEWS & VIEWS

# MANIFESTATION OF THEO-POLITICAL SOVEREIGNTY OF SRI AKAL TAKHT SAHIB



Gurmukh Singh O B E

*When the Sikhs do not have a sovereign state of their own, the Golden Temple, with its surrounding complex* [Darbar Sahib], *continuously retains its theo-political status, which may be suppressed by the political power, compromised by individuals or questioned by politicians, but which remains and never can be extinguished, for, it is sui generis and inalienable, and imprescriptible.* (Sirdar Kapur Singh)

Sirdar Kapur Singh in his famous essay, *The Golden Temple: Its Theo-political Status*, published in 1998 by SGPC, states that *Sri Darbar Sahib has a theo-political status which is not a matter of concession by a political state, but is a right, sui generis* [unique and embedded in collective Sikh psyche].

The topic last week was that the Jathedars at Sri Akal Sahib have an opportunity to bring about far reaching overdue reforms in Panthic affairs as they deliberate on the current issues before them.

A system which enabled one family to dominate the main Panthic institutions for decades: the *Sikh* political party, the Shromani Akali Dal, the Shromani Gurdwara Parbandhak Committee (SGPC) and, through SGPC, the appointment and dismissal of Jathedars of Akal Takht Sahib, cannot be in accordance with Sikhi principles nor commensurate with the Sovereignty of the Takht established by Guru Hargobind Sahib.

The system needs a major review by top level Gurmat scholars in the Panth and the diaspora as directed by the Five Singh Sahibans at Akal Takht Sahib and those from other Takhts in India. For some years, I have been involved with reviews of *State of the Panth* papers produced by the Sikh Research Institute, USA. These are based on diaspora Sikh surveys and are also highly Sikhi-educational. They show the process which can be adopted at global level to seek Panthic view about major Gurmat-based reforms of Panthic institutions and selection of senior office holders.

Global Sikh confidence in SGPC and SAD has reached a point when only major reforms can restore the institutions at grass-roots level. It is not just the personalities involved but the whole system and the processes which matter. Individuals will reap the punishment, the seeds of which they sowed themselves when in office in state administration or in Sikh institutions including Sri Akal Takht Sahib.

In the Sikhi tradition one does not stand by when in a position to raise a voice against wrong-doing and injustice. In the Court of the Guru and Khalsa Panth, those who were directly involved and those who stood by without opposing when in a position to do so, both are answerable. The responsibility is at both, individual and collective levels. .

Most Sikhs today, including diaspora next generations, do not know the background to the Gurdwaras Act of 1925 and later legislation. Sikhs do not understand why state courts or administrations should have any say in Sikh affairs. Such outside control is contrary to the sovereign position of the Akal Takht.

The Takht cannot be subjected to any outside temporal administration of Panjab state nor that of Delhi. Whenever attempts have been made to do that in history, the Miri-Piri (temporal-spiritual) power of the Takht has manifested itself through the Panth as witnessed by the election of two independent Sikh MPs by the Panth and near annihilation of one family led Shromani Akal Dal. The Miri-Piri *Shakti* of Sri Akal Takht Sahib will always manifest Itself through the Khalsa Panth when provoked by external circumstances, for example, injustice in society, and existential threats to the Panth.

Gurmukh Singh OBE, Ret'd Principal Civil Servant (UK) sewauk2005@yahoo.co.uk

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦਾ ਆਮ ਇਜਲਾਸ ਹੋਇਆ

## *ਟਰੱਸਟੀ ਨਿਯੁਕਤੀ, ਚੋਣ ਕਮੇਟੀ ਦੇ ਪ੍ਰਬੰਧਾਂ ਨੂੰ ਲੈ ਕੇ ਸੰਵਿਧਾਨ 'ਚ ਕੀਤੀ ਸੋਧ ਦੇ ਮੁੱਦੇ ਗਰਮਾਏ *ਸ਼ਰਨਬੀਰ ਸਿੰਘ ਸੰਘਾ ਵੱਲੋਂ ਪ੍ਰਬੰਧਕ ਕਮੇਟੀ ਅਤੇ ਟਰੱਸਟੀਆਂ ਦਾ ਸ਼ਰਾਬ ਟੈਸਟ ਕਰਵਾਉਣ ਦੀ ਅਨੋਖੀ ਮੰਗ *ਪ੍ਰਬੰਧਕ ਕਮੇਟੀ ਵੱਲੋਂ ਸਾਰਾ ਕੁਝ ਪਾਰਦਰਸ਼ਤਾ ਨਾਲ ਕਰਨ ਦਾ ਭਰੋਸਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦਾ ਆਮ ਇਜਲਾਸ ਲੰਘੇ ਐਤਵਾਰ ਹੋਇਆ। ਦਿਸ ਵਿੱਚ 270 ਤੋਂ ਵੱਧ ਮੈਂਬਰਾਂ ਨੇ ਭਾਗ ਲਿਆ ਅਤੇ ਸਭਾ ਵਿੱਚ ਹੋ ਰਹੀਆਂ ਸਾਰੀਆਂ ਨਵੀਆਂ ਪਹਿਲਕਦਮੀਆਂ ਅਤੇ ਪ੍ਰੋਜੈਕਟਾਂ ਬਾਰੇ ਗੁਰੂ ਘਰ ਦੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੇ ਜਾਣਕਾਰੀ ਸਾਂਝੀ ਕੀਤੀ। ਉਹਨਾ ਪ੍ਰੈੱਸ ਦੇ ਨਾਮ ਜਾਰੀ ਬਿਆਨ ਵਿੱਚ ਕਿਹਾ ਕਿ ਸਾਡੀ ਬੁਨਿਆਦ ਧਰਮ ਤੇ ਟਿਕੀ ਹੋਈ ਹੈ, ਸਾਡੇ ਸਾਰੇ ਫੈਸਲੇ ਅਤੇ ਕਾਰਜ ਗੁਰਮਤਿ ਸਿੱਖਿਆ ਦੁਆਰਾ ਸੇਧਿਤ ਹਨ। ਅਸੀਂ ਹਰ ਕੰਮ ਵਿੱਚ ਪਾਰਦਰਸ਼ਤਾ ਅਤੇ ਖੁੱਲ੍ਹੇਪਨ ਨੂੰ ਬਣਾਈ ਰੱਖਣ ਲਈ ਵਚਨਬੱਧ ਹਾਂ। ਅਸੀਂ ਇੱਕ ਅਜਿਹੀ ਸੰਸਥਾ ਬਣਾ ਰਹੇ ਹਾਂ ਜਿਸ 'ਤੇ ਸਾਡੇ ਬੱਚਿਆਂ ਨੂੰ ਮਾਣ ਹੋਵੇਗਾ ਅਤੇ ਸਾਨੂੰ ਨਕਾਰਾਤਮਕਤਾ ਜਾਂ ਦ੍ਰਿਸ਼ਟੀ ਤੋਂ ਬਿਨਾਂ ਸਾਨੂੰ ਪਿੱਛੇ ਨਹੀਂ ਰਹਿਣ ਦੇਣਾ ਚਾਹੀਦਾ। ਇਕੱਠੇ ਮਿਲ ਕੇ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਜ਼ਬੂਤ ਅਤੇ ਜੀਵੰਤ ਭਵਿੱਖ ਬਣਾ ਰਹੇ ਹਾਂ।

ਉਹਨਾ ਕਿਹਾ ਕਿ ਸਾਡਾ ਮਿਸ਼ਨ ਅਧਿਆਤਮਿਕ ਉੱਨਤੀ, ਸਿੱਖਿਆ ਅਤੇ ਲੀਡਰਸ਼ਿਪ, ਸਿਹਤ ਅਤੇ ਤੰਦਰੁਸਤੀ, ਭਾਈਚਾਰਕ ਸ਼ਮੂਲੀਅਤ ਆਦਿ ਹਨ।

ਉਹਨਾ ਪਿਛਲੇ 6 ਮਹੀਨਿਆਂ ਵਿੱਚ ਸਿੰਘ ਸਭਾ ਸਾਊਥਾਲ ਦੀ ਸੰਗਤ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਜਿਸ ਵਿੱਚ ਦੋਵਾਂ ਗੁਰਦੁਆਰਿਆਂ ਵਿੱਚ ਮੁਰੰਮਤ ਦਾ ਕੰਮ, ਆਕਸਫੋਰਡ ਯੂਨੀਵਰਸਿਟੀ ਵਿਖੇ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ਼ਿਪ, ਸੰਗੀਤ ਪ੍ਰੀਖਿਆ, ਸੰਸਦ ਵਿੱਚ ਵਿਸਾਖੀ ਸਮਾਗਮ, ਬਹੁਤ ਸਾਰੇ ਧਾਰਮਿਕ ਸਮਾਗਮ ਅਤੇ ਦੀਵਾਨ, ਸ੍ਰੀ ਦਰਬਾਰ ਸਾਹਿਬ 'ਤੇ 1984 ਦੇ ਹਮਲੇ ਦੇ 40 ਸਾਲ ਪੂਰੇ ਹੋਣ ਦੀ ਯਾਦ ਵਿੱਚ ਸਮਾਗਮ, ਭਾਈ ਗੁਰਦਾਸ ਵਿੱਦਿਆ ਅਕੈਡਮੀ ਦੀ ਸਥਾਪਨਾ ਤੋਂ ਇਲਾਵਾ ਸਾਊਥਾਲ ਸਮਰ ਕੈਂਪ ਅਤੇ ਸਪੋਰਟ ਕੈਂਪਾਂ ਦਾ ਜ਼ਿਕਰ ਕੀਤਾ। ਖਜ਼ਾਨਚੀ ਜੀਤਪਾਲ ਸਿੰਘ ਸਹੋਤਾ ਨੇ ਆਪਣੀ ਰਿਪੋਰਟ ਪੇਸ਼ ਕੀਤੀ।

ਸ਼ੇਰ ਗਰੁੱਪ ਵੱਲੋਂ ਸ: ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ, ਸੁਖਵਿੰਦਰ ਸਿੰਘ ਆਦਿ ਨੇ ਵਿਚਾਰ ਪੇਸ਼ ਕਰਦਿਆਂ ਮੌਜੂਦਾ ਪ੍ਰਬੰਧ ਵੱਲੋਂ ਟਰੱਸਟੀਆਂ ਦੀ ਨਿਯੁਕਤੀ ਨੂੰ ਗਲਤ ਆਖਦਿਆਂ ਕਿਹਾ ਪਿਛਲੀ ਜਨਰਲ ਬਾਡੀ ਦੀ ਮੀਟਿੰਗ ਵਿੱਚ ਨਿਯਮਾਂ ਦੀ ਉਲੰਘਣਾ ਕਰਕੇ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ। ਜਿਹਨਾਂ ਨੂੰ ਰੱਦ ਕਰਨਾ ਚਾਹੀਦਾ ਹੈ। ਕਿਉਂਕਿ ਇਹ ਨਿਯੁਕਤੀਆਂ ਗੈਰਸੰਵਿਧਾਨਿਕ ਤਰੀਕੇ ਨਾਲ ਹੋਈਆਂ ਹਨ। ਜੇ ਪ੍ਰਬੰਧਕ ਕਮੇਟੀ ਨੇ ਇਹਨਾਂ ਨੂੰ ਰੱਦ ਨਾ ਕੀਤਾ ਤਾਂ ਕਾਨੂੰਨੀ ਸਹਾਰਾ ਲੈਯ ਲਈ ਮਜ਼ਬੂਰ ਹੋਵਾਂਗੇ। ਇੱਥੇ ਇਹ ਵੀ ਕਿਹਾ ਗਿਆ ਕਿ ਚੋਣਾਂ ਕਰਵਾਉਣ ਦੀ ਪ੍ਰਕ੍ਰਿਆ ਵਿੱਚ ਕੀਤੀ ਤਬਦੀਲੀ ਵੀ ਗੈਰ ਸੰਵਿਧਾਨਿਕ ਹੈ। ਉਹਨਾਂ ਦੋਸ਼ ਲਾਇਆ ਕਿ ਸਾਂਝੀ ਚੋਣ ਕਮੇਟੀ ਵਾਲੀ ਵਿਧਾ ਵਿੱਚ ਤਬਦੀਲੀ ਕਰਕੇ ਟਰੱਸਟੀਆਂ ਨੂੰ ਵੱਧ ਅਧਿਕਾਰ ਦੇ ਦਿੱਤੇ ਗਏ ਹਨ, ਜਦ ਕਿ ਟਰੱਸਟੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਆਪਣੇ ਰਿਸ਼ਤੇਦਾਰ ਜਾਂ ਨੇੜਲੇ ਸਾਥੀ ਬਣਾਏ ਹਨ। ਉਹਨਾਂ ਇਹ ਮਾਮਲਾ ਬੈਠ ਕੇ ਹੱਲ ਕਰਨ ਦੀ ਬੇਨਤੀ ਵੀ ਕੀਤੀ।

ਇਸ ਮੌਕੇ ਇਹ ਵੀ ਕਿਹਾ ਗਿਆ ਕਿ ਕਾਨੂੰਨੀ ਲੜਾਈ ਲਈ ਪ੍ਰਬੰਧਕ ਕਮੇਟੀ ਮੈਂਬਰਾਂ ਜਾਂ ਸਬੰਧਿਤ ਮੈਂਬਰਾਂ ਨੂੰ ਖੁਦ ਖ਼ਰਚਾ ਕਰਨਾ ਚਾਹੀਦਾ ਹੈ। ਜਦ ਕਿ ਕੁਝ ਸੁਝਾਅ ਇਹ ਵੀ ਸਨ ਕਿ ਮਿਲ ਬੈਠ ਕੇ ਸਾਰੇ ਮਸਲੇ ਹੱਲ ਕੀਤੇ ਜਾਣ। ਗ੍ਰੰਥੀ ਸਿੰਘਾਂ ਨੂੰ ਹਟਾਏ ਜਾਣ ਦਾ ਮਾਮਲਾ ਵੀ ਇਸ ਮੌਕੇ ਉਠਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਕੱਢੇ ਗਏ ਇੱਕ ਗ੍ਰੰਥੀ ਤੇ ਸ਼ਰਾਬ ਦਾ ਸੇਵਨ ਕਰਨ ਦੇ ਕਥਿਤ ਦੋਸ਼ ਸਨ। ਇਸ ਦੇ ਸਬੰਧ ਵਿੱਚ ਵੱਖ ਵੱਖ ਪਹਿਲੂਆਂ ਤੇ ਆਲੋਚਨਾ ਕਰਦਿਆਂ ਸ਼ਰਨਬੀਰ ਸਿੰਘ ਸੰਘਾ ਨੇ ਸਿੰਘ ਸਭਾ ਦੀ ਦੇਖ ਰੇਖ ਹੇਠ ਚੱਲ ਰਹੇ ਨੌਰਵੁੱਡ ਹਾਲ ਵਿੱਚ ਸ਼ਰਾਬ ਪੀਤੇ ਜਾਣ ਦਾ ਖੁਲਾਸਾ ਕੀਤਾ ਅਤੇ ਸ਼ਰਾਬ ਦੀਆਂ ਬੋਤਲਾਂ ਵਾਲੀਆਂ ਤਸਵੀਰਾਂ ਵੀ ਵਿਖਾਈਆਂ। ਉਹਨਾਂ ਨਾਲ ਹੀ ਮੰਗ ਕੀਤੀ ਕਿ ਪ੍ਰਬੰਧਕ ਕਮੇਟੀ ਅਤੇ ਸਾਰੇ ਟਰੱਸਟੀਆਂ ਦੇ ਵੀ ਸ਼ਰਾਬ ਪੀਂਦੇ ਜਾਂ ਨਾ ਪੀਂਦੇ ਹੋਣ ਦਾ ਟੈਸਟ ਕਰਵਾਉਣਾ ਚਾਹੀਦਾ ਹੈ। ਸ: ਅਮਰਜੀਤ ਸਿੰਘ ਢਿੱਲੋਂ ਨੇ ਮੌਜੂਦਾ ਕਮੇਟੀ ਦੇ ਕੰਮਕਾਜ ਦੀ ਆਲੋਚਨਾ ਕੀਤੀ, ਉਹਨਾਂ ਕਿਹਾ ਕਿ ਟਰੱਸਟੀਆਂ ਲਈ ਉਹਨਾਂ ਦਾ ਨਾਮ ਵੀ ਪੇਸ਼ ਕੀਤਾ ਹੋਇਆ ਸੀ। ਟਰੱਸਟੀਆਂ ਦੀਆਂ ਨਿਯੁਕਤੀਆਂ ਵਿੱਚ ਯੋਗ ਸੇਵਾਦਾਰਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਮੌਕੇ ਪਤਿਤ ਲੋਕਾਂ ਨੂੰ ਨੌਕਰੀਆਂ ਦੇਣ, ਇੱਕ ਹੋਰ ਸੇਵਾਦਾਰ ਤੇ 20 ਪੌਂਡ ਦੀ ਪਰਚੀ ਨਾ ਕੱਟਣ ਦੇ ਗਲਤ ਦੋਸ਼ ਲਾ ਕੇ ਕੱਢੇ ਜਾਣ ਦੇ ਦੋਸ਼ ਵੀ ਲਗਾਏ ਗਏ। ਜਦ ਕਿ ਉਸ ਵੱਲੋਂ ਪਰਚੀ ਕੱਟੀ ਗਈ ਸੀ।

ਜਦ ਕਿ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਜੋ ਕੰਮਕਾਜ ਅਤੇ ਸੰਵਿਧਾਨ ਤਬਦੀਲੀ ਕੀਤੀ ਗਈ ਹੈ ਉਹ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਕੀਤੀ ਹੈ। ਕੁਲਵੰਤ ਸਿੰਘ ਭਿੰਡਰ ਨੇ ਕਿਹਾ ਕਿ ਸਾਰਾ ਪ੍ਰਬੰਧ ਪਾਰਦਰਸ਼ਿਤ ਢੰਗ ਨਾਲ ਹੋ ਰਿਹਾ ਹੈ ਅਤੇ ਅੱਗੋਂ ਵੀ ਪਾਰਦਰਸ਼ਿਤ ਢੰਗ ਨਾਲ ਹੁੰਦਾ ਰਹੇਗਾ।

ਸੰਗਤਾਂ ਨੇ ਸਟੇਜ ਸਕੱਤਰ ਮਨਜੀਤ ਸਿੰਘ ਦੀ ਨਿਰਪੱਖਤਾ ਨਾਲ ਸਭ ਨੂੰ ਖੁੱਲ੍ਹਾ ਸਮਾਂ ਦੇਣ ਦੀ ਸ਼ਲਾਘਾ ਕੀਤੀ ਹੈ। ਭਾਵੇਂ ਕਿ ਜਨਰਲ ਬਾਡੀ ਦੀ ਮੀਟਿੰਗ ਸੁੱਖ ਸ਼ਾਂਤੀ ਨਾਲ ਹੋਈ ਪਰ ਨਵੇਂ ਉੱਭਰੇ ਮੁੱਦੇ ਅਤੇ ਸਿੱਖਾਂ ਦੀ ਇਸ ਵੱਡੀ ਸੰਸਥਾ ਦੀ ਰਾਜਨੀਤੀ ਭਵਿੱਖ ਵਿੱਚ ਕਿਹੋ ਜਿਹੀ ਦਿਸ਼ਾ ਲੈਂਦੀ ਹੈ ਇਹ ਤਾਂ ਸਮਾਂ ਹੀ ਦੱਸੇਗਾ।

## ਕੀਨੀਆ ਚ ਸਕੂਲ ਦੇ ਹੋਸਟਲ ਚ ਲੱਗੀ ਅੱਗ, 18 ਵਿਦਿਆਰਥੀਆਂ ਦੀ ਮੌਤ

ਨੈਰੋਬੀ : ਕੀਨੀਆ ਤੋਂ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆ ਰਹੀ ਐ, ਜਿੱਥੇ ਇਕ ਸਕੂਲ ਦੇ ਹੋਸਟਲ ਵਿਚ ਭਿਆਨਕ ਅੱਗ ਲੱਗ ਗਈ, ਜਿਸ ਕਾਰਨ 18 ਵਿਦਿਆਰਥੀਆਂ ਦੀ ਮੌਤ ਹੋ ਗਈ ਜਦਕਿ 27 ਵਿਦਿਆਰਥੀ ਬੁਰੀ ਤਰ੍ਹਾਂ ਝੁਲਸੇ ਗਏ। ਇਸ ਘਟਨਾ ਮਗਰੋਂ 70 ਬੱਚੇ ਲਾਪਤਾ ਦੱਸੇ ਜਾ ਰਹੇ ਨੇ, ਜਿਸ ਕਰਕੇ ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਏ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਐ। ਇਸ ਘਟਨਾ ਤੋਂ ਬਾਅਦ ਗੁੱਸੇ ਵਿਚ ਆਏ ਲੋਕਾਂ ਵੱਲੋਂ ਸੜਕਾਂ ਫ਼ਰਸਤੁੱਤੇ ਉਤਰ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਕੀਨੀਆ ਵਿਚ ਇਕ ਸਕੂਲ ਦੇ ਹੋਸਟਲ ਵਿਚ ਭਿਆਨਕ ਅੱਗ ਲੱਗਣ ਕਾਰਨ 18 ਵਿਦਿਆਰਥੀਆਂ ਦੀ ਮੌਤ ਹੋ ਗਈ ਜਦਕਿ 27 ਹੋਰ ਬੁਰੀ ਤਰ੍ਹਾਂ ਝੁਲਸੇ ਗਏ। ਇਕ ਜਾਣਕਾਰੀ ਅਨੁਸਾਰ 70 ਬੱਚੇ ਲਾਪਤਾ ਦੱਸੇ ਜਾ ਰਹੇ ਨੇ, ਇਸ ਦੇ ਨਾਲ ਹੀ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਏ। ਪੁਲਿਸ ਦੇ ਬੁਲਾਰੇ ਰੇਸੀਲਾ ਓਨਯਾਂਗੋ ਨੇ ਦੱਸਿਆ ਕਿ ਨੇਯਰੀ ਕਾਊਂਟੀ ਵਿਚ ਹਿੱਲਸਾਈਡ ਐਂਦਰਾਸ਼ਾ ਪ੍ਰਾਇਮਰੀ ਵਿਚ ਰਾਤ ਦੇ ਸਮੇਂ ਲੱਗੀ ਭਿਆਨਕ ਅੱਗ ਦੀ ਜਾਂਚ ਕੀਤੀ ਜਾ ਰਹੀ ਐ।



ਪਿਛਲੇ ਹਫ਼ਤੇ ਤਰਨਾ ਦਲ ਦੇ ਹੈਡ ਗ੍ਰੰਥੀ ਬਾਬਾ ਤਰਲੋਚਨ ਸਿੰਘ ਜੀ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਆਉਣ ਉਪਰੰਤ ਸਿੱਖ ਅਜਾਇਬ ਘਰ ਦੇ ਦਰਸ਼ਨ ਕਰਨ ਵੀ ਪਹੁੰਚੇ । ਦਰਸ਼ਨ ਕਰਨ ਸਮੇਂ ਅਜਾਇਬ ਘਰ ਦੇ ਸੇਵਾਦਾਰਾਂ ਨਾਲ ।


VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

Contact Mr. Randhawa via email below:
Email: jsrcontractslimited@gmail.com

# ਐਮ ਪੀ ਤਨਮਨਜੀਤ ਸਿੰਘ ਢੇਸੀ ਵੱਲੋਂ ਤੀਜੀ ਵਾਰ ਸਾਂਸਦ ਚੁਣੇ ਜਾਣ 'ਤੇ ਸਿੰਘ ਸਭਾ ਸਲੋਹ ਵਿਖੇ ਸ਼ੁਕਰਾਨਾ ਸਮਾਗਮ



ਐਮ ਪੀ ਤਨਮਨਜੀਤ ਸਿੰਘ ਢੇਸੀ ਨਾਲ ਗੁਰਦੁਆਰਾ ਪ੍ਰਬੰਧਕ ਅਤੇ ਹੋਰ ਸੰਗਤਾਂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਐਮ ਪੀ ਤਨਮਨਜੀਤ ਸਿੰਘ ਢੇਸੀ ਵੱਲੋਂ ਤੀਜੀ ਵਾਰ ਸਾਂਸਦ ਚੁਣੇ ਜਾਣ 'ਤੇ ਸਿੰਘ ਸਭਾ ਸਲੋਹ ਵਿਖੇ ਸ਼ੁਕਰਾਨਾ ਸਮਾਗਮ ਕਰਵਾਏ ਗਏ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਰਾਗੀ ਜੱਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।**

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਰੁਪਿੰਦਰ ਸਿੰਘ ਰਾਣਾ ਨੇ ਸੰਗਤਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਹੈ ਕਿ ਸ: ਢੇਸੀ ਤੀਜੀ ਵਾਰ ਸਲੋਹ ਤੋਂ ਸੰਸਦ ਮੈਂਬਰ ਬਣੇ ਹਨ। ਜਿਨ੍ਹਾ ਤੇ ਸਾਨੂੰ ਮਾਣ ਹੈ। ਸਾਧੂ ਸਿੰਘ ਜੋਗੀ ਨੇ ਕਿਹਾ ਸ: ਢੇਸੀ ਹਰ ਉਮਰ ਦੇ ਲੋਕਾਂ ਦੀ ਪਸੰਦ ਹਨ, ਜੋ ਸਭ ਨੂੰ ਸਤਿਕਾਰ ਦਿੰਦੇ ਹਨ। ਗੁਰਪ੍ਰਤਾਪ ਸਿੰਘ ਢਿਲੋਂ ਨੇ ਕਿਹਾ ਕਿ ਇਸ ਵਾਰ ਪਹਿਲਾਂ ਨਾਲੋਂ ਜਿਆਦਾ ਮੇਹਨਤ ਕਰਨੀ ਪਈ।

ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਲੋਹ ਦੇ ਲੋਕਾਂ ਦਾ ਬਹੁਤ ਧੰਨਵਾਦੀ ਹੈ ਜਿਹਨਾਂ ਦੀ ਬਦੌਲਤ ਮੈਨੂੰ ਤੀਜੀ ਵਾਰ ਸੰਸਦ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਮੈਨੂੰ ਆਸ ਹੈ ਕਿ ਅੱਗੋਂ ਵੀ ਇਸੇ ਤਰ੍ਹਾਂ ਅਸ਼ੀਰਵਾਦ ਮਿਲਦਾ ਰਹੇਗਾ ਅਤੇ ਮੈਂ ਹਲਕੇ ਦੀ ਅਤੇ ਕੌਮ ਦੀ ਸੇਵਾ ਕਰਦਾ ਰਹਾਂਗਾ। ਉਹਨਾਂ ਕਿਹਾ ਕਿ ਮੈਂ ਪੰਜਾਬੀਆਂ ਅਤੇ ਸਿੱਖਾਂ ਦੇ ਮਸਲਿਆਂ ਦੇ ਨਾਲ ਨਾਲ ਹਲਕੇ ਦੇ ਲੋਕਾਂ ਦੇ ਹਰ ਮਸਲੇ ਨੂੰ ਬੇਖੌਫ ਹੋ ਕੇ ਉਠਾਉਂਦਾ ਰਿਹਾ ਹਾਂ ਅਤੇ ਉਠਾਉਂਦਾ ਰਹਾਂਗਾ। ਐਮ ਪੀ ਢੇਸੀ ਨੇ ਲੰਡਨ ਵਿੱਚ ਵਿਸ਼ਵ ਯੁੱਧ ਦੇ ਸਿੱਖ ਸ਼ਹੀਦਾਂ ਦੀ ਯਾਦਗਰ ਸਥਾਪਿਤ ਕਰਨ ਲਈ ਆਰੰਭੇ ਯਤਨਾਂ ਨੂੰ ਜਲਦੀ ਨੇਪਰੇ ਚਾੜ੍ਹਨ ਦੀ ਗੱਲ ਕਹੀ। ਉਹਨਾਂ ਇਹ ਵੀ ਕਿਹਾ ਕਿ 11 ਸਿੱਖ ਐਮ ਪੀ ਚੁਣੇ ਜਾਣਾ ਵੀ ਸਾਡੇ ਲਈ ਮਾਣ ਵਾਲੀ ਗੱਲ ਹੈ।

ਇਸ ਮੌਕੇ ਸ: ਰੁਪਿੰਦਰ ਸਿੰਘ ਪੱਡਾ, ਸਾਬਕਾ ਮੇਅਰ ਜੋਗਿੰਦਰ ਸਿੰਘ ਬੱਲ, ਦਰਸ਼ਨ ਸਿੰਘ, ਤਰਲੋਚਨ ਸਿੰਘ ਵਿਰਕ ਲੈਸਟਰ, ਸਰਬਜੀਤ ਸਿੰਘ ਵਿਰਕ, ਅੰਮ੍ਰਿਤਪਾਲ ਸਿੰਘ ਬਰਾੜ ਆਦਿ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਅਤੇ ਸਥਾਨਿਕ ਰਾਜਨੀਤਕ ਅਤੇ ਭਾਈਚਾਰਕ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਿਰ ਸਨ।

## ਅਮਰੀਕਾ ਵਿਚ ਇਕ ਛੋਟਾ ਜਹਾਜ਼ ਤਬਾਹ, ਪਾਇਲਟ ਸਮੇਤ ਸਾਰੇ 4 ਸਵਾਰਾਂ ਦੀ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਵਰਮੌਂਟ ਰਾਜ ਵਿਚ ਇਕ ਛੋਟਾ ਜਹਾਜ਼ ਤਬਾਹ ਹੋ ਕੇ ਜੰਗਲੀ ਖੇਤਰ ਵਿਚ ਡਿੱਗ ਜਾਣ ਦੀ ਖਬਰ ਹੈ ਜਿਸ ਵਿਚ ਸਵਾਰ ਪਾਇਲਟ ਸਮੇਤ ਸਾਰੇ 4 ਲੋਕ ਮਾਰੇ ਗਏ। ਇਹ ਜਾਣਕਾਰੀ ਵਰਮੌਂਟ ਸਟੇਟ ਪੁਲਿਸ ਨੇ ਦਿੱਤੀ ਹੈ। ਵਰਮੌਂਟ ਪੁਲਿਸ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਜਹਾਜ਼ ਵਿੰਧਾਮ ਏਅਰਪੋਰਟ, ਕੋਨੈਕਟੀਕਟ ਤੋਂ ਵਰਮੌਂਟ ਦੇ ਬੈਸਿਨ ਹਾਰਬੋਰ ਏਅਰਪੋਰਟ ਲਈ ਰਵਾਨਾ ਹੋਇਆ ਸੀ ਪਰੰਤੂ ਜਦੋਂ ਯੋਜਨਾ ਅਨੁਸਾਰ ਜਹਾਜ਼ ਕੋਨੈਕਟੀਕਟ ਵਾਪਿਸ ਨਾ ਆਇਆ ਤਾਂ ਯਾਤਰੀਆਂ ਦੇ ਰਿਸ਼ਤੇਦਾਰਾਂ ਨੇ ਕੋਨੈਕਟੀਕਟ ਸਟੇਟ ਪੁਲਿਸ ਤੇ ਮਿਡਲਟਾਊਨ ਕੋਨੈਕਟੀਕਟ ਪੁਲਿਸ ਵਿਭਾਗ ਨੂੰ ਸੂਚਿਤ ਕੀਤਾ। ਉਪਰੰਤ ਪੁਲਿਸ ਨੇ ਫੈਡਰਲ ਐਵੀਏਸ਼ਨ ਪ੍ਰਸ਼ਾਸਨ ਦੀ ਮੱਦਦ ਨਾਲ ਜਹਾਜ਼ ਨੂੰ ਲੱਭਣ ਦੇ ਯਤਨ ਸ਼ੁਰੂ ਕੀਤੇ। ਜਹਾਜ਼ ਦੀ ਜਗਾ ਦਾ ਪਤਾ ਲਾਉਣ ਲਈ ਸੈਲ ਫੋਨ ਤੇ ਡਰੋਨ ਦੀ ਵਰਤੋਂ ਕੀਤੀ ਗਈ। ਅਧਿਕਾਰੀਆਂ ਅਨੁਸਾਰ ਆਖਰੀਵਾਰ ਜਹਾਜ਼ ਵਰਮੌਂਟ ਵਿਚ ਏਅਰਸਟਰਿਪ ਨੇੜੇ ਵੇਖਿਆ ਗਿਆ। ਸਵੇਰੇ ਤਕਰੀਬਨ 12.20 ਮਿੰਟ 'ਤੇ ਜਹਾਜ਼ ਦਾ ਮਲਬਾ ਜੰਗਲੀ ਖੇਤਰ ਵਿਚੋਂ ਲੱਭ ਲਿਆ ਗਿਆ। ਮੌਕੇ 'ਤੇ ਪੁੱਜੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਜਹਾਜ਼ ਵਿਚ ਸਵਾਰ ਸਾਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਲਾਸ਼ਾਂ ਨੂੰ ਬਰਲਿੰਗਟਨ, ਵਰਮੌਂਟ ਦੇ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਨੇ ਮਾਰੇ ਗਏ ਵਿਅਕਤੀਆਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਘਟਨਾ ਦੀ ਫੈਡਰਲ ਐਵੀਏਸ਼ਨ ਪ੍ਰਸ਼ਾਸਨ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਜਾਂਚ ਕਰ ਰਿਹਾ ਹੈ।


## ਮਿਸੂਰੀ ਦੇ ਪੁਲਿਸ ਅਫਸਰ ਵਿਰੁੱਧ ਕੇ-9 ਅਫਸਰ ਦੀ ਮੌਤ ਦੇ ਮਾਮਲੇ ਵਿਚ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਧਿਕਾਰੀਆਂ ਵੱਲੋਂ ਇਸ ਸਾਲ ਜੂਨ ਮਹੀਨੇ ਵਿਚ ਮਿਸੂਰੀ ਰਾਜ ਦੇ ਇਕ ਪੁਲਿਸ ਅਫਸਰ ਵੱਲੋਂ ਅੱਤ ਦੀ ਗਰਮੀ ਵਿਚ ਆਪਣਾ ਕੇ-9 ਅਫਸਰ (ਕੁੱਤਾ) ਦਿਨ ਭਰ ਕਾਰ ਵਿਚ ਛੱਡ ਦੇਣ ਦੀ ਪੁਸ਼ਟੀ ਕਰ ਦੇਣ ਤੋਂ ਬਾਅਦ ਸਬੰਧਤ ਪੁਲਿਸ ਅਫਸਰ ਵਿਰੁੱਧ ਜਾਨਵਰਾਂ ਨਾਲ ਬਦਸਲੂਕੀ ਦੇ ਦੋਸ਼ ਆਇਦ ਕਰ ਲੈਣ ਦੀ ਖਬਰ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਕੁੱਤੇ ਦੀ ਮੌਤ ਗਰਮੀ ਕਾਰਨ ਸਾਹ ਘੁਟ ਜਾਣ ਦੇ ਸਿੱਟੇ ਵਜੋਂ ਹੋਈ ਸੀ। ਸਾਵਾਨਾਹ ਦੇ ਪੁਲਿਸ ਅਫਸਰ ਲੈਫਟੀਨੈਂਟ ਡੈਨੀਅਲ ਜ਼ੀਗਲਰ ਵਿਰੁੱਧ ਐਂਡਰੀਊ ਕਾਊਂਟੀ ਦੀ ਇਕ ਅਦਾਲਤ ਵਿਚ ਦੋਸ਼ ਆਇਦ ਕੀਤੇ ਗਏ ਹਨ। ਕੇ-9 ਅਫਸਰ ਇਕ ਜਰਮਨ ਸ਼ੈਫਰਡ ਕੁੱਤਾ ਸੀ ਜਿਸ ਦਾ ਨਾਂ ਹੋਰਸ ਸੀ। 20 ਜੂਨ ਨੂੰ ਪੁਲਿਸ ਅਫਸਰ ਜ਼ੀਗਲਰ ਨਾਲ ਰਾਤ ਦੀ ਡਿਊਟੀ ਖਤਮ ਕਰਨ ਉਪਰੰਤ ਉਸ ਨੂੰ ਕਾਰ ਵਿਚ ਹੀ ਛੱਡ ਦਿੱਤਾ ਗਿਆ ਸੀ ਜਿਸ ਕਾਰਨ ਉਸ ਦਿਨ ਸ਼ਾਮ 6 ਵਜੇ ਤੋਂ ਪਹਿਲਾਂ ਉਸ ਦੀ ਮੌਤ ਹੋ ਗਈ ਸੀ। ਜ਼ੀਗਲਰ ਨੇ ਸਾਵਾਨਾਹ ਦੇ ਪੁਲਿਸ ਮੁੱਖੀ ਡੇਵ ਵਿਨਸੈਂਟ ਨੂੰ ਫੋਨ ਕਰਕੇ ਜਾਣਕਾਰੀ ਦਿੱਤੀ ਸੀ ਕਿ ਕੇ-9 ਪੁਲਿਸ ਅਫਸਰ ਦੀ ਮੌਤ ਹੋ ਚੁੱਕੀ ਹੈ।

## ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਆਰਥੀਆਂ ਦਾ ਦਾਖ਼ਲਾ 45 ਫ਼ੀਸਦੀ ਤੱਕ ਘਟਿਆ

ਓਟਵਾ : ਕੈਨੇਡਾ ਦੀਆਂ ਲਗਭਗ 100 ਯੂਨੀਵਰਸਿਟੀਆਂ ਦੀ ਨੁਮਾਇੰਦਗੀ ਕਰਨ ਵਾਲੇ ਇੱਕ ਸਮੂਹ ਨੇ ਚੇਤਾਵਨੀ ਦਿੱਤੀ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਫੈਡਰਲ ਸਰਕਾਰ ਦੀ ਕੈਪ ਦਾ ਪ੍ਰਭਾਵ ਓਟਵਾ ਦੇ ਉਦੇਸ਼ ਨਾਲੋਂ ਬਹੁਤ ਵੱਡਾ ਹੋਵੇਗਾ। ਯੂਨੀਵਰਸਿਟੀਜ਼ ਕਨੇਡਾ ਦੇ ਪ੍ਰਧਾਨ, ਗੈਬਰੀਅਲ ਮਿਲਰ ਨੇ ਗਲੋਬਲ ਦੱਸਿਆ ਕਿ ਜਦੋਂ ਸਕੂਲ ਅਧਿਕਾਰਤ ਤੌਰ 'ਤੇ ਗਿਣਤੀ ਕਰਦੇ ਹਨ ਕਿ ਕਿੰਨੇ ਵਿਦਿਆਰਥੀ ਆਏ ਅਤੇ ਦਾਖਲ ਹੋਏ ਹਨ, ਤਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ 45 ਫੀਸਦੀ ਗਿਰਾਵਟ ਹੋਵੇਗੀ। ਅੰਤਮ ਗਿਣਤੀ ਅਕਤੂਬਰ ਵਿੱਚ ਦੱਸੀ ਜਾਵੇਗੀ। ਇਕ ਇੰਟਰਵਿਊ ਵਿਚ ਉਨ੍ਹਾ ਕਿਹਾ ਕਿ ਇੱਥੇ ਪੂਰੀ ਸੰਭਾਵਨਾ ਹੈ ਕਿ ਇਹ ਸਾਡੇ ਡਰ ਨਾਲੋਂ ਵੀ ਬੁਰਾ ਹੋਣ ਜਾ ਰਿਹਾ ਹੈ ਪਰ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਅਸੀਂ ਪਹਿਲਾਂ ਹੀ ਉਸ ਖੇਤਰ ਵਿੱਚ ਹਾਂ ਜਿਸਦੀ ਕਿਸੇ ਨੂੰ ਵੀ ਉਮੀਦ ਨਹੀਂ ਸੀ ਅਤੇ ਇਸ ਲਈ ਉਟਵਾ ਵਿੱਚ ਇੱਕ ਵੱਡੀ ਅਲਾਰਮ ਘੰਟੀ ਵਜਾਉਣ ਦੀ ਜ਼ਰੂਰਤ ਹੈ ਕਿ ਸਾਨੂੰ ਇਸ ਨੂੰ ਤੁਰੰਤ ਸਹੀ ਕਰਨਾ ਹੋਵੇਗਾ। ਰਾਸ਼ਟਰੀ ਕੈਪ ਜਨਵਰੀ ਵਿੱਚ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਵਲੋਂ ਰੱਖੀ ਗਈ ਸੀ, ਜਿਨ੍ਹਾਂ ਨੇ ਉਸ ਸਮੇਂ ਕਿਹਾ ਸੀ ਕਿ ਅਗਲੇ ਦੋ ਸਾਲਾਂ ਵਿੱਚ ਦਾਖਲੇ ਵਿੱਚ 35 ਪ੍ਰਤੀਸ਼ਤ ਦੀ ਕਮੀ ਆਵੇਗੀ।

## ਹਰਿਆਣਾ ਕਾਂਗਰਸ ਨੇ 31 ਉਮੀਦਵਾਰਾਂ ਦੀ ਸੂਚੀ ਕੀਤੀ ਜਾਰੀ, ਵਿਨੇਸ਼ ਫੋਗਾਟ ਨੂੰ ਮਿਲੀ ਟਿਕਟ



ਹਰਿਆਣਾ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨੇ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਪਾਰਟੀ ਨੇ ਜੁਲਾਨਾ ਤੋਂ ਪਹਿਲਵਾਨ ਵਿਨੇਸ਼ ਫੋਗਾਟ ਨੂੰ ਉਮੀਦਵਾਰ ਬਣਾਇਆ ਹੈ। ਗੜ੍ਹੀ ਸਾਂਪਲਾ-ਕਿਲੋਈ ਤੋਂ ਭੁਪਿੰਦਰ ਸਿੰਘ ਹੁੱਡਾ, ਮਹਿੰਦਰਗੜ੍ਹ ਤੋਂ ਰਾਓ ਦਾਨ ਸਿੰਘ, ਨੂਹ ਤੋਂ ਆਫਤਾਬ ਅਹਿਮਦ, ਹੋਡਲ ਤੋਂ ਉਦੈ ਭਾਨ ਅਤੇ ਬਾਦਲੀ ਤੋਂ ਮੌਜੂਦਾ ਵਿਧਾਇਕ ਕੁਲਦੀਪ ਵਤਸ ਨੂੰ ਟਿਕਟ ਦਿੱਤੀ ਗਈ ਹੈ। 31 ਉਮੀਦਵਾਰਾਂ ਦੇ ਨਾਂ ਦੀ ਪਹਿਲੀ ਸੂਚੀ ਜਾਰੀ ਹੋਣ ਤੋਂ ਬਾਅਦ ਇਕ ਹੋਰ ਉਮੀਦਵਾਰ ਦਾ ਨਾਂ ਜਾਰੀ ਕੀਤਾ ਗਿਆ ਹੈ। ਕਾਂਗਰਸ ਨੇ ਬਲਬੀਰ ਸਿੰਘ ਨੂੰ ਇਸਰਾਨਾ (ਐਸਸੀ) ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਭਾਵ ਹੁਣ ਤੱਕ 32 ਉਮੀਦਵਾਰਾਂ ਦੇ ਨਾਂ ਜਾਰੀ ਕੀਤੇ ਜਾ ਚੁੱਕੇ ਹਨ। ਕਾਂਗਰਸ ਨੇ ਜੁਲਾਨਾ ਵਿਧਾਨ ਸਭਾ ਤੋਂ ਵਿਨੇਸ਼ ਫੋਗਾਟ ਨੂੰ ਉਮੀਦਵਾਰ ਬਣਾਇਆ ਹੈ। ਅਜਿਹੇ ਚ ਵਿਨੇਸ਼ ਦੇ ਮੈਦਾਨ ਚ ਆਉਣ ਨਾਲ ਮੁਕਾਬਲਾ ਦਿਲਚਸਪ ਹੋ ਗਿਆ ਹੈ। ਜੁਲਾਨਾ ਤੋਂ 2019 ਵਿੱਚ ਜੇਜੇਪੀ ਆਗੂ ਅਮਰ ਜੀਤ ਢਾਂਡਾ ਨੇ ਚੋਣ ਲੜੀ ਸੀ ਅਤੇ 61942 ਵੋਟਾਂ ਹਾਸਲ ਕੀਤੀਆਂ ਸਨ ਅਤੇ ਭਾਜਪਾ ਨੂੰ 37749 ਵੋਟਾਂ ਮਿਲੀਆਂ ਸਨ ਅਤੇ ਜੇਜੇਪੀ ਨੇ 24193 ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ। ਜੇਜੇਪੀ ਨੇ 2019 ਵਿੱਚ ਵਿਧਾਨ ਸਭਾ ਨੂੰ ਤਾਲਾ ਖੋਲ੍ਹਣ ਲਈ ਕੰਮ ਕੀਤਾ ਸੀ ਅਤੇ ਸਾਢੇ ਚਾਰ ਸਾਲਾਂ ਤੱਕ ਭਾਜਪਾ ਨਾਲ ਗੱਠਜੋੜ ਵਿੱਚ ਰਾਜ ਕੀਤਾ ਅਤੇ ਜੇਜੇਪੀ ਨੇਤਾ ਦੁਸ਼ਯੰਤ ਚੌਟਾਲਾ ਉਪ ਮੁੱਖ ਮੰਤਰੀ ਬਣੇ।

# ਨਕੋਦਰ ਬੇਅਦਬੀ ਕਾਂਡ ਕਾਰਣ ਸੁਖਬੀਰ ਸਿੰਘ ਬਾਦਲ ਤੇ ਉਸਦੇ ਜੋਟੀਦਾਰ ਫਿਰ ਫਸੇ, ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਵਾਪਸ ਲਈ

**✪ ਜਥੇਦਾਰ ਮੌਨ ਕਿਉਂ, ਬਾਦਲਕਿਆਂ ਦੀਆਂ ਸਰਗਰਮੀਆਂ ਉਪਰ ਪਾਬੰਦੀਆਂ ਕਿਉਂ ਨਹੀਂ ✪ ਵਾਰ ਵਾਰ ਸਿਖ ਪੰਥ ਪ੍ਰਤੀ ਗੁਨਾਹ ਦੁਹਰਾ ਰਹੇ ਨੇ ਬਾਦਲਕੇ ✪ ਕੀ ਪੰਥ ਦੇ ਗੁਨਾਹਗਾਰ ਚਲਾਉਣਗੇ ਅਕਾਲੀ ਦਲ, ਜਥੇਦਾਰ ਜੁਆਬ ਦੇਣ**



## ਕਵਰ ਸਟੋਰੀ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ



ਜਥੇਦਾਰ ਅਕਾਲ ਤਖਤ ਸਮੇਤ ਸਿੰਘ ਸਾਹਿਬਾਨ ਬਾਦਲ ਧੜੇ ਖਿਲਾਫ ਨਰਮ ਵਰਤਾਰਾ ਅਪਨਾ ਰਹੇ ਹਨ। ਇਨ੍ਹਾਂ ਦੀਆਂ ਸਿਆਸੀ ਗਤੀਵਿਧੀਆਂ ਉਪਰ ਇਨ੍ਹਾਂ ਬਿਲਕੁਲ ਪਾਬੰਦੀਆਂ ਨਹੀਂ ਲਗਾਈਆਂ ਜਦ ਕਿ ਇਹ ਸਿਖ ਪੰਥ ਦੇ ਦੋਸ਼ੀ ਹਨ, ਜਿਨ੍ਹਾਂ ਕਾਰਣ ਸਿਖ ਪੰਥ ਦਾ ਘਾਣ ਹੋਇਆ ਹੈ। ਜਦ ਕਿ ਸੁਖਬੀਰ ਸਿੰਘ ਬਾਦਲ ਸਮੇਤ,ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ ਮਹੇਸ਼ ਸਿੰਘ ਗਰੇਵਾਲ ਸੌਦਾ ਸਾਧ ਦੀ ਮੁਆਫੀ ਵਿਚ ਪਿਉ-ਪੁੱਤ ਬਾਦਲ ਦੇ ਖਾਸ ਜੋਟੀਦਾਰ ਰਹੇ ਹਨ।

ਹੁਣ ਬਾਦਲਕਿਆਂ ਨੇ ਆਪਣੇ ਚਹੇਤੇ ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਰਾਹੀਂ ਸਿੰਘ ਸਾਹਿਬਾਨਾਂ ਨੂੰ ਗੁਮਰਾਹ ਕਰਨ ਦਾ ਯਤਨ ਕੀਤਾ ਹੈ ਕਿ ਇਕ ਪੱਤਰ ਭੇਜਕੇ ਮੰਗ ਕੀਤੀ ਹੈ ਕਿ ਜਿਹੜੇ ਕਾਂਗਰਸੀ, ਆਪ ਆਗੂ ਚੋਣਾਂ ਦੌਰਾਨ ਸੌਦਾ ਸਾਧ ਕੋਲ ਵੋਟਾਂ ਮੰਗਣ ਗਏ ਸਨ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਪੇਸ਼ ਕੀਤਾ ਜਾਵੇ। ਜਦਕਿ ਇਹਨਾਂ ਸਭ ਦੀ ਪੇਸ਼ੀ ਹੋ ਚੁਕੀ ਹੈ।

ਜਦ ਕਿ ਮਸਲਾ ਬਹਿਬਲ ਗੋਲੀ ਕਾਂਡ ਤੇ ਸੌਦਾ ਸਾਧ ਨੂੰ ਅਕਾਲ ਤਖਤ ਤੋਂ ਮਾਫ ਕਰਵਾਉਣ ਦਾ ਮਸਲਾ ਹੈ। ਇਸ ਦੇ ਲਈ ਵਡਾ ਬਾਦਲ ਸੁਖਬੀਰ ਸਿੰਘ ਬਾਦਲ, ਗਿਆਨੀ ਗੁਰਬਚਨ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਤੇ ਸੁਖਬੀਰ ਬਾਦਲ ਦੇ ਧੜੇ ਦੇ ਮੁਖ ਲੀਡਰ ਜਿੰਮੇਵਾਰ ਹਨ।

ਸਿੰਘ ਸਾਹਿਬਾਨ ਨੂੰ ਕਰਨੈਲ ਸਿੰਘ ਪੀਰ ਮੁਹੰਮਦ ਉਪਰ ਕਾਰਵਾਈ ਕਰਨੀ ਚਾਹੀਦੀ ਹੈ ਕਿਉਂ ਕਿ ਉਹ ਇਸ ਮਸਲੇ ਨੂੰ ਭਟਕਾਉਣ ਤੇ ਸਿੰਘ ਸਾਹਿਬਾਨ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

### ਦਰਬਾਰਾ ਸਿੰਘ ਗੁਰੂ ਨਕੋਦਰ ਬੇਅਦਬੀ ਕਾਂਡ ਦਾ ਦੋਸ਼ੀ ?

ਸੁਖਬੀਰ ਬਾਦਲ ਦੀ ਸਿਖ ਪੰਥ ਨੂੰ ਠੇਸ ਪਹੁੰਚਾਉਣ ਦੀ ਦੂਜੀ ਗੁਨਾਹਗਾਰ ਵਜੋਂ ਪ੍ਰਕਿਰਿਆ ਦਰਬਾਰਾ ਸਿੰਘ ਗੁਰੂ ਨੂੰ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦਾ ਸਕਤਰ ਲਗਾਉਣਾ ਜਿਸ ਉਪਰ ਨਕੋਦਰ ਬੇਅਦਬੀ ਕਾਂਡ ਦੌਰਾਨ ਸਿਖਾਂ ਉਪਰ ਗੋਲੀਕਾਂਡ ਦੇ ਦੋਸ਼ ਲਗੇ ਸਨ। ਇਹ ਸਪਸ਼ਟ ਹੈ ਕਿ ਦਰਬਾਰਾ ਸਿੰਘ ਗੁਰੂ ਬਾਦਲ ਪਰਿਵਾਰ ਦੇ ਅਤਿ ਨੇੜੇ ਹੈ ।ਵਡੀ ਗਲ ਇਹ ਹੈ ਕਿ ਸੁਖਬੀਰ ਬਾਦਲ ਸਿਖ ਪੰਥ ਵਿਰੁਧ ਲਗਾਤਾਰ ਅਪਰਾਧ ਕਰ ਰਹੇ ਹਨ। ਪਰ ਸਿੰਘ ਸਾਹਿਬਾਨ ਸੁਖਬੀਰ ਬਾਦਲ ਸਮੇਤ ਇਹਨਾਂ ਦੇ ਜੋਟੀਦਾਰ ਦੀਆਂ ਗਤੀਵਿਧੀਆਂ ਉਪਰ ਪਾਬੰਦੀਆਂ ਨਹੀਂ ਲਗਾ ਰਹੇ। ਜਦ ਕਿ ਇਹ ਜਰੂਰੀ ਸੀ।

ਬੀਤੇ ਦਿਨੀਂ 1986 ਸਾਕਾ ਨਕੋਦਰ ਕਾਂਡ ਨਾਲ ਜੁੜੇ ਦਰਬਾਰਾ ਸਿੰਘ ਗੁਰੂ ਨਿਯੁਕਤੀ ਦੇ ਖ਼ਿਲਾਫ਼ ਨਕੋਦਰ ਕਾਂਡ ਦੇ ਸ਼ਹੀਦ ਰਵਿੰਦਰ ਸਿੰਘ ਲਿਤਰਾਂ ਦੇ ਮਾਪਿਆਂ ਨੇ ਜਥੇਦਾਰ ਨੂੰ ਚਿੱਠੀ ਲਿਖਕੇ ਬੇਨਤੀ ਕੀਤੀ ਸੀ ਕਿ ਸੁਖਬੀਰ ਬਾਦਲ ਦੀ ਸਜ਼ਾ ਸਬੰਧੀ ਆਪਣਾ ਫ਼ੈਸਲਾ ਲੈਣ ਸਮੇਂ ਇਸ ਨੂੰ ਧਿਆਨ ਵਿੱਚ ਰੱਖਿਆ ਜਾਵੇ।



ਚਿੱਠੀ ਵਿੱਚ ਨਕੋਦਰ ਕਾਂਡ ਦੇ ਸ਼ਹੀਦ ਰਵਿੰਦਰ ਸਿੰਘ ਲਿਤਰਾਂ ਦੇ ਮਾਪਿਆਂ ਨੇ ਕਿਹਾ ਸੀ ਕਿ 2 ਫਰਵਰੀ 1986 ਨੂੰ ਨਕੋਦਰ ਦੇ ਗੁਰੂ ਨਾਨਕਪੁਰਾ ਮਹੱਲੇ ਦੇ ਗੁਰੂ ਅਰਜਨ ਸਾਹਿਬ ਜੀ ਦੇ ਗੁਰਦਵਾਰਾ ਸਾਹਿਬ ਵਿੱਚ ਬਰਨਾਲਾ ਅਕਾਲੀ ਸਰਕਾਰ ਦੇ ਰਾਜ ਦੌਰਾਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਜ ਸਰੂਪ ਪੰਥ ਦੋਖੀਆਂ ਨੇ ਅਗਨ ਭੇਂਟ ਕਰ ਦਿੱਤੇ ਸਨ, 38 ਸਾਲ ਬੀਤਣ ਦੇ ਬਾਵਜੂਦ ਅੱਜ ਤੱਕ ਕੋਈ ਵੀ ਸਰਕਾਰ ਇਹ ਪਤਾ ਨਹੀਂ ਲਗਾ ਸਕੀ ਕਿ ਇਸ ਘਿਨੌਣੀ ਕਾਰਵਾਈ ਲਈ ਕੌਣ ਜ਼ਿੰਮੇਵਾਰ ਸੀ, ਕਿਸੇ ਨੂੰ ਅੱਜ ਤੱਕ ਸਜ਼ਾ ਨਹੀਂ ਮਿਲੀ।

ਚਾਰ ਬੇ.ਗੁਨਾਹ ਸਿੱਖ ਨੌਜਵਾਨਾਂ - ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਲਮਣ ਸਿੰਘ ਗੋਰਸੀਆਂ ਅਤੇ ਭਾਈ ਹਰਮਿੰਦਰ ਸਿੰਘ ਚਲੂਪਰ ਨੂੰ 4 ਫਰਵਰੀ 1986 ਨੂੰ ਉਸ ਸਮੇਂ ਦੀ ਪੰਥਕ ਸਰਕਾਰ ਨੇ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦਾ ਵਿਰੋਧ ਕਰਨ ਕਾਰਨ ਦਿਨ ਦਿਹਾੜੇ ਛਾਤੀਆਂ ਵਿੰਨ੍ਹ ਕੇ ਸ਼ਹੀਦ ਕਰ ਦਿੱਤਾ ਸੀ, ਉਨ੍ਹਾਂ ਦੇ ਪੋਸਟ ਮਾਰਟਮ ਵੀ ਅਜੋਕੇ ਪੰਥਕ ਆਗੂ ਤੇ ਉਸ ਸਮੇਂ ਦੇ ਐਕਟਿੰਗ ਡਿਪਟੀ ਕਮਿਸ਼ਨਰ ਦਰਬਾਰਾ ਸਿੰਘ ਗੁਰੂ ਦੇ ਹੁਕਮਾਂ 'ਤੇ ਕੀਤੇ ਗਏ, ਪਰਿਵਾਰਾਂ ਨੂੰ ਆਪਣੇ ਬੱਚਿਆਂ ਦੇ ਸ਼ਹੀਦੀ ਸਰੂਪ ਵੀ ਅੰਤਿਮ ਸਸਕਾਰ ਲਈ ਨਸੀਬ ਨਾ ਹੋਏ ਤੇ ਉਸ ਸਮੇ ਦੇ ਐੱਸ ਐੱਸ ਪੀ ਮੁਹੰਮਦ ਇਜ਼ਹਾਰ ਆਲਮ ਜਿਸ ਦੀ ਦੇਖ ਰੇਖ ਵਿੱਚ ਇਹ ਸਾਕਾ ਵਾਪਰਿਆ ਨੂੰ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ ਤੇ ਪੰਥਕ ਪਾਰਟੀ ਨੇ ਉਸ ਦੇ ਮਰਨ ਤੱਕ ਉਸ ਦੀ ਪੁਸ਼ਤ ਪਨਾਹੀ ਕੀਤੀ ।

ਸ਼ਹੀਦ ਪਰਿਵਾਰ ਨੇ ਲਿਖਿਆ ਕਿ ਨਕੋਦਰ ਸਾਕੇ ਦੀ ਜਾਂਚ ਲਈ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ, ਜਿਸਨੇ ਆਪਣੀ ਰਿਪੋਰਟ ਪੰਜਾਬ ਦੀ ਸਰਕਾਰ ਨੂੰ 31 ਅਕਤੂਬਰ 1986 ਨੂੰ ਸੌਂਪ ਦਿੱਤੀ, ਪਰ ਪੰਥਕ ਸਰਕਾਰ ਨੇ ਇਹ ਰਿਪੋਰਟ ਦੱਬ ਦਿੱਤੀ ਅਤੇ 5 ਮਾਰਚ 2001 ਨੂੰ ਪੰਥਕ ਸਰਕਾਰ ਨੇ ਇੱਕ ਵਾਰ ਫੇਰ ਇਹ ਰਿਪੋਰਟ ਦਾ ਇੱਕ ਹਿੱਸਾ ਖਾਨਾ ਪੂਰਤੀ ਲਈ ਵਿਧਾਨ ਸਭਾ ਵਿੱਚ ਰੱਖਕੇ ਮੁਲਜ਼ਮਾਂ ਨੂੰ ਬਚਾ ਲਿਆ, ਲੋੜੀਂਦੀ ਐਕਸ਼ਨ ਟੇਕਨ ਰਿਪੋਰਟ ਵੀ ਵਿਧਾਨ ਸਭਾ ਵਿਚ ਨਾ ਰੱਖੀ ਗਈ।

ਪੀੜਤਾਂ ਨੇ ਇਹ ਵੀ ਕਿਹਾ ਹੈ ਕਿ ਦਰਬਾਰਾ ਸਿੰਘ ਗੁਰੂ ਨੇ ਫਰਵਰੀ 2022 ਵਿਚ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਕੇ ਕਾਂਗਰਸ ਪਾਰਟੀ ਵਿਚ ਸ਼ਮੂਲੀਅਤ ਕਰ ਲਈ ਸੀ, ਪਰ ਪਤਾ ਨਹੀਂ ਕਿੰਨ੍ਹਾਂ ਕਾਰਨਾਂ ਕਰ ਕੇ ਬਾਦਲਕਿਆਂ ਨੇ ਨਾ ਸਿਰ.ਫ ਇਸ ਨੂੰ ਦੁਬਾਰਾ ਪਾਰਟੀ ਵਿਚ ਵਾਪਸ ਲਿਆਂਦਾ ਹੈ ਬਲਕਿ ਨਵੇਂ ਕਾਰਜ਼ਕਾਰੀ ਪ੍ਰਧਾਨ ਦਾ ਖ਼ਾਸ ਸਲਾਹਕਾਰ ਵੀ ਨਿਯੁਕਤ ਕੀਤਾ ਹੈ ?

### ਸਾਡੇ ਜ਼ਖਮਾਂ ਉਪਰ ਵਾਰ ਵਾਰ ਬਾਦਲਕੇ ਲੂਣ ਨਾ ਛਿੜਕਨ-ਸ਼ਹੀਦ ਪਰਿਵਾਰ

ਸ਼ਹੀਦਾਂ ਦੇ ਪਰਿਵਾਰ ਨੇ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਜ਼ਖ਼ਮਾਂ ਤੇ ਵਾਰ-ਵਾਰ ਲੂਣ ਨਾ ਛਿੜਕਿਆ ਜਾਵੇ। ਇਸ ਤੋਂ ਪਹਿਲਾਂ ਇਸੇ ਦਰਬਾਰਾ ਸਿੰਘ ਗੁਰੂ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਪ੍ਰਿੰਸੀਪਲ ਸੈਕਟਰੀ ਲਗਾਇਆ, ਉਨ੍ਹਾਂ ਨੂੰ 2012 ਵਿਚ ਭਦੌੜ ਤੋਂ, 2017 ਵਿਚ ਬੱਸੀ ਪਠਾਣਾ ਤੋਂ ਤੇ 2019 ਵਿਚ .ਫਤਹਿਗੜ੍ਹ ਸਾਹਿਬ ਤੋਂ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਟਿਕਟਾਂ ਦਿੱਤੀਆਂ ਜੋ ਕਿ ਸਿੱਖ ਕੌਮ ਦੀਆ ਭਾਵਨਾਵਾਂ ਦੇ ਬਿਲਕੁਲ ਉਲਟ ਸੀ ਅਤੇ ਦਰਬਾਰਾ ਸਿੰਘ ਗੁਰੂ ਤਿੰਨੇ ਵਾਰ ਹਾਰੇ। ਸੁਮੇਧ ਸੈਣੀ ਅਤੇ ਇਜ਼ਹਾਰ ਆਲਮ ਵਾਂਗ ਦਰਬਾਰਾ ਸਿੰਘ ਗੁਰੂ ਵੀ ਇਸੇ ਕਤਾਰ ਵਿੱਚ ਆਉਂਦੇ ਹਨ। ਇਸ ਤੋਂ ਸਪਸ਼ਟ ਹੈ ਕੀ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਸੀਨੀਅਰ ਸਾਥੀ ਬਲਵਿੰਦਰ ਸਿੰਘ ਭੂੰਦੜ ਆਦਿ ਸਮੇਤ ਸਿਖ ਪੰਥ ਦੇ ਜ਼ਖਮ ਉਪਰ ਵਾਰ ਵਾਰ ਲੂਣ ਭੂਕ ਰਹੇ ਹਨ। ਇਸ ਬਾਰੇ ਸਿਖ ਪੰਥ ਨੂੰ ਜਾਗਣਾ ਚਾਹੀਦਾ ਹੈ। ਇਹਨਾਂ ਕੂੜ ਦੀਆਂ ਕਾਰਵਾਈਆਂ ਦਾ ਵਿਰੋਧ ਕਰਨਾ ਚਾਹੀਦਾ ਹੈ।

### ਦਰਬਾਰਾ ਸਿੰਘ ਗੁਰੂ ਬਾਰੇ ਬਾਦਲਕਿਆਂ ਦਾ ਯੂ ਟਰਨ

ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਆਈ.ਏ.ਐੱਸ.ਅਧਿਕਾਰੀ ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ 'ਤੇ ਇਸੇ ਕਾਰਣ ਯੂ-ਟਰਨ ਲੈ ਲਿਆ ਹੈ। ਪਾਰਟੀ ਨੇ ਕਾਰਜਕਾਰੀ ਪ੍ਰਧਾਨ ਸ: ਬਲਵਿੰਦਰ ਸਿੰਘ ਭੂੰਦੜ ਦੇ ਸਲਾਹਕਾਰ ਵਜੋਂ ਕੀਤੀ ਗਈ ਉਨ੍ਹਾਂ ਦੀ ਨਿਯੁਕਤੀ ਵਾਪਸ ਲੈ ਲਈ ਹੈ। ਬਾਦਲ ਦਲ ਹਾਲੇ ਤਕ ਆਪਣੇ ਤੌਰ ਤਰੀਕਿਆਂ ਨੂੰ ਸੁਧਾਰਣ ਲਈ ਅਜੇ ਵੀ ਤਿਆਰ ਨਹੀਂ ਹੈ। ਅਕਾਲ ਤਖਤ ਵਲੋਂ ਸੁਖਬੀਰ ਬਾਦਲ ਨੂੰ ਪੰਥਕ ਦੋਸ਼ਾਂ ਕਾਰਣ ਗੁਨਾਹਗਾਰ ਵਜੋਂ ਸੰਬੋਧਨ ਕੀਤਾ ਸੀ।

### ਕੀ ਕਹਿੰਦੇ ਨੇ ਦਰਬਾਰਾ ਸਿੰਘ ਗੁਰੂ

ਦੂਜੇ ਪਾਸੇ ਦਰਬਾਰਾ ਸਿੰਘ ਗੁਰੂ ਦਾ ਕਹਿਣਾ ਸੀ ਕਿ ਉਹ ਨਾ ਤਾਂ ਮੌਕੇ 'ਤੇ ਮੌਜੂਦ ਸਨ ਅਤੇ ਨਾ ਹੀ ਉਨ੍ਹਾਂ ਗੋਲੀ ਚਲਾਉਣ ਲਈ ਕੋਈ ਹੁਕਮ ਜਾਂ ਪ੍ਰਵਾਨਗੀ ਦਿੱਤੀ ਸੀ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਤਾਂ ਪੁਲਿਸ ਦੇ ਅਧਿਕਾਰੀਆਂ ਵੱਲੋਂ ਗੋਲੀ ਚਲਾਉਣ ਤੋਂ ਬਾਅਦ ਵੀ ਸੂਚਿਤ ਨਹੀਂ ਕੀਤਾ ਗਿਆ ਸੀ।

ਬਾਕੀ ਹਿਸਾ ਸਫਾ 12 ਤੇ ਪੜ੍ਹੋ

11 ਸਫ਼ੇ ਦੀ ਬਾਕੀ

ਉਨ੍ਹਾਂ ਨੇ 1986 ਦੇ ਨਕੋਦਰ ਪੁਲਿਸ ਕੇਸ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ ਅਤੇ ਜ਼ੋਰ ਦੇ ਕੇ ਕਿਹਾ ਹੈ ਕਿ ਕੁਝ ਤਾਕਤਾਂ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਸਰਗਰਮ ਹਨ। ਇਹ ਤਾਂ ਦਰਬਾਰਾ ਸਿੰਘ ਗੁਰੂ ਦਾ ਪਖ ਹੈ। ਪਰ ਅੰਤਮ ਫੈਸਲਾ ਸਿਖ ਪੰਥ ਦਾ ਹੋਣਾ ਹੈ। ਮੁਖ ਸੰਕਟ ਦਾ ਵਿਸ਼ਾ ਹੈ ਕਿ ਸੁਖਬੀਰ ਬਾਦਲ ਦੇ ਸਲਾਹਕਾਰ ਉਹੀ ਹਨ ਜੋ ਸਿਖ ਪੰਥ ਵਿਰੋਧੀ ਹਨ ਤੇ ਸਿਖ ਪੰਥ ਪ੍ਰਤੀ ਗੁਨਾਹਗਾਰ ਹਨ।

## ਦਰਬਾਰਾ ਸਿੰਘ ਗੁਰੂ ਇਨ੍ਹਾਂ ਸੁਆਲਾਂ ਦੇ ਜੁਆਬ ਦੇਣ

ਕੀ ਫਤਿਹਗੜ੍ਹ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦਰਬਾਰਾ ਸਿੰਘ ਗੁਰੂ ਨੇ 1986 ਦੀ ਨਕੋਦਰ ਫਾਇਰਿੰਗ, ਜਿਸ ਵਿੱਚ 4 ਸਿੱਖ ਨੌਜਵਾਨ ਮਾਰੇ ਗਏ ਸਨ, ਵਿੱਚ ਕੋਈ ਭੂਮਿਕਾ ਨਿਭਾਈ ਸੀ? ਕੀ ਜਲੰਧਰ ਦੇ ਅਕਾਲੀ ਉਮੀਦਵਾਰ-ਚਰਨਜੀਤ ਸਿੰਘ ਅਟਵਾਲ ਨੇ 2001 ਵਿੱਚ ਪੰਜਾਬ ਵਿਧਾਨ ਦਾ ਸਪੀਕਰ ਹੁੰਦਿਆਂ ਨਕੋਦਰ ਕਤਲੇਆਮ ਅਤੇ ਬੇਅਦਬੀ ਬਾਰੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਬਾਦਲ ਦਲ ਦੇ ਦਬਾਅ ਹੇਠ, ਐਕਸ਼ਨ ਟੇਕਨ ਰਿਪੋਰਟ ਤੋਂ ਬਿਨਾਂ ਪੰਜਾਬ ਵਿਧਾਨ ਸਭਾ ਵਿੱਚ ਰੱਖੀ ਸੀ? ਕੀ ਬਾਦਲ ਦਲ ਰਿਪੋਰਟ ਨੂੰ ਦਬਾਉਣ ਅਤੇ ਮੁਲਜ਼ਮਾਂ ਨੂੰ ਉੱਚ ਅਹੁਦਿਆਂ 'ਤੇ ਰੱਖਣ ਨਾਲ ਉਨ੍ਹਾਂ ਨੂੰ ਬਚਾਉਣ ਲਈ ਦੋਸ਼ੀ ਨਹੀਂ ਹੈ?

## ਇਨ੍ਹਾਂ ਸੁਆਲਾਂ ਦਾ ਜਵਾਬ ਕੌਣ ਦੇਵੇਗਾ ਸਿੰਘ ਸਾਹਿਬਾਨ ਜਾਂ ਬਾਦਲਕਿਆਂ ਦੀ ਦੋਸ਼ੀ ਲੀਡਰਸ਼ਿਪ

ਅਠੱਤੀ ਸਾਲ ਪਹਿਲਾਂ, ਚਾਰ ਸਿੱਖ ਨੌਜਵਾਨ-ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੋਰਸੀਆਂ ਅਤੇ ਹਰਮਿੰਦਰ ਸਿੰਘ ਚਲੂਪਰ ਨੂੰ 4 ਫਰਵਰੀ, 1986 ਨੂੰ ਨਕੋਦਰ ਵਿਖੇ ਬਿਨਾ ਕਿਸੇ ਭੜਕਾਹਟ ਦੇ ਚਲਾਈ ਗਈ ਪੁਲਿਸ ਗੋਲੀਬਾਰੀ ਵਿੱਚ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਗੋਲੀਬਾਰੀ ਗੁਰਦੁਆਰਾ ਗੁਰੂ ਅਰਜਨ ਸਾਹਿਬ ਮਹੱਲਾ ਗੁਰੂ ਨਾਨਕਪੁਰਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਤੋਂ ਬਾਅਦ ਹੋਈ ਸੀ। ਜਨਤਕ ਦਬਾਅ ਅੱਗੇ ਝੁਕਦਿਆਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਗਿਆ, ਜਿਸਨੇ ਆਪਣੀ ਰਿਪੋਰਟ ਵਿੱਚ "ਬੇਲੋੜੀ ਗੋਲੀਬਾਰੀ ਲਈ ਪੁਲਿਸ ਨੂੰ ਦੋਸ਼ੀ ਅਤੇ ਪ੍ਰਸ਼ਾਸਨ ਨੂੰ ਸਹੀ ਫੈਸਲਿਆਂ ਦੀ ਘਾਟ ਅਤੇ ਅਯੋਗਤਾ ਲਈ ਦੋਸ਼ੀ ਕਰਾਰ ਦਿੱਤਾ"। ਇਹ ਰਿਪੋਰਟ ਅਕਤੂਬਰ 1986 ਵਿਚ ਹੀ ਸਰਕਾਰ ਨੂੰ ਸੌਂਪ ਦਿੱਤੀ ਗਈ ਸੀ।

31 ਅਕਤੂਬਰ 1986 ਨੂੰ ਪੰਜਾਬ ਸਰਕਾਰ ਨੂੰ ਸੌਂਪੀ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਨੂੰ ਪੂਰੀ ਤਰ੍ਹਾਂ ਵਿਸ਼ਲੇਸ਼ਣ ਕਰਦਿਆਂ ਇਹ ਸਿੱਟਾ ਕੱਢਿਆ ਹੈ ਕਿ ਦਰਬਾਰਾ ਸਿੰਘ ਗੁਰੂ ਫਰਵਰੀ 1986 ਵਿੱਚ ਵੱਖ-ਵੱਖ ਕਾਰਵਾਈਆਂ ਕਰਨ ਅਤੇ ਕਈ ਕਾਰਵਾਈਆਂ ਨਾ ਕਰਨ ਦੇ ਦੋਸ਼ੀ ਹਨ। ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਮੁਤਾਬਕ ਉਹ ਚਾਰ ਸਿੱਖ ਨੌਜਵਾਨਾਂ ਦੀ ਗੈਰ-ਕਾਨੂੰਨੀ ਹੱਤਿਆ ਦੀ ਸਾਜਿਸ਼ ਦਾ ਦੋਸ਼ੀ ਹੈ।

ਜਿਸ ਢੰਗ ਨਾਲ ਚਾਰ ਸਿੱਖ ਜਵਾਨਾਂ ਦੀ ਹੱਤਿਆ ਦੇ ਬਾਬਤ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਚਰਨਜੀਤ ਸਿੰਘ ਅਟਵਾਲ ਨੇ ਪੰਜਾਬ ਅਸੈਂਬਲੀ ਦੇ ਸਪੀਕਰ ਦੇ ਤੌਰ 'ਤੇ ਪੇਸ਼ ਕੀਤੀ, ਉਹ ਸਾਨੂੰ ਦਰਸਾਉਂਦਾ ਹੈ ਕਿ ਸਪੀਕਰ ਅਤੇ ਉਨ੍ਹਾਂ ਦਾ ਦਫ਼ਤਰ, ਬਾਦਲ ਦਲ ਦੇ ਨਾਲ ਦਸਤਾਵੇਜ਼ ਨੂੰ ਦਬਾਉਣ ਵਿੱਚ ਸ਼ਾਮਲ ਸੀ। ਇਸ ਰਿਪੋਰਟ ਨੂੰ 5 ਮਾਰਚ 2001 ਨੂੰ ਬਹਿਸ ਅਤੇ ਵਿਚਾਰ ਕੀਤੇ ਤੋਂ ਬਿਨਾਂ ਹੀ, ਐਕਸ਼ਨ ਟੇਕਨ ਰਿਪੋਰਟ ਦੀ ਅਣਹੋਂਦ ਵਿਚ ਹੀ, ਚੋਰੀ-ਛਿਪੇ ਰੱਖ ਦਿੱਤਾ ਗਿਆ ਸੀ। ਅਟਵਾਲ ਵੀ ਉਸ ਹੱਦ ਤੱਕ ਇਨਸਾਫ ਨੂੰ ਦਬਾਉਣ ਦੇ ਸਾਜ਼ਿਸ਼ਕਾਰ ਹਨ।

## ਬਾਦਲ ਦਲ ਦੀ ਲੀਡਰਸ਼ਿਪ

ਵਡੇ ਬਾਦਲ ਤਾਂ ਇਸ ਦੁਨੀਆਂ ਵਿਚ ਨਹੀਂ ਹਨ, ਸੁਖਬੀਰ ਸਿੰਘ ਬਾਦਲ ਨੂੰ ਪੰਜਾਬ ਦੇ ਲੋਕਾਂ ਨੂੰ ਇਹ ਦੱਸਣਾ ਪਵੇਗਾ ਕਿ ਇਨ੍ਹਾਂ ਸਾਰੇ ਦਹਾਕਿਆਂ ਦੌਰਾਨ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ? ਸੁਰਜੀਤ ਖਰਨਏ ਬਰਨਾਲਾ ਨੇ 1985 ਤੋਂ 1987 ਤੱਕ ਅਕਾਲੀ ਸਰਕਾਰ ਦੀ ਅਗਵਾਈ ਕੀਤੀ। ਪ੍ਰਕਾਸ਼ ਸਿੰਘ ਬਾਦਲ 1997 ਤੋਂ 2002 ਅਤੇ ਫਿਰ 2007 ਤੋਂ 2017 ਤੱਕ ਰਾਜ ਦੇ ਮੁੱਖ ਮੰਤਰੀ ਸਨ। ਕੀ 15 ਸਾਲ ਦਾ ਰਾਜ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਕਾਰਵਾਈ ਕਰਨ ਲਈ ਕਾਫੀ ਨਹੀਂ ਸੀ?

ਫਤਿਹਗੜ੍ਹ ਸਾਹਿਬ ਪਾਰਲੀਮਾਨੀ ਹਲਕੇ ਦੀ ਉਮੀਦਵਾਰੀ ਤੋਂ ਪਹਿਲਾਂ ਵੀ ਦਰਬਾਰਾ ਸਿੰਘ ਗੁਰੂ-ਸਾਬਕਾ ਨੌਕਰਸ਼ਾਹ ਅਤੇ ਬਾਦਲਾਂ ਦੇ ਭਰੋਸੇਮੰਦ ਸੀ ਅਤੇ 2007 ਤੋਂ 2011 ਤੱਕ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸਕੱਤਰ ਰਹੇ ਹਨ। ਪਹਿਲੋਂ ਪਹਿਲ, ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਜਦੋਂ ਪੁਲਿਸ ਦੀ ਗੋਲੀਬਾਰੀ ਹੋਈ ਉਹ ਨਕੋਦਰ ਵਿੱਚ ਮੌਜੂਦ ਹੀ ਨਹੀਂ ਸਨ।

ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੰਨਾ ਵਿਖੇ ਦਰਬਾਰਾ ਸਿੰਘ ਦੀ ਉਮੀਦਵਾਰੀ ਦਾ ਐਲਾਨ ਕੀਤਾ ਤਾਂ ਮੀਡੀਆ ਨੂੰ ਸੰਬੋਧਨ ਕਰਦਿਆਂ ਨਿਰਾਸ਼ ਦਿਸਦੇ ਦਰਬਾਰਾ ਸਿੰਘ ਗੁਰੂ ਨੇ ਨਕੋਦਰ ਫਾਇਰਿੰਗ ਹਾਦਸੇ ਬਾਰੇ ਕਿਹਾ, "ਮੈਂ ਗੋਲੀਬਾਰੀ ਵਿੱਚ ਕੋਈ ਭੂਮਿਕਾ ਨਹੀਂ ਨਿਭਾਈ। ਉਦੋਂ ਤੋਂ ਉਹ ਉਹੀ ਰੱਟਾ ਲਗਾ ਰਹੇ ਹਨ।"

ਪੰਜਾਬ ਦੇ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਕਿਹਾ ਸੀ ਕਿ ਮੇਰਾ ਕੰਮ ਸਿਰਫ ਰਿਪੋਰਟ ਨੂੰ ਰੱਖਣਾ ਸੀ ਜੋ ਮੈਂ ਕੀਤਾ। ਮੈਨੂੰ ਪਤਾ ਨਹੀਂ ਕਿ ਸਰਕਾਰ ਨੇ ਕੋਈ ਕਾਰਵਾਈ ਕੀਤੀ ਜਾਂ ਨਹੀਂ ਕੀਤੀ।"


## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।**
**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**


# ਦਰਬਾਰਾ ਸਿੰਘ ਗੁਰੂ ਇਹਨਾਂ ਸਵਾਲਾਂ ਦੇ ਜਵਾਬ ਦੇਵੇ

1. ਤੁਸੀਂ ਜਲੰਧਰ ਦੇ ਵਧੀਕ ਡਿਪਟੀ ਕਮਿਸ਼ਨਰ ਸੀ ਪਰ 2 ਫਰਵਰੀ, 1986 ਨੂੰ ਤੁਸੀਂ ਜਲੰਧਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਕਮ ਡਿਪਟੀ ਕਮਿਸ਼ਨਰ ਦੇ ਰੂਪ ਵਿਚ ਕੰਮ ਨਹੀਂ ਕਰ ਰਹੇ ਸੀ? ਕੀ ਤੁਸੀਂ ਗੁਰੂ ਗ੍ਰੰਥ ਸਾਹਿਬ ਦੇ 5 ਸਰੂਪਾਂ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਗੁਰਦੁਆਰੇ ਵਿੱਚ 2 ਫਰਵਰੀ 1986 ਨੂੰ ਸ਼ਰਾਰਤੀ ਤੱਤਾਂ ਵਲੋਂ ਅਗਨ ਭੇਟ ਕੀਤੇ ਜਾਣ ਤੋਂ ਬਾਅਦ ਨਕੋਦਰ ਦੀਆਂ ਘਟਨਾਵਾਂ 'ਤੇ ਨਜ਼ਰ ਰੱਖਣ ਲਈ ਥਾਪੇ ਨਹੀਂ ਸੀ ਗਏ?

2. ਡਿਪਟੀ ਜ਼ਿਲ੍ਹਾ ਮੈਜਿਸਟਰੇਟ ਵਜੋਂ, ਕੀ ਤੁਸੀਂ 3 ਫਰਵਰੀ 1986 ਨੂੰ ਨਕੋਦਰ ਵਿਖੇ ਕਰਫਿਊ ਆਰਡਰ 'ਤੇ ਦਸਤਖਤ ਨਹੀਂ ਕੀਤੇ ਸਨ?

3. ਭਾਵੇਂ ਕਿ ਗੁਰੂ ਗ੍ਰੰਥ ਸਾਹਿਬ ਦੇ 5 ਸਰੂਪਾਂ ਨੂੰ ਅੱਗ ਲਗਾਉਣ ਕਾਰਨ ਸ਼ਹਿਰ ਵਿਚ ਤਣਾਅ ਸੀ, ਫਿਰ ਵੀ ਤੁਸੀਂ ਸਿੱਖ ਸੰਗਤਾਂ ਅਤੇ ਸਿੱਖ ਆਗੂਆਂ ਵਲੋਂ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਜਾਂ ਆਰਜ਼ੀ ਹਿਰਾਸਤ ਵਿੱਚ ਲੈਣ ਦਾ ਹੁਕਮ ਨਹੀਂ ਦਿੱਤਾ? ਅਜਿਹਾ ਕਰਨ ਲਈ ਕੀ ਕਾਰਨ ਸੀ?

4. ਨਕੋਦਰ ਕਸਬੇ ਵਿਚ ਤਣਾਅ ਹੋਣ ਦੇ ਨਾਤੇ, 3 ਫਰਵਰੀ ਨੂੰ ਸ਼ਰਾਰਤ ਕਰਨ ਵਾਲੇ ਅਤੇ ਸਮਾਜ-ਵਿਰੋਧੀ ਤੱਤਾਂ ਨੂੰ ਮਾਰਚ ਕਰਨ ਦੀ ਆਗਿਆ ਦੇਣ ਲਈ ਤੁਹਾਡੀ ਕੀ ਮਜਬੂਰੀ ਸੀ, ਉਦੋਂ ਵੀ ਜਦੋਂ ਧਾਰਾ 144 ਪਹਿਲਾਂ ਹੀ ਸ਼ਹਿਰ ਵਿਚ ਲਾਗੂ ਕੀਤਾ ਗਿਆ ਸੀ?

5. 4 ਫਰਵਰੀ 1986 ਨੂੰ, ਕੀ ਤੁਸੀਂ ਜਾਂ ਤੁਹਾਡੇ ਮਤਹਿਤ ਕਿਸੇ ਵੀ ਅਫਸਰ ਨੇ ਸੰਗਤ ਦੇ ਵਿਰੋਧ ਪ੍ਰਦਰਸ਼ਨ ਮਾਰਚ ਦੇ ਰਸਤੇ ਨੂੰ ਬਦਲਣ ਲਈ ਕਿਹਾ ਸੀ, ਸਿੱਖ ਸੰਗਤਾਂ ਅਤੇ ਕੱਟੜਪੰਥੀਆਂ ਵਿਚਕਾਰ ਟਕਰਾਅ ਪੈਦਾ ਕਰਨ ਦੇ ਸਪੱਸ਼ਟ ਇਰਾਦੇ ਨਾਲ ਅਜਿਹਾ ਕਿਉਂ ਤੇ ਕਿਸਦੇ ਇਸ਼ਾਰੇ ਤੇ ਕੀਤਾ ਗਿਆ?

6. ਕੀ ਤੁਸੀਂ 4-5 ਫਰਵਰੀ, 1986 ਨੂੰ ਸਥਾਨਿਕ ਹਸਪਤਾਲ ਦੇ ਅਧਿਕਾਰੀਆਂ ਨੂੰ ਅੱਧੀ ਰਾਤ ਨੂੰ ਮ੍ਰਿਤਕਾਂ ਦੀਆਂ ਲਾਸ਼ਾਂ 'ਤੇ ਪੋਸਟ ਮਾਰਟਮ ਕਰਨ ਦਾ ਹੁਕਮ ਨਹੀਂ ਦਿੱਤਾ ਸੀ? ਕੀ ਪੋਸਟਮਾਰਟਮ ਦੇ ਹੁਕਮ ਤੇ ਤੁਹਾਡੇ ਦਸਤਖ਼ਤ ਨਹੀਂ ਹਨ? ਇਥੋਂ ਤੱਕ ਇਨ੍ਹਾਂ ਚਾਰ ਨੌਜਵਾਨਾਂ ਦੇ ਪਰਿਵਾਰਾਂ ਨੂੰ ਸਸਕਾਰ ਕਰਨ ਤੋਂ ਪਹਿਲਾਂ ਆਖਰੀ ਵਾਰ ਦੇਖਣ ਦੀ ਵੀ ਦੀ ਇਜਾਜ਼ਤ ਨਹੀਂ ਦਿੱਤੀ ਸੀ।

8. ਪੋਸਟ ਮਾਰਟਮ ਰਿਪੋਰਟ ਅਨੁਸਾਰ, ਸਿਰਫ 2 ਪੀੜਤਾਂ ਦੀ ਪਛਾਣ ਹੋਈ ਸੀ। ਤੀਸਰੇ ਪੀੜਤ ਰਵਿੰਦਰ ਸਿੰਘ ਲਿੱਤਰਾਂ ਦਾ ਪਿਤਾ ਬਲਦੇਵ ਸਿੰਘ ਜੋ ਕਿ ਪੈਦਲ ਪਹੁੰਚਣ ਵਿਚ ਕਾਮਯਾਬ ਰਹੇ, ਨੇ ਆਪਣੇ ਪੁੱਤਰ ਦੀ ਪਛਾਣ 5 ਫਰਵਰੀ ਦੀ ਸਵੇਰ ਨੂੰ ਕੀਤੀ ਅਤੇ ਉਸ ਦੇ ਦਾਹ-ਸਸਕਾਰ ਲਈ ਆਪਣੇ ਪੁੱਤਰ ਦੇ ਮ੍ਰਿਤਕ ਸਰੀਰ ਦਾ ਦਾਅਵਾ ਕੀਤਾ। ਪੀੜਤ ਦਾ ਮ੍ਰਿਤਕ ਸਰੀਰ ਉਸਦੇ ਪਿਤਾ ਨੂੰ ਕਿਉਂ ਨਹੀਂ ਸੌਂਪਿਆ ਗਿਆ?

9. ਚੌਥੇ ਪੀੜਤ ਦੇ ਅੰਤਿਮ ਸਸਕਾਰ ਕਰਨ ਵਾਲੇ ਸਰੀਰ ਦੀ ਪਛਾਣ ਅਜੇ ਵੀ ਇੱਕ ਭੇਦ ਹੈ। ਸ਼ਮਸ਼ਾਨ ਘਾਟ ਵਿੱਚ 1-13ਫਰਵਰੀ 1986 ਦੀ ਮਿਆਦ ਦੇ ਦੌਰਾਨ ਅੰਤਮ ਸਸਕਾਰ ਦੇ ਸੰਬੰਧ ਵਿੱਚ ਕੋਈ ਰਿਕਾਰਡ ਨਹੀਂ ਹੈ। ਜ਼ਿਲ੍ਹਾ ਮੈਜਿਸਟ੍ਰੇਟ ਹੋਣ ਦੇ ਨਾਤੇ ਤੁਸੀਂ ਚੌਥੇ ਅਣਪਛਾਤੇ ਪੀੜਤ ਦੀ ਪਛਾਣ ਦਾ ਪਤਾ ਕਰਨ ਲਈ ਕੀ ਕੋਸ਼ਿਸ਼ ਕੀਤੀ? ਉਸ ਸਮੇਂ ਦੇ ਅੰਤਮ ਸਸਕਾਰ ਦੇ ਰਜਿਸਟਰ ਵਿੱਚ ਕੁਝ ਵੀ ਦਰਜ ਨਹੀ ਹੈ, ਜਦੋਂ ਕਿ ਇਹ ਕਾਨੂੰਨੀ ਜਰੂਰਤ ਹੈ। ਕਿਸਨੇ ਅੰਤਮ ਸਸਕਾਰ ਕਰਨ ਵਾਲੇ ਅਧਿਕਾਰੀਆਂ ਨੂੰ ਕਿਹਾ ਕਿ ਰਜਿਸਟਰ ਵਿੱਚ ਕੁਝ ਨਹੀਂ ਲਿਖਣਾ? ਇਹ ਮੰਨਦੇ ਹੋਏ ਕਿ ਇਸ ਸਮੇਂ ਦੌਰਾਨ ਕੋਈ ਹੋਰ ਮੌਤਾਂ ਨਹੀਂ ਹੋਈਆਂ, ਪੁਲਿਸ ਨੇ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਦੇ ਨਾਂ ਦਾ ਵੀ ਜ਼ਿਕਰ ਕਿਉਂ ਨਹੀਂ ਕੀਤਾ ਗਿਆ?

10. ਇਕ ਇੰਟਰਵਿਊ ਵਿੱਚ ਤੁਸੀਂ ਦਾਅਵਾ ਕੀਤਾ ਹੈ ਕਿ ਸੀ.ਆਰ.ਪੀ.ਐਫ. ਦੇ ਐੱਸ. ਪੀ. (ਅਪਰੇਸ਼ਨ) ਅਸ਼ਵਨੀ ਕੁਮਾਰ ਸ਼ਰਮਾ ਨੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਨੂੰ ਦੱਸਿਆ ਕਿ ਹਾਲਾਂਕਿ ਡੀ. ਸੀ. ਇਕ ਕਿਲੋਮੀਟਰ ਤੋਂ ਵੀ ਘੱਟ ਦੂਰੀ ਤੇ ਸੀ, ਉਸ ਨੇ ਗੋਲੀ ਚਲਾਉਣ ਦੀ ਆਗਿਆ ਲੈਣ ਲਈ ਕੋਈ ਯਤਨ ਨਹੀਂ ਕੀਤੇ। ਸਵਾਲ ਉਠਦਾ ਹੈ ਕਿ ਕੀ ਇਹ ਜਾਣ-ਬੁੱਝ ਕੇ ਕਿਹਾ ਗਿਆ ਸੀ? ਜੇ ਨਹੀਂ, ਤਾਂ ਫਿਰ ਐਸ. ਪੀ. (ਅਪਰੇਸ਼ਨ) ਖਿਲਾਫ ਕਿਹੜੀ ਵਿਭਾਗੀ ਕਾਰਵਾਈ ਕੀਤੀ ਗਈ ਸੀ? ਤੁਸੀਂ ਅਗਲੇ ਦਿਨ ਕੀ ਕੀਤਾ? ਕੀ ਤੁਸੀਂ ਰਾਜ ਦੇ ਮੁੱਖ ਸਕੱਤਰ ਨੂੰ ਇਕ ਅੰਦਰੂਨੀ ਗੁਪਤ ਰਿਪੋਰਟ ਭੇਜੀ ਸੀ ਜਿਸ ਬਾਰੇ ਤੁਹਾਡੇ ਮੁਤਹਿਤ ਅਫ਼ਸਰ ਨੇ ਕੀ ਕੀਤਾ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ?

11. ਜਸਟਿਸ ਗੁਰਨਾਮ ਸਿੰਘ ਪੈਨਲ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪ੍ਰਸ਼ਾਸਨ ਤੁਹਾਡੇ ਅਤੇ ਤੁਹਾਡੇ ਮੁਤਾਹਿਤ ਅਫਸਰਾਂ ਨੇ ਨਕੋਦਰ ਸ਼ਹਿਰ ਦੇ ਬਾਹਰ ਸ਼ੇਰਪੁਰ ਪੁਲ 'ਤੇ ਸਿੱਖ ਸੰਗਤ ਦੇ ਇਕੱਠ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਸੰਗਤ ਅਤੇ ਐੱਸ ਪੀ (ਅਪਰੇਸ਼ਨ) ਨੇ ਦਾਅਵਾ ਕੀਤਾ ਕਿ ਉਹ ਲਗਾਤਾਰ ਏਡੀਸੀ ਅਤੇ ਐਸ ਐਸ ਪੀ ਨੂੰ ਇਕੱਠ ਅਤੇ ਉਥੇ ਹੋਏ ਭਾਸ਼ਣਾਂ ਬਾਰੇ ਜਾਣਕਾਰੀ ਦਿੰਦੇ ਰਹੇ ਪਰ ਉਨ੍ਹਾਂ ਨੂੰ ਕੋਈ ਨਿਰਦੇਸ਼ ਜਾਰੀ ਨਹੀਂ ਕੀਤੇ। ਤੁਹਾਡੇ ਪ੍ਰਸ਼ਾਸਨ ਨੇ ਕੋਈ ਨਿਰਦੇਸ਼ ਕਿਉਂ ਜਾਰੀ ਨਹੀਂ ਕੀਤਾ।

12. ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਦੀ ਰਿਪੋਰਟ- 'ਨਕੋਦਰ ਵਿਚ ਇੱਕ ਸ਼ਰਾਰਤ', ਮੀਡੀਆ ਦੀਆਂ ਰਿਪੋਰਟਾਂ ਅਤੇ ਅੱਖੀਂ ਦੇਖਣ ਵਾਲੇ ਮੌਕੇ ਦੇ ਗਵਾਹ ਦੱਸਦੇ ਹਨ ਕਿ ਇੱਕ ਪੀੜਤ ਹਰਮਿੰਦਰ ਸਿੰਘ ਚਲੂਪਰ ਜੋ ਆਪਣੀ ਸੁਰੱਖਿਆ ਲਈ ਭੱਜਿਆ ਸੀ, ਤੇ ਪੁਲਿਸ ਨੇ ਉਸਨੂੰ ਹਿਰਾਸਤ ਵਿਚ ਲਿਆ ਅਤੇ ਐਸ ਐਚ ਓ ਜਸਕੀਰਤ ਸਿੰਘ ਚਾਹਲ ਨੇ ਆਪਣੇ ਸਰਵਿਸ ਰਿਵਾਲਵਰ ਦੇ ਨਾਲ ਪੁਆਇੰਟ ਬਲੈਂਕ ਰੇਂਜ ਤੋਂ ਗੋਲੀ ਮਾਰੀ ਅਤੇ ਉਸ ਸਮੇਂ ਐਸ ਪੀ (ਡੀ) ਸਵਰਨ ਸਿੰਘ ਘੋਟਨਾ ਉਸ ਦੇ ਨਾਲ ਸੀ। ਉਸ ਦੀ ਪੋਸਟ ਮਾਰਟਮ ਰਿਪੋਰਟ ਵੀ ਇਹ ਦਰਸਾਉਂਦੀ ਹੈ। ਕੀ ਤੁਸੀਂ ਇਸ ਤੇ ਕੁਝ ਰੋਸ਼ਨੀ ਪਾ ਸਕਦੇ ਹੋ? ਐਸ.ਐਚ.ਓ. ਚਾਹਲ ਜਾਂ ਐਸ ਪੀ (ਡੀ) ਸਵਰਨ ਸਿੰਘ ਘੋਟਨਾ ਵਿਰੁੱਧ ਕੀ ਕਾਰਵਾਈ ਕੀਤੀ ਗਈ?

13. ਤੁਹਾਡੀ ਕਾਰਜਕਾਰੀ ਡਿਪਟੀ ਕਮਿਸ਼ਨਰ ਅਤੇ ਇਜ਼ਹਾਰ ਆਲਮ ਐੱਸ ਐੱਸ ਪੀ ਜਲੰਧਰ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੁਆਰਾ ਗਵਾਹ ਵਜੋਂ ਗਵਾਹੀ ਲਈ ਗਈ ਸੀ। ਨਕੋਦਰ ਪੁਲਿਸ ਗੋਲੀਬਾਰੀ ਨਾਲ ਸੰਬੰਧਤ ਕੁਝ ਵੀ ਤੁਸੀਂ ਕਿਵੇਂ ਭੁੱਲ ਸਕਦੇ ਹੋ?

ਚਰਨਜੀਤ ਸਿੰਘ ਅਟਵਾਲ ਹਾਲਾਂ ਕਿ ਨਕੋਦਰ ਪੁਲਿਸ ਗੋਲੀਬਾਰੀ ਵਿਚ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਹਨ, ਪਰ ਉਨ੍ਹਾਂ ਨੂੰ 5 ਮਾਰਚ 2001 ਨੂੰ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿਚ ਰੱਖੇ ਜਾਣ ਸਮੇਂ ਸਪੀਕਰ ਦੇ ਤੌਰ' ਤੇ ਆਪਣੀ ਭੂਮਿਕਾ ਨੂੰ ਸਪੱਸ਼ਟ ਕਰਨਾ ਪੈਣਾ ਹੈ।

ਸਿਖ ਪੰਥ ਨੂੰ ਨਿਆਂ ਦੇ ਹਿੱਤ ਵਿੱਚ, ਕੀ ਤੁਸੀਂ ਪੀੜਤ ਪਰਿਵਾਰਾਂ ਨੂੰ ਦੱਸ ਸਕਦੇ ਹੋ ਕਿ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਭਾਗ 2 ਕਿੱਥੇ ਹੈ? ਇਹ ਸਵਾਲ ਸਿਖ ਪੰਥ ਵਲੋਂ ਵਾਰ-ਵਾਰ ਪੁੱਛਣੇ ਚਾਹੀਦੇ ਹਨ।

# ਕਾਂਗਰਸ ਤੇ 'ਆਪ' ਵਿਚਾਲੇ ਸਮਝੌਤੇ ਦੀ ਗੱਲਬਾਤ ਟੁੱਟੀ

## ✪ ਆਪ ਨੇ 20 ਉਮੀਦਵਾਰਾਂ ਦੀ ਆਪਣੀ ਪਹਿਲੀ ਸੂਚੀ ਕੀਤੀ ਜਾਰੀ ✪ ਹਰਿਆਣੇ ਦੀਆਂ ਖੇਤਰੀ ਪਾਰਟੀਆਂ ਠੁਸ, ਦੂਜੀਆਂ ਪਾਰਟੀਆਂ ਨਾਲ ਗੱਠਜੋੜ ਕਰਨ ਲਗੀਆਂ



ਜਗਾਧਰੀ-ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਇੱਕ ਨਵਾਂ ਮੋੜ ਆ ਗਿਆ ਜਦੋਂ ਆਮ ਆਦਮੀ ਪਾਰਟੀ (ਆਪ) ਨੇ 20 ਉਮੀਦਵਾਰਾਂ ਦੀ ਆਪਣੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ ਜਿਸ ਨਾਲ ਕਾਂਗਰਸ ਨਾਲ ਚੋਣ ਗੱਠਜੋੜ ਦੀ ਗੱਲਬਾਤ ਲਗਭਗ ਖ਼ਤਮ ਹੋ ਗਈ ਹੈ। ਇਸ ਕਰ ਕੇ ਰਾਜ ਵਿੱਚ ਬਹੁਕੋਨੇ ਮੁਕਾਬਲਿਆਂ ਵਾਲਾ ਚੋਣ ਦ੍ਰਿਸ਼ ਬਣਨ ਲਈ ਤਿਆਰ ਹੋ ਗਿਆ ਹੈ। ਪਹਿਲਾਂ ਆਸਾਰ ਨਜ਼ਰ ਆ ਰਹੇ ਸਨ ਕਿ ਕਾਂਗਰਸ ਅਤੇ ਆਪ ਦਾ ਗੱਠਜੋੜ ਹੋਣ ਨਾਲ ਇਸ ਦਾ ਭਾਜਪਾ ਨਾਲ ਸਿੱਧਾ ਮੁਕਾਬਲਾ ਹੋਵੇਗਾ। ਰੋਹਤਕ, ਬਹਾਦਰਗੜ੍ਹ ਅਤੇ ਸਮਾਲਖਾ ਜਿਹੇ ਕਾਂਗਰਸ ਦੇ ਗੜ੍ਹ ਮੰਨੇ ਜਾਂਦੇ ਹਲਕਿਆਂ ਲਈ ਉਮੀਦਵਾਰਾਂ ਦਾ ਐਲਾਨ ਕਰਦਿਆਂ ਆਪ ਨੇ ਆਪਣੇ ਇਰਾਦੇ ਜ਼ਾਹਿਰ ਕਰ ਦਿੱਤੇ ਹਨ। ਅਨੁਰਾਗ ਢਾਂਡਾ ਕਲਾਇਤ ਅਤੇ ਕੁਲਦੀਪ ਗਡਰਾਣਾ ਡੱਬਵਾਲੀ ਤੋਂ ਚੋਣ ਲੜਨਗੇ ਜਿੱਥੇ ਜੇਜੇਪੀ ਦੇ ਦਿਗਵਿਜੇ ਚੌਟਾਲਾ ਚੋਣ ਲੜ ਰਹੇ ਹਨ। ਇਸ ਤੋਂ ਪਤਾ ਲਗਦਾ ਹੈ ਕਿ 'ਆਪ' ਖ਼ੁਦ ਨੂੰ ਇੱਕ ਗੰਭੀਰ ਦਾਅਵੇਦਾਰ ਵਜੋਂ ਪੇਸ਼ ਕਰਨਾ ਚਾਹੁੰਦੀ ਹੈ। ਇਕੱਲਿਆਂ ਚੋਣ ਲੜਨ ਅਤੇ ਖ਼ਾਸਕਰ ਕਾਂਗਰਸ ਦੇ ਵਿਧਾਇਕਾਂ ਵਾਲੇ ਖੇਤਰਾਂ ਤੋਂ ਉਮੀਦਵਾਰ ਉਤਾਰਨ ਦਾ ਫ਼ੈਸਲਾ ਕਰ ਕੇ 'ਆਪ' ਰਾਜ ਦੇ ਸ਼ਹਿਰੀ ਖੇਤਰਾਂ ਵਿੱਚ ਆਪਣੇ ਪੈਰ ਪਸਾਰਨ ਦੇ ਇਰਾਦੇ ਜ਼ਾਹਿਰ ਕਰ ਰਹੀ ਹੈ। ਇਸੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਲਾਇਤ ਜਿਹੇ ਕੁਝ ਵਿਧਾਨ ਸਭਾ ਹਲਕਿਆਂ ਵਿੱਚ ਆਪ ਨੂੰ ਬੜ੍ਹਤ ਹਾਸਿਲ ਹੋਈ ਸੀ ਜਿਸ ਕਰ ਕੇ ਇਸ ਨੇ ਹੁਣ ਇਹ ਦਲੇਰਾਨਾ ਰਣਨੀਤੀ ਅਪਣਾਈ ਹੈ।

ਦੂਜੇ ਪਾਸੇ ਇਸ ਤਬਦੀਲੀ ਕਰ ਕੇ ਕਾਂਗਰਸ ਦੀ ਮੁਹਿੰਮ ਨੂੰ ਸੱਟ ਵੱਜ ਸਕਦੀ ਹੈ ਕਿਉਂਕਿ ਇੱਕ ਹੋਰ ਧਿਰ ਦੇ ਆਉਣ ਨਾਲ ਵਿਰੋਧੀ ਧਿਰ ਦੀ ਵੋਟ ਵੰਡੀ ਜਾ ਸਕਦੀ ਹੈ ਅਤੇ ਇਸ ਦਾ ਸੰਭਾਵੀ ਤੌਰ 'ਤੇ ਭਾਜਪਾ ਨੂੰ ਲਾਭ ਹੋ ਸਕਦਾ ਹੈ। ਭਾਜਪਾ ਪਿਛਲੇ ਇੱਕ ਦਹਾਕੇ ਤੋਂ ਸੱਤਾ ਮਾਣ ਰਹੀ ਹੈ। ਪਾਰਟੀ ਧੜੇਬੰਦੀ ਅਤੇ ਟਿਕਟਾਂ ਦੀ ਵੰਡ ਤੋਂ ਵਰਕਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰ ਰਹੀ ਹੈ। ਇਸ ਤੋਂ ਇਲਾਵਾ ਕਿਸਾਨਾਂ ਦੇ ਮਸਲਿਆਂ ਨਾਲ ਸਿੱਝਣ ਅਤੇ ਜਾਤੀਗਤ ਸਮੀਕਰਨਾਂ ਕਰ ਕੇ ਇਸ ਲਈ ਚੁਣੌਤੀਆਂ ਵਧ ਗਈਆਂ ਹਨ।

ਇਸੇ ਦੌਰਾਨ, ਜੇਜੇਪੀ ਅਤੇ ਇਨੈਲੋ ਜਿਹੀਆਂ ਖੇਤਰੀ ਪਾਰਟੀਆਂ ਜੋ ਕਿਸੇ ਵੇਲੇ ਕਾਫ਼ੀ ਦਮਖ਼ਮ ਰੱਖਦੀਆਂ ਸਨ, ਹੁਣ ਕਮਜ਼ੋਰ ਪੈ ਗਈਆਂ ਹਨ ਜਿਸ ਕਰ ਕੇ ਇਨ੍ਹਾਂ ਨੂੰ ਚੰਦਰ ਸ਼ੇਖਰ ਆਜ਼ਾਦ ਦੀ ਆਜ਼ਾਦ ਸਮਾਜ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨਾਲ ਚੋਣ ਸਮਝੌਤੇ ਕਰਨ ਲਈ ਮਜਬੂਰ ਹੋਣਾ ਪਿਆ ਹੈ। ਜੇਜੇਪੀ ਵੱਲੋਂ 2019 ਵਿਚ ਭਾਜਪਾ ਨਾਲ ਸਾਂਝ ਪਾਉਣ ਕਰ ਕੇ ਇਸ ਨੂੰ ਆਪਣੇ ਵੋਟਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ ਹੈ ਜਦੋਂਕਿ ਇਨੈਲੋ ਨੂੰ ਆਪਣਾ ਵੋਟ ਬੈਂਕ ਸੁਰੱਖਿਅਤ ਰੱਖਣ ਲਈ ਆਪਣੀ ਕਿਸਾਨ ਪੱਖੀ ਵਿਰਾਸਤ ਦੀ ਦੁਹਾਈ ਦੇਣੀ ਪੈ ਰਹੀ ਹੈ। ਜਿਵੇਂ ਹਰਿਆਣਾ ਦੋ-ਧਰੁਵੀ ਸਿਆਸੀ ਢਾਂਚੇ ਵੱਲ ਵਧ ਰਿਹਾ ਹੈ ਤਾਂ ਇਸ ਚੋਣ ਨਤੀਜੇ ਦਾ ਇਸ ਦੇ ਸਿਆਸੀ ਭਵਿੱਖ ਉੱਪਰ ਪ੍ਰਭਾਵ ਪਵੇਗਾ।

## ਪੰਜਾਬ ਦਾ ਸਿੰਘ ਨਿਊਜ਼ੀਲੈਂਡ ਵਿਚ ਬਣਿਆ ਪਹਿਲਾ ਸਿੱਖ 'ਇਸ਼ੂਇੰਗ ਅਫ਼ਸਰ'



ਦਸੂਹਾ ਸ਼ਹਿਰ ਦੇ ਜੰਮਪਲ ਕਰਮਜੀਤ ਸਿੰਘ ਤਲਵਾੜ ਨੇ ਨਿਊਜ਼ੀਲੈਂਡ ਵਿੱਚ ਮਨਿਸਟਰੀ ਆਫ਼ ਜਸਟਿਸ ਸਰਵਿਸਜ਼ ਨਾਲ ਸਬੰਧ 'ਇਸ਼ੂਇੰਗ ਅਫ਼ਸਰ'ਵਜੋਂ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੂੰ ਇਹ ਵਕਾਰੀ ਅਹੁਦਾ ਨਿਊਜ਼ੀਲੈਂਡ ਦੇ 'ਅਟਾਰਨੀ ਜਨਰਲ'ਨੇ ਸੌਂਪਿਆ ਇਸ ਨਾਲ ਪੰਜਾਬ ਤੇ ਸਿਖ ਪੰਥ ਦਾ ਮਾਣ ਵਧਿਆ ਹੈ। ਇਥੇ ਜ਼ਿਕਰਯੋਗ ਹੈ ਕਿ ਉਹ ਧਾਰਮਿਕ ਸਿੱਖ ਆਗੂ ਜੋਗਿੰਦਰ ਸਿੰਘ ਤਲਵਾੜ ਦੇ ਬੇਟੇ ਹਨ। ਇਸ ਤੋਂ ਪਹਿਲਾ ਤਲਵਾੜ ਨਿਊਜ਼ੀਲੈਂਡ ਦੇ ਨੋਰਥ ਸ਼ੋਰ ਇਲਾਕੇ ਦੇ ਇਕਲੌਤੇ 'ਜਸਟਿਸ ਆਫ਼ ਪੀਸ (ਜੇਪੀ) ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਤਕਰੀਬਨ 27 ਸਾਲ ਤੋਂ ਪਰਿਵਾਰ ਸਮੇਤ ਨਿਊਜ਼ੀਲੈਡ ਵਿੱਚ ਰਹਿ ਰਹੇ ਕਰਮਜੀਤ ਸਿੰਘ ਤਲਵਾੜ ਨਿਊਜ਼ੀਲੈਂਡ ਸਕੂਲ ਬੋਰਡ ਦੇ ਤਿੰਨ ਵਾਰ ਟਰੱਸਟੀ ਵੀ ਬਣੇ ਹਨ।

# ਮੱਧ ਪ੍ਰਦੇਸ਼ ਵਿਚ ਫੈਲਿਆ ਭਾਜਪਾ ਦਾ ਫਿਰਕੂਵਾਦ

## ✪ ਹਸਪਤਾਲਾਂ ਵਿਚ ਇਸ ਦਾ ਪ੍ਰਭਾਵ ਮਿਲਿਆ ✪ ਬਲੱਡ ਬੈਂਕ ਵਾਲੇ ਹਿੰਦੂ-ਮੁਸਲਮਾਨ ਦੇ ਖ਼ੂਨ ਵਿਚ ਵੀ ਫਰਕ ਦੇਖ ਰਹੇ ਨੇ

ਮੱਧ ਪ੍ਰਦੇਸ਼-ਭਾਜਪਾ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਭਾਰਤੀ ਸਮਾਜ ਵਿੱਚ ਜੋ ਫਿਰਕੂ ਨਫ਼ਰਤ ਦੇ ਬੀਜ ਬੀਜੇ ਹਨ, ਉਨ੍ਹਾਂ ਦੀ ਫ਼ਸਲ ਅੱਜ ਲਹਿਲਹਾ ਰਹੀ ਹੈ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇੱਕ ਦਿਨ ਗੱਲ ਹਿੰਦੂ ਖ਼ੂਨ ਤੇ ਮੁਸਲਮਾਨ ਖ਼ੂਨ ਤੱਕ ਪੁੱਜ ਜਾਵੇਗੀ। ਮੱਧ ਪ੍ਰਦੇਸ਼ ਵਿੱਚ ਪੰਨਾ ਜ਼ਿਲ੍ਹੇ ਦੇ ਸਰਕਾਰੀ ਹਸਪਤਾਲ ਦਾ ਤਾਜ਼ਾ ਮਾਮਲਾ ਸੁੰਨ ਕਰ ਦੇਣ ਵਾਲਾ ਹੈ। ਜ਼ਿਲ੍ਹੇ ਦੇ ਪਿੰਡ ਅਜੈਗੜ੍ਹ ਦਾ ਨਿਵਾਸੀ ਪਵਨ ਸੋਨਕਰ ਆਪਣੀ ਬਿਮਾਰ ਮਾਂ ਨੂੰ ਲੈ ਕੇ ਹਸਪਤਾਲ ਜਾਂਦਾ ਹੈ। ਬਿਮਾਰ ਮਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰ ਲਿਆ ਜਾਂਦਾ ਹੈ। ਇਲਾਜ ਦੌਰਾਨ ਮਰੀਜ਼ ਨੂੰ ਖ਼ੂਨ ਦੀ ਘਾਟ ਹੋ ਜਾਂਦੀ ਹੈ। ਡਾਕਟਰ ਪਵਨ ਸੋਨਕਰ ਨੂੰ ਖ਼ੂਨ ਦਾ ਪ੍ਰਬੰਧ ਕਰਨ ਲਈ ਕਹਿੰਦੇ ਹਨ। ਪਵਨ ਆਪਣੇ ਇੱਕ ਮਿੱਤਰ, ਜੋ ਮੁਸਲਮਾਨ ਹੈ, ਨੂੰ ਲੈ ਕੇ ਹਸਪਤਾਲ ਪਹੁੰਚ ਜਾਂਦਾ ਹੈ। ਬਲੱਡ ਬੈਂਕ ਦੇ ਮੁਲਾਜ਼ਮ ਨੂੰ ਜਦੋਂ ਪਤਾ ਲਗਦਾ ਹੈ ਕਿ ਖ਼ੂਨਦਾਨੀ ਇੱਕ ਮੁਸਲਮਾਨ ਹੈ ਤੇ ਮਰੀਜ਼ ਹਿੰਦੂ ਤਾਂ ਉਹ ਖ਼ੂਨ ਲੈਣ ਤੋਂ ਇਨਕਾਰ ਕਰ ਦਿੰਦਾ ਹੈ। ਇਸ ਘਟਨਾ ਦਾ 46 ਮਿੰਟ ਦਾ ਵੀਡੀਓ ਵਾਇਰਲ ਹੋ ਚੁੱਕਾ ਹੈ।

ਇਸ ਵੀਡੀਓ ਵਿੱਚ ਪਵਨ ਸੋਨਕਰ ਬਲੱਡ ਬੈਂਕ ਦੇ ਮੁਲਾਜ਼ਮ ਸ਼ਰਮਾ ਜੀ ਨੂੰ ਪੁੱਛ ਰਿਹਾ ਹੈ ਕਿ ਕਿਸ ਨੇ ਕਿਹਾ ਹੈ ਕਿ ਇਸ ਦਾ ਖ਼ੂਨ ਨਹੀਂ ਚੜ੍ਹੇਗਾ? ਜਵਾਬ ਵਿੱਚ ਬਲੱਡ ਬੈਂਕ ਮੁਲਾਜ਼ਮ ਕਹਿੰਦਾ ਹੈ ਕਿ ਹਾਂ ਅਸੀਂ ਕਿਹਾ ਹੈ, ਉਹ ਹਿੰਦੂ ਹੈ ਤੇ ਇਹ ਮੁਸਲਮਾਨ। ਪਵਨ ਫਿਰ ਕਹਿੰਦਾ ਹੈ ਕਿ ਇਸ ਨਾਲ ਪ੍ਰਾਬਲਮ ਕੀ ਹੈ? ਬਲੱਡ ਬੈਂਕ ਮੁਲਾਜ਼ਮ ਫਿਰ ਕਹਿੰਦਾ ਹੈ- ਪ੍ਰਾਬਲਮ ਹੈ, ਸਾਡੇ ਲੋਕਾਂ ਦੀ ਨੌਕਰੀ ਦਾ ਸਵਾਲ ਹੈ। ਪਵਨ ਫਿਰ ਕਹਿੰਦਾ ਹੈ ਕਿ ਲਿਖ ਕਰ ਦਿਓ ਕਿ ਕਿਸੇ ਮੁਸਲਮਾਨ ਦਾ ਖ਼ੂਨ ਹਿੰਦੂ ਨੂੰ ਨਹੀਂ ਚੜ੍ਹੇਗਾ। ਬਲੱਡ ਬੈਂਕ ਮੁਲਾਜ਼ਮ ਲਿਖ ਕੇ ਦੇਣ ਦੇ ਦਬਾਅ ਵਿੱਚ ਗੱਲ ਬਦਲਦਾ ਹੈ ਤੇ ਕਹਿੰਦਾ ਹੈ, ਨਹੀਂ ਮੁਸਲਿਮ-ਹਿੰਦੂ ਦੀ ਗੱਲ ਨਹੀਂ, ਡੋਨਰ ਦੀ ਗੱਲ ਹੈ। ਇਸ ਦੇ ਜਵਾਬ ਵਿੱਚ ਪਵਨ ਕਹਿੰਦਾ ਹੈ, ਜਦੋਂ ਡੋਨਰ ਖ਼ੂਨ ਦੇਣ ਨੂੰ ਤਿਆਰ ਹੈ ਤਾਂ ਫਿਰ (ਇੱਥੇ ਵੀਡੀਓ ਖ਼ਤਮ ਹੋ ਜਾਂਦੀ ਹੈ)।

ਇਸ ਮਾਮਲੇ ਦੀ ਰਿਪੋਰਟ ਕਰਨ ਵਾਲੇ ਪੱਤਰਕਾਰ ਅਰਵਿੰਦ ਯਾਦਵ ਨੇ ਕਿਹਾ ਕਿ ਇਸ ਮਾਮਲੇ ਦੀ ਸ਼ਿਕਾਇਤ ਕੀਤੀ ਗਈ, ਪਰ ਕੋਈ ਕਾਰਵਾਈ ਨਹੀਂ ਹੋਈ. ਜਦੋਂ ਪੰਨਾ ਜ਼ਿਲ੍ਹਾ ਹਸਪਤਾਲ ਦੇ ਸੀ ਐੱਮ ਓ ਐੱਮ ਕੇ ਤ੍ਰਿਪਾਠੀ ਨੂੰ ਪੁੱਛਿਆ ਗਿਆ ਤਾਂ ਉਸ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਉਹ ਤਾਂ ਬਦਲੀ ਹੋ ਕੇ



ਨਵੇਂ ਆਏ ਹਨ।

ਇਹੋ ਨਹੀਂ ਭੀੜਤੰਤਰ ਹੱਤਿਆਵਾਂ ਰਾਹੀਂ ਜਦੋਂ ਕਿਸੇ ਮੁਸਲਮਾਨ ਨੂੰ ਕਤਲ ਕੀਤੇ ਜਾਣ ਤੋਂ ਬਾਅਦ ਸਮਾਜ ਦਾ ਇੱਕ ਹਿੱਸਾ ਕਾਤਲਾਂ ਦੇ ਗੁਣਗਾਨ ਕਰਦਾ ਹੈ ਤਾਂ ਉਨ੍ਹਾਂ ਅੰਦਰਲੀ ਸੰਵੇਦਨਾ ਦਾ ਵੀ ਕਤਲ ਹੋ ਜਾਂਦਾ ਹੈ। ਬਿਲਕਿਸ ਬਾਨੋ ਨਾਲ ਬਲਾਤਕਾਰ ਕਰਨ ਵਾਲੇ ਦਰਿੰਦੇ ਜਦੋਂ ਜੇਲ੍ਹੋਂ ਬਾਹਰ ਆਉਂਦੇ ਹਨ ਤੇ ਪਰਵਾਰ ਦੀਆਂ ਔਰਤਾਂ ਉਨ੍ਹਾਂ ਦੇ ਗਲਾਂ ਵਿੱਚ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕਰਦੀਆਂ ਹਨ ਤਾਂ ਉਨ੍ਹਾਂ ਅੰਦਰਲੀ ਸੰਵੇਦਨਾ ਵੀ ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀ ਹੈ।

ਸੰਵੇਦਨਹੀਣ ਮਨੁੱਖ ਜਾਨਵਰਾਂ ਤੋਂ ਵੀ ਨਖਿੱਧ ਹੁੰਦੇ ਹਨ। ਇਸ ਦੀ ਤਾਜ਼ਾ ਮਿਸਾਲ ਮੱਧ ਪ੍ਰਦੇਸ਼ ਦੇ ਉਜੈਨ ਵਿੱਚ ਵਾਪਰੀ ਘਟਨਾ ਤੋਂ ਸਾਹਮਣੇ ਆ ਜਾਂਦੀ ਹੈ। ਹਾਲੇ ਹਫ਼ਤਾ ਵੀ ਨਹੀਂ ਵਾਪਰਿਆ, ਜਦੋਂ ਦਿਨੇ 12 ਵਜੇ ਇਸ ਧਾਰਮਿਕ ਮਹੱਤਵ ਵਾਲੇ ਸ਼ਹਿਰ ਦੇ ਸਭ ਤੋਂ ਵੱਧ ਭੀੜ ਵਾਲੇ ਚੌਕ ਦੇ ਫੁਟਪਾਥ ਉੱਤੇ ਇੱਕ ਦਰਿੰਦਾ ਇੱਕ ਔਰਤ ਨਾਲ ਬਲਾਤਕਾਰ ਕਰਦਾ ਹੈ। ਇੱਕ ਵੀ ਮਨੁੱਖ ਨਹੀਂ ਸੀ, ਜੋ ਉਸ ਨੂੰ ਬਚਾ ਸਕਦਾ। ਇੱਕ ਤਮਾਸ਼ਬੀਨ ਉਸ ਦੀ ਵੀਡੀਓ ਬਣਾਉਂਦਾ ਰਿਹਾ, ਬਾਕੀ ਸਭ ਅੰਨ੍ਹੇ ਨਹੀਂ ਸਨ, ਅੰਨ੍ਹੇ ਕੀਤੇ ਜਾ ਚੁੱਕੇ ਹਨ। ਇੱਥੋਂ ਤੱਕ ਕਿ ਕਿਸੇ ਨੇ ਪੁਲਸ ਨੂੰ ਫੋਨ ਕਰਨ ਦੀ ਹਿੰਮਤ ਨਾ ਕੀਤੀ। ਉਹ ਔਰਤ ਖ਼ੁਦ ਪੁਲਸ ਥਾਣੇ ਪੁੱਜੀ। ਇਹ ਔਰਤ ਹਿੰਦੂ ਸੀ ਤੇ ਬਲਾਤਕਾਰੀ ਵੀ ਹਿੰਦੂ।

ਇਸੇ ਸ਼ਹਿਰ ਵਿੱਚ ਪਿਛਲੇ ਸਾਲ ਵੀ ਅਜਿਹੀ ਹੀ ਘਟਨਾ ਵਾਪਰੀ ਸੀ। ਇੱਕ 12 ਸਾਲ ਦੀ ਕੁੜੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਉਹ ਕੁੜੀ ਚਿੱਟੇ ਦਿਨ ਅੱਧਨੰਗੀ ਖ਼ੂਨ ਨਾਲ ਲੱਥਪੱਥ ਸੜਕ 'ਤੇ ਤੁਰਦੀ ਲੋਕਾਂ ਨੂੰ ਮਦਦ ਲਈ ਵਾਸਤੇ ਪਾਉਂਦੀ ਰਹੀ, ਪਰ ਲੋਕਾਂ ਨੇ ਆਪਣੇ ਘਰਾਂ ਦੇ ਬੂਹੇ ਬੰਦ ਕਰ ਲਏ, ਕੋਈ ਵੀ ਉਸ ਬਾਲੜੀ ਦੀ ਮਦਦ ਲਈ ਨਾ ਬਹੁੜਿਆ। ਉਹ 8 ਕਿਲੋਮੀਟਰ ਤੁਰ ਕੇ ਥਾਣੇ ਪੁੱਜੀ। ਇਹ ਕੁੜੀ ਵੀ ਹਿੰਦੂ ਸੀ ਤੇ ਬਲਾਤਕਾਰ ਕਰਨ ਵਾਲੇ ਵੀ ਹਿੰਦੂ ਸਨ। ਜਦੋਂ ਮਨੁੱਖ ਅੰਦਰਲੀ ਸੰਵੇਦਨਾ ਮਰ ਜਾਂਦੀ ਹੈ ਤਾਂ ਉਹ ਰਾਖਸ਼ ਬਣ ਜਾਂਦਾ ਹੈ ਜਾਂ ਤੁਰਦੀ-ਫਿਰਦੀ ਲਾਸ਼।

ਜੈ ਗੁਰੂ ਰਵਿਦਾਸ ਜੀ ੴ ਸਤਿਗੁਰ ਪ੍ਰਸਾਦਿ ॥ ਜੈ ਗੁਰੂ ਰਵਿਦਾਸ ਜੀ

ਹਰਿ MAY ALL HUMANITY PROSPER BY THY GRACE ਹਰਿ

# SHRI GURU RAVIDASS SABHA SOUTHALL (Regd)

REGISTERED AS CHARITY No. 273317

HEAD OFFICE : 282 WESTERN ROAD, SOUTHALL, MIDDLESEX UB2 5JT

TELEPHONE : 020-8574-0245 / 0528 FAX : 020-8574-8967

# ਨਵੀਂ ਮੈਂਬਰਸ਼ਿਪ ਲਈ ਭਰਤੀ ਦੀ ਸੂਚਨਾ

SGRS/2024 ਮਿਤੀ 17 **ਜੁਲਾਈ** 2024

**ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ** ਵੱਲੋਂ 2024-2027 ਦੀ ਨਵੀਂ ਮੈਂਬਰਸ਼ਿੱਪ ਬੁੱਧਵਾਰ 17 ਜੁਲਾਈ 2024 ਤੋਂ ਲੈ ਕੇ ਐਤਵਾਰ 29 ਸਤੰਬਰ 2024 ਤੱਕ ਖੋਲ੍ਹੀ ਗਈ ਹੈ।

**ਮੈਂਬਰ ਬਣਨ ਲਈ ਤੁਸੀਂ ਆਪਣੇ ਸ਼ਨਾਖਤੀ ਕਾਰਡ**

(1) ਪਾਸਪੋਰਟ ਜਾਂ ਫੁੱਲ ਡਰਾਈਵਿੰਗ ਲਇਸੰਸ

(2) ਬੈਂਕ ਸਟੇਟਮੈਂਟ ਜਾਂ ਘਰ ਦਾ ਬਿੱਲ ਦਿਖਾ ਕੇ ਮੈਂਬਰ ਬਣ ਸਕਦੇ ਹੋ।

ਇਨ੍ਹਾਂ ਤੋਂ ਇਲਾਵਾ ਮੈਂਬਰਸ਼ਿੱਪ ਨਹੀਂ ਹੋਵੇਗੀ।

ਪ੍ਰਬੰਧਕਾਂ ਵੱਲੋਂ ਸਾਊਥਾਲ ਦੇ ਸਮੂਹ ਰਵਿਦਾਸੀਆ ਭਾਈਚਾਰੇ ਨੂੰ ਬੇਨਤੀ ਹੈ ਕਿ ਤੁਸੀਂ ਹੇਠ ਲਿਖੇ ਸਮੇਂ ਅਨੁਸਾਰ ਆਪਣੇ ਸ਼ਨਾਖਤੀ ਕਾਰਡ ਦਿਖਾ ਕੇ ਮੈਂਬਰ ਬਣਨ ਦੀ ਕ੍ਰਿਪਾਲਤਾ ਕਰੋ ਜੀ। ਮੈਂਬਰਸ਼ਿੱਪ ਫੀਸ 5 ਪੌਂਡ ਤਿੰਨ ਸਾਲ ਲਈ ਅਤੇ ਲਾਈਫ ਮੈਂਬਰਸ਼ਿੱਪ ਲਈ ਫੀਸ 51 ਪੌਂਡ ਰਹੇਗੀ। ਗੁੰਮ ਹੋਇਆ ਕਾਰਡ ਦੁਬਾਰਾ ਪ੍ਰਾਪਤ ਕਰਨ ਵਾਸਤੇ 5 ਪੌਂਡ ਫੀਸ ਹੋਵੇਗੀ ।

ਪ੍ਰਬੰਧਕ ਕਮੇਟੀ ਲੋੜ ਪੈਣ 'ਤੇ ਮੈਂਬਰਸ਼ਿੱਪ ਟਾਈਮ ਵਿੱਚ ਤਬਦੀਲੀ ਕਰ ਸਕਦੀ ਹੈ। ਇਸ ਲਈ ਨੋਟਿਸ ਬੋਰਡ 'ਤੇ ਅਗਾਊਂ ਸੂਚਨਾ ਦਿੱਤੀ ਜਾਵੇਗੀ ।

ਅਸੀਂ ਤੁਹਾਡੇ ਵੱਲੋਂ ਮਿਲਣ ਵਾਲੇ ਸਹਿਯੋਗ ਲਈ ਅਤਿ ਧੰਨਵਾਦੀ ਹੋਵਾਂਗੇ। ਜੇ ਕੋਈ ਰਵਿਦਾਸ ਭਾਈਚਾਰੇ ਨਾਲ ਸਬੰਧ ਨਹੀਂ ਰੱਖਦਾ ਤਾਂ ਪ੍ਰਬੰਧਕ ਕਮੇਟੀ ਕੋਲ ਪੂਰੇ ਅਧਿਕਾਰ ਹਨ ਕਿ ਉਹ ਮੈਂਬਰ ਬਣਾਉਣ ਤੋਂ ਨਾਂਹ ਕਰ ਸਕਦੇ ਹਨ। ਟਾਈਮ ਟੇਬਲ ਹੇਠਾਂ ਦਿੱਤਾ ਗਿਆ ਹੈ ।

SGRS 2024 Date : 17-07-2024

# NOTICE

**SHRI GURU RAVIDASS SABHA SOUTHALL MEMBERSHIP PROGRAM**

Dear members, Registration for membership of Shri Guru Ravidass Sabha Southall will be open from 17th July 2024 - 29th Sept 2024 and will be done in the temple at 282 Western Road Southall, Middx UB2 5JT.

All members are requested to come to the Temple for registration of membership according to the time table given below at your earliest convenient date.

All registered members will be issued with a Photo Identity Card as evidence of registration and will be required to Produce on demand at the time of voting during the tenure at election and also to attend the general body meetings. But at the time of registration all members will be required to produce their documents as under :

(1) Passport or Full driving Licience
(2) A bank statement as proof of their address.
(3) Lost card will be issued for the payment of £5.00
(4) All community members are requested to get registration according to prescribed area of the constitution only.

Subscriptions for the Three years will be £5.00 (Five pounds).

Life membership fee remains the same (£51.00)

Please note registration times are subject to altration according to registration needs. Advance notice will be displayed on the notice board in such a case.

**ਵਿਸ਼ੇਸ਼ ਨੋਟ:–** ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਸੰਵਿਧਾਨ ਦੇ ਮੁਤਾ-ਬਕ ਸਾਡਾ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਇਸ ਤੋਂ ਬਿਨਾਂ ਅਸੀਂ ਕਿਸੇ ਹੋਰ ਧਾਰਮਿਕ ਗ੍ਰੰਥ ਨੂੰ ਮਾਨਤਾ ਨਹੀਂ ਦਿੰਦੇ। ਮੈਂਬਰਸ਼ਿੱਪ ਪ੍ਰਾਪਤ ਕਰਨ ਵਾਸਤੇ ਉਹ ਹੀ ਮੈਂਬਰ ਬਣ ਸਕਦੇ ਹਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਰਵਿਦਾਸੀਆ ਕਮਿਊਨਿਟੀ ਨਾਲ ਸੰਬੰਧਿਤ ਹੋਣਗੇ।

**== PLEASE NOTE : ==**

According to constitution of Shri Guru Ravidass Sabha Southall our religious Granth is Shri Guru Granth Sahib ji and we do not endorse any other holy book. To become member of Shri Guru Ravidass Sabha you must belong to Ravidassia Community and belive in Shri Guru Granth Sahib Ji.

ਨੋਟ:– 29 ਸਤੰਬਰ 2024 ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਤੋਂ ਸ਼ਾਮ 3:00 ਵਜੇ ਤੱਕ ਵੋਟਾਂ ਬਨਾਉਣ ਦੀ ਆਖਰੀ ਤਰੀਕ ਹੈ। ਇਸ ਗੁਰਦੁਆਰਾ ਸਾਹਿਬ ਦੇ ਰਜਿਸਟਰਡ ਮੈਂਬਰ ਬਣਨ ਦੇ ਚਾਹਵਾਨ 29 ਸਤੰਬਰ ਤੱਕ ਦਿੱਤੇ ਹੋਏ ਸਮੇਂ ਅਨੁਸਾਰ ਮੈਂਬਰ ਬਣ ਸਕਦੇ ਹਨ। ਇਸ ਤਰੀਕ ਪਿੱਛੋਂ ਮੈਂਬਰਸ਼ਿੱਪ ਦੀ ਭਰਤੀ ਬੰਦ ਹੋ ਜਾਵੇਗੀ।

## MEMBERSHIP REGISTRATION TIME TABLE

| Date | Day | Time |
|---|---|---|
| 17/7/2024 | Wednesday | 3:00 to 6:00 pm |
| 20/7/2024 | Saturday | 3:00 to 6:00 pm |
| 21/7/2024 | Sunday | 11am to 3:00pm |
| 24/7/2024 | Wednesday | 3:00 to 6:00 pm |
| 27/7/2024 | Saturday | 3:00 to 6:00 pm |
| 28/7/2024 | Sunday | 11am to 3:00pm |
| 31/7/2024 | Wednesday | 3:00 to 6:00 pm |
| *03/8/2024* | *Saturday* | *No Membership* |
| 04/8/2024 | Sunday | 11am to 3:00pm |
| 07/8/2024 | Wednesday | 3:00 to 6:00 pm |
| 10/8/2024 | Saturday | 3:00 to 6:00 pm |
| 11/8/2024 | Sunday | 11am to 3:00pm |
| 14/8/2024 | Wednesday | 3:00 to 6:00 pm |
| 17/8/2024 | Saturday | 3:00 to 6:00 pm |
| 18/8/2024 | Sunday | 11am to 3:00pm |
| 21/8/2024 | Wednesday | 3:00 to 6:00 pm |
| *24/8/2024* | *Saturday* | *No Membership* |

| Date | Day | Time |
|---|---|---|
| 25/8/2024 | Sunday | 11am to 3:00pm |
| 28/8/2024 | Wednesday | 3:00 to 6:00 pm |
| 31/8/2024 | Saturday | 3:00 to 6:00 pm |
| 01/9/2024 | Sunday | 11am to 3:00pm |
| 04/9/2024 | Wednesday | 3:00 to 6:00 pm |
| 07/9/2024 | Saturday | 3:00 to 6:00 pm |
| 08/9/2024 | Sunday | 11am to 3:00pm |
| 11/9/2024 | Wednesday | 3:00 to 6:00 pm |
| 14/9/2024 | Saturday | 2:00 to 4:00 pm |
| 15/9/2024 | Sunday | 11am to 3:00pm |
| 18/9/2024 | Wednesday | 3:00 to 6:00 pm |
| 21/9/2024 | Saturday | 2:00 to 4:00 pm |
| 22/9/2024 | Sunday | 11am to 3:00pm |
| 25/9/2024 | Wednesday | 3:00 to 6:00 pm |
| 28/9/2024 | Saturday | 3:00 to 6:00 pm |
| 29/9/2024 | Sunday | 11am to 3:00pm |

**ਧੰਨਵਾਦ ਸਹਿਤ – ਪ੍ਰਬੰਧਕ ਕਮੇਟੀ: ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ (ਰਜਿ:)**

282 ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ ਯੂ ਕੇ Tel : 0208 574 0245/ 0528 FAX : 0208 574 8967

# ਗਲੋਬਲ ਸਿੱਖ ਕੌਂਸਲ ਵੱਲੋਂ ਸਿੱਖ ਗੁਰਦੁਆਰਾ ਕਾਨੂੰਨ 'ਚ ਸੋਧ ਦੀ ਮੰਗ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗਲੋਬਲ ਸਿੱਖ ਕੌਂਸਲ ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸਰਕਾਰੀ ਦਖਲਅੰਦਾਜ਼ੀ ਖਤਮ ਕਰਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਆਮ ਚੋਣਾਂ ਵਿੱਚ ਦੇਰੀ ਕਰਨ ਦੀਆਂ ਕਈ ਖਾਮੀਆਂ ਦਾ ਹਵਾਲਾ ਦਿੰਦੇ ਹੋਏ ਸਿੱਖ ਗੁਰਦੁਆਰਾ ਕਾਨੂੰਨ 1925 ਵਿੱਚ ਤੁਰੰਤ ਸੋਧ ਕਰਨ ਦੀ ਅਪੀਲ ਕੀਤੀ ਹੈ।**

ਇੱਕ ਪ੍ਰੈਸ ਬਿਆਨ ਵਿੱਚ ਗਲੋਬਲ ਸਿੱਖ ਕੌਂਸਲ ਵੱਲੋਂ ਲੇਡੀ ਸਿੰਘ ਡਾ. ਕੰਵਲਜੀਤ ਕੌਰ ਓ ਬੀ ਈ ਨੇ ਕਿਹਾ ਕਿ ਇਸ ਕਾਨੂੰਨ ਦਾ ਉਦੇਸ਼ ਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧ ਗੈਰ-ਸਿੱਖਾਂ ਦੇ ਪ੍ਰਭਾਵ ਹੇਠੋਂ ਕੱਢ ਕੇ ਅਭਿਆਸੀ ਸਿੱਖਾਂ ਨੂੰ ਵਾਪਸ ਕਰਨ ਦਾ ਮੂਲ ਉਦੇਸ਼ ਸ਼ਲਾਘਾਯੋਗ ਸੀ ਪਰ ਇਸ ਕਾਨੂੰਨ ਵਿੱਚ ਕੇਂਦਰ ਸਰਕਾਰ ਵੱਲੋਂ ਕੋਈ ਵੀ ਸੋਧ ਕਰਨ ਤੋਂ ਪਹਿਲਾਂ ਐਸ.ਜੀ.ਪੀ.ਸੀ. ਨਾਲ ਸਲਾਹ-ਮਸ਼ਵਰਾ ਕਰਨ ਲਈ ਲੋੜੀਂਦੇ ਉਪਬੰਧਾਂ ਦੀ ਘਾਟ ਹੈ ਜਿਸ ਕਰਕੇ ਕੇਂਦਰ ਵੱਲੋਂ ਇਸ ਕਾਨੂੰਨ ਵਿੱਚ ਕਿਸੇ ਵੀ ਸੋਧ ਤੋਂ ਪਹਿਲਾਂ ਐਸ.ਜੀ.ਪੀ.ਸੀ. ਨਾਲ ਸਲਾਹ ਮਸ਼ਵਰਾ ਕਰਨ ਲਈ ਮੌਜੂਦਾ ਕਾਨੂੰਨ ਨੂੰ ਸੋਧਿਆ ਜਾਵੇ।

ਕੌਂਸਲ ਨੇ ਜ਼ੋਰ ਦੇ ਕੇ ਕਿਹਾ ਕਿ 17ਵੀਂ ਸਦੀ ਤੋਂ ਸਿੱਖਾਂ ਦੀ ਸਰਵਉੱਚ ਅਥਾਰਟੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਵੇਲੇ ਉਕਤ ਕਾਨੂੰਨ ਦੀ ਧਾਰਾ 85(1) ਦੁਆਰਾ ਸ਼੍ਰੋਮਣੀ ਕਮੇਟੀ ਦੇ ਨਿਯੰਤਰਣ, ਨਿਗਰਾਨੀ ਅਤੇ ਪ੍ਰਬੰਧਨ ਅਧੀਨ ਰੱਖਿਆ ਗਿਆ ਹੈ। ਇਸ ਧਾਰਾ ਵਿੱਚ ਲੋੜੀਂਦੇ ਸੁਧਾਰਾਂ ਦਾ ਸੁਝਾਅ ਦਿੰਦਿਆਂ ਡਾ. ਕੰਵਲਜੀਤ ਕੌਰ ਨੇ ਮੰਗ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਧਾਰਾ 85 (1) ਵਿੱਚੋਂ ਹਟਾਇਆ ਜਾਵੇ ਤਾਂ ਜੋ ਇਸ ਨੂੰ ਗੁਰਦਵਾਰਾ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ ਵਾਂਗ ਆਜ਼ਾਦੀ ਅਤੇ ਖੁਦਮੁਖਤਿਆਰੀ ਮੁੜ ਦਿਵਾਈ ਜਾ ਸਕੇ। ਉਨ੍ਹਾਂ ਤਜਵੀਜ ਦਿੱਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਵੱਖਰੇ ਬੱਜਟ ਨੂੰ ਯਕੀਨੀ ਬਣਾਉਣ ਲਈ ਨਿਯਮ ਬਣਾਏ ਜਾਣ ਅਤੇ ਤਖ਼ਤ ਸਕੱਤਰੇਤ ਨੂੰ ਧਾਰਮਿਕ ਮਾਹਿਰਾਂ ਸਮੇਤ ਆਪਣੇ ਕਰਮਚਾਰੀ ਚੁਣਨ ਦਾ ਅਧਿਕਾਰ ਦਿੱਤਾ ਜਾਵੇ। ਇਸ ਤੋਂ ਇਲਾਵਾ, ਉਨਾਂ ਸਭ ਤੋਂ ਯੋਗ ਜਥੇਦਾਰਾਂ ਦੀ ਨਿਯੁਕਤੀ ਲਈ ਇੱਕ ਪਾਰਦਰਸ਼ੀ ਚੋਣ ਪ੍ਰਕਿਰਿਆ ਬਣਾਉਣ ਲਈ ਇੱਕ ਸੁਤੰਤਰ ਕਮੇਟੀ ਦਾ ਗਠਨ ਕਰਨ ਦੀ ਮੰਗ ਕੀਤੀ ਹੈ।

ਡਾ. ਕੰਵਲਜੀਤ ਕੌਰ ਨੇ ਤਖ਼ਤ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਨੂੰ ਵੀ ਉਪਰੋਕਤ ਧਾਰਾ ਤੋਂ ਬਾਹਰ ਰੱਖਣ ਦੀ ਮੰਗ ਕਰਦਿਆਂ ਇਨ੍ਹਾਂ ਤਖਤ ਸਾਹਿਬਾਨ ਨੂੰ ਵੀ ਸਰਕਾਰੀ ਕੰਟਰੋਲ ਤੋਂ ਮੁਕਤੀ ਦਿਵਾਉਣ ਦੀ



ਵਕਾਲਤ ਕੀਤੀ ਹੈ।

ਉਹਨਾ ਨੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਸ਼ਕਤੀਆਂ ਦੇਣ ਲਈ ਵੀ ਕਾਨੂੰਨ ਵਿੱਚ ਸੋਧਾਂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਮੌਜੂਦਾ ਕਾਨੂੰਨ ਤਹਿਤ ਸ਼੍ਰੋਮਣੀ ਕਮੇਟੀ ਚੋਣਾਂ ਦਾ ਐਲਾਨ ਕਰਨ ਅਤੇ ਚੋਣਾਂ ਕਰਵਾਉਣ ਦਾ ਸਾਰਾ ਅਧਿਕਾਰ ਕੇਂਦਰ ਸਰਕਾਰ ਕੋਲ ਹੈ। ਕੌਂਸਲ ਨੇ ਸੁਝਾਅ ਦਿੱਤਾ ਹੈ ਕਿ ਇਹ ਅਧਿਕਾਰ ਗੁਰਦੁਆਰਾ ਚੋਣ ਕਮਿਸ਼ਨਰ ਨੂੰ ਦਿੱਤਾ ਜਾਵੇ, ਜਿਸ ਨਾਲ ਆਮ ਚੋਣਾਂ ਸਮੇਂ ਸਿਰ ਕਰਵਾਉਣ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੀਆਂ ਖਾਲੀ ਹੋਈਆਂ ਸੀਟਾਂ ਲਈ ਜ਼ਿਮਨੀ ਚੋਣਾਂ ਵੀ ਸਮਾਂਬੱਧ ਢੰਗ ਨਾਲ ਕਰਵਾਈਆਂ ਜਾ ਸਕਣ।

ਇਸ ਤੋਂ ਇਲਾਵਾ, ਗਲੋਬਲ ਸਿੱਖ ਕੌਂਸਲ ਨੇ ਉਕਤ ਕਾਨੂੰਨ ਦੀ ਧਾਰਾ 51 ਵਿੱਚ ਸੋਧ ਦੀ ਤਜਵੀਜ਼ ਪੇਸ਼ ਕੀਤੀ ਹੈ ਜਿਸ ਨਾਲ ਐਸ.ਜੀ.ਪੀ.ਸੀ. ਦੀਆਂ ਚੋਣਾਂ ਮੌਜੂਦਾ ਬੋਰਡ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਜਾਂ ਇਸ ਦੇ ਪੂਰਾ ਹੋਣ ਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਕਰਾਉਣੀਆਂ ਲਾਜ਼ਮੀ ਬਣਾਈਆਂ ਜਾਣ।

ਕੌਂਸਲ ਨੇ ਸ਼੍ਰੋਮਣੀ ਕਮੇਟੀ ਨੂੰ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਅੱਗੇ ਲੋੜੀਂਦੀਆਂ ਤਜਵੀਜ਼ਾਂ ਪੇਸ਼ ਕਰਕੇ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਲਈ ਫੈਸਲਾਕੁੰਨ ਕਦਮ ਚੁੱਕਣ ਲਈ ਕਿਹਾ ਹੈ। ਕੌਂਸਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਦੇ ਸੰਵਿਧਾਨ ਦੇ ਆਰਟੀਕਲ 26 ਦੁਆਰਾ ਪ੍ਰਦਾਨ ਕੀਤੇ ਅਧਿਕਾਰਾਂ ਤਹਿਤ ਸਮੂਹ ਗੁਰਦੁਆਰੇ ਵੀ ਉਸੇ ਤਰਾਂ ਸਿੱਖਾਂ ਦੇ ਪੂਰਨ ਕੰਟਰੋਲ ਅਤੇ ਪ੍ਰਬੰਧ ਅਧੀਨ ਹੋਣੇ ਚਾਹੀਦੇ ਹਨ ਜਿਸ ਤਰ੍ਹਾਂ ਕਿ ਦੇਸ਼ ਵਿੱਚ ਮਸਜਿਦਾਂ ਅਤੇ ਗਿਰਜਾਘਰਾਂ ਨੂੰ ਸਰਕਾਰੀ ਦਖਲ ਤੋਂ ਬਿਨਾਂ ਉਨ੍ਹਾਂ ਦੇ ਸਬੰਧਤ ਧਾਰਮਿਕ ਭਾਈਚਾਰਿਆਂ ਦੁਆਰਾ ਕੰਟਰੋਲ ਕੀਤਾ ਜਾ ਰਿਹਾ ਹੈ।


GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's First Asian Marriage Bureau
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਗੁਰੂ ਨਾਨਕ ਗੁਰਦੁਆਰਾ ਵੈਡਨਸਫੀਲਡ ਵਿਖੇ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



ਸਾਰਾਗੜ੍ਹੀ ਦੇ ਸ਼ਹੀਦਾਂ ਨਮਿੱਤ ਸ਼ਰਧਾਂਜਲੀ ਸਮਾਗਮ ਵਿੱਚ ਬ੍ਰਿਟ੍ਰਿਸ਼ ਫੌਜ ਦੇ ਅਧਿਕਾਰੀ ਅਤੇ ਹੋਰ ਤਸਵੀਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 1897 ਵਿੱਚ ਸਾਰਾਗੜ੍ਹੀ ਵਿੱਚ ਅਫਗਾਨੀ ਧਾੜਵੀਆਂ ਦਾ ਮੁਕਾਬਲਾ ਕਰਦਿਆਂ ਸ਼ਹਾਦਤ ਦਾ ਜਾਮ ਪੀਣ ਵਾਲੇ ਸ॰ ਈਸ਼ਰ ਸਿੰਘ ਹਵਾਲਦਾਰ ਸਮੇਤ 21 ਸਿੱਖ ਸਿਪਾਹੀਆਂ ਦੀ ਯਾਦ ਵਿੱਚ ਗੁਰੂ ਨਾਨਕ ਗੁਰਦੁਆਰਾ ਵੈਡਨਸਫੀਲਡ ਵਿਖੇ ਸ਼ਰਧਾਂਜਲੀ ਸਮਾਗਮ ਕਰਵਾਏ ਗਏ। ਜਿਸ ਵਿੱਚ ਗੁਰਦੁਆਰਾ ਕੌਂਸਲ ਆਫ ਸਿੱਖਸ ਵੁਲਵਰਹੈਂਪਟਨ, ਕੌਂਸਲ ਤੋਂ ਇਲਾਵਾ ਬ੍ਰਿਟਿਸ਼ ਆਰਮੀ ਦੇ ਉੱਚ ਅਧਿਕਾਰੀਆਂ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਆਰਮੀ ਬੈਂਡ ਵੱਲੋਂ ਮਾਰਚ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਨਾਲ ਹੀ ਸ॰ ਈਸ਼ਰ ਸਿੰਘ ਹਵਾਲਦਾਰ ਦੇ ਤਿੰਨ ਸਾਲ ਪਹਿਲਾਂ ਸਥਾਪਿਤ ਕੀਤੇ ਬੁੱਤ ਜਿਸ ਤੇ ਸਮੂਹ ਸ਼ਹੀਦਾਂ ਦੇ ਨਾਮ ਅੰਕਿਤ ਹਨ, ਤੇ ਵਿਸ਼ੇਸ਼ ਸਮਾਗਮ ਉਲੀਕਿਆ ਗਿਆ।*

ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਸਾਰਾਗੜ੍ਹੀ ਅੰਦਰ ਸਿੱਖ ਸਿਪਾਹੀਆਂ ਨੇ ਸਿੱਖੀ ਪ੍ਰੰਪਰਾਵਾਂ ਨੂੰ ਕਾਇਮ ਰੱਖਦਿਆਂ ਮੈਦਾਨ ਨਹੀਂ ਛੱਡਿਆ, ਸਗੋਂ ਬਹਾਦਰੀ ਨਾਲ ਲੜਦਿਆਂ ਸ਼ਹਾਦਤ ਪ੍ਰਾਪਤ ਕੀਤੀ। ਇਸ ਮੌਕੇ ਸਃ ਪ੍ਰਮਜੀਤ ਸਿੰਘ ਢਾਂਡੀ, ਡਾਃ ਸਾਧੂ ਸਿੰਘ, ਗੁਰਸ਼ਰਨ ਸਿੰਘ, ਗੁਰਿੰਦਰ ਸਿੰਘ ਜੋਸ਼ਨ ਚੇਅਰਮੈਨ ਸਾਰਾਗੜਘੀ ਫਾਊਂਡੇਸ਼ਨ, ਸੰਤੋਸ਼ ਸਿੰਘ ਸ਼ਹੀਦ ਹਵਾਲਦਾਰ ਈਸ਼ਰ ਸਿੰਘ ਦੀ ਚੌਥੀ ਪੀੜੀ ਚੋਂ, ਬਗਰੇਡੀਅਰ ਜੌਹਨ ਕਿੰਡਲ, ਕੌਂਸਲਰ ਭੁਪਿੰਦਰ ਸਿੰਘ ਗਾਖਲ, ਜਗਜੀਤ ਸਿੰਘ ਸਹੋਤਾ, ਮੇਜਰ ਦਲਜੀਤ ਸਿੰਘ ਵਿਰਦੀ, ਹਰਮੀਤ ਸਿੰਘ ਭੱਕਨਾ ਆਦਿ ਹਾਜ਼ਰ ਸਨ।

# ਬਰਤਾਨੀਆ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਕੰਜ਼ਰਵੇਟਿਵ ਪਾਰਟੀ ਦੀ ਨੇਤਾ ਦੌੜ ਚੋਂ ਬਾਹਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸਾਬਕਾ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਕੱਲ ਬੁੱਧਵਾਰ ਨੂੰ ਕੰਜ਼ਰਵੇਟਿਵ ਪਾਰਟੀ ਦੇ ਅਗਲੇ ਨੇਤਾ ਵਜੋਂ ਰਿਸ਼ੀ ਸੁਨਕ ਦੀ ਥਾਂ ਲੈਣ ਦੀ ਦੌੜ ਤੋਂ ਬਾਹਰ ਹੋ ਗਈ। ਸੰਸਦ ਦੇ ਆਪਣੇ ਸਾਥੀ ਮੈਂਬਰਾਂ ਦੇ ਮੁਕਾਬਲੇ ਵੋਟਿੰਗ ਦੇ ਪਹਿਲੇ ਗੇੜ ਵਿੱਚ ਪਟੇਲ ਨੂੰ ਸਭ ਤੋਂ ਘੱਟ ਵੋਟਾਂ ਮਿਲੀਆਂ ਸਨ। ਭਾਰਤੀ ਮੂਲ ਦੀ ਪਟੇਲ (52) ਨੂੰ 121 ਵਿੱਚੋਂ ਸਿਰਫ਼ 14 ਵੋਟਾਂ ਹੀ ਮਿਲੀਆਂ, ਜਦਕਿ ਸਾਬਕਾ ਇਮੀਗ੍ਰੇਸ਼ਨ ਮੰਤਰੀ ਰੌਬਰਟ ਜੇਨਰਿਕ ਨੂੰ ਸਭ ਤੋਂ ਵੱਧ 28 ਵੋਟਾਂ ਮਿਲੀਆਂ।ਕੇਮੀ ਬੈਡੇਨੋਚ 22 ਵੋਟਾਂ ਨਾਲ ਦੂਜੇ, ਜੇਮਜ਼ ਕਲੀਵਰਲੇ 21 ਵੋਟਾਂ ਨਾਲ ਤੀਜੇ ਸਥਾਨ ਤੋਂ ਰਹੇ। ਇਸ ਤੋਂ ਇਲਾਵਾ ਟੌਮ ਤੁਗੇਨਹਾਟ ਨੂੰ 17 ਵੋਟਾਂ ਅਤੇ ਮੇਲ ਸਟ੍ਰਾਈਡ ਨੂੰ 16 ਵੋਟਾਂ ਮਿਲੀਆਂ। ਹੁਣ ਅਗਲੇ ਮੰਗਲਵਾਰ ਨੂੰ ਸੰਸਦ ਮੈਂਬਰਾਂ ਦੀ ਵੋਟਿੰਗ ਦੇ ਅਗਲੇ ਦੌਰ ਦੀਆਂ ਵੋਟਾਂ ਪੈਣਗੀਆਂ। ਨਤੀਜਿਆਂ ਦਾ ਐਲਾਨ ਟੋਰੀ ਬੈਕਬੈਂਚ 1922 ਕਮੇਟੀ ਦੇ ਚੇਅਰਮੈਨ ਬੌਬ ਬਲੈਕਮੈਨ ਨੇ ਵੈਸਟਮਿੰਸਟਰ ਵਿੱਚ ਸੰਸਦ ਕੰਪਲੈਕਸ ਵਿੱਚ ਇੱਕ ਮੀਟਿੰਗ ਦੌਰਾਨ ਕੀਤਾ।ਅਗਲੇ ਹਫਤੇ ਹੋਣ ਵਾਲੀ ਵੋਟਿੰਗ ਤੋਂ ਬਾਅਦ, ਚਾਰ ਬਾਕੀ ਉਮੀਦਵਾਰ ਇਸ ਮਹੀਨੇ ਦੇ ਅੰਤ ਵਿੱਚ ਪਾਰਟੀ ਕਾਨਫਰੰਸ ਵਿੱਚ ਆਹਮੋ-ਸਾਹਮਣੇ ਹੋਣਗੇ ਤਾਂ ਜੋ ਵਿਆਪਕ ਟੋਰੀ ਮੈਂਬਰਸ਼ਿਪ ਵੋਟ ਲਈ ਔਨਲਾਈਨ ਬੈਲਟ 'ਤੇ ਅੰਤਿਮ ਦੋ ਉਮੀਦਵਾਰਾਂ ਵਜੋਂ ਰੱਖਿਆ ਜਾ ਸਕੇ। ਜਿਕਰਯੋਗ ਹੈ ਕਿ ਕੰਜ਼ਰਵੇਟਿਵ ਪਾਰਟੀ ਦਾ ਨਵਾਂ ਨੇਤਾ 2 ਨਵੰਬਰ ਨੂੰ ਸੁਨਕ ਦੀ ਥਾਂ ਲਵੇਗਾ। 4 ਜੁਲਾਈ ਦੀਆਂ ਆਮ ਚੋਣਾਂ ਵਿੱਚ ਪਾਰਟੀ ਦੀ ਹਾਰ ਤੋਂ ਬਾਅਦ ਰਿਸ਼ੀ ਸੁਨਕ ਹਾਊਸ ਆਫ ਕਾਮਨਜ਼ ਵਿੱਚ ਵਿਰੋਧੀ ਧਿਰ ਦੇ ਕਾਰਜਕਾਰੀ ਨੇਤਾ ਵਜੋਂ ਭੂਮਿਕਾ ਨਿਭਾਅ ਰਹੇ ਹਨ।



ਪ੍ਰੀਤੀ ਪਟੇਲ

## ਕਰਨ ਔਜਲਾ ਤੇ ਲੰਡਨ ਕਨਸਰਟ ਦੌਰਾਨ ਜੁੱਤੀ ਨਾਲ ਹਮਲਾ ਗਾਇਕ ਨੇ ਸ਼ੋਅ ਅੱਧ ਵਿਚਾਲੇ ਛੱਡਿਆ

ਪੰਜਾਬੀ ਗਾਇਕ ਕਰਨ ਔਜਲਾ ਉਤੇ ਉਸ ਦੇ ਲੰਡਨ ਵਿਚ ਜਾਰੀ ਸ਼ੋਅ ਦੌਰਾਨ ਜੁੱਤੀ ਵਗਾਹ ਕੇ ਮਾਰੇ ਜਾਣ ਦੀ ਇਕ ਵੀਡੀਓ ਵਾਇਰਲ ਹੋ ਰਹੀ ਹੈ। ਜੁੱਤੀ ਵੱਜਣ ਤੋਂ ਰੋਹ ਵਿਚ ਆਏ ਗਾਇਕ ਨੇ ਆਪਣਾ ਲੰਡਨ ਕਨਸਰਟ ਅੱਧ ਵਿਚਾਲੇ ਛੱਡ ਦਿੱਤਾ। ਵੀਡੀਓ ਵਿਚ ਦਿਖਾਈ ਦੇ ਰਿਹਾ ਹੈ ਕਿ ਇਕ ਪ੍ਰਸੰਸਕ ਵੱਲੋਂ ਸ਼ੋਅ ਦੌਰਾਨ ਮਾਰੀ ਜੁੱਤੀ ਸਿੱਧੀ ਗਾਇਕ ਦੇ ਚਿਹਰੇ ਉਤੇ ਵੱਜੀ। ਇਸ ਫ਼ਰਸਤੁੱਤੇ ਰੋਹ ਵਿਚ ਗਾਇਕ ਨੇ ਗਾਉਣਾ ਬੰਦ ਕਰ ਕੇ ਹਮਲ-ਾਵਰ ਨੂੰ ਭਾਲਣਾ ਸ਼ੁਰੂ ਕਰ ਦਿੱਤਾ।

ਕਰਨ ਔਜਲਾ ਹਮਲਾਵਰ ਨੂੰ ਉੱਚੀ-ਉੱਚੀ ਵੰਗਾਰਨ ਲੱਗਾ, ਇਹ ਕਿਸ ਦੀ ਕਰਤੂਤ ਹੈ । ਮੇਰੇ ਸਾਹਮਣੇ ਸਟੇਜ ਉਤੇ ਆਵੇ। ਉਸ ਨੇ ਕਿਹਾ, ਮੈਂ ਇੰਨਾ ਮਾੜਾ ਨਹੀਂ ਗਾ ਰਿਹਾ ਕਿ ਤੁਸੀਂ ਮੇਰੇ ਉਤੇ ਜੁੱਤੀਆਂ ਵਗਾਹ ਮਾਰੋ। ਉਸ ਨੇ ਇਹ ਵੀ ਕਿਹਾ ਕਿ ਜੇ ਕਿਸੇ ਨੂੰ ਕੋਈ ਸਮੱਸਿਆ ਹੈ ਤਾਂ ਉਸ ਨਾਲ ਸਟੇਜ ਉਤੇ ਆਣ ਕੇ ਸਿੱਧੀ ਗੱਲ ਕਰੇ।

## CALLING FOR PEACE IN THE MIDDLE EAST



As the possibility of a better future. The conflict that has persisted for too long between the two people, this has caused immeasurable suffering and left deep scars in the lives from both communities. I urge all parties concerned to embrace the path of peace, mutual understanding and reconciliation. It is a time to end hostilities, reach out for peace and build together a future where peaceful coexistence is possible for the future of all children, Palestinians and Israelis. I encourage leaders on both sides to take concrete steps to achieve a immediate long lasting ceasefire, thereby preventing futher suffering for the people. Open and honest dialogue must be encouraged and implemented with mutual recognition of our legitimate aspirations for security, dignity and peace. I also urge the international community to support initiatives to promote peace and facilitate meditation and provide humanitarian assistance to those who are affected by this conflict. Respect for humans regardless of location, is imperative and every human life must be protected and respected. Together, everyone must create a climate for mutal understanding, tolerance and cooperation. This all starts with gestures of goodwill education aimed breaking stereotypes and promoting diversity, and economical development projects that benefit all communities from both sides. In sikhism its duty to show lasting peace and educate where Israel's and Palestinians live side by side in security, prosperity and mutual respect. Both sides must overcome the differences of the past and build a future where peaceful coexistence is not only possible but inevitable. Hatred does not cease by hatred , but only by love this is the eternal rule. (SARBAT DA BHALLA) Let us commit today for peace the future of both generations, hoping that our courage and determination to embrace peace will light a path to better future for all.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From : LAMBARDAR DHARMVEER SINGH CLAIRE COVENTRY**

# ਭਾਜਪਾ ਦੀ ਹਰਿਆਣਾ ਤੇ ਕਸ਼ਮੀਰ ਵਿਚ ਖਿਸਕ ਰਹੀ ਹੈ ਸਿਆਸੀ ਜ਼ਮੀਨ

**✪ ਹਰਿਆਣੇ ਦਾ ਜਾਟ ਭਾਈਚਾਰਾ ਤੇ ਸਿੱਖ ਭਾਈਚਾਰਾ ਕਾਂਗਰਸ ਦੀ ਹਮਾਇਤ ਵਿਚ ✪ ਸੌਦਾ ਸਾਧ ਨੂੰ 6 ਵਾਰ ਪੈਰੋਲ ਦੇਣ ਵਾਲੇ ਸਾਬਕਾ ਜੇਲ੍ਹਰ ਸੁਨੀਲ ਸਾਂਗਵਾਨ ਨੂੰ ਭਾਜਪਾ ਨੇ ਦਾਦਰੀ ਤੋਂ ਟਿਕਟ ਦਿੱਤੀ ✪ ਭਗਵੀਂ ਆਰਮੀ ਨੇ ਉਲੰਪਿਕ ਤਗਮਾ ਜੇਤੂ ਬਜਰੰਗ ਪੂਨੀਆ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿਤੀ ✪ ਜੰਮੂ--ਕਸ਼ਮੀਰ ਵਿਚ ਸਰਕਾਰ ਬਣਾਉਣ ਦੀ ਸੰਭਾਵਨਾ ਘੱਟ**

## ਸਿਆਸੀ ਹਲਚੱਲ

ਭਾਜਪਾ ਜੰਮੂ-ਕਸ਼ਮੀਰ ਵਿਚ ਸਿਰਫ਼ ਜੰਮੂ ਇਲਾਕੇ ਵਿਚ ਚੋਣ ਜਿੱਤ ਕੇ ਸਰਕਾਰ ਬਣਾਉਣ ਦੇ ਸੁਪਨੇ ਵੇਖ ਰਹੀ ਹੈ। ਇਸ ਤੋਂ ਪਹਿਲਾਂ ਜੰਮੂ-ਕਸ਼ਮੀਰ ਵਿਚ ਆਖਰੀ ਵਾਰ 2014 ਵਿਚ ਵਿਧਾਨ ਸਭਾ ਚੋਣਾਂ ਹੋਈਆਂ ਸਨ, ਉਦੋਂ ਭਾਜਪਾ ਨੂੰ 25 ਸੀਟਾਂ ਮਿਲੀਆਂ ਸਨ ਅਤੇ ਇਹ ਸਾਰੀਆਂ ਸੀਟਾਂ ਜੰਮੂ ਖੇਤਰ ਦੀਆਂ ਸਨ। ਉਸ ਤੋਂ ਬਾਅਦ 10 ਸਾਲਾਂ ਵਿਚ ਭਾਜਪਾ ਨੇ ਤਰ੍ਹਾਂ-ਤਰ੍ਹਾਂ ਦੇ ਪ੍ਰਯੋਗ ਕੀਤੇ। ਪਹਿਲਾਂ ਤਾਂ ਉਹ ਮੁਫ਼ਤੀ ਮੁਹੰਮਦ ਸਈਅਦ ਅਤੇ ਫਿਰ ਮਹਿਬੂਬਾ ਮੁਫਤੀ ਦੇ ਨਾਲ ਸਰਕਾਰ ਵਿਚ ਰਹੀ। ਉਸ ਤੋਂ ਬਾਅਦ ਪਿਛਲੇ 6 ਸਾਲ ਤੋਂ ਰਾਸ਼ਟਰਪਤੀ ਸ਼ਾਸਨ ਵਿਚ ਇਕ ਤਰ੍ਹਾਂ ਨਾਲ ਭਾਜਪਾ ਦਾ ਹੀ ਰਾਜ ਚੱਲ ਰਿਹਾ ਹੈ। ਸੂਬੇ ਦੀ ਵੰਡ ਤੋਂ ਲੈ ਕੇ ਹੱਦਬੰਦੀ ਅਤੇ ਰਾਖਵੇਂਕਰਨ ਤੱਕ ਕਈ ਅਜਿਹੇ ਕੰਮ ਹੋਏ, ਜਿਨ੍ਹਾਂ ਤੋਂ ਲੱਗਾ ਕਿ ਭਾਜਪਾ ਇਸ ਵਾਰ ਰਾਜ ਵਿਚ ਆਪਣੀ ਸਰਕਾਰ ਬਣਾਉਣ ਲਈ ਚੋਣਾਂ ਲੜੇਗੀ। ਉਸ ਨੇ ਕਸ਼ਮੀਰ ਘਾਟੀ ਦੀਆਂ ਸਾਰੀਆਂ 47 ਸੀਟਾਂ ਲਈ ਉਮੀਦਵਾਰ ਤਿਆਰ ਕੀਤੇ ਪਰ ਅਜਿਹਾ ਲੱਗ ਰਿਹਾ ਹੈ ਕਿ ਉਸ ਨੇ ਕਸ਼ਮੀਰ ਘਾਟੀ ਵਿਚ ਚੋਣਾਂ ਜਿੱਤਣ ਦੀ ਉਮੀਦ ਛੱਡ ਦਿੱਤੀ ਹੈ। ਇਸ ਲਈ ਪਹਿਲੇ ਪੜਾਅ ਵਿਚ 18 ਸਤੰਬਰ ਨੂੰ ਜਿਨ੍ਹਾਂ 16 ਸੀਟਾਂ 'ਤੇ ਵੋਟਾਂ ਪੈਣੀਆਂ ਹਨ, ਉਨ੍ਹਾਂ ਵਿਚੋਂ ਸਿਰਫ਼ ਅੱਠ ਸੀਟਾਂ 'ਤੇ ਹੀ ਭਾਜਪਾ ਮੈਦਾਨ ਵਿਚ ਹੈ, ਉਹ ਵੀ ਅੱਧੇ ਮਨ ਨਾਲ।

ਸਵਾਲ ਹੈ ਕਿ ਜੇਕਰ ਘਾਟੀ ਵਿਚ 47 ਸੀਟਾਂ 'ਤੇ ਭਾਜਪਾ ਅੱਧੇ ਮਨ ਨਾਲ ਲੜਦੀ ਹੈ ਤਾਂ ਜੰਮੂ ਦੀਆਂ 43 ਸੀਟਾਂ 'ਤੇ ਲੜ ਕੇ ਉਸ ਦੀ ਸਰਕਾਰ ਕਿਵੇਂ ਬਣੇਗੀ?

ਕੀ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਹੀ ਹਾਰ ਮੰਨ ਲਈ ਹੈ ਅਤੇ ਇਸ ਲਈ ਉਪ ਰਾਜਪਾਲ ਨੂੰ ਪਹਿਲਾਂ ਹੀ ਜ਼ਿਆਦਾ ਤਾਕਤ ਦੇ ਕੇ ਸਿੱਧੇ ਰੂਪ ਨਾਲ ਸੱਤਾ ਆਪਣੇ ਹੱਥ ਵਿਚ ਰੱਖਣ ਦਾ ਫ਼ੈਸਲਾ ਕੀਤਾ ਹੈ ਜਾਂ ਚੋਣਾਂ ਉਪਰੰਤ ਗੱਠਜੋੜ ਦੀ ਉਸ ਦੀ ਕੋਈ ਰਣਨੀਤੀ ਹੈ, ਜਿਸ ਨੂੰ ਹਾਲੇ ਕੋਈ ਸਮਝ ਨਹੀਂ ਰਿਹਾ?



ਇਸੇ ਤਰ੍ਹਾਂ ਹਰਿਆਣਾ ਵਿਚ ਭਾਜਪਾ ਨੂੰ ਕਿਸ ਕਦਰ ਆਪਣੀ ਜ਼ਮੀਨ ਖਿਸਕਦੀ ਨਜ਼ਰ ਆ ਰਹੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪਹਿਲਾਂ ਤਾਂ ਉਸ ਨੇ ਆਪਣਾ ਮੁੱਖ ਮੰਤਰੀ ਬਦਲਿਆ ਅਤੇ ਹੁਣ ਨਵੇਂ ਮੁੱਖ ਮੰਤਰੀ ਦੀ ਚੋਣ ਲਈ ਖੇਤਰ ਵੀ ਉਸ ਨੂੰ ਬਦਲਣਾ ਪੈ ਗਿਆ। ਮਹਿਜ 6 ਮਹੀਨੇ ਮੁੱਖ ਮੰਤਰੀ ਬਣੇ ਨਾਇਬ ਸਿੰਘ ਸੈਣੀ ਤਿੰਨ ਮਹੀਨੇ ਪਹਿਲਾਂ ਕਰਨਾਲ ਸੀਟ ਤੋਂ ਜ਼ਿਮਨੀ ਚੋਣ ਲੜ ਕੇ ਵਿਧਾਨ ਸਭਾ ਦੇ ਮੈਂਬਰ ਬਣੇ ਸਨ ਪਰ ਹੁਣ ਪਾਰਟੀ ਨੇ ਉਨ੍ਹਾਂ ਨੂੰ ਕਰਨਾਲ ਦੀ ਬਜਾਏ ਲਾਡਵਾ ਤੋਂ ਉਮੀਦਵਾਰ ਬਣਾਇਆ ਹੈ।

ਸਵਾਲ ਹੈ ਕਿ ਜਿਸ ਸੈਣੀ ਦੇ ਨਾਂਅ 'ਤੇ ਭਾਜਪਾ ਨੇ ਚੋਣਾਂ ਲੜਨੀਆਂ ਹਨ, ਉਨ੍ਹਾਂ ਦੀ ਸੀਟ ਆਖ਼ਰ ਕਿਉਂ ਬਦਲਣੀ ਪਈ? ਕੀ ਭਾਜਪਾ ਨੂੰ ਲੱਗ ਰਿਹਾ ਹੈ ਕਿ ਸੈਣੀ ਚੋਣ ਹਾਰ ਸਕਦੇ ਹਨ? ਕੀ ਖੱਟਰ ਸਰਕਾਰ ਦੇ ਖ਼ਿਲਾਫ਼ ਜਿਸ ਸੱਤਾ ਵਿਰੋਧੀ ਭਾਵਨਾ (ਐਂਟੀ ਇਨਕੁੰਬੈਂਸੀ) ਦੀ ਚਰਚਾ ਚੱਲ ਰਹੀ ਹੈ, ਉਸ ਦਾ ਨੁਕਸਾਨ ਸੈਣੀ ਨੂੰ ਹੋ ਸਕਦਾ ਹੈ?

ਪਰ ਜੇਕਰ ਅਜਿਹਾ ਹੁੰਦਾ ਤਾਂ ਜ਼ਿਮਨੀ ਚੋਣਾਂ ਵਿਚ ਵੀ ਦਿਖਾਈ ਦਿੰਦਾ ਪਰ ਉਦੋਂ ਤਾਂ ਸੈਣੀ ਆਰਾਮ ਨਾਲ ਚੋਣ ਜਿੱਤ ਗਏ। ਇੰਜ ਲੱਗ ਰਿਹਾ ਹੈ ਕਿ ਭਾਜਪਾ ਸੁਰੱਖਿਅਤ ਖੇਡਣਾ ਚਾਹੁੰਦੀ ਹੈ। ਉੱਤਰਾਖੰਡ ਦੇ ਤਜਰਬੇ ਨਾਲ ਉਸ ਨੇ ਇਹ ਸਬਕ ਲਿਆ ਹੈ। ਉੱਤਰਾਖੰਡ ਵਿਚ ਇਸੇ ਤਰ੍ਹਾਂ ਭਾਜਪਾ ਨੇ ਵਿਧਾਨ ਸਭਾ ਚੋਣਾਂ ਤੋਂ ਤਿੰਨ-ਚਾਰ ਮਹੀਨੇ ਪਹਿਲਾਂ ਤੀਰਥ ਸਿੰਘ ਰਾਵਤ ਨੂੰ ਹਟਾ ਕੇ ਪੁਸ਼ਕਰ ਸਿੰਘ ਧਾਮੀ ਨੂੰ ਮੁੱਖ ਮੰਤਰੀ ਬਣਾਇਆ ਸੀ ਅਤੇ ਉਹ ਵਿਧਾਨ ਸਭਾ ਚੋਣਾਂ 'ਚ ਹਾਰ ਗਏ ਸਨ। ਹਾਰਨ ਤੋਂ ਬਾਅਦ ਵੀ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਇਆ ਗਿਆ ਅਤੇ ਉਹ ਦੂਜੀ ਸੀਟ ਤੋਂ ਜ਼ਿਮਨੀ ਚੋਣ ਲੜ ਕੇ ਜਿੱਤੇ। ਝਾਰਖੰਡ ਵਿਚ ਵੀ ਪਿਛਲੀ ਵਾਰ ਭਾਜਪਾ ਦੇ ਮੁੱਖ ਮੰਤਰੀ ਰਘੁਵਰ ਦਾਸ ਚੋਣਾਂ ਹਾਰ ਗਏ ਸਨ। ਅਜਿਹਾ ਕੁੱਝ ਹਰਿਆਣਾ 'ਚ ਨਾ ਹੋਵੇ, ਇਸ ਲਈ ਪਾਰਟੀ ਸੁਰੱਖਿਅਤ ਰਸਤਾ ਅਖ਼ਤਿਆਰ ਕਰ ਰਹੀ ਹੈ।

ਪਰ ਜਾਟ ਭਾਈਚਾਰਾ ਮੋਦੀ ਸਰਕਾਰ ਖਿਲਾਫ ਹੈ, ਉਸ ਦੇ ਦੋ ਕਾਰਣ ਹਨ। ਇਕ ਤਾਂ ਕਿਸਾਨ ਸੰਘਰਸ਼ ਨੂੰ ਸਟੇਟ ਦੇ ਡੰਡੇ ਨਾਲ ਕੁਚਲਿਆ ਗਿਆ। ਕੋਈ ਮੰਗ ਨਹੀਂ ਮੰਨੀ ਗਈ। ਦੂਜਾ ਸਿਆਸੀ ਤੌਰ ਉਪਰ ਜਾਟ ਭਾਈਚਾਰੇ ਨੂੰ ਅਲਗ ਥਲਗ ਕੀਤਾ ਗਿਆ। ਇਸ ਕਾਰਣ ਪੂਰਾ ਜਾਟ ਭਾਈਚਾਰਾ ਕਾਂਗਰਸ ਦੀ ਮਦਦ ਉਪਰ ਦਿਖਾਈ ਦੇ ਰਿਹਾ ਹੈ। ਉਸਨੇ ਭਾਜਪਾ ਨੂੰ ਹਰਾਉਣ ਲਈ ਕਮਰਕਸੇ ਕੀਤੇ ਹੋਏ ਹਨ। ਹੁਣੇ ਜਿਹੇ ਕਾਂਗਰਸ ਵਿਚ ਸ਼ਾਮਿਲ ਹੋਏ ਉਲੰਪਿਕ ਤਗਮਾ ਜੇਤੂ ਬਜਰੰਗ ਪੂਨੀਆ ਨੂੰ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ। ਇਸ ਤੋਂ ਜਾਪਦਾ ਹੈ ਕਿ ਦਹਿਸ਼ਤਗਰਦ ਭਗਵੀਂ ਆਰਮੀ ਸਰਗਰਮ ਹੈ ਜੋ ਕਿ ਵਿਦੇਸ਼ੀ ਨੰਬਰ ਤੋਂ ਵਟਸਐਪ 'ਤੇ ਧਮਕੀ ਦੇ ਰਹੀ ਹੈ। ਬਜਰੰਗ ਨੂੰ ਧਮਕੀ ਵਿਚ ਲਿਖਿਆ ਹੈ ਕਿ ਬਜਰੰਗ ਕਾਂਗਰਸ ਛੱਡ ਦਿਓ ਨਹੀਂ ਤਾਂ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਲਈ ਚੰਗਾ ਨਹੀਂ ਹੋਵੇਗਾ। ਇਸ ਬਾਰੇ ਪੂਨੀਆ ਵਲੋਂ ਸੋਨੀਪਤ ਦੇ ਬਹਿਲਗੜ੍ਹ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਗਈ ਹੈ। ਬੀਤੇ ਦਿਨੀਂ ਉਲੰਪੀਅਨ ਪੂਨੀਆ ਤੇ ਵਿਨੇਸ਼ ਫੋਗਾਟ ਕਾਂਗਰਸ ਵਿਚ ਸ਼ਾਮਿਲ ਹੋ ਕੇ ਸਿਆਸੀ ਮੈਦਾਨ ਵਿਚ ਉਤਰੇ ਹਨ, ਜਿਸ ਕਾਰਣ ਭਾਜਪਾ ਔਖੀ ਮਹਿਸੂਸ ਕਰ ਰਹੀ ਹੈ।

ਜਿਥੇ ਜਾਟ ਭਾਈਚਾਰਾ ਭਾਜਪਾ ਤੋਂ ਹਰਿਆਣੇ ਵਿਚ ਸੰਤੁਸ਼ਟ ਨਹੀਂ ਉਥੇ ਸਿਖ ਭਾਈਚਾਰਾ ਗੁਰਦੁਆਰਾ ਪ੍ਰਬੰਧ ਵਿਚ ਦਖਲ ਅੰਦਾਜ਼ੀ ਕਾਰਣ ਤੇ ਸੌਦਾ ਸਾਧ ਨੂੰ ਵਾਰ ਵਾਰ ਪੈਰੋਲ ਦੇਣ ਕਾਰਣ ਤੇ ਜਾਟ ਭਾਈਚਾਰੇ ਨਾਲ ਵਿਤਕਰਾ ਕਰਨ ਕਾਰਣ ਔਖਾ ਹੈ। ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬਲਾਤਕਾਰ ਅਤੇ ਕਤਲ ਮਾਮਲੇ ਵਿਚ ਬੰਦ ਸੌਦਾ ਸਾਧ ਨੂੰ ਜਦੋਂ 6 ਵਾਰ ਪੈਰੋਲ ਅਤੇ ਫਰਲੋ ਮਿਲੀ ਤਾਂ ਉਸ ਵੇਲੇ ਜੇਲ੍ਹਰ ਰਹੇ, ਸਾਬਕਾ ਜੇਲ੍ਹਰ ਨੂੰ ਭਾਜਪਾ ਨੇ ਦਾਦਰੀ ਤੋਂ ਟਿਕਟ ਦੇ ਕੇ ਸੁਨੀਲ ਸਾਂਗਵਾਨ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਸੁਨੀਲ ਸਾਂਗਵਾਨ ਜੇਲ੍ਹ ਸੁਪਰਡੈਂਟ ਦੇ ਅਹੁਦੇ ਤੋਂ ਵੀਆਰਐੱਸ ਯਾਨੀ ਸਵੈ-ਇੱਛਤ ਸੇਵਾਮੁਕਤੀ ਲੈ ਕੇ ਇਸੇ ਹਫ਼ਤੇ ਭਾਜਪਾ ਵਿਚ ਸ਼ਾਮਲ ਹੋਏ ਸਨ। ਭਾਜਪਾ ਇਸ ਰਾਹੀਂ ਡੇਰੇ ਦੀ ਵੋਟ ਦਾ ਲਾਹਾ ਲੈਣਾ ਚਾਹੁੰਦੀ ਹੈ। ਇਸ ਕਾਰਣ ਸਿਖ ਜਗਤ ਵਿਚ ਖਾਸਾ ਰੋਸ ਪਾਇਆ ਜਾ ਰਿਹਾ ਹੈ।

ਸਿਖ ਭਾਈਚਾਰਾ ਇਸੇ ਕਾਰਣ ਕਾਂਗਰਸ ਦੀ ਹਮਾਇਤ ਉਪਰ ਜਾ ਰਿਹਾ ਹੈ।

ਹੁਣੇ ਜਿਹੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਅਤੇ ਬੀਜੇਪੀ ਦੇ ਮੌਜੂਦਾ ਆਗੂ ਬਲਕੌਰ ਸਿੰਘ ਨੇ ਹੁਣ ਸਿਖ ਭਾਈਚਾਰੇ ਦੀ ਨਬਜ਼ ਪਛਾਣਦਿਆਂ ਪਾਰਟੀ ਛੱਡ ਦਿੱਤੀ ਹੈ। ਬੀਜੇਪੀ ਨੇ ਉਨ੍ਹਾਂ ਦੀ ਥਾਂ ਇਸ ਵਾਰ ਰਾਜੇਂਦਰ ਦੇਸੂਜੋਧਾ ਨੂੰ ਟਿਕਟ ਦਿੱਤੀ ਹੈ।



# ਕਰਜ਼ਾ ਚੜ੍ਹਨ ਕਾਰਣ ਤੇ ਮੋਦੀ ਸਰਕਾਰ ਦੀ ਬੇਰੁਖੀ ਕਾਰਣ ਪੰਜਾਬ ਵਿੱਤੀ ਸੰਕਟ ਵਿੱਚ ਘਿਰਿਆ

**ਕੈਗ ਦੀ ਰਿਪੋਰਟ ਨੇ ਪੰਜਾਬੀਆਂ ਦੀ ਨੀਂਦ ਉਡਾਈ ● ਬਾਦਲ ਦਲ ਆਪ ਸਰਕਾਰ ਖਿਲਾਫ਼ ਮੋਰਚਾ ਲਗਾਉਣ ਦੀ ਤਿਆਰੀ ਵਿਚ ● ਪੰਜਾਬ ਬਾਕੀ ਰਾਜਾਂ ਤੋਂ ਬੁਰੀ ਤਰ੍ਹਾਂ ਪਛੜਿਆ**

### ਵਿਸ਼ੇਸ਼ ਰਿਪੋਟ

ਪੰਜਾਬ ਵਿੱਤੀ ਸੰਕਟ ਵਿੱਚ ਫਸ ਗਿਆ ਹੈ। ਦੂਜੇ ਪਾਸੇ ਕੇਂਦਰ ਸਰਕਾਰ ਵੀ ਸੂਬੇ ਦੀ ਬਾਂਹ ਫੜਨ ਲਈ ਤਿਆਰ ਨਜ਼ਰ ਨਹੀਂ ਆ ਰਹੀ। ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਵਿੱਚ ਖੋਲੇ ਖੁਲਾਸਿਆਂ ਨੇ ਨੀਂਦ ਉਡਾ ਦਿੱਤੀ ਹੈ। ਕੈਗ ਦੀ ਰਿਪੋਰਟ ਹਾਲ ਹੀ ਵਿੱਚ ਵਿਧਾਨ ਸਭਾ ਅੰਦਰ ਪੇਸ਼ ਕੀਤੀ ਗਈ ਸੀ। ਸੂਬੇ ਦੇ ਕੁੱਲ ਰਾਜ ਘਰੇਲੂ ਉਤਪਾਦ ਦਾ ਜਨਤਕ ਕਰਜ਼ਾ ਵਧ ਕੇ 44 ਫੀਸਦੀ ਹੋ ਗਿਆ ਹੈ, ਜੋ 20 ਫੀਸਦੀ ਹੋਣਾ ਚਾਹੀਦਾ ਹੈ।

ਉਧਰ, ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੈਗ ਦੀ ਰਿਪੋਰਟ 'ਤੇ ਚਿੰਤਾ ਜ਼ਾਹਰ ਕਰਦਿਆਂ ਕੇਂਦਰ ਤੋਂ ਐਸਓਐਸ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਸਾਹਨੀ ਨੇ ਕਿਹਾ ਕਿ ਜੀਡੀਪੀ ਦਾ ਮਾਲੀਆ ਘਾਟਾ 2 ਫੀਸਦੀ ਹੋਣਾ ਚਾਹੀਦਾ ਸੀ। ਇਹ ਵੀ ਦੁੱਗਣਾ ਹੋ ਕੇ 4 ਫੀਸਦੀ ਹੋ ਗਿਆ ਹੈ। ਪੰਜਾਬ ਸਿਰ ਪਹਿਲਾਂ ਹੀ 2.82 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ ਤੇ ਦੋ ਸਾਲਾਂ ਵਿੱਚ ਸੂਬੇ ਸਿਰ 90 ਹਜ਼ਾਰ ਕਰੋੜ ਰੁਪਏ ਦਾ ਹੋਰ ਕਰਜ਼ਾ ਚੜ੍ਹ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਸੂਬਾ ਸਰਕਾਰ ਨੂੰ ਮਾਲੀਏ ਦਾ 22 ਫੀਸਦੀ ਵਿਆਜ ਵਜੋਂ ਅਦਾ ਕਰਨਾ ਪੈ ਰਿਹਾ ਹੈ। ਅਜਿਹੀ ਨਾਜ਼ੁਕ ਸਥਿਤੀ ਵਿੱਚ ਪੰਜਾਬ ਦੇ ਮਾਲੀਏ ਵਿੱਚ 11 ਫੀਸਦੀ ਦਾ ਵਾਧਾ ਹੋਇਆ ਹੈ ਪਰ ਖਰਚੇ 13 ਫੀਸਦੀ ਵਧ ਗਏ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਤੇ ਲੋਕਾਂ ਨੂੰ ਇਹ ਸਮਝਣਾ ਹੋਵੇਗਾ ਕਿ ਇਹ ਵਿੱਤੀ ਘਾਟਾ ਸਿਰਫ ਪੰਜਾਬ ਦਾ ਨਹੀਂ ਸਗੋਂ ਪੂਰੇ ਦੇਸ਼ ਦਾ ਹੈ। ਪੰਜਾਬ ਭਾਰਤ ਦਾ ਵੱਖਰਾ ਹਿੱਸਾ ਨਹੀਂ ਹੈ। ਪੰਜਾਬ ਭਾਰਤ ਦਾ ਦਿਲ ਹੈ ਤੇ ਦੇਸ਼ ਦੀ ਫੂਡ ਬਾਸਕੇਟ ਹੈ।

ਸੰਸਦ ਮੈਂਬਰ ਸਾਹਨੀ ਨੇ ਕਿਹਾ ਕਿ ਉਨ੍ਹਾਂ ਨੇ ਸੰਸਦ ਵਿੱਚ ਬੇਨਤੀ ਕੀਤੀ ਸੀ ਕਿ ਪੰਜਾਬ ਦਾ ਜੋ 8500 ਕਰੋੜ ਰੁਪਏ ਦਾ ਫੰਡ ਕੇਂਦਰ ਕੋਲ ਬਕਾਇਆ ਹੈ, ਉਸ ਨੂੰ ਰਿਲੀਜ਼ ਕੀਤਾ ਜਾਵੇ। ਇਸ ਵਿੱਚ 5600 ਕਰੋੜ ਰੁਪਏ ਪੇਂਡੂ ਵਿਕਾਸ ਫੰਡ ਲਈ, 1000 ਕਰੋੜ ਰੁਪਏ ਨੈਸ਼ਨਲ ਹੈਲਥ ਮਿਸ਼ਨ ਲਈ, 1837 ਕਰੋੜ ਰੁਪਏ ਸਪੈਸ਼ਲ ਅਸਿਸਟੈਂਟ ਟੂ ਸਟੇਟ ਫਾਰ ਕੈਪੀਟਲ ਇਨਵੈਸਟਮੈਂਟ ਪੂੰਜੀ, ਜਿਸ ਰਾਹੀਂ ਸੜਕਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ, ਜਾਰੀ ਕੀਤਾ ਜਾਏ। ਪੰਜਾਬ ਨੂੰ ਹਰ ਸਾਲ 650 ਕਰੋੜ ਰੁਪਏ ਕੈਸ਼ ਕ੍ਰੈਡਿਟ ਲਿਮਟ ਦੇ ਵੀ ਅਦਾ ਕਰਨੇ ਪੈ ਰਹੇ ਹਨ।

ਸਾਹਨੀ ਨੇ ਦੱਸਿਆ ਕਿ ਕੇਂਦਰ ਨੇ ਪਿਛਲੇ ਹਫਤੇ ਰਾਜਪੁਰਾ ਪਟਿਆਲਾ ਇੰਡਸਟਰੀਅਲ ਜ਼ੋਨ ਪੰਜਾਬ ਨੂੰ ਦਿੱਤਾ ਹੈ। ਇਸ ਲਈ 1102 ਏਕੜ ਜ਼ਮੀਨ ਖਾਲੀ ਪਈ ਹੈ ਤੇ ਇਸ ਦੇ ਫੰਡ ਵੀ ਜਾਰੀ ਕਰ ਦਿੱਤੇ ਜਾਣ ਤਾਂ ਚੰਗਾ ਹੋਵੇਗਾ। ਪੰਜਾਬ ਨੂੰ ਵਿੱਤੀ ਸੰਕਟ ਵਿੱਚੋਂ ਬਾਹਰ ਕੱਢਣ ਲਈ ਕੇਂਦਰ ਨੂੰ ਕੈਬਨਿਟ ਐਸਓਐਸ ਕਮੇਟੀ ਬਣਾਉਣੀ ਚਾਹੀਦੀ ਹੈ, ਤਾਂ ਜੋ ਪੰਜਾਬ ਨੂੰ ਭਵਿੱਖ ਵਿੱਚ ਹਨੇਰੇ ਵੱਲ ਜਾਣ ਤੋਂ ਬਚਾਇਆ ਜਾ ਸਕੇ।

### ਭਗਵੰਤ ਮਾਨ ਸਰਕਾਰ ਨੇ ਕਰਜ਼ੇ ਦਾ ਪੰਜਾਬੀਆਂ ਉਪਰ ਬੋਝ ਪਾਇਆ

ਪੰਜਾਬ ਵਿੱਚ ਆਪ ਦੀ ਸਰਕਾਰ ਦਾ ਅੱਧਾ ਕਾਰਜਕਾਲ ਮੁੱਕਣ ਜਾ ਰਿਹਾ ਹੈ ਪਰ ਹਾਲੇ ਤੱਕ ਇਹ ਰਾਜ ਦੀ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੋਈ ਠੋਸ ਰੂਪ-ਰੇਖਾ ਨੂੰ ਅਮਲ ਵਿੱਚ ਲਿਆਉਣ ਦੇ ਸਮੱਰਥ ਨਹੀਂ ਹੋ ਸਕੀ ਸੀ। ਸਬਸਿਡੀਆਂ ਕਰ ਕੇ ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਖਜ਼ਾਨੇ ਦੀ ਹਾਲਤ ਤਰਸਯੋਗ ਬਣੀ ਪਈ ਹੈ। ਰਾਜ ਦੇ ਵਿੱਤੀ ਸਰੋਤਾਂ ਬਾਰੇ ਕੈਗ ਦੀ ਰਿਪੋਰਟ ਜੋ ਕਿ ਇਸੇ ਹਫ਼ਤੇ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਸੀ, ਮੁਤਾਬਿਕ 2018 ਤੋਂ 2023 ਤੱਕ ਰਾਜ ਦੀਆਂ ਕੁੱਲ ਸਬਸਿਡੀਆਂ ਦਾ 68 ਫ਼ੀਸਦੀ ਹਿੱਸਾ ਬਿਜਲੀ ਸਬਸਿਡੀਆਂ ਦੇ ਖਾਤੇ ਵਿੱਚ ਪੈ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਮਾਹਿਰਾਂ ਜਿਨ੍ਹਾਂ ਵਿੱਚ ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਵੀ ਸ਼ਾਮਿਲ ਸਨ, ਨੇ ਬਿਜਲੀ ਸਬਸਿਡੀਆਂ ਨੂੰ ਤਰਕਸੰਗਤ ਕਰਨ ਦੀ ਸਿਫ਼ਾਰਸ਼ ਕੀਤੀ ਸੀ ਤਾਂ ਕਿ ਪੰਜਾਬ ਦੀ ਵਿੱਤੀ ਹਾਲਤ ਨੂੰ ਸੁਧਾਰਿਆ ਜਾ ਸਕੇ। ਹਾਲਾਂਕਿ ਚੁਣਾਵੀ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਰਾਜ ਦੀ ਸਿਆਸੀ ਲੀਡਰਸ਼ਿਪ ਇਹ ਕਦਮ ਚੁੱਕਣ 'ਚ ਝਿਜਕਦੀ ਰਹੀ ਜੋ ਕਿ ਆਰਥਿਕ ਸੰਕਟ ਦਾ ਕਾਰਣ ਹੈ। 'ਕੈਗ' ਦੀ ਰਿਪੋਰਟ ਵਿੱਚ ਵੀ ਰਾਜ ਦੇ ਖ਼ਰਚਿਆਂ ਤੇ ਆਮਦਨੀ ਵਿਚਕਾਰਲੇ ਫ਼ਰਕ ਨੂੰ ਉਭਾਰਿਆ ਗਿਆ ਹੈ ਤੇ ਲੰਮੇ ਸਮੇਂ ਤੋਂ ਬਰਕਰਾਰ ਇਸ ਅੰਤਰ 'ਤੇ ਫ਼ਿਕਰ ਜ਼ਾਹਿਰ ਕੀਤਾ ਗਿਆ ਹੈ।

ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਪੰਜਾਬ ਸਰਕਾਰ ਨੇ ਇਕ ਵਾਰ ਫਿਰ ਲੋਕਾਂ ਨੂੰ ਵੱਡਾ ਝਟਕਾ ਦਿੱਤਾ ਹੈ ਅਤੇ ਅਜਿਹਾ ਪਹਿਲੀ ਵਾਰ ਨਹੀਂ ਹੋਇਆ। ਆਪਣੇ ਢਾਈ ਸਾਲਾਂ ਦੇ ਪ੍ਰਸ਼ਾਸਨ ਵਿਚ ਮਾਨ ਸਰਕਾਰ ਨੇ ਤਿੰਨ ਵਾਰ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਇਜ਼ਾਫ਼ਾ ਕੀਤਾ ਹੈ। ਪਹਿਲੀ ਵਾਰ ਤਿੰਨ ਫਰਵਰੀ, 2023 ਨੂੰ ਪੈਟਰੋਲ ਅਤੇ ਡੀਜ਼ਲ ਦੀ ਕੀਮਤ 90 ਪੈਸੇ ਵਧਾਈ ਗਈ ਸੀ। ਫਿਰ 11 ਜੂਨ, 2023 ਨੂੰ ਪੈਟਰੋਲ ਦੀਆਂ ਕੀਮਤਾਂ ਵਿਚ 92 ਪੈਸੇ ਅਤੇ ਡੀਜ਼ਲ ਦੀ ਕੀਮਤ ਵਿਚ 90 ਪੈਸੇ ਦਾ ਵਾਧਾ ਕੀਤਾ ਗਿਆ ਸੀ। ਹੁਣ ਤੀਸਰੀ ਵਾਰ ਪੈਟਰੋਲ 61 ਪੈਸੇ ਅਤੇ ਡੀਜ਼ਲ 92 ਪੈਸੇ ਪ੍ਰਤੀ ਲੀਟਰ ਮਹਿੰਗਾ ਕੀਤਾ ਗਿਆ ਹੈ। ਇਹ ਸਪੱਸ਼ਟ ਹੈ ਕਿ ਸਰਕਾਰ ਖ਼ੁਦ ਆਰਥਿਕ ਬੋਝ ਹੇਠ ਦੱਬੀ ਮਹਿਸੂਸ ਕਰਨ ਲੱਗੀ ਹੈ। ਸਰਕਾਰੀ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਲੇਟ ਹੋਣ ਲੱਗੀਆਂ ਹਨ। ਬਹੁਤ ਸਾਰੇ ਹੋਰ ਸੰਬੰਧਿਤ ਅਦਾਰਿਆਂ ਵਿਚ ਅਜਿਹੀ ਅਨਿਸਚਿਤਤਾ ਬਣੀ ਨਜ਼ਰ ਆਉਂਦੀ ਹੈ।

ਢਾਈ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਤੇ ਦਿੱਲੀ ਦੇ ਹੋਰ ਵੱਡੇ ਆਗੂ ਭਗਵੰਤ ਮਾਨ ਸਮੇਤ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰ ਰਹੇ ਸਨ, ਪਰ ਸਟੇਟ ਅਤੇ ਸਟੇਜ ਚਲਾਉਣ ਵਿਚ ਵੱਡਾ ਫ਼ਰਕ ਹੁੰਦਾ ਹੈ। ਪ੍ਰਸ਼ਾਸਨ ਚਲਾਉਣ ਲਈ ਗੰਭੀਰ ਸੋਚ ਅਤੇ ਪੁਖ਼ਤਾ ਯੋਜਨਾਬੰਦੀ ਕਰਕੇ ਉਸ ਨੂੰ ਸਿਰੇ ਚਾੜ੍ਹਨ ਦੀ ਲੋੜ ਹੁੰਦੀ ਹੈ। ਇਨ੍ਹਾਂ ਆਗੂਆਂ ਨੂੰ ਉਸ ਸਮੇਂ ਰਾਜ ਦੀ ਆਰਥਿਕ ਸਥਿਤੀ ਦਾ ਪਤਾ ਨਹੀਂ ਸੀ? ਕੀ ਉਨ੍ਹਾਂ ਨੂੰ ਇਹ ਗਿਆਨ ਨਹੀਂ ਸੀ ਕਿ ਮੁਫ਼ਤ ਯੋਜਨਾਵਾਂ 'ਤੇ ਜੋ ਪੈਸਾ ਲੁਟਾਇਆ ਜਾਣਾ ਹੈ, ਉਸ ਦਾ ਪ੍ਰਬੰਧ ਕਿਵੇਂ ਤੇ ਕਿਥੋਂ ਕੀਤਾ ਜਾਵੇਗਾ? ਉਸ ਸਮੇਂ ਜੋ ਹਵਾ-ਮਹਿਲ ਇਨ੍ਹਾਂ ਆਗੂਆਂ ਨੇ ਉਸਾਰੇ ਸਨ ਅੱਜ ਉਹ ਕਿਰਦੇ ਜਾ ਰਹੇ ਹਨ।

ਉਸ ਸਮੇਂ ਤਾਂ ਉਹ ਰੇਤ ਬਜਰੀ, ਸ਼ਰਾਬ ਅਤੇ ਹੋਰ ਅਨੇਕਾਂ ਅਜਿਹੇ ਖੇਤਰ ਦੱਸਦੇ ਰਹੇ ਸਨ, ਜਿਨ੍ਹਾਂ 'ਤੋਂ ਉਨ੍ਹਾਂ ਨੂੰ ਅਰਬਾਂ ਰੁਪਏ ਦੀ ਆਮਦਨ ਹੋਣੀ ਸੀ, ਪਰ ਉਸ ਸਮੇਂ ਦੇ ਗਿਣਾਏ ਗਏ ਅਰਬਾਂ ਰੁਪਏ ਅੱਜ ਲੱਖਾਂ ਜਾਂ ਕੁਝ ਕਰੋੜਾਂ ਰੁਪਇਆਂ ਤਕ ਸੀਮਤ ਹੋ ਕੇ ਰਹਿ ਗਏ ਹਨ, ਪਰ ਖ਼ਰਚੇ ਘੱਟ ਨਹੀਂ ਕੀਤੇ ਗਏ। ਸਰਕਾਰੀ ਖ਼ਜ਼ਾਨੇ ਨੂੰ ਖ਼ਰਚਣ ਲੱਗਿਆਂ ਗਿਣਤੀਆਂ -ਮਿਣਤੀਆਂ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਕੀਤੀ ਗਈ ਅਤੇ ਇਹ ਵੀ ਸੋਚਣ ਦੀ ਲੋੜ ਨਹੀਂ ਸਮਝੀ ਕਿ ਜਿਸ ਤਰ੍ਹਾਂ ਇਹ ਧਨ ਲੁਟਾਇਆ ਜਾ ਰਿਹਾ ਹੈ, ਉਸ ਨਾਲ ਕਿਹੜੀਆਂ ਲਾਭਕਾਰੀ ਯੋਜਨਾਵਾਂ ਸਿਰੇ ਚੜ੍ਹ ਸਕਣਗੀਆਂ।

ਸਰਕਾਰ ਆਪਣੇ ਹੀ ਬੁਣੇ ਜਾਲ ਵਿਚ ਇਸ ਕਦਰ ਫਸਦੀ ਜਾ ਰਹੀ ਹੈ ਕਿ ਉਹ ਹੁਣ ਤਾਲੋਂ-ਬੇਤਾਲ ਹੋਈ ਪਈ ਹੈ। ਜਿਨ੍ਹਾਂ ਬੈਂਕਾਂ ਜਾਂ ਹੋਰ ਸੰਸਥਾਵਾਂ ਤੋਂ ਉਧਾਰੇ ਪੈਸੇ ਲੈਣੇ ਹਨ, ਉਨ੍ਹਾਂ ਨੇ ਵੀ ਹੰਭ ਹਾਰ ਕੇ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਹਨ।

ਹੁਣ ਪਿਛਲੀ ਚੰਨੀ ਸਰਕਾਰ ਵੇਲੇ ਬਿਜਲੀ ਖੇਤਰ ਵਿਚ 7 ਕਿਲੋਵਾਟ ਦੇ ਲੋਡ ਵਾਲਿਆਂ ਨੂੰ ਜੋ ਤਿੰਨ ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦੀ ਸਹੂਲਤ ਦਿੱਤੀ ਗਈ ਸੀ, ਉਹ ਵੀ ਵਾਪਸ ਲੈ ਲਈ ਗਈ ਹੈ। ਲੋਕਾਂ ਨੂੰ ਵੀ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਵੀ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਸੂਬੇ ਦੇ ਹੋਣ ਵਾਲੇ ਹਸ਼ਰ ਦਾ ਅਹਿਸਾਸ ਹੁੰਦਾ ਜਾ ਰਿਹਾ ਹੈ। ਪੰਜਾਬੀਆਂ ਨੂੰ ਵੀ ਇਹ ਅਹਿਸਾਸ ਹੋ ਚੁੱਕਾ ਹੈ ਕਿ ਮੁਫ਼ਤ ਯੋਜਨਾਵਾਂ ਦੀਆਂ ਮਾਰੀਆਂ ਫੜ੍ਹਾਂ ਦੇ ਭੁਕਾਨਿਆਂ ਦੀ ਫੂਕ ਨਿਕਲਣੀ ਸ਼ੁਰੂ ਹੋ ਗਈ ਹੈ। ਇਸੇ ਲਈ ਅੱਜ ਹਰ ਪਾਸੇ ਨਿਰਾਸ਼ਾ ਦਿਖਾਈ ਦੇਣ ਲੱਗੀ ਹੈ ਅਤੇ ਸਰਕਾਰ ਦੀ ਸਿਆਣਪ 'ਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸ਼ੁਰੂ ਹੋ ਗਏ ਹਨ ਪੰਜਾਬ ਸੂਬੇ ਦੀ ਚਾਲ ਬੇਹੱਦ ਮੱਠੀ ਹੋ ਗਈ ਹੈ ਅਤੇ ਹੋਰਾਂ ਦੇ ਮੁਕਾਬਲੇ ਇਹ ਵਿਕਾਸ ਦੀ ਦੌੜ ਵਿਚ ਬਹੁਤ ਪਛੜਦਾ ਜਾ ਰਿਹਾ ਹੈ।

### ਵਿਰੋਧੀ ਆਗੂਆਂ ਵਲੋਂ ਨਿੰਦਾ

ਆਮ ਆਦਮੀ ਪਾਰਟੀ ਦੇ ਵਿੱਤੀ ਦੁਰਪ੍ਰਬੰਧ ਦੀ ਤਿੱਖੀ ਆਲੋਚਨਾ ਕਰਦੇ ਹੋਏ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੇਂਦਰ ਤੋਂ 10,000 ਕਰੋੜ ਰੁਪਏ ਦੀ ਵਾਧੂ ਕਰਜ਼ੇ ਦੀ ਹੱਦ ਵਧਾਉਣ ਦੀ ਮੰਗ ਕਰਨ ਲਈ 'ਆਪ' ਸਰਕਾਰ ਦੀ ਆਲੋਚਨਾ ਕੀਤੀ। ਰਾਜਾ ਵੜਿੰਗ ਨੇ ਚੇਤਾਵਨੀ ਦਿੱਤੀ ਕਿ ਇਹ ਕਦੇ ਨਾ ਉਤਰਨ ਵਾਲਾ ਕਰਜ਼ਾ ਪੰਜਾਬ ਨੂੰ ਕਰਜ਼ੇ ਦੇ ਜਾਲ ਵਿੱਚ ਧੱਕ ਰਿਹਾ ਹੈ ਜਿਸ ਦੇ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੋਵਾਂ ਲਈ ਭਿਆਨਕ ਨਤੀਜੇ ਹੋਣਗੇ।

ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ 'ਆਪ' ਸਰਕਾਰ ਲਗਾਤਾਰ ਭਾਰੀ ਕਰਜ਼ਾ ਲੈ ਰਹੀ ਹੈ ਪਰ ਸੂਬੇ ਦੇ ਬੁਨਿਆਦੀ ਢਾਂਚੇ ਜਾਂ ਸੇਵਾਵਾਂ 'ਚ ਕੋਈ ਸੁਧਾਰ ਨਜ਼ਰ ਨਹੀਂ ਆ ਰਿਹਾ ਹੈ। ਇਹ ਸਾਰਾ ਪੈਸਾ ਕਿੱਥੇ ਜਾ ਰਿਹਾ ਹੈ? ਇਹ ਨਿਸ਼ਚਿਤ ਰੂਪ ਵਿੱਚ ਪੰਜਾਬ ਦੀ ਬਿਹਤਰੀ ਲਈ ਨਹੀਂ ਵਰਤਿਆ ਜਾ ਰਿਹਾ ਹੈ, ਇਸ ਦੀ ਬਜਾਏ ਇਸ ਫੰਡ ਦੀ ਵਰਤੋਂ ਦੂਜੇ ਰਾਜਾਂ ਵਿੱਚ 'ਆਪ' ਦੀਆਂ ਚੋਣ ਮੁਹਿੰਮਾਂ ਵਿੱਚ ਕੀਤੀ ਜਾ ਰਹੀ ਹੈ ਪਰ ਪੰਜਾਬ ਦੇ ਲੋਕ ਇਹ ਜਾਨਣਾ ਚਾਹੁੰਦੇ ਹਨ ਕਿ ਪੰਜਾਬ ਨੂੰ ਦੂਜੇ ਰਾਜਾਂ ਵਿਚ ਚੋਣ ਲੜਣ ਲਈ ਇਕ ਵਿੱਤੀ ਸ੍ਰੋਤ ਵਜੋਂ ਕਿਉਂ ਵਰਤਿਆ ਜਾ ਰਿਹਾ ਹੈ? ਕਿਵੇਂ ਝੂਠੇ ਇਸ਼ਤਿਹਾਰਾਂ ਅਤੇ ਖੋਖਲੇ ਵਾਅਦਿਆਂ 'ਤੇ ਉਨ੍ਹਾਂ ਦੀ ਮਿਹਨਤ ਦੀ ਕਮਾਈ ਨੂੰ ਬਰਬਾਦ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਸਾਬਕਾ ਵਿੱਤ ਮੰਤਰੀ ਸ. ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਅਜੇ ਇਸ ਸਰਕਾਰ ਨੇ ਪੰਜਾਬ ਦੇ ਲੋਕਾਂ ਉਤੇ 24 ਸੌ ਕਰੋੜ ਰੁਪਏ ਦਾ ਨਵਾਂ ਬੋਝ ਪਾਇਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਨਵੇਂ ਟੈਕਸ ਵੀ ਲਗਾਏ ਜਾਣਗੇ ਅਤੇ ਸਹੂਲਤਾਂ ਵਿਚ ਕਟੌਤੀ ਵੀ ਕੀਤੀ ਜਾਵੇਗੀ। ਇਥੋਂ ਤੱਕ ਕਿ ਖੇਤੀ ਸੈਕਟਰ ਨੂੰ ਮਿਲਦੀ ਮੁਫ਼ਤ ਬਿਜਲੀ ਵਿਚ ਵੀ ਕਟੌਤੀ ਕੀਤੀ ਜਾ ਸਕਦੀ ਹੈ ।

### ਬਾਦਲ ਦਲ ਵਲੋਂ ਮੋਰਚੇ ਦੀ ਤਿਆਰੀ

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿੱਚ 'ਆਪ' ਸਰਕਾਰ ਨੂੰ ਘੇਰਨ ਦੀਆਂ ਤਿਆਰੀਆਂ ਖਿੱਚ ਲਈਆਂ ਹਨ। ਅਕਾਲੀ ਦਲ ਵੱਲੋਂ ਸੂਬੇ ਭਰ ਵਿੱਚ 'ਆਪ' ਸਰਕਾਰ ਵਿਰੁੱਧ ਜ਼ਿਲ੍ਹਾ ਪੱਧਰੀ ਧਰਨੇ ਦੇਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪਾਰਟੀ ਵੱਲੋਂ ਸੂਬੇ ਵਿੱਚ ਜ਼ਿਲ੍ਹਾ ਪੱਧਰੀ ਧਰਨਿਆਂ ਦੀ ਸ਼ੁਰੂਆਤ 10 ਸਤੰਬਰ ਨੂੰ ਲੁਧਿਆਣਾ ਸ਼ਹਿਰ ਤੋਂ ਕੀਤੀ ਜਾਵੇਗੀ। ਇਸੇ ਤਰ੍ਹਾਂ 11 ਨੂੰ ਫਿਰੋਜ਼ਪੁਰ, 12 ਨੂੰ ਫਾਜ਼ਿਲਕਾ, 13 ਨੂੰ ਮੋਗਾ, 16 ਨੂੰ ਸ੍ਰੀ ਮੁਕਤਸਰ ਸਾਹਿਬ, 17 ਨੂੰ ਬਠਿੰਡਾ, 18 ਨੂੰ ਮਾਨਸਾ, 19 ਨੂੰ ਸੰਗਰੂਰ, 20 ਨੂੰ ਬਰਨਾਲਾ ਅਤੇ 23 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿੱਚ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਪਹਿਲੇ ਦਿਨ ਤੋਂ ਲੋਕ ਵਿਰੋਧੀ ਫੈਸਲੇ ਲਏ ਜਾ ਰਹੇ ਹਨ। ਹੁਣ ਤਾਂ ਸੂਬਾ ਸਰਕਾਰ ਨੇ ਬਿਜਲੀ ਸਬਸਿਡੀ ਵਾਪਸ ਲੈ ਕੇ, ਪੈਟਰੋਲ ਅਤੇ ਡੀਜ਼ਲ 'ਤੇ ਵੈਟ ਵਧਾ ਕੇ, ਵਾਹਨਾਂ 'ਤੇ ਟੈਕਸ ਤੇ ਜ਼ਮੀਨ ਦੀਆਂ ਰਜਿਸਟਰੀਆਂ ਦੀਆਂ ਫੀਸਾਂ ਵਿਚ ਵਾਧਾ ਕਰ ਕੇ ਲੋਕਾਂ 'ਤੇ ਹੋਰ ਵਿੱਤੀ ਬੋਝ ਪਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਇਨ੍ਹਾਂ ਫੈਸਲਿਆਂ ਨਾਲ ਪੰਜਾਬ ਵਿੱਚ ਮਹਿੰਗਾਈ ਹੋਰ ਵਧ ਸਕਦੀ ਹੈ, ਜਿਸ ਨੂੰ ਕਦੇ ਵੀ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਢੇਰੀ ਹੋ ਗਈ ਹੈ ਅਤੇ ਗੈਂਗਸਟਰ ਸੂਬੇ ਨੂੰ ਚਲਾ ਰਹੇ ਹਨ। ਇਸ ਕਾਰਨ ਸੂਬੇ ਵਿੱਚੋਂ ਉਦਯੋਗ ਵੀ ਹਿਜ਼ਰਤ ਕਰ ਰਹੇ ਹਨ।

# ਜਗਮੀਤ ਵਲੋਂ ਲਿਬਰਲਜ਼ ਤੋਂ ਸਮਰਥਨ ਵਾਪਸ ਲੈਣ ਮਗਰੋਂ ਕੈਨੇਡਾ ਦੀ ਰਾਜਨੀਤੀ ਵਿੱਚ ਆਇਆ ਸੰਕਟ

## ✪ ਫੈਡਰਲ ਚੋਣਾਂ ਜਲਦੀ ਹੋਣ ਦੀ ਸੰਭਾਵਨਾ, ਜਗਮੀਤ ਬਚਾ ਰਹੇ ਨੇ ਆਪਣੀ ਸ਼ਾਖ



ਖੱਬੇ ਪੱਖੀ ਨਿਊ ਡੈਮੋਕਰੇਟਿਕ ਪਾਰਟੀ (ਐੱਨਡੀਪੀ) ਵੱਲੋਂ ਜਸਟਿਨ ਟਰੂਡੋ ਦੀ ਲਿਬਰਲਜ਼ ਤੋਂ ਸਮਰਥਨ ਵਾਪਸ ਲੈਣ ਮਗਰੋਂ ਕੈਨੇਡਾ ਦੀ ਰਾਜਨੀਤੀ ਵਿੱਚ ਇਸ ਹਫ਼ਤੇ ਅਨਿਸ਼ਚਿਤਤਾ ਦੀ ਸਥਿਤੀ ਪੈਦਾ ਹੋ ਗਈ ਹੈ। ਐੱਨਡੀਪੀ ਨੇ ਟਰੂਡੋ ਦੀ ਘੱਟ ਗਿਣਤੀ ਦੀ ਸਰਕਾਰ ਨੂੰ ਸੱਤਾ ਵਿਚ ਬਣਾਈ ਰੱਖਣ ਲਈ ਅਹਿਮ ਭੂਮਿਕਾ ਨਿਭਾਈ ਸੀ।

ਐੱਨਡੀਪੀ ਨੇ ਆਪਣੇ ਪ੍ਰਮੁੱਖ ਮੁੱਦਿਆਂ ਦੇ ਬਦਲੇ ਜਸਟਿਨ ਟਰੂਡੋ ਦੀ ਘੱਟ ਗਿਣਤੀ ਸਰਕਾਰ ਨੂੰ ਭਰੋਸੇ ਦੀਆਂ ਵੋਟਾਂ ਲਈ ਸਮਰਥਨ ਦਿੱਤਾ ਸੀ। ਅਚਾਨਕ ਵਾਪਰੇ ਇਸ ਘਟਨਾਕ੍ਰਮ ਤੋਂ ਇਹ ਸੰਭਾਵਨਾ ਜ਼ਿਆਦਾ ਵਧ ਗਈ ਹੈ ਕਿ ਫੈਡਰਲ ਚੋਣਾਂ ਜਲਦੀ ਹੋ ਸਕਦੀਆਂ ਹਨ। ਹਾਲਾਂਕਿ ਦੂਜੇ ਪਾਸੇ ਐੱਨਡੀਪੀ ਆਗੂ ਜਗਮੀਤ ਸਿੰਘ ਨੇ ਬੀਤੇ ਦਿਨੀਂ ਇਹ ਵੀ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਜਲਦੀ ਸਰਕਾਰ ਡੇਗਣ ਦੀ ਕੋਸ਼ਿਸ਼ ਨਹੀਂ ਕਰੇਗੀ।

ਜਗਮੀਤ ਸਿੰਘ ਨੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਅਸੀਂ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹਾਂ ਕਿ ਇਸ ਸਮਝੌਤੇ ਨੂੰ ਤੋੜਨ ਨਾਲ ਚੋਣਾਂ ਦੀ ਸੰਭਾਵਨਾ ਵੱਧ ਜਾਵੇਗੀ।

ਜਗਮੀਤ ਸਿੰਘ ਦੀ ਪਾਰਟੀ ਹਾਊਸ ਆਫ ਕਾਮਨ ਵਿਚ ਚੌਥੇ ਸਥਾਨ 'ਤੇ ਹੈ।ਉਨ੍ਹਾਂ ਕਿਹਾ, "ਜਦੋਂ ਵੀ ਹੁਣ ਚੋਣਾਂ ਹੋਣਗੀਆਂ ਤਾਂ ਅਸੀਂ ਉਸ ਨੂੰ ਲੜਨ ਲਈ ਪੂਰੀ ਤਰ੍ਹਾਂ ਤਿਆਰ ਹਾਂ।"

ਉਨ੍ਹਾਂ ਇਹ ਵੀ ਕਿਹਾ, "ਅਸੀਂ ਹਰ ਵੋਟ ਨੂੰ ਉਸ ਦੇ ਗੁਣਾਂ ਦੇ ਹਿਸਾਬ ਨਾਲ ਦੇਖਾਂਗੇ ਤੇ ਇਹ ਤੈਅ ਕਰਾਂਗੇ ਕਿ ਕੈਨੇਡੀਅਨ ਨਾਗਰਿਕਾਂ ਦੇ ਹਿੱਤਾਂ ਵਿਚ ਕੀ ਹੋਣਾ ਚਾਹੀਦਾ ਹੈ।"

ਦਰਅਸਲ ਐੱਨਡੀਪੀ-ਲਿਬਰਲਜ਼ ਦਾ ਸਮਝੌਤਾ ਜੂਨ 2025 ਤੱਕ ਸੀ। ਅਗਾਮੀ ਆਮ ਚੋਣਾਂ ਵੀ ਅਗਲੇ ਸਾਲ ਅਕਤੂਬਰ ਵਿੱਚ ਹੋਣੀਆਂ ਸਨ।

ਜਸਟਿਨ ਟਰੂਡੋ ਸਰਕਾਰ ਹੁਣ ਨਾਜ਼ੁਕ ਸਥਿਤੀ ਵਿੱਚ ਪਹੁੰਚ ਗਈ ਹੈ। ਸਤੰਬਰ ਦੇ ਅੱਧ ਵਿੱਚ ਜੇ ਸਦਨ ਇਜਲਾਸ ਦੌਰਾਨ ਲਿਆਂਦੇ ਗਏ ਬੇਭਰੋਸਗੀ ਮਤੇ ਨੂੰ ਲਿਬਰਲਜ਼ ਕਾਇਮ ਰੱਖਣ ਵਿੱਚ ਨਾਕਾਮ ਰਹੇ ਤਾਂ ਉਹਨਾਂ ਦੀ ਸਰਕਾਰ ਡਿੱਗ ਸਕਦੀ ਹੈ।

ਵੈਸਟਰਨ ਯੂਨੀਵਰਸਿਟੀ, ਲੰਡਨ ਦੇ ਰਾਜਨੀਤੀ ਵਿਗਿਆਨ ਦੇ ਪ੍ਰੋ. ਲੌਰਾ ਸਟੀਫਨਸਨ ਨੇ ਨੇ ਕਿਹਾ ਕਿ ਮੌਂਟਰੀਅਲ ਅਤੇ ਵਿਨੀਪੈਗ 'ਚ 16 ਸਤੰਬਰ ਨੂੰ ਦੋ ਉਪ-ਚੋਣਾਂ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਦੇ ਮੱਦੇਨਜ਼ਰ ਐੱਨਡੀਪੀ ਵੋਟਰਾਂ ਵਿਚ ਬਣੇ ਰਹਿਣ ਲਈ ਆਪਣੇ ਆਪ ਨੂੰ ਲਿਬਰਲਜ਼ ਤੋਂ ਦੂਰ ਕਰ ਰਹੀ ਹੈ, ਜਿਸ ਦੀ ਸਥਿਤੀ ਬੇਹੱਦ ਮਾੜੀ ਹੈ।

ਪ੍ਰੋ. ਸਟੀਫਨਸਨ ਨੇ ਕਿਹਾ, "ਜੇ ਐੱਨਡੀਪੀ ਚਾਹੁੰਦੀ ਹੈ ਕਿ ਉਨ੍ਹਾਂ ਨੂੰ ਲਿਬਰਲਜ਼ ਦੇ ਬਦਲ ਵਜੋਂ ਦੇਖਿਆ ਜਾਵੇ ਤਾਂ ਉਨ੍ਹਾਂ ਨੂੰ ਆਪਣੇ ਆਪ ਨੂੰ ਲਿਬਰਲਜ਼ ਤੋਂ ਵੱਖ ਕਰਨਾ ਹੋਵੇਗਾ।"

ਉਨ੍ਹਾਂ ਨੇ ਇਹ ਵੀ ਵਾਚਿਆ ਹੈ ਕਿ ਐੱਨਡੀਪੀ ਤਾਕਤ ਦੀ ਸਥਿਤੀ ਤੋਂ ਕੰਮ ਨਹੀਂ ਕਰ ਰਹੀ ਅਤੇ ਸ਼ਾਇਦ ਉਹ ਨਹੀਂ ਚਾਹੁੰਦੇ ਕਿ ਚੋਣਾਂ ਜਲਦੀ ਹੋਣ।ਉਨ੍ਹਾਂ ਕਿਹਾ, "ਲੋਕ ਨਿਰਾਸ਼ ਹਨ ਤੇ ਲਿਬਰਲਜ਼ ਤੋਂ ਥੱਕ ਚੁੱਕੇ ਹਨ, ਹੁਣ ਉਹ ਬਦਲ ਚਾਹੁੰਦੇ ਹਨ ਪਰ ਅਸੀਂ ਉਨ੍ਹਾਂ ਨੰਬਰਾਂ ਨੂੰ ਨਹੀਂ ਦੇਖ ਰਹੇ, ਜੋ ਐੱਨਡੀਪੀ ਲਈ ਜੁੜ ਰਹੇ ਹਨ।"

### ਕੈਨੇਡਾ ਦੇ ਨਾਗਰਿਕਾਂ ਦਾ ਝੁਕਾਅ ਕਿਸ ਵੱਲ ਹੋਵੇਗਾ?

ਅਬੈਕਸ ਡਾਟਾ ਵੱਲੋਂ ਅਗਸਤ 'ਚ ਕਰਵਾਏ ਸਰਵੇਖਣ ਅਨੁਸਾਰ ਕੈਨੇਡਾ ਦੇ ਵੋਟਰ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਨੂੰ 42 ਫੀਸਦ, ਲਿਬਰਲਜ਼ ਨੂੰ ਕਰੀਬ 25 ਫੀਸਦ ਅਤੇ ਐੱਨਡੀਪੀ ਨੂੰ 18 ਫ਼ੀਸਦ ਵੋਟਾਂ ਪਾਉਣਗੇ।

ਕੰਜ਼ਰਵੇਟਿਵ ਆਗੂ ਪਿਏਰੇ ਪੋਲੀਵਰੇ ਨੇ ਐੱਨਡੀਪੀ ਨੂੰ ਅਪੀਲ ਕੀਤੀ ਸੀ ਕਿ ਉਹ ਲਿਬਰਲਜ਼ ਨਾਲ ਆਪਣਾ ਸਮਝੌਤਾ ਤੋੜ ਦੇਣ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਉਨ੍ਹਾਂ ਦਾ ਸਾਥ ਦੇਣ। ਪਾਰਲੀਮੈਂਟ ਦੇ ਜ਼ਿਆਦਾਤਰ ਮੈਂਬਰ ਅਜਿਹਾ ਚਾਹੁੰਦੇ ਹਨ।

ਪ੍ਰੋ. ਸਟੀਫਨਸਨ ਵੱਲੋਂ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਕੈਨੇਡਾ ਦੇ ਨਾਗਰਿਕ ਅਗਲੇ ਸਾਲ ਮਾਰਚ ਜਾਂ ਅਪਰੈਲ ਵਿਚ ਚੋਣਾਂ ਵਿੱਚ ਨਹੀਂ ਜਾਣਗੇ ਕਿਉਂਕਿ ਉਸ ਸਮੇਂ ਲਿਬਰਲਜ਼ ਆਪਣਾ ਬਜਟ ਬਿੱਲ ਲਿਆ ਸਕਦੇ ਹਨ। ਇਹ ਕਾਨੂੰਨ ਦਾ ਇੱਕ ਮੁੱਖ ਹਿੱਸਾ ਹੈ, ਇਸ ਲਈ ਬਜਟ ਦੌਰਾਨ ਇੱਕ ਵੋਟ ਮੌਜੂਦਾ ਸਰਕਾਰ ਲਈ ਭਰੋਸੇ ਵਜੋਂ ਦੁਗਣੀ ਹੋ ਸਕਦੀ ਹੈ। ਪ੍ਰੋ. ਸਟੀਫਨਸਨ ਨੇ ਇਸ ਸਬੰਧੀ ਸਾਵਧਾਨ ਕੀਤਾ ਹੈ, ਹਾਲਾਂਕਿ ਰਾਜਨੀਤੀ ਵਿੱਚ ਕਿਸੇ ਵੇਲੇ ਵੀ ਕੁਝ ਵੀ ਹੋ ਸਕਦਾ ਹੈ।

## ਜਸਟਿਨ ਟਰੂਡੋ ਦੇ ਸਿਆਸੀ ਸਫ਼ਰ ਦੀ ਸ਼ੁਰੂਆਤ

ਟਰੂਡੋ ਦੇ ਪਿਤਾ ਦੀ ਮੌਤ ਤੋਂ ਬਾਅਦ ਉਹ ਸਿਆਸਤ ਵਿੱਚ ਸਰਗਰਮ ਹੋਏ। ਉਹ ਸਾਲ 2008 ਵਿੱਚ ਪਹਿਲੀ ਵਾਰੀ ਸੰਸਦ ਮੈਂਬਰ ਚੁਣੇ ਗਏ। ਸ਼ੁਰੂ ਤੋਂ ਹੀ ਲਿਬਰਲ ਪਾਰਟੀ ਨੂੰ ਜਸਟਿਨ ਟਰੂਡੋ ਵਿੱਚ ਇੱਕ ਨੇਤਾ ਦਿਖਿਆ। ਟਰੂਡੋ 2011 ਵਿੱਚ ਫਿਰ ਸੰਸਦ ਮੈਂਬਰ ਚੁਣੇ ਗਏ। ਲਿਬਰਲ ਪਾਰਟੀ ਦੀ ਅਗਵਾਈ ਕਰਨ ਦੀ ਉਨ੍ਹਾਂ ਦੀ ਖ਼ਾਹਿਸ਼ ਕਈ ਵਾਰੀ ਅਧੂਰੀ ਰਹਿਣ ਤੋਂ ਬਾਅਦ ਟਰੂਡੋ ਨੇ 2012 ਵਿੱਚ ਪਾਰਟੀ ਲੀਡਰਸ਼ਿਪ ਦੇ ਲਈ ਚੋਣ ਲੜਨ ਦਾ ਆਪਣਾ ਇਰਾਦਾ ਸਾਫ਼ ਕਰ ਦਿੱਤਾ। ਚੋਣ ਮੁਹਿੰਮ ਦੌਰਾਨ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਨੂੰ ਘੱਟ ਤਜੁਰਬਾ ਹੋਣ ਦੇ ਕਾਰਨ ਉਨ੍ਹਾ ਦੀ ਆਲੋਚਨਾ ਕਰਦੇ ਰਹੇ ਪਰ ਉਨ੍ਹਾਂ ਨੇ ਚੋਣਾਂ ਜਿੱਤੀਆਂ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ।

## ਜਗਮੀਤ ਸਿੰਘ ਬੋਲੇ ਟਰੂਡੋ ਅਤੇ ਲਿਬਰਲ ਕਾਰਪੋਰੇਟ ਹਿੱਤਾਂ ਲਈ ਬਹੁਤ ਜ਼ਿਆਦਾ ਸਮਰਪਿਤ

ਓਟਾਵਾ-ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਤੋਂ ਸਮਰਥਨ ਵਾਪਸ ਲੈਣ ਤੋਂ ਬਾਅਦ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ) ਦੇ ਆਗੂ ਜਗਮੀਤ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ। ਜਗਮੀਤ ਸਿੰਘ ਨੇ ਕਿਹਾ ਕਿ ਟਰੂਡੋ ਅਤੇ ਲਿਬਰਲ "ਕਾਰਪੋਰੇਟ ਹਿੱਤਾਂ ਲਈ ਬਹੁਤ ਜ਼ਿਆਦਾ ਸਮਰਪਿਤ" ਹਨ। ਉਸ ਨੇ ਇਸ ਵਜ੍ਹਾ ਨੂੰ ਸਰਕਾਰ ਨਾਲ ਆਪਣੀ ਡੀਲ ਨੂੰ ਖ਼ਤਮ ਕਰਨ ਦੇ ਆਪਣੇ ਕਾਰਨਾਂ ਵਿੱਚੋਂ ਇੱਕ ਦੱਸਿਆ। ਜਗਮੀਤ ਸਿੰਘ ਮੁਤਾਬਕ ਜਦੋਂ ਐਨ.ਡੀ.ਪੀ ਨੇ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੂੰ ਕਾਰਪੋਰੇਟ ਲਾਲਚ 'ਤੇ ਕਾਰਵਾਈ ਕਰਨ ਲਈ ਕਿਹਾ ਤਾਂ ਇਹ ਅਸਫਲ ਰਹੀ।

## ਗਲੋਬਲ ਸਿੱਖ ਕੌਂਸਲ ਵਲੋਂ ਸਿੱਖ ਗੁਰਦੁਆਰਾ ਐਕਟ ਵਿੱਚ ਸੋਧ ਦੀ ਮੰਗ

### ✪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਨੂੰ ਧਾਰਾ 85(1) ਵਿੱਚੋਂ ਹਟਾਇਆ ਜਾਵੇ

ਅੰਮ੍ਰਿਤਸਰ-ਗਲੋਬਲ ਸਿੱਖ ਕੌਂਸਲ (ਜੀਐੱਸਸੀ) ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸਰਕਾਰੀ ਦਖਲਅੰਦਾਜ਼ੀ ਖਤਮ ਕਰਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੀਆਂ ਆਮ ਚੋਣਾਂ ਵਿੱਚ ਦੇਰੀ ਸਬੰਧੀ ਕਈ ਖਾਮੀਆਂ ਦਾ ਹਵਾਲਾ ਦਿੰਦਿਆਂ ਸਿੱਖ ਗੁਰਦੁਆਰਾ ਐਕਟ 1925 ਵਿੱਚ ਤੁਰੰਤ ਸੋਧ ਕਰਨ ਦੀ ਅਪੀਲ ਕੀਤੀ ਹੈ। ਜੀਐੱਸਸੀ ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਕਿਹਾ ਕਿ ਇਸ ਕਾਨੂੰਨ ਦਾ ਉਦੇਸ਼ ਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧ ਗੈਰ-ਸਿੱਖਾਂ ਦੇ ਕੰਟਰੋਲ ਹੇਠੋਂ ਕੱਢ ਕੇ ਅਭਿਆਸੀ ਸਿੱਖਾਂ ਨੂੰ ਵਾਪਸ ਕਰਨ ਦਾ ਸੀ ਪਰ ਇਸ ਕਾਨੂੰਨ ਵਿੱਚ ਕੇਂਦਰ ਸਰਕਾਰ ਵੱਲੋਂ ਕੋਈ ਵੀ ਸੋਧ ਕਰਨ ਤੋਂ ਪਹਿਲਾਂ ਐੱਸਜੀਪੀਸੀ ਨਾਲ ਸਲਾਹ-ਮਸ਼ਵਰਾ ਕਰਨ ਲਈ ਲੋੜੀਂਦੇ ਉਪਬੰਧਾਂ ਦੀ ਘਾਟ ਹੈ। ਇਸ ਕਰਕੇ ਕੇਂਦਰ ਵੱਲੋਂ ਇਸ ਕਾਨੂੰਨ ਵਿੱਚ ਕਿਸੇ ਵੀ ਸੋਧ ਤੋਂ ਪਹਿਲਾਂ ਐੱਸਜੀਪੀਸੀ ਨਾਲ ਸਲਾਹ ਮਸ਼ਵਰਾ ਕਰਨ ਲਈ ਮੌਜੂਦਾ ਕਾਨੂੰਨ ਨੂੰ ਸੋਧਿਆ ਜਾਵੇ।

ਉਨ੍ਹਾਂ ਮੰਗ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਧਾਰਾ 85(1) ਵਿੱਚੋਂ ਹਟਾਇਆ ਜਾਵੇ। ਉਨ੍ਹਾਂ ਤਜਵੀਜ਼ ਦਿੱਤੀ ਕਿ ਅਕਾਲ ਤਖ਼ਤ ਸਾਹਿਬ ਲਈ ਵੱਖਰੇ ਬਜਟ ਨੂੰ ਯਕੀਨੀ





ਬਣਾਉਣ ਲਈ ਨਿਯਮ ਬਣਾਏ ਜਾਣ ਅਤੇ ਤਖ਼ਤ ਸਕੱਤਰੇਤ ਨੂੰ ਧਾਰਮਿਕ ਮਾਹਿਰਾਂ ਸਣੇ ਆਪਣੇ ਕਰਮਚਾਰੀ ਚੁਣਨ ਦਾ ਅਧਿਕਾਰ ਦਿੱਤਾ ਜਾਵੇ। ਇਸ ਤੋਂ ਇਲਾਵਾ ਯੋਗ ਜਥੇਦਾਰਾਂ ਦੀ ਨਿਯੁਕਤੀ ਲਈ ਇੱਕ ਪਾਰਦਰਸ਼ੀ ਚੋਣ ਪ੍ਰਕਿਰਿਆ ਬਣਾਉਣ ਲਈ ਸੁਤੰਤਰ ਕਮੇਟੀ ਦਾ ਗਠਨ ਕਰਨ ਦੀ ਮੰਗ ਕੀਤੀ ਹੈ।

ਜੀਐੱਸਸੀ ਨੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਸ਼ਕਤੀਆਂ ਦੇਣ ਲਈ ਵੀ ਕਾਨੂੰਨ ਵਿੱਚ ਸੋਧ ਕਰਨ ਦੀ ਮੰਗ ਕੀਤੀ। ਕੌਂਸਲ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਸੂਬਾ ਅਤੇ ਕੇਂਦਰ ਸਰਕਾਰ ਅੱਗੇ ਲੋੜੀਂਦੀਆਂ ਤਜਵੀਜ਼ਾਂ ਪੇਸ਼ ਕਰਕੇ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਲਈ ਯਤਨ ਕਰੇ।

**ਕਰਾਈਮ ਨਿਊਜ਼**

## ਬਠਿੰਡਾ ਵਿਚ ਲੁਟੇਰਿਆਂ ਵਲੋਂ ਪਿਓ-ਪੁੱਤ ਕੀਤਾ ਹਮਲਾ ! ਪਿਓ ਦੀ ਹੋਈ ਮੌਤ

ਬਠਿੰਡਾ-ਪੰਜਾਬ ਦੇ ਹਾਲਾਤ ਨਿੱਤ ਦਿਨ ਵਿਗੜ ਰਹੇ ਹਨ, ਆਏ ਦਿਨ ਚੋਰੀ ਜਬਰ ਜ਼ਨਾਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਬਠਿੰਡਾ ਵਿੱਚ ਦਵਾਈ ਲੈਣ ਜਾ ਰਹੇ ਪਿਓ-ਪੁੱਤ ਤੇ ਲੁਟੇਰਿਆ ਨੇ ਹਮਲਾ ਕਰ ਦਿੱਤਾ, ਜਿਸ ਵਿੱਚ ਪਿਓ ਦੀ ਮੌਤ ਹੋ ਗਈ ਅਤੇ ਪੁੱਤਰ ਨੂੰ ਜਖਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ।



ਦੱਸੇ ਦੇਈਏ ਕਿ ਪਿਓ-ਪੁੱਤ ਪਿੰਡ ਮਰਾੜ੍ਹ ਦੇ ਰਹਿਣ ਵਾਲੇ ਸਨ। ਮ੍ਰਿਤਕ ਦੀ ਪਹਿਚਾਣ ਲਖਵੀਰ ਸਿੰਘ ਅਤੇ ਉਸ ਦੇ ਪੁੱਤਰ ਦੀ ਪਹਿਚਾਣ ਪਿਆਰਜੀਤ ਸਿੰਘ ਵਜੋਂ ਹੋਈ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਿਸ ਵੱਲੋਂ ਪਹੁੰਚ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਗੈਂਗਸਟਰ ਲਾਰੈਂਸ ਮਾਮਲੇ ਵਿਚ ਪੰਜਾਬ ਦੇ ਮੁੱਖ ਸਕੱਤਰ ਨੂੰ ਅਦਾਲਤ ਵਲੋਂ ਪਈਆਂ ਝਾੜਾਂ

### ✪ ਜੇਲ੍ਹਾਂ ਵਿਚ ਸੁਰੱਖਿਆ 'ਤੇ ਸਵਾਲ, ਫੰਡਾਂ ਦੀ ਘਾਟ ਕਾਰਨ ਹਾਈਕੋਰਟ ਸਖ਼ਤ, ਅਗਲੀ ਸੁਣਵਾਈ 12 ਸਤੰਬਰ ਨੂੰ

ਚੰਡੀਗੜ੍ਹ-ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਤੋਂ ਇੰਟਰਵਿਊ ਦੇ ਮਾਮਲੇ ਦੀ ਬੀਤੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਹੋਈ। ਪੰਜਾਬ ਦੇ ਮੁੱਖ ਸਕੱਤਰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਹੋਏ। ਸੁਣਵਾਈ ਦੌਰਾਨ ਅਦਾਲਤ ਨੇ ਜੇਲ੍ਹਾਂ ਵਿੱਚ ਜੈਮਰ ਲਗਾਉਣ ਲਈ ਸਰਕਾਰ ਦੀ ਵਾਹਵਾ ਝਾੜਝੰਬ ਕੀਤੀ। ਇਸ ਮਾਮਲੇ ਦੀ ਅਗਲੀ ਸੁਣਵਾਈ 12 ਸਤੰਬਰ ਲਈ ਤੈਅ ਕੀਤੀ ਗਈ ਹੈ।




ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਸਰਕਾਰੀ ਵਕੀਲ ਨੇ ਜੈਮਰ ਲਗਾਉਣ ਦੇ ਪ੍ਰਾਜੈਕਟ ਵਿੱਚ ਦੇਰੀ ਦਾ ਕਾਰਨ ਫੰਡਾਂ ਦੀ ਘਾਟ ਨੂੰ ਦੱਸਿਆ।

ਇਸ 'ਤੇ ਅਦਾਲਤ ਨੇ ਕਿਹਾ ਕਿ ਇਸ ਗੰਭੀਰ ਵਿਸ਼ੇ 'ਤੇ ਇੰਨੀ ਲਾਪਰਵਾਹੀ ਕਿਵੇਂ ਹੋ ਸਕਦੀ ਹੈ ? ਜੇਲ੍ਹਾਂ ਦੀ ਸੁਰੱਖਿਆ ਦਾ ਮੁੱਦਾ ਅਹਿਮ ਹੈ। ਅਜਿਹੇ 'ਚ ਅਗਲੀ ਸੁਣਵਾਈ 'ਚ ਇਸ ਸਬੰਧੀ ਸਟੇਟਸ ਰਿਪੋਰਟ ਪੇਸ਼ ਕੀਤੀ ਜਾਵੇ।

ਲਾਰੇਂਸ ਇੰਟਰਵਿਊ ਮਾਮਲੇ ਦੀ ਜਾਂਚ ਕਰ ਰਹੇ ਐਸਆਈਟੀ ਅਧਿਕਾਰੀ ਨੇ ਦੱਸਿਆ ਸੀ ਕਿ ਉਨ੍ਹਾਂ ਦੀ ਜਾਂਚ ਚੱਲ ਰਹੀ ਹੈ। ਅਗਲੇ ਮਹੀਨੇ ਦੇ ਪਹਿਲੇ ਹਫ਼ਤੇ ਤੱਕ ਜਾਂਚ ਪੂਰੀ ਕਰ ਲਈ ਜਾਵੇਗੀ।

**ਜੈਮਰ ਦੇ ਮੁੱਦੇ 'ਤੇ ਸੁਣਵਾਈ ਵਿੱਚ ਮੁਸ਼ਕਲ**

ਸੁਣਵਾਈ ਦੌਰਾਨ ਅਦਾਲਤ ਨੇ ਜੇਲ੍ਹਾਂ ਵਿਚ ਜੈਮਰ ਲਗਾਉਣ ਦੇ ਮੁੱਦੇ 'ਤੇ ਸਵਾਲ ਪੁੱਛੇ ਤਾਂ ਸਰਕਾਰੀ ਵਕੀਲ ਨੇ ਦੱਸਿਆ ਕਿ ਜੈਮਰ ਲਗਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਜੈਮਰ ਲਗਾਉਣ ਲਈ ਟੈਂਡਰ ਅਤੇ ਹੋਰ ਰਸਮੀ ਕਾਰਵਾਈਆਂ ਹਨ। ਇਸ ਤੋਂ ਬਾਅਦ ਅਦਾਲਤ ਨੇ ਮੁੱਖ ਸਕੱਤਰ ਨੂੰ ਤਲਬ ਕੀਤਾ। ਹਾਲਾਂਕਿ ਅਦਾਲਤ ਦੇ ਬਾਹਰ ਵਕੀਲ ਨੇ ਦੱਸਿਆ ਕਿ ਇਸ ਦੌਰਾਨ ਕਿਹਾ ਸੀ ਕਿ ਕਿਉਂ ਨਾ ਵੀਆਈਪੀ ਦੀਆਂ ਗੱਡੀਆਂ ਵਿੱਚ ਲੱਗੇ ਜੈਮਰ ਜੇਲ੍ਹਾਂ ਵਿੱਚ ਲਾ ਦਿੱਤੇ ਜਾਣ।

## ਟਰੱਕਾਂ ਵਿਚ ਆਏ 35 ਲੁਟੇਰਿਆਂ ਨੇ ਸੁਰੱਖਿਆ ਮੁਲਾਜ਼ਮਾਂ ਨੂੰ ਬੰਧਕ ਬਣਾਕੇ ਕੋਲਡ ਸਟੋਰ ਲੁਟਿਆ

ਅੰਮ੍ਰਿਤਸਰ-ਅੰਮ੍ਰਿਤਸਰ ਵਿੱਚ ਬੇਖੌਫ ਲੁਟੇਰਿਆਂ ਨੇ ਝਬਾਲ ਰੋਡ 'ਤੇ ਸਥਿਤ ਪਿੰਡ ਇੱਬਨ ਕਲਾਂ ਦੇ ਕੋਲਡ ਸਟੋਰ ਦੀ ਲੁੱਟ ਕੀਤੀ। ਬਦਮਾਸ਼ਾਂ ਨੇ ਕੋਲਡ ਸਟੋਰ 'ਤੇ ਤਾਇਨਾਤ ਸੁਰੱਖਿਆ ਕਰਮੀਆਂ ਨੂੰ ਬੰਧਕ ਬਣਾ ਲਿਆ। ਫਿਰ ਉਨ੍ਹਾਂ ਨੇ ਆਸਾਨੀ ਨਾਲ ਕਰੀਬ ਦੋ ਕਰੋੜ ਰੁਪਏ ਦੇ ਸੁੱਕੇ ਮੇਵੇ ਲੁੱਟ ਲਏ। ਜਦੋਂ ਕੋਲਡ ਸਟੋਰ ਦਾ ਮਾਲਕ ਅਤੇ ਹੋਰ ਸਟਾਫ ਕੰਮ 'ਤੇ ਆਏ ਤਾਂ ਦੇਖਿਆ ਕਿ ਸੁਰੱਖਿਆ ਕਰਮਚਾਰੀਆਂ ਨੂੰ ਬੰਧਕ ਬਣਾ ਕੇ ਰੱਖਿਆ ਹੋਇਆ ਸੀ ਅਤੇ ਉਥੇ ਰੱਖਿਆ ਸਾਰਾ ਸਾਮਾਨ ਗਾਇਬ ਸੀ। ਇਸ ਮਗਰੋਂ ਤੁਰੰਤ ਥਾਣਾ ਚਾਟੀਵਿੰਡ ਪੁਲੀਸ ਨੂੰ ਸੂਚਿਤ ਕੀਤਾ ਗਿਆ।

ਐਸਐਸਪੀ ਦਿਹਾਤੀ ਚਰਨਜੀਤ ਸਿੰਘ ਨੇ ਦੱਸਿਆ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਸੀਸੀਟੀਵੀ ਵੀ ਚੈੱਕ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਸ਼ੱਕੀ ਵਿਅਕਤੀਆਂ ਨੂੰ ਵੀ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਤਾਂ ਜੋ ਲੁਟੇਰਿਆਂ ਬਾਰੇ ਕੋਈ ਜਾਣਕਾਰੀ ਮਿਲ ਸਕੇ।

## ਨਸਲਵਾਦ ਕਾਰਣ ਕੈਨੇਡਾ ਵਿਚ ਸਿਖ ਨੌਜਵਾਨ ਵਿਦਿਆਰਥੀ ਦਾ ਕਤਲ !

### ✪ 8 ਮਹੀਨੇ ਪਹਿਲਾਂ ਪੜ੍ਹਾਈ ਲਈ ਆਇਆ ਸੀ ਕੈਨੇਡਾ



ਐਡਮਿੰਟਨ-ਕੈਨੇਡਾ ਤੋਂ ਬੇਹੱਦ ਦੁਖ਼ਦਾਈ ਖ਼ਬਰ ਸਾਹਮਣੇ ਆਈ ਹੈ। ਅਲਬਰਟਾ ਸੂਬੇ ਦੇ ਸ਼ਹਿਰ ਐਡਮਿੰਟਨ ਦੇ ਡਾਊਨਟਾਊਨ ਵਿੱਚ ਇੱਕ 22 ਸਾਲਾ ਦਸਤਾਰਧਾਰੀ ਨੌਜਵਾਨ ਦਾ ਇੱਕ ਪਾਰਕਿੰਗ ਵਿੱਚ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਕਾਤਲ ਨੌਜਵਾਨ ਨੂੰ ਮਾਰਨ ਤੋਂ ਬਾਅਦ ਵੀ ਉਸ ਦੀ ਲਾਸ਼ ਦੇ ਕੋਲ ਹੀ ਖੜਾ ਰਿਹਾ। ਨੌਜਵਾਨ ਦੀ ਪਛਾਣ ਜਸ਼ਨਦੀਪ ਸਿੰਘ ਮਾਨ ਵਜੋਂ ਹੋਈ ਹੈ ਜੋ ਪਿੰਡ ਬਡਲਾ ਜ਼ਿਲ੍ਹਾ ਮਲੇਰਕੋਟਲਾ ਦਾ ਰਹਿਣ ਵਾਲਾ ਸੀ ਤੇ ਤਕਰੀਬਨ ਅੱਠ ਮਹੀਨੇ ਪਹਿਲਾਂ ਹੀ ਪੜ੍ਹਾਈ ਕਰਨ ਲਈ ਕੈਨੇਡਾ ਪੁੱਜਾ ਸੀ। ਜਾਣਕਾਰੀ ਮੁਤਾਬਕ ਕਾਤਲ ਨੇ ਮਾਰਨ ਲਈ ਬੌਕਸ-ਕਟਰ ਦੀ ਵਰਤੋਂ ਕੀਤੀ। ਪੁਲਿਸ ਨੇ ਇਸ ਮਾਮਲੇ ਵਿਚ 40 ਸਾਲਾ ਐਡਗਰ ਵਿਸਕਰ ਉਤੇ ਕਤਲ ਦੇ ਚਾਰਜ ਲਾਏ ਹਨ, ਜੋ ਵਾਰਦਾਤ ਤੋਂ ਬਾਅਦ ਮੌਕੇ ਉਤੇ ਹੀ ਖੜ੍ਹਾ ਰਿਹਾ। ਐਡਮਿੰਟਨ ਪੁਲਿਸ ਅਤੇ ਸ਼ਹਿਰ ਦੇ ਮੇਅਰ ਅਮਰਜੀਤ ਸਿੰਘ ਸੋਹੀ ਤੋਂ ਇਸ ਘਟਨਾ ਦੀ ਜਾਂਚ ਇੱਕ ਨਫ਼ਰਤੀ ਅਪਰਾਧ ਵਜੋਂ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

## ਛਿੰਞ ਮੇਲੇ ਦੌਰਾਨ ਖ਼ੂਨੀ ਝੜਪ, ਗੋਲ਼ੀਆਂ ਚਲੀਆਂ


### ✪ ਤਲਵਾਰ ਨਾਲ ਨੌਜਵਾਨ ਦਾ ਹੋਇਆ ਕਤਲ



ਗੜ੍ਹਸ਼ੰਕਰ-ਗੜ੍ਹਸ਼ੰਕਰ ਦੇ ਪਿੰਡ ਅਲੀਪੁਰ ਵਿਚ ਛਿੰਞ ਮੇਲੇ ਦੌਰਾਨ ਬੀਤੇ ਦਿਨੀਂ ਹੋਈ ਦੋ ਧੜਿਆਂ ਦੀ ਲੜਾਈ ਵਿਚ ਇਕ ਨੌਜਵਾਨ ਦੀ ਮੌਤ ਹੋ ਗਈ ਅਤੇ ਇਕ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਇਸ ਮੌਕੇ ਦੋ ਧੜਿਆਂ ਦੇ ਨੌਜਵਾਨਾਂ ਨੇ ਆਪਸੀ ਰੰਜਿਸ਼ ਕਾਰਨ ਉਸੇ ਮੈਦਾਨ ਵਿਚ ਲੜਾਈ ਵਾਸਤੇ ਟਾਈਮ ਰੱਖ ਲਿਆ, ਜਿੱਥੇ ਇਕ ਧੜੇ ਵੱਲੋਂ ਗੋਲ਼ੀਆਂ ਚਲਾ ਦਿੱਤੀਆਂ ਗਈਆਂ। ਇਸ ਦੌਰਾਨ ਸ਼ਮੀ ਕਪੂਰ ਅਲੀਪੁਰ ਗੜ੍ਹਸ਼ੰਕਰ ਦੀ ਬਾਂਹ ਵਿਚ ਗੋਲ਼ੀ ਲੱਗੀ, ਜਿਸ ਨੂੰ ਸਰਕਾਰੀ ਹਸਪਤਾਲ ਗੜ੍ਹਸ਼ੰਕਰ ਵਿਖੇ ਲਿਆਂਦਾ ਗਿਆ, ਜਿੱਥੋਂ ਉਸ ਨੂੰ ਸਿਵਲ ਹੁਸ਼ਿਆਰਪੁਰ ਰੈਫਰ ਕਰ ਦਿੱਤਾ ਗਿਆ। ਇਸੇ ਧੜੇ ਦੇ ਦੂਜੇ ਨੌਜਵਾਨ ਨਿਤਿਨ ਕੁਮਾਰ ਵਾਸੀ ਚਣਕੋਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਤੇਜ਼ਧਾਰ ਹਥਿਆਰਾਂ ਨਾਲ ਵੱਢਿਆ ਗਿਆ। ਉਸ ਨੂੰ ਨਵਾਂਸ਼ਹਿਰ ਦੇ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ, ਜਿੱਥੇ ਜ਼ਿਆਦਾ ਖ਼ੂਨ ਵਹਿ ਜਾਣ ਕਾਰਨ ਉਸ ਦੀ ਮੌਤ ਹੋ ਗਈ। ਇਸ ਸਬੰਧੀ ਚੌਕੀ ਇੰਚਾਰਜ ਸਮੁੰਦੜਾ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਤਫ਼ਤੀਸ਼ ਚੱਲ ਰਹੀ ਹੈ।

## ਭਈਏ ਨੇ ਆਪਣੀ ਪੰਜਾਬੀ ਪ੍ਰੇਮਿਕਾ ਦਾ ਕੀਤਾ ਕਤਲ

### ✪ ਔਰਤ ਦੇ ਪਤੀ ਨੇ ਇਨਸਾਫ ਦੀ ਕੀਤੀ ਮੰਗ



ਜਲੰਧਰ-ਖੰਨਾ ਦੇ ਮਲੌਦ ਵਿੱਚ ਇਕ ਔਰਤ ਦਾ ਕਤਲ ਕਰ ਦਿੱਤਾ ਗਿਆ ਹੈ। ਉਸ ਦਾ ਕਤਲ ਇਕ ਪ੍ਰਵਾਸੀ ਮਜ਼ਦੂਰ ਵੱਲੋਂ ਕੀਤਾ ਗਿਆ ਹੈ। ਮ੍ਰਿਤਕ ਔਰਤ ਤਿੰਨ ਬੱਚਿਆਂ ਦੀ ਮਾਂ ਸੀ। ਉਸ ਦੀ ਪਹਿਚਾਣ ਸਤਪਾਲ ਕੌਰ ਵਾਸੀ ਸਿਆੜ ਵਜੋਂ ਹੋਈ ਹੈ। ਪ੍ਰਵਾਸੀ ਮਜ਼ਦੂਰ ਲੰਬੇ ਸਮੇਂ ਤੋਂ ਇੱਥੇ ਹੀ ਰਹਿ ਰਿਹਾ ਸੀ। ਪੁਲਿਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਕੇ ਮਾਮਲਾ ਦਰਜ ਕਰਕੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿੱਚ ਭੇਜ ਦਿੱਤਾ।

ਜਾਣਕਾਰੀ ਮੁਤਾਬਕ ਮੁਲਜ਼ਮ ਬਬਲੂ ਸਾਲ 1995 ਤੋਂ ਪਿੰਡ ਵਿੱਚ ਹੀ ਰਹਿ ਰਿਹਾ ਸੀ ਅਤੇ ਉਸ ਦੀ ਸਤਪਾਲ ਕੌਰ ਨਾਲ 3 ਸਾਲ ਪਹਿਲਾਂ ਜਾਣ ਪਹਿਚਾਣ ਹੋਈ ਸੀ। ਜਿਸ ਕਰਕੇ ਬਬਲੂ ਕਦੀਂ ਕਦਾਈ ਉਨ੍ਹਾਂ ਦੇ ਘਰ ਆਉਂਦਾ ਸੀ ਅਤੇ ਦੋਵਾਂ ਵਿਚਕਾਰ ਪ੍ਰੇਮ ਸਬੰਧਾਂ ਦੀ ਵੀ ਚਰਚਾ ਚੱਲ ਰਹੀ ਸੀ। ਦੋਵਾਂ ਦੀ ਕਿਸੇ ਕਾਰਨ ਲੜਾਈ ਹੋ ਗਈ, ਜਿਸ ਤੋਂ ਬਾਅਦ ਬਬਲੂ ਨੇ ਗੱਲ੍ਹ ਕਰਨ ਦੇ ਬਹਾਨੇ ਸਤਪਾਲ ਨੂੰ ਘਰੋਂ ਬਾਹਰ ਬੁਲਾਇਆ ਸੀ, ਜਿੱਥੇ ਉਸ ਨੇ ਇਸ ਘਟਨਾ ਨੂੰ ਅੰਜਾਮ ਦੇ ਦਿੱਤਾ।

ਦੱਸਿਆ ਜਾ ਰਿਹਾ ਹੈ ਕਿ ਸਤਪਾਲ ਕੌਰ ਦੇ ਸਿਰ 'ਤੇ ਤੇਜ਼ਧਾਰ ਹਥਿਆਰਾ ਨਾਲ ਵਾਰ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰਿਆ ਹੈ। ਸਤਪਾਲ ਦੇ ਪਤੀ ਵੱਲੋਂ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ।

## ਘਰ ਦੇ ਬਾਹਰ ਬੈਠੇ ਆੜ੍ਹਤੀਏ ਨੂੰ ਦੋ ਸ਼ੂਟਰਾਂ ਨੇ ਮਾਰੀਆਂ ਗੋਲ਼ੀਆਂ

ਫਿਰੋਜ਼ਪੁਰ-ਬੀਤੇ ਦਿਨੀਂ ਮੋਟਰਸਾਈਕਲ ਸਵਾਰ ਦੋ ਸ਼ੂਟਰਾਂ ਵੱਲੋਂ ਆਪਣੇ ਘਰ ਦੇ ਬਾਹਰ ਬੈਠੇ ਇਕ ਆੜ੍ਹਤੀਏ ਗੁਰਮੀਤ ਸਿੰਘ ਨੂੰ ਗੋਲ਼ੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ। ਮੌਕੇ 'ਤੇ ਪਹੁੰਚੇ ਗੁਆਂਢੀਆਂ ਵੱਲੋਂ ਗੁਰਮੀਤ ਸਿੰਘ ਨੂੰ ਸਥਾਨਕ ਨਿੱਜੀ ਹਸਪਤਾਲ ਵਿਖੇ ਪਹੁੰਚਾਇਆ ਗਿਆ। ਡਾਕਟਰਾਂ ਅਨੁਸਾਰ ਇਕ ਗੋਲੀ ਗੁਰਮੀਤ ਸਿੰਘ ਦੀ ਗਰਦਨ ਵਿਚ ਵੱਜ ਕੇ ਮੂੰਹ 'ਚੋਂ ਨਿਕਲ ਗਈ ਹੈ। ਫਿਲਹਾਲ ਪੁਲਿਸ ਵੱਲੋਂ ਜ਼ਖ਼ਮੀ ਗੁਰਮੀਤ ਸਿੰਘ ਦੇ ਬਿਆਨ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਬਦਨਾਮ ਨਸ਼ਾ ਸਮਗਲਰ ਰਾਣੋ, ਉਸਦੀ ਧੀ ਤੇ ਡਰਾਈਵਰ ਗ੍ਰਿਫਤਾਰ

## ✪ 17 ਅਪਰਾਧਿਕ ਮਾਮਲੇ ਦਰਜ ਸਨ, ਅਦਾਲਤ ਦੇ ਚੁੱਕੀ ਹੈ ਭਗੌੜਾ ਕਰਾਰ

ਜਲੰਧਰ-ਜਲੰਧਰ ਲਈ ਸਿਰਦਰਦੀ ਬਣੇ ਨਕੋਦਰ ਦੇ ਪਿੰਡ ਪੱਤੀ ਤੱਖਰ ਸ਼ੰਕਰ ਦੇ ਨਸ਼ਾ ਤਸਕਰ ਰਾਣੋ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਰਾਣੋ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿਚ 17 ਅਪਰਾਧਿਕ ਮਾਮਲੇ ਦਰਜ ਹਨ ਤੇ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਚੰਡੀਗੜ੍ਹ ਵੀ ਉਸ ਦੀ ਭਾਲ ਕਰ ਰਿਹਾ ਸੀ। ਰਾਣੋ ਦੇ ਨਾਲ-ਨਾਲ ਉਸ ਦੀ ਧੀ ਤੇ ਨਸ਼ਾ ਸਪਲਾਈ ਕਰਨ ਵਾਲੇ ਡਰਾਈਵਰ ਨੂੰ ਵੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਐਂਟੀ ਨਾਰਕੋਟਿਕਸ ਟਾਸਕ ਫੋਰਸ ਤੇ ਜਲੰਧਰ ਦਿਹਾਤੀ ਪੁਲਿਸ ਵੱਲੋਂ ਸਾਂਝੇ ਆਪ੍ਰੇਸ਼ਨ ਦੌਰਾਨ ਤਿੰਨੋਂ ਨਸ਼ਾ ਤਸਕਰ ਫੜੇ ਗਏ ਹਨ। ਜਲੰਧਰ ਦਿਹਾਤੀ ਖੇਤਰ ਦੇ ਐੱਸਐੱਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਜ਼ਿਲ੍ਹੇ ਵਿਚ ਨਸ਼ਾ ਸਪਲਾਈ ਕਰਨ ਵਾਲੇ ਮੁੱਖ ਨਸ਼ਾ ਤਸਕਰ ਦੀ ਗ੍ਰਿਫ਼ਤਾਰੀ ਇਕ ਪ੍ਰਾਪਤੀ ਹੈ, ਇਸ ਨਾਲ ਨਸ਼ੇ ਦੀ ਸਪਲਾਈ ਦਾ ਨੈੱਟਵਰਕ ਟੁੱਟੇਗਾ।



ਅਦਾਲਤ ਨੇ ਬਦਨਾਮ ਨਸ਼ਾ ਤਸਕਰ ਰਾਣੋ ਨੂੰ ਭਗੌੜਾ ਕਰਾਰ ਦਿੱਤਾ ਹੈ। ਉਸ ਦੇ ਨਾਲ ਉਸ ਦੀ ਲੜਕੀ ਬਲਜਿੰਦਰ ਕੌਰ ਵਾਸੀ ਸ਼ਹੀਦ ਭਗਤ ਸਿੰਘ ਨਗਰ ਪਿੰਡ ਲੰਗਰੋਆ ਤੇ ਉਸ ਦੇ ਡਰਾਈਵਰ ਸੁਖਦੇਵ ਦਾਨੀ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਇਸ ਮੁਹਿੰਮ ਵਿਚ ਮੁਲਜ਼ਮਾਂ ਕੋਲੋਂ ਨਸ਼ਾ ਵੇਚ ਕੇ ਕਮਾਏ 1.12 ਲੱਖ ਰੁਪਏ, ਸੋਨੇ ਦੇ ਗਹਿਣੇ ਤੇ ਨਸ਼ਾ ਤਸਕਰੀ ਵਿਚ ਵਰਤੀ ਜਾਂਦੀ ਇਕ ਗੱਡੀ ਵੀ ਬਰਾਮਦ ਕੀਤੀ ਗਈ ਹੈ। ਐੱਸਐੱਸਪੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਰਾਣੋ ਦੇਵੀ, ਜੋ ਕਿ ਹੈਰੋਇਨ ਦੀ ਤਸਕਰੀ 'ਚ ਮੁੱਖ ਸਪਲਾਇਰ ਹੈ, ਨੂੰ ਵੀ ਐੱਨਸੀਬੀ ਚੰਡੀਗੜ੍ਹ ਨੂੰ ਲੋੜੀਂਦਾ ਸੀ। ਐੱਨਸੀਬੀ ਦੇ ਇਕ ਮਾਮਲੇ 'ਚ ਹੈਰੋਇਨ ਸਪਲਾਇਰ ਅਕਸ਼ੈ ਛਾਬੜਾ, ਜਿਸ ਨੇ ਲੁਧਿਆਣਾ ਦੀ ਦਰਗਾਹ ਨੇੜੇ ਵਿਸ਼ਵਕਰਮਾ ਚੌਕ 'ਚ ਅਜੈ ਕੁਮਾਰ ਉਰਫ ਗੋਰਾ ਗਰੋਵਰ ਤੇ ਸੰਦੀਪ ਸਿੰਘ ਉਰਫ ਦੀਪੂ ਰਾਹੀਂ ਹੈਰੋਇਨ ਦੀ ਵੱਡੀ ਖੇਪ ਪਹੁੰਚਾਈ ਸੀ।

ਐੱਨਸੀਬੀ ਨੇ ਨਸ਼ਾ ਤਸਕਰਾਂ ਕੋਲੋਂ 20.326 ਕਿਲੋ ਹੈਰੋਇਨ ਜ਼ਬਤ ਕੀਤੀ ਸੀ। ਰਾਣੋ ਨੇ ਪਹਿਲਾਂ 15 ਨਵੰਬਰ 2022 ਨੂੰ ਇਨ੍ਹਾਂ ਮੁਲਜ਼ਮਾਂ ਤੋਂ 2 ਕਿਲੋ ਹੈਰੋਇਨ ਖਰੀਦਣ ਲਈ ਐਡਵਾਂਸ ਪੈਸੇ ਅਦਾ ਕੀਤੇ ਸਨ। ਪਰ ਇਹ 20.326 ਕਿਲੋ ਹੈਰੋਇਨ ਫੜੀ ਗਈ ਤੇ ਮੁਲਜ਼ਮ ਨੇ ਇਸ ਨੂੰ ਖਰੀਦਦਾਰ ਰਾਣੋ ਨੂੰ ਦੱਸਿਆ ਸੀ। ਇਸ ਤੋਂ ਇਲਾਵਾ ਲੁਧਿਆਣਾ ਦੀ ਵਿਸ਼ੇਸ਼ ਅਦਾਲਤ ਨੇ ਰਾਣੋ ਦੇਵੀ ਤੇ ਦੋ ਹੋਰ ਸਾਥੀਆਂ ਸੁਰਿੰਦਰ ਕੁਮਾਰ ਕਾਲਰਾ ਤੇ ਨੀਲਮ ਕਾਲਰਾ ਨੂੰ ਭਗੌੜਾ ਕਰਾਰ ਦਿੱਤਾ ਹੈ। ਐੱਸਐੱਸਪੀ ਨੇ ਦੱਸਿਆ ਕਿ ਰਾਣੋ ਦੀ ਬੇਟੀ ਬਲਜਿੰਦਰ ਕੌਰ ਸੀਆਰਪੀਸੀ ਦੀ ਧਾਰਾ 82 ਤਹਿਤ ਗੈਰ-ਜ਼ਮਾਨਤੀ ਵਾਰੰਟਾਂ ਦਾ ਸਾਹਮਣਾ ਕਰ ਰਹੀ ਹੈ ਤੇ ਘੋਸ਼ਣਾ ਦੇ ਹੁਕਮਾਂ ਦਾ ਸਾਹਮਣਾ ਕਰ ਰਹੀ ਹੈ। ਐੱਸਐੱਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਇਹ ਗ੍ਰਿਫ਼ਤਾਰੀਆਂ ਜ਼ਿਲ੍ਹੇ 'ਚ ਨਸ਼ਿਆਂ ਦੇ ਨੈੱਟਵਰਕ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਵੱਡੇ ਆਪ੍ਰੇਸ਼ਨ ਦਾ ਹਿੱਸਾ ਹਨ।

# 6 ਸਾਲ ਦੇ ਬੱਚੇ ਨੂੰ ਅਗਵਾ ਕਰਨ ਵਾਲੇ 2 ਮੁਲਜ਼ਮ ਗ੍ਰਿਫਤਾਰ



ਪਠਾਨਕੋਟ ਵਿੱਚ 6 ਸਾਲ ਦੀ ਬੱਚੀ ਨੂੰ ਅਗਵਾ ਕਰਨ ਦੇ ਮਾਮਲੇ ਦੀ ਗੁੱਥੀ ਨੂੰ ਪੁਲਿਸ ਨੇ ਸੁਲਝਾ ਲਿਆ ਹੈ। ਪੁਲਿਸ ਨੇ ਇਸ ਮਾਮਲੇ ਵਿਚ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪਠਾਨਕੋਟ ਅਗਵਾ ਕਾਂਡ ਵਿੱਚ ਗ੍ਰਿਫ਼ਤਾਰ ਮੁਲਜ਼ਮਾਂ ਦੀ ਤਸਵੀਰ ਸਾਂਝੀ ਕੀਤੀ ਹੈ। ਉਨ੍ਹਾਂ ਨੇ ਅੰਤਰ-ਰਾਜੀ ਕਾਰਵਾਈ ਵਿਚ ਸ਼ਾਨਦਾਰ ਸਹਿਯੋਗ ਲਈ ਡੀਜੀਪੀ ਗੋਆ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮਾਮਲੇ ਵਿੱਚ ਹੋਰ ਸੁਰਾਗ ਲੱਭਣ ਲਈ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

ਦੱਸ ਦਈਏ ਕਿ ਕੁਝ ਦਿਨ ਪਹਿਲਾਂ ਛੇ ਸਾਲਾ ਬੱਚੇ ਨੂੰ ਦੋ ਵਿਅਕਤੀਆਂ ਨੇ ਅਗਵਾ ਕਰ ਲਿਆ ਸੀ। ਸ਼ਹਿਰ ਦੇ ਇੱਕ ਨਾਮੀ ਸਕੂਲ ਵਿੱਚ ਪੜ੍ਹਦੇ ਇਸ ਬੱਚੇ ਨੂੰ ਦੁਪਹਿਰ ਵੇਲੇ ਦੋ ਵਿਅਕਤੀਆਂ ਨੇ ਅਗਵਾ ਕਰ ਲਿਆ ਸੀ। ਪਠਾਨਕੋਟ ਪੁਲਿਸ ਦੀ ਤੁਰੰਤ ਕਾਰਵਾਈ ਕਾਰਨ ਕੁਝ ਘੰਟਿਆਂ ਵਿੱਚ ਹੀ ਬੱਚੇ ਦਾ ਬਚਾਅ ਹੋ ਗਿਆ। ਬੱਚੇ ਨੂੰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਦੇ ਨੂਰਪੁਰ ਤੋਂ ਬਚਾਇਆ ਗਿਆ ਸੀ।

# ਪੰਜਾਬ 'ਚ ਕੁੜੀ ਨੂੰ ਲੁਟੇਰੇ 400 ਮੀਟਰ ਤੱਕ ਘੜੀਸਦੇ ਰਹੇ ਬਾਈਕ ਸਵਾਰ ਨੌਜਵਾਨ, ਮੋਬਾਈਲ ਲੁੱਟ ਲਿਆ

## ✪ ਲੋਕ ਮਦਦ ਲਈ ਆਏ, ਲੁਟੇਰੇ ਫੜੇ ਨਾ ਗਏ

ਜਲੰਧਰ-ਜਲੰਧਰ 'ਚ ਬਾਈਕ ਸਵਾਰ ਲੁਟੇਰੇ ਇਕ ਕੁੜੀ ਨੂੰ ਲੁੱਟਣ ਦੀ ਕੋਸ਼ਿਸ਼ 'ਚ 400 ਮੀਟਰ ਤੱਕ ਘੜੀਸ ਕੇ ਲੈ ਗਏ। ਇਸ ਪੂਰੀ ਘਟਨਾ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿੱਚ ਸਾਫ਼ ਵਿਖਾਈ ਦੇ ਰਿਹਾ ਹੈ ਕਿ ਕਿਵੇਂ ਲੁਟੇਰੇ ਕੁੜੀ ਨੂੰ ਸੜਕ ਦੇ ਵਿਚਕਾਰ ਬੁਰੀ ਤਰ੍ਹਾਂ ਘੜੀਸ ਰਹੇ ਹਨ।



12ਵੀਂ ਜਮਾਤਵਿ'ਚ ਪੜ੍ਹਦੀ ਉੱਤਰ ਪ੍ਰਦੇਸ਼ ਦੇ ਗੋਂਡਾ ਦੀ ਰਹਿਣ ਵਾਲੀ 18 ਸਾਲਾ ਵਿਦਿਆਰਥਣ ਲਕਸ਼ਮੀ ਹੁਣ ਆਪਣੇ ਪਰਿਵਾਰ ਨਾਲ ਗ੍ਰੀਨ ਮਾਡਲ ਟਾਊਨ ਜਲੰਧਰ 'ਚ ਰਹਿੰਦੀ ਹੈ। ਸਾਰਾ ਪਰਿਵਾਰ ਮਜ਼ਦੂਰ ਵਰਗ ਹੈ, ਉਹ ਕਿਸੇ ਨਾ ਕਿਸੇ ਤਰ੍ਹਾਂ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਬੀਤੇ ਦਿਨ ਉਹ ਆਪਣੀ ਭਾਬੀ ਨੂੰ ਮਿਲ ਕੇ ਘਰ ਪਰਤ ਰਹੀ ਸੀ ਕਿ ਇਸ ਦੌਰਾਨ ਬਾਈਕ 'ਤੇ ਸਵਾਰ ਤਿੰਨ ਲੁਟੇਰੇ ਆਏ ਅਤੇ ਲਕਸ਼ਮੀ ਦਾ ਮੋਬਾਇਲ ਖੋਹਣ ਦੀ ਕੋਸ਼ਿਸ਼ ਕੀਤੀ। ਮੁਲਜ਼ਮਾਂ ਵਿੱਚ ਨੌਜਵਾਨਾਂ ਨੇ ਮੂੰਹ 'ਤੇ ਰੁਮਾਲ ਬੰਨ੍ਹਿਆ ਹੋਇਆ ਸੀ।

ਸੜਕ 'ਤੇ ਇਕੱਲੀ ਕੁੜੀ ਦੇ ਹੱਥ ਵਿਚ ਫੋਨ ਵੇਖ ਕੇ ਮੁਲਜ਼ਮਾਂ ਨੇ ਉਸ ਦਾ ਫੋਨ ਖੋਹਣ ਦੀ ਕੋਸ਼ਿਸ਼ ਕੀਤੀ ਪਰ ਲਕਸ਼ਮੀ ਨੇ ਫੋਨ ਨਹੀਂ ਛੱਡਿਆ। ਫੋਨ ਖੋਹਣ ਦੌਰਾਨ ਉਹ ਕੁੜੀ ਨੂੰ ਵੀ ਕਰੀਬ 400 ਮੀਟਰ ਤੱਕ ਘੜੀਸਦੇ ਲੈ ਗਏ। ਕੁੜੀ ਰੌਲਾ ਪਾਉਂਦੀ ਰਹੀ ਅਤੇ ਮਦਦ ਦੀ ਗੁਹਾਰ ਲਗਾਉਂਦੀ ਰਹੀ ਪਰ ਜਦੋਂ ਤੱਕ ਕੋਈ ਮਦਦ ਲਈ ਬਾਹਰ ਆਉਂਦਾ ਉਦੋਂ ਤੱਕ ਉਸ ਨੂੰ ਘੜੀਸਦੇ ਹੋਏ ਕਰੀਬ 400 ਮੀਟਰ ਦੂਰ ਤੱਕ ਲੈ ਗਏ ਸਨ।

ਲਕਸ਼ਮੀ ਦੀਆਂ ਚੀਕਾਂ ਦੀ ਆਵਾਜ਼ ਸੁਣ ਕੇ ਮੁਹੱਲੇ ਦੇ ਲੋਕ ਘਰਾਂ ਵਿਚੋਂ ਬਾਹਰ ਆ ਗਏ ਅਤੇ ਮੁਲਜ਼ਮਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਵੀਡੀਓ 'ਚ ਇਹ ਵੀ ਸਾਫ਼ ਨਜ਼ਰ ਆ ਰਿਹਾ ਹੈ ਕਿ ਕੁਝ ਲੋਕ ਤੇਜ਼ੀ ਨਾਲ ਭੱਜ ਰਹੇ ਹਨ ਅਤੇ ਕੁੜੀ ਨੂੰ ਬਚਾਉਣ ਅਤੇ ਦੋਸ਼ੀ ਨੂੰ ਫੜਨ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ ਅੰਤ 'ਚ ਲੁਟੇਰਿਆਂ ਨੇ ਕੁੜੀ ਦੇ ਹੱਥੋਂ ਫੋਨ ਖੋਹ ਲਿਆ, ਜਿਸ ਕਾਰਨ ਕੁੜੀ ਸੜਕ 'ਤੇ ਡਿੱਗ ਗਈ। ਇਸ ਪੂਰੀ ਘਟਨਾ 'ਚ ਲਕਸ਼ਮੀ ਨੂੰ ਕਈ ਤਰ੍ਹਾਂ ਦੀਆਂ ਖਰੋਚਾਂ ਆਈਆਂ ਹਨ। ਇਸ ਤੋਂ ਪਹਿਲਾਂ ਕਿ ਕੋਈ ਬਦਮਾਸ਼ਾਂ ਨੂੰ ਫੜਦਾ, ਉਹ ਉਥੋਂ ਫ਼ਰਾਰ ਹੋ ਗਏ।

# ਖੰਨਾ ਵਿਖੇ 'ਆਪ' ਨੇਤਾ ਦਾ ਗੋਲੀਆਂ ਮਾਰ ਕੇ ਕਤਲ



ਖੰਨਾ-ਇੱਥੋਂ ਕਰੀਬ 4 ਕਿੱਲੋਮੀਟਰ ਪਿੰਡ ਇਕੋਲਾਹਾ ਵਿਖੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ਦੇ ਨਜ਼ਦੀਕੀ ਤਰਲੋਚਨ ਸਿੰਘ ਉਰਫ਼ ਡੀ. ਸੀ. ਦੀ ਅਣਪਛਾਤੇ ਵਿਅਕਤੀਆਂ ਵਲੋਂ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮ੍ਰਿਤਕ ਦੇ ਪੁੱਤਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਪਿਤਾ ਬੀਤੀ ਦਿਨੀਂ ਕਰੀਬ ਸਾਢੇ 6 ਵਜੇ ਐਕਟਿਵਾ ਸਕੂਟਰ 'ਤੇ ਖੇਤਾਂ ਵਿਚੋਂ ਇਕੱਲਾ ਹੀ ਘਰ ਨੂੰ ਆ ਰਿਹਾ ਸੀ ਕਿ ਰਸਤੇ ਵਿਚ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਤੇ ਮੌਕੇ ਤੋਂ ਫ਼ਰਾਰ ਹੋ ਗਏ।

ਮ੍ਰਿਤਕ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਸ ਨੂੰ ਮਿਰਤਕ ਕਰਾਰ ਦੇ ਦਿੱਤਾ ਗਿਆ। ਤਰਲੋਚਨ ਸਿੰਘ ਆਮ ਆਦਮੀ ਪਾਰਟੀ ਦੇ ਕਿਸਾਨ ਵਿੰਗ ਦਾ ਨੇਤਾ ਸੀ ਤੇ ਚਰਚਾ ਸੀ ਕਿ ਉਹ ਆਉਣ ਵਾਲੀਆਂ ਸਰਪੰਚੀ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਨ। ਐੱਸ. ਐੱਸ. ਪੀ. ਖੰਨਾ ਅਸ਼ਵਿਨੀ ਗੋਟਿਆਲ ਤੇ ਐੱਸ. ਪੀ. ਸੌਰਵ ਜਿੰਦਲ ਨੇ ਦੱਸਿਆ ਹੈ ਕਿ ਪੁਲਿਸ ਦੋਸ਼ੀਆਂ ਨੂੰ ਫੜਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

ਸਾਬਕਾ ਮੰਤਰੀ ਗੁਰਕੀਰਤ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਚ ਅਮਨ ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦਾ ਭੱਠਾ ਬਿਠਾ ਦਿੱਤਾ ਹੈ। ਲੋਕ ਚੇਤਨਾ ਲਹਿਰ ਪੰਜਾਬ ਦੇ ਪ੍ਰਧਾਨ ਸੰਦੀਪ ਸਿੰਘ ਰੁਪਾਲੋਂ ਨੇ ਕਿਹਾ ਕਿ ਪੰਜਾਬ 'ਚ ਸਮਾਜ ਵਿਰੋਧੀ ਅਨਸਰਾਂ ਦੇ ਹੌਸਲੇ ਇੰਨੇ ਬੁਲੰਦ ਹਨ ਕਿ ਹੁਕਮਰਾਨ ਪਾਰਟੀ ਦੇ ਆਗੂ ਵੀ ਸੁਰੱਖਿਅਤ ਨਹੀਂ ਹਨ।

# ਬੇਰੁਜ਼ਗਾਰੀ ਤੇ ਮੰਦੀ ਕਾਰਨ 10 ਸਾਲਾਂ ਦੇ ਸਭ ਤੋਂ ਬੁਰੇ ਦੌਰ ਵਿਚੋਂ ਲੰਘ ਰਿਹੈ ਕੈਨੇਡਾ, ਭਾਰਤੀ ਹੋਏ ਬੁਰੀ ਤਰ੍ਹਾਂ ਪ੍ਰਭਾਵਿਤ

## ਕੈਨੇਡੀਅਨ ਕੰਪਨੀਆਂ ਨੇ ਰੁਜ਼ਗਾਰ ਦੀ ਰਫ਼ਤਾਰ ਕੀਤੀ ਮੱਠੀ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਦੇ ਕੰਮ ਕਰਨ ਦੇ ਘੰਟੇ ਘਟਾਏ





ਓਟਾਵਾ-ਪ੍ਰਵਾਸੀਆਂ ਲਈ ਕੈਨੇਡਾ ਹੁਣ ਬੇਰੁਜ਼ਗਾਰੀ ਤੇ ਮੰਦੀ ਕਾਰਣ ਔਖਾ ਸਥਾਨ ਬਣਦਾ ਜਾ ਰਿਹਾ ਹੈ। ਕੈਨੇਡਾ ਵਿੱਚ ਆਉਣ ਵਾਲੇ ਵਿਦੇਸ਼ੀਆਂ ਨੂੰ ਹੁਣ ਕੰਮ ਲੱਭਣ ਵਿੱਚ ਦਿੱਕਤ ਆ ਰਹੀ ਹੈ। ਕੈਨੇਡੀਅਨ ਕੰਪਨੀਆਂ ਨੇ ਭਰਤੀ ਦੀ ਰਫ਼ਤਾਰ ਮੱਠੀ ਕਰ ਦਿੱਤੀ ਹੈ। ਕੈਨੇਡੀਅਨ ਨੈਸ਼ਨਲ ਸਟੈਟਿਸਟਿਕਸ ਏਜੰਸੀ ਨੇ ਦੱਸਿਆ ਕਿ ਅਗਸਤ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 96,400 ਦਾ ਵਾਧਾ ਹੋਇਆ ਹੈ। ਦੇਸ਼ ਦੀ ਕਿਰਤ ਸ਼ਕਤੀ ਵਿੱਚ 82,000 ਤੋਂ ਵੱਧ ਲੋਕ ਸ਼ਾਮਲ ਹੋਏ, ਪਰ ਰੁਜ਼ਗਾਰ ਵਿੱਚ ਸਿਰਫ਼ 22,100 ਨੂੰ ਮਿਲਿਆ।

ਕੈਨੇਡਾ ਵਿਚ ਨੌਕਰੀਆਂ ਘਟਣ ਕਾਰਨ ਦੇਸ਼ 'ਤੇ ਬੇਰੁਜ਼ਗਾਰਾਂ ਦਾ ਬੋਝ ਵੱਧ ਰਿਹਾ ਹੈ। ਅੰਕੜੇ ਦਰਸਾਉਂਦੇ ਹਨ ਕਿ ਕੈਨੇਡਾ ਦੀ ਆਰਥਿਕਤਾ ਨੇ ਪਿਛਲੇ ਤਿੰਨ ਮਹੀਨਿਆਂ ਵਿੱਚ ਹਰ ਛੇ ਕਾਮਿਆਂ ਲਈ ਸਿਰਫ਼ ਇੱਕ ਨੌਕਰੀ ਪੈਦਾ ਕੀਤੀ ਹੈ, ਜੋ ਇੱਕ ਸਾਲ ਵਿੱਚ ਸਭ ਤੋਂ ਘੱਟ ਦਰ ਹੈ। ਜੇਕਰ ਸਾਲ ਦੀ ਸ਼ੁਰੂਆਤ ਨਾਲ ਤੁਲਨਾ ਕੀਤੀ ਜਾਵੇ ਤਾਂ ਇਹ ਬਹੁਤ ਵੱਡੀ ਗਿਰਾਵਟ ਹੈ। ਉਸ ਸਮੇਂ ਨੌਕਰੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਸੀ।

### ਕੈਨੇਡਾ ਵਿੱਚ ਕਾਮਿਆਂ 'ਤੇ ਬੇਰੁਜ਼ਗਾਰੀ ਕਾਰਨ ਵਧਿਆ ਦਬਾਅ

ਪਿਛਲੇ ਸਾਲ 15 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ 11 ਲੱਖ ਵਧੀ ਹੈ। ਬਲੂਮਬਰਗ ਦੀ ਰਿਪੋਰਟ ਅਨੁਸਾਰ ਲਗਭਗ ਅੱਧੇ ਲੋਕਾਂ ਨੇ ਰੁਜ਼ਗਾਰ ਦੀ ਭਾਲ ਕੀਤੀ ਅਤੇ ਉਨ੍ਹਾਂ ਵਿੱਚੋਂ ਸਿਰਫ 54% ਸਫਲ ਹੋਏ। ਇਹ ਅੰਕੜਾ ਮਹਾਮਾਰੀ ਤੋਂ 20 ਸਾਲ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਹੈ, ਜਦੋਂ ਕੈਨੇਡਾ ਨੇ ਹਰ ਸਾਲ ਆਪਣੀ ਕੰਮਕਾਜੀ ਉਮਰ ਦੀ ਆਬਾਦੀ ਵਿੱਚ 20,000 ਤੋਂ 500,000 ਲੋਕਾਂ ਨੂੰ ਜੋੜਿਆ ਸੀ। ਔਸਤਨ ਦੋ ਤਿਹਾਈ ਲੋਕ ਕੰਮ ਦੀ ਤਲਾਸ਼ ਕਰਦੇ ਸਨ ਅਤੇ ਲਗਭਗ ਸਾਰੇ ਹੀ ਕੰਮ 'ਤੇ ਸਨ। ਕੈਨੇਡੀਅਨ ਜੌਬ ਮਾਰਕੀਟ ਵਿੱਚ ਬਹੁਤ ਜ਼ਿਆਦਾ ਸੁਸਤ ਨਜ਼ਰ ਆ ਰਹੀ ਹੈ। ਅਸਲ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਨੌਕਰੀ ਦੀਆਂ ਪੋਸਟਾਂ ਵਿੱਚ 23% ਦੀ ਕਮੀ ਆਈ ਹੈ। ਕੈਨੇ ਵਿਚ ਵੱਧ ਰਹੇ ਬੇਰੁਜ਼ਗਾਰੀ ਸੰਕਟ ਨਾਲ ਭਾਰਤੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।

ਕੈਨੇਡਾ ਦੀ ਆਬਾਦੀ ਪਿਛਲੇ ਸਾਲ 3.2 ਫੀਸਦੀ ਵਧੀ ਹੈ। ਵਿਦੇਸ਼ੀ ਵਿਦਿਆਰਥੀ ਅਤੇ ਅਸਥਾਈ ਕਾਮੇ ਇਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਲਗਾਤਾਰ ਦੂਜਾ ਸਾਲ ਹੈ ਜਦੋਂ 10 ਲੱਖ ਤੋਂ ਵੱਧ ਲੋਕ ਕੈਨੇਡਾ ਆਏ ਹਨ। ਇਸ ਨੇ ਹਾਊਸਿੰਗ ਸੰਕਟ ਅਤੇ ਵਧਦੀ ਬੇਰੁਜ਼ਗਾਰੀ ਨਾਲ ਜੂਝ ਰਹੀ ਜਸਟਿਨ ਟਰੂਡੋ ਦੀ ਸਰਕਾਰ ਨੂੰ ਨਵੇਂ ਪ੍ਰਵਾਸੀਆਂ ਦੀ ਗਿਣਤੀ ਨੂੰ ਰੋਕਣ ਲਈ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ। ਇਸ ਸਾਲ ਅਗਸਤ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਆਏ ਪ੍ਰਵਾਸੀਆਂ ਦੀ ਬੇਰੁਜ਼ਗਾਰੀ ਦਰ 12.3 ਫੀਸਦੀ ਰਹੀ। ਇਹ ਕੈਨੇਡਾ ਵਿੱਚ ਪੈਦਾ ਹੋਏ ਅਤੇ 10 ਸਾਲ ਤੋਂ ਵੱਧ ਸਮਾਂ ਪਹਿਲਾਂ ਪਰਵਾਸ ਕਰਨ ਵਾਲਿਆਂ ਲਈ ਦੁੱਗਣੀ ਦਰ ਤੋਂ ਵੱਧ ਹੈ।

### ਵਿਦਿਆਰਥੀਆਂ ਉਪਰ ਪਾਬੰਦੀਆਂ

ਕੈਨੇਡਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਹਾਇਸ਼ੀ ਸੰਕਟ ਦਾ ਸਾਹਮਣਾ ਕਰ ਰਹੇ ਭਾਰਤੀਆਂ ਲਈ ਇਹ ਨਵਾਂ ਸੰਕਟ ਕਿਸੇ ਆਫ਼ਤ ਤੋਂ ਘੱਟ ਨਹੀਂ ਹੈ। ਕੈਨੇਡਾ ਦੀ ਜਸਟਿਨ ਟਰੂਡੋ ਦੀ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਕੰਮ ਦੇ ਘੰਟੇ ਘਟਾ ਦਿੱਤੇ ਹਨ, ਜਿਸ ਕਾਰਨ ਹੁਣ ਉਨ੍ਹਾਂ ਲਈ ਆਪਣੇ ਖਰਚੇ ਪੂਰੇ ਕਰਨੇ ਔਖੇ ਹੋ ਜਾਣਗੇ।

ਕੈਨੇਡੀਅਨ ਸਰਕਾਰ ਰਿਹਾਇਸ਼ ਅਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਪ੍ਰਵਾਸੀ ਵਿਦਿਆਰਥੀਆਂ ਦੀ ਗਿਣਤੀ ਘਟਾਉਣਾ ਚਾਹੁੰਦੀ ਹੈ, ਜਿਸ ਲਈ ਉਹ ਨਵੇਂ ਨਿਯਮ ਬਣਾ ਰਹੀ ਹੈ। ਤਾਜ਼ਾ ਬਦਲਾਅ ਵੀ ਇਸ ਤੋਂ ਪ੍ਰੇਰਿਤ ਜਾਪਦਾ ਹੈ, ਜਿਸ ਨਾਲ ਭਾਰਤੀਆਂ ਲਈ ਆਰਥਿਕ ਸੰਕਟ ਪੈਦਾ ਹੋ ਸਕਦਾ ਹੈ।

ਨਵੇਂ ਨਿਯਮਾਂ ਤਹਿਤ ਪ੍ਰਵਾਸੀ ਵਿਦਿਆਰਥੀ ਕੈਨੇਡਾ ਵਿੱਚ ਹਫ਼ਤੇ ਵਿੱਚ ਸਿਰਫ਼ 24 ਘੰਟੇ ਹੀ ਕੰਮ ਕਰ ਸਕਦੇ ਹਨ। ਹਾਲਾਂਕਿ, ਇਹ 20 ਘੰਟਿਆਂ ਦੇ ਪਿਛਲੇ ਨਿਯਮ ਨਾਲੋਂ 4 ਘੰਟੇ ਵੱਧ ਹੈ, ਪਰ ਇਹ ਨਿਯਮ ਕੋਰੋਨਾ ਮਿਆਦ ਦੇ ਦੌਰਾਨ ਖਤਮ ਕਰ ਦਿੱਤੇ ਗਏ ਸਨ।

ਅਪ੍ਰੈਲ ਵਿੱਚ ਇੱਕ ਰੀਲੀਜ਼ ਜਾਰੀ ਕਰਦਿਆਂ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਕਿਹਾ, ਅਸੀਂ ਦੇਖਿਆ ਹੈ ਕਿ ਵਿਦੇਸ਼ੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹਦੇ ਸਮੇਂ ਜ਼ਿਆਦਾ ਕੰਮ ਕਰਦੇ ਹਨ। ਇਸ ਕਾਰਨ ਉਨ੍ਹਾਂ ਦੇ ਅਕਾਦਮਿਕ ਨਤੀਜੇ ਚੰਗੇ ਨਹੀਂ ਹਨ। ਇਸ ਬਦਲਾਅ ਤੋਂ ਬਾਅਦ ਵਿਦੇਸ਼ੀ ਵਿਦਿਆਰਥੀਆਂ ਦੀ ਵਿੱਦਿਅਕ ਗੁਣਵੱਤਾ ਵਿੱਚ ਸੁਧਾਰ ਹੋਵੇਗਾ।

### ਕੈਨੇਡਾ ਦੇ ਮੰਤਰੀ ਨੇ ਕੀ ਕਿਹਾ?

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਇਸ ਸਮੇਂ ਕਿਸੇ ਵੀ ਪ੍ਰਕਾਰ ਦੀ ਇਮੀਗ੍ਰੇਸ਼ਨ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਕੈਨੇਡਾ ਦੇ ਨਿਯਮਾਂ ਨੂੰ ਸੁਚਾਰੂ ਬਣਾਉਣ ਦੀ ਲੋੜ ਹੈ। ਸਾਡੇ ਨਿਯਮ ਲੋਕਾਂ ਨੂੰ ਆਕਰਸ਼ਿਤ ਕਰ ਰਹੇ ਹਨ, ਅਸੀਂ ਦੇਖ ਰਹੇ ਹਾਂ ਕਿ ਇੱਥੇ ਆਉਣ ਵਾਲੇ ਵਿਦਿਆਰਥੀਆਂ ਦਾ ਮਕਸਦ ਕੰਮ ਕਰਨਾ ਹੈ ਨਾ ਕਿ ਪੜ੍ਹਾਈ ਕਰਨਾ।

# ਹਰਿਆਣਾ ਚੋਣਾਂ ਦੇ ਮਦੇਨਜ਼ਰ ਪੰਜਾਬ ਪੁਲਿਸ ਨੇ 27 ਲੋਕ ਕੀਤੇ ਗ੍ਰਿਫਤਾਰ, ਨਸ਼ੀਲੇ ਪਦਾਰਥ ਬਰਾਮਦ



ਮੁਹਾਲੀ-ਹਰਿਆਣਾ ਅਤੇ ਜੰਮੂ-ਕਸ਼ਮੀਰ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਪੁਲਿਸ ਐਕਸ਼ਨ ਮੋਡ ਵਿੱਚ ਹੈ। ਪੁਲਿਸ ਵੱਲੋਂ ਬੀਤੇ ਦਿਨੀਂ ਆਪਰੇਸ਼ਨ ਸੀਲ-8 ਸ਼ੁਰੂ ਕੀਤਾ ਗਿਆ ਸੀ। ਇਹ ਆਪਰੇਸ਼ਨ 5 ਰਾਜਾਂ ਚੰਡੀਗੜ੍ਹ, ਹਰਿਆਣਾ, ਹਿਮਾਚਲ, ਜੰਮੂ ਅਤੇ ਰਾਜਸਥਾਨ ਨਾਲ ਲੱਗਦੇ ਜ਼ਿਲ੍ਹਿਆਂ ਵਿੱਚ ਚਲਾਇਆ ਗਿਆ। ਇਸ ਦੌਰਾਨ 27 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 26 ਐੱਫ.ਆਈ.ਆਰ. ਇਨ੍ਹਾਂ ਵਿਅਕਤੀਆਂ ਕੋਲੋਂ ਨਸ਼ੀਲਾ ਪਦਾਰਥ ਅਤੇ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ। ਜਦਕਿ 401 ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ ਹੈ।

ਸਪੈਸ਼ਲ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਹ ਆਪਰੇਸ਼ਨ 8 ਘੰਟੇ ਇੱਕੋ ਸਮੇਂ ਚੱਲਿਆ। ਇਨ੍ਹਾਂ ਵਿੱਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੋਪੜ, ਮੋਹਾਲੀ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਸ਼ਾਮਲ ਹਨ। ਇਸ ਦੌਰਾਨ ਸ਼ੱਕੀ ਵਾਹਨਾਂ/ਵਿਅਕਤੀਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਪੁਲਿਸ ਨੇ 'ਵਾਹਨ' ਮੋਬਾਈਲ ਐਪ ਦੀ ਵਰਤੋਂ ਕਰਕੇ ਵਾਹਨਾਂ ਦੇ ਰਜਿਸਟ੍ਰੇਸ਼ਨ ਨੰਬਰਾਂ ਦੀ ਵੀ ਪੁਸ਼ਟੀ ਕੀਤੀ।

ਇਹ ਨਸ਼ੀਲੇ ਪਦਾਰਥ ਬਰਾਮਦ: ਇਸ ਕਾਰਵਾਈ ਦੌਰਾਨ ਪੁਲਿਸ ਟੀਮਾਂ ਨੇ 1.1 ਕਿਲੋ ਅਫੀਮ, 29 ਕਿਲੋ ਭੁੱਕੀ, 42 ਕਿਲੋ ਨਸ਼ੀਲਾ ਪਾਊਡਰ, 1070 ਨਸ਼ੀਲੇ ਕੈਪਸੂਲ/ਗੋਲੀਆਂ ਅਤੇ ਭਾਰੀ ਮਾਤਰਾ ਵਿੱਚ ਕਾਨੂੰਨੀ ਅਤੇ ਨਜਾਇਜ਼ ਸ਼ਰਾਬ ਵੀ ਬਰਾਮਦ ਕੀਤੀ ਹੈ।

# ਕਿਸਮਤ ਦੇ ਸਿਤਾਰੇ

## ਵੀਰਵਾਰ 12 ਸਤੰਬਰ ਬੁੱਧਵਾਰ 18 ਸਤੰਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਪਿਛਲੇ ਹਾਲਾਤ ਵਿੱਚ ਸੁਧਾਰ ਅਤੇ ਕੁਝ ਵਿਗੜੇ ਕੰਮ ਬਣਨਗੇ। ਖਾਸ ਮਿਹਨਤ ਨਾਲ ਕੀਤੀ ਕੋਸ਼ਿਸ਼ ਸਾਰਥਕ ਹੋਵੇਗੀ, ਪਰ ਰੋਜ਼ਗਾਰ ਲਈ ਦੌੜ-ਭੱਜ ਕਰਨੀ ਪਵੇਗੀ। ਸਿਹਤ ਪੱਖੋਂ ਪ੍ਰੇਸ਼ਾਨੀ, ਪਰਿਵਾਰ ਵਿੱਚ ਮੱਤਭੇਦ ਅਤੇ ਗੁਪਤ ਚਿੰਤਾ ਰਹੇਗੀ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੋਤੀ ਬਾਬਿਆਂ ਕੋਲੋਂ ਸਲਾਹ ਨਾ ਲਵੋ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਕੰਮ ਵਿੱਚ ਰੁਕਾਵਟਾਂ ਦਾ ਸਾਹਮਣਾ ਰਹੇਗਾ, ਪਰ ਮੁਸ਼ਕਿਲਾਂ ਤੋਂ ਬਾਅਦ ਧਨ ਪ੍ਰਾਪਤੀ ਦੇ ਯੋਗ ਵੀ ਹਨ। ਫਜ਼ੂਲ ਦੀ ਚਿੰਤਾ ਕਰਕੇ ਦਿਮਾਗੀ ਤਣਾਉ ਰਹੇਗਾ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਤੇ ਗੈਰ ਜਰੂਰੀ ਕੰਮਾਂ ਵਿੱਚ ਧਨ ਦਾ ਖਰਚ ਜ਼ਿਆਦਾ ਹੋਵੇਗਾ। ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਕਿਸੇ ਨਵੇਂ ਕੰਮ ਨੂੰ ਅਮਲੀ ਰੂਪ ਦੇਣ ਦੇ ਮੌਕੇ ਮਿਲਣਗੇ। ਧਨ ਲਾਭ ਤੇ ਕਾਰਜ ਦੇ ਸ਼ੁੱਭ ਸੰਯੋਗ ਬਣਨਗੇ। ਮਾਣ-ਇੱਜ਼ਤ ਅਤੇ ਨੌਕਰੀ ਵਿੱਚ ਤਰੱਕੀ ਦੇ ਯੋਗ ਹਨ। ਪਰਿਵਾਰਕ ਪ੍ਰੇਸ਼ਾਨੀ, ਧਨ ਦਾ ਖਰਚ ਜ਼ਿਆਦਾ ਤੇ ਕੋਈ ਗੁਪਤ ਚਿੰਤਾ ਬਣੀ ਰਹੇਗੀ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਮਨ ਵੀ ਸ਼ਾਂਤ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਇਸ ਹਫ਼ਤੇ ਆਰਥਿਕ ਨਜ਼ਰ ਨਾਲ ਫਜ਼ੂਲ ਦੇ ਕੰਮਾਂ ਵਿੱਚ ਉਲਝੇ ਰਹੋਗੇ। ਪ੍ਰਭਾਵ ਵਾਲੇ ਆਦਮੀਆਂ ਨਾਲ ਮੇਲ-ਜੋਲ ਵਧਾਉਣਾ ਆਉਣ ਵਾਲੇ ਸਮੇਂ ਵਿੱਚ ਲਾਭਕਾਰੀ ਹੋ ਸਕਦਾ ਹੈ। ਸਥਾਨ ਬਦਲਾਵ ਅਤੇ ਸਿਹਤ ਪੱਖੋਂ ਪ੍ਰੇਸ਼ਾਨੀ ਬਣੀ ਰਹੇਗੀ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਉ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਆਰਥਿਕ ਯੋਜਨਾਵਾਂ ਵਿੱਚ ਕਮੀ ਅਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਰਹਿਣਗੀਆਂ। ਵਧੇਰੇ ਮਿਹਨਤ ਤੇ ਭੱਜ-ਦੌੜ ਨਾਲ ਕਿਸੇ ਖਾਸ ਕੰਮ ਵਿੱਚ ਕਾਮਯਾਬੀ ਦੇ ਯੋਗ ਹਨ। ਇਸ ਹਫ਼ਤੇ ਸਾਂਝੇਦਾਰੀ ਦੇ ਕੰਮਾਂ ਵਿੱਚ ਧਨ ਦਾ ਨੁਕਸਾਨ ਅਤੇ ਦਿਮਾਗੀ ਤਣਾਉ ਰਹੇਗਾ। ਪ੍ਰਮਾਤਮਾ ਵਿੱਚ ਵਿਸ਼ਵਾਸ਼ ਰੱਖੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਵਪਾਰ ਨੂੰ ਵਧਾਉਣ ਲਈ ਸੰਬੰਧੀਆਂ/ਦੋਸਤਾਂ ਦਾ ਸਹਿਯੋਗ ਮਿਲੇਗਾ। ਰੋਜ਼ਾਨਾ ਦੇ ਕੰਮਾਂ ਵਿੱਚ ਵਾਧਾ ਹੋਵੇਗਾ। ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ। ਧਰਮ-ਕਰਮ ਦੇ ਕੰਮਾਂ ਵਿੱਚ ਧਨ ਦਾ ਖਰਚ ਜ਼ਿਆਦਾ ਹੋਵੇਗਾ। ਕਾਰਜ ਖੇਤਰ ਵਿੱਚ ਕੁਝ ਬਦਲਾਵ ਦੇ ਯੋਗ ਹਨ। ਗਰੀਬ ਜਾਂ ਜਰੂਰਤਮੰਦ ਨੂੰ ਖਾਨਾ ਜਰੂਰ ਖਵਾਉ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਫਜ਼ੂਲ ਦੀ ਭੱਜ-ਦੌੜ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਬਣਦੇ ਕੰਮਾਂ ਵਿੱਚ ਰੁਕਾਵਟਾਂ ਹੋਣ ਨਾਲ ਦਿਮਾਗੀ ਤਣਾਉ ਵਧੇਗਾ। ਪ੍ਰੇਮੀ-ਪ੍ਰੇਮਿਕਾ ਵਿੱਚ ਮਨ-ਮੁਟਾਵ ਹੋਣ ਦੀ ਆਸ਼ੰਕਾ ਹੈ। ਜ਼ਮੀਨ-ਵਾਹਨ ਨੂੰ ਵੇਚਣ/ਖਰੀਦਣ ਦੀ ਯੋਜਨਾ ਬਣੇਗੀ। ਪਰਿਵਾਰ ਸਮੇਤ ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਇਸ ਹਫ਼ਤੇ ਸਿਹਤ ਪੱਖੋਂ ਸਮਾਂ ਪ੍ਰੇਸ਼ਾਨੀ ਵਾਲਾ ਹੀ ਹੈ। ਸੁਭਾਅ ਵਿੱਚ ਤੇਜ਼ੀ ਅਤੇ ਜਲਦੀ ਉਤੇਜਿਤ ਹੋਣ ਨਾਲ ਕੰਮ ਵਿਗੜਨ ਦੇ ਯੋਗ ਹਨ। ਘਰੇਲੂ ਹਾਲਾਤ ਵੀ ਚਿੰਤਾਜਨਕ ਰਹਿਣਗੇ। ਪਰਿਵਾਰ ਵਿੱਚ ਵਾਦ-ਵਿਵਾਦ ਅਤੇ ਝਗੜੇ ਤੋਂ ਬਚੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਗੁੱਸੇ ਦੀ ਭਾਵਨਾ ਜ਼ਿਆਦਾ ਰਹੇਗੀ। ਕਾਰੋਬਾਰ ਵਿੱਚ ਉਲਝਣਾਂ ਦੇ ਬਾਵਜੂਦ ਹਿੰਮਤ ਵਿੱਚ ਵਾਧਾ ਹੋਵੇਗਾ, ਪਰ ਮਾਨਸਿਕ ਤਣਾਉ ਤੇ ਕੁਝ ਅਸ਼ਾਂਤੀ ਰਹੇਗੀ। ਕਿਸੇ ਉੱਚ ਅਧਿਕਾਰੀ ਨਾਲ ਮੇਲ-ਜੋਲ ਤੇ ਸਹਿਯੋਗ ਨਾਲ ਆਰਥਿਕ ਖੇਤਰ ਵਿੱਚ ਲਾਭ ਹੋਵੇਗਾ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰੋ, ਘਰ ਵਿੱਚ ਸ਼ਾਂਤੀ ਆਵੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਇਸ ਹਫ਼ਤੇ ਆਮਦਨ ਦੇ ਸਾਧਨਾਂ ਵਿੱਚ ਵਾਧਾ, ਪਰ ਵਧੇਰੇ ਲਾਭ ਵਿੱਚ ਕੁਝ ਕਮੀ ਜਰੂਰ ਆਵੇਗੀ। ਸੰਤਾਨ ਵੱਲੋਂ ਖੁਸ਼ੀ ਦੇ ਮੌਕੇ ਮਿਲਣਗੇ, ਪਰ ਪਤਨੀ ਨਾਲ ਕੁਝ ਮੱਤਭੇਦ ਤੇ ਸਹਿਯੋਗ ਵਿੱਚ ਕਮੀ ਰਹੇਗੀ। ਘਰ ਵਿੱਚ ਰਹਿੰਦੇ ਬਜ਼ੁਰਗਾਂ ਦਾ ਮਾਣ-ਸਤਿਕਾਰ ਕਰੋ ਅਤੇ ਆਪਣੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ,

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਕਾਰਜ ਖੇਤਰ ਵਿੱਚ ਹਾਲਾਤ ਡਾਵਾਂਡੋਲ ਹੀ ਰਹਿਣਗੇ। ਪਰਿਵਾਰ ਵਿੱਚ ਮੱਤਭੇਦ ਵੀ ਉੱਭਰਨਗੇ। ਪੁਸ਼ਤੈਨੀ ਜਾਇਦਾਦ ਲਈ ਕਿਸੇ ਦੀ ਦਖਲ-ਅੰਦਾਜ਼ੀ ਜਰੂਰੀ ਹੋ ਸਕਦੀ ਹੈ। ਆਪਣੀ ਹਿੰਮਤ ਤੇ ਸੂਝ-ਬੂਝ ਨਾਲ ਪਰਿਵਾਰਕ ਹਾਲਾਤ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨੀ ਪਵੇਗੀ। ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਸਿੱਖਿਆ/ਕੈਰੀਅਰ ਵਿੱਚ ਰੁਕਾਵਟਾਂ ਅਤੇ ਹਾਲਾਤ ਡਾਵਾਂਡੋਲ ਰਹਿਣਗੇ। ਆਰਾਮ ਘੱਟ ਤੇ ਭੱਜ-ਦੌੜ ਜ਼ਿਆਦਾ, ਵਪਾਰ ਵਿੱਚ ਗਿਰਾਵਟ ਅਤੇ ਜ਼ਮੀਨ-ਜਾਇਦਾਦ ਸਬੰਧੀ ਉਲਝਣਾਂ ਕਾਰਨ ਮਾਮਲਾ ਕੋਟ-ਕਚਹਿਰੀ ਤੱਕ ਵੀ ਜਾ ਸਕਦੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

## ਹਾਸੇ ਦੀ ਪਟਾਰੀ

**ਸੰਜੀਵ** ਮੰਦਿਰ ਦੇ ਬਾਹਰ ਟਹਿਲ ਰਿਹਾ ਸੀ। ਇਕ ਮੰਗਤਾ ਉਸ ਨੂੰ ਬੋਲਿਆ, ਤੇਰੀ ਜੋੜੀ ਸਲਾਮਤ ਰਹੇ।
ਸੰਜੀਵ, ਪਰ ਮੈਂ ਤਾਂ ਸਿੰਗਲ ਹਾਂ।
ਮੰਗਤਾ, ਮੈਂ ਜੁੱਤੀਆਂ ਦੀ ਜੋੜੀ ਦੀ ਗੱਲ ਕਰ ਰਿਹਾ ਹਾਂ ਬੇਟਾ।

*----*----*

**ਪਤੀ,** ਪੁਰਾਤੱਤਵ ਵਿਭਾਗ ਵਾਲਿਆਂ ਨੂੰ ਔਰਤ ਦਾ ਹਜ਼ਾਰਾਂ ਸਾਲ ਪੁਰਾਣਾ ਜਬਾੜ੍ਹਾ ਮਿਲਿਆ ਹੈ।
ਪਤਨੀ, ਉਨ੍ਹਾਂ ਨੂੰ ਕਿਵੇਂ ਪਤਾ ਲੱਗਾ ਕਿ ਜਬਾੜ੍ਹਾ ਕਿਸੇ ਔਰਤ ਦਾ ਹੀ ਹੈ?
ਪਤੀ, ਉਹ ਜਬਾੜ੍ਹਾ ਅਜੇ ਵੀ ਚੱਲ ਰਿਹਾ ਹੈ।

*----*----*

**ਪਤਨੀ** (ਨੀਂਦ ਵਿੱਚੋਂ ਉਠ ਕੇ), ਮੈਂ ਕਿਹਾ ਜੀ ਸੁਣਦੇ ਹੋ? ਮੈਨੂੰ ਸੁਪਨਾ ਆਇਆ ਕਿ ਤੁਸੀਂ ਮੇਰੇ ਲਈ ਹੀਰਿਆਂ ਦਾ ਹਾਰ ਲੈ ਕੇ ਆਏ ਹੋ।
ਪਤੀ, ਵਾਪਸ ਸੌਂ ਜਾ ਅਤੇ ਪਹਿਨ ਲੈ।

*----*----*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS......................................................................
..............................................POST CODE...........................
TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* *SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
TEL: 020 8570 8351
*Email:* Kingswaylondon@icloud.com, *www.kingswaybanqueting.com*

# ਪੰਜਾਬ ਦੇ ਪ੍ਰਦੂਸ਼ਿਤ ਹੁੰਦੇ ਜਾ ਰਹੇ ਪੌਣ ਪਾਣੀ ਨੂੰ ਬਚਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਜਲਦੀ ਹੀ ਕਾਮਯਾਬੀ ਮਿਲੇਗੀ - ਸੰਤ ਸੀਚੇਵਾਲ



*ਮੈਂਬਰ ਰਾਜ ਸਭਾ ਸੰਤ ਬਲਬੀਰ ਸਿੰਘ ਸੀਚੇਵਾਲ ਐਨ ਆਰ ਆਈ ਆਗੂਆਂ ਨਾਲ।*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਫੇਰੀ ਤੇ ਆਏ ਵਾਤਾਵਰਨ ਪ੍ਰੇਮੀ ਅਤੇ ਮੈਂਬਰ ਰਾਜ ਸਭਾ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਵਿੱਚ ਦਿਨੋਂ ਦਿਨ ਵੱਧ ਰਹੇ ਪ੍ਰਦੂਸ਼ਣ ਅਤੇ ਪ੍ਰਦੂਸ਼ਤ ਹੁੰਦੇ ਜਾ ਰਹੇ ਹਵਾ ਪਾਣੀ ਤੇ ਚਿੰਤਾ ਪ੍ਰਗਟ ਕਰਦਿਆਂ ਐਨ.ਆਰ.ਆਈਜ ਨੂੰ ਪੰਜਾਬ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ। ਆਪਣੀ ਇੰਗਲੈਂਡ ਫੇਰੀ ਦੌਰਾਨ ਲੈਸਟਰ ਚ ਐਨ ਆਰ ਆਈਜ਼ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪੰਜਾਬ ਦੇ ਪਾਣੀ ਨੂੰ ਦਿਨੋਂ ਦਿਨ ਨੀਵਾਂ ਹੋਣ ਤੋਂ ਬਚਾਉਣ ਲਈ ਹਰੇਕ ਪਿੰਡ ਚ ਸੀਚੇਵਾਲ ਮਾਡਲ ਤਹਿਤ ਪਲਾਂਟ ਲਗਾ ਕੇ ਛੱਪੜਾਂ ਦੇ ਵਾਧੂ ਪਾਣੀ ਨੂੰ ਦੁਬਾਰਾ ਵਰਤੋਂ ਚ ਲਿਆਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਉਨਾਂ ਕਿਹਾ ਕਿ ਪੰਜਾਬ ਚ ਹਵਾ ਪਾਣੀ ਅਤੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਉਨ੍ਹਾਂ ਵੱਲੋਂ ਅਤੇ ਪੰਜਾਬ ਸਰਕਾਰ ਵੱਲੋਂ ਸਿਰਤੋੜ ਯਤਨ ਕੀਤੇ ਜਾ ਰਹੇ ਹਨ, ਅਤੇ ਜਲਦੀ ਹੀ ਇਨ੍ਹਾਂ ਯਤਨਾਂ ਤਹਿਤ ਪੰਜਾਬ ਪ੍ਰਦੂਸ਼ਣ ਮੁਕਤ ਹੋਵੇਗਾ। ਉਨਾਂ ਕਿਹਾ ਕਿ ਪੰਜਾਬ ਚ ਪਾਣੀ ਬਚਾਉਣ ਲਈ ਝੋਨੇ ਦੇ ਬਦਲ ਵਜੋਂ ਹੋਰ ਫ਼ਸਲਾਂ ਬਿਜਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਐਨ.ਆਰ.ਆਈਜ ਨੂੰ ਆਪਣੀਆਂ ਜ਼ਮੀਨਾਂ ਦੇ ਠੇਕੇ ਚ ਕਮੀ ਕਰਕੇ ਪੰਜਾਬ ਦੇ ਪਾਣੀ ਨੂੰ ਬਚਾਉਣ ਲਈ ਸਹਿਯੋਗ ਦੇਣਾ ਚਾਹੀਦਾ ਹੈ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ ਹੇਅਰ, ਕੈਟਰਿੰਗ, ਸੰਨੀ ਚੌਪੜਾ, ਜਸਵਿੰਦਰ ਸਿੰਘ ਕਾਲਾ, ਵਿਕਰਮ ਸਿੰਘ ਰੰਧਾਵਾ, ਲੈਸਟਰ ਕਬੱਡੀ ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਖੱਖ, ਮੰਗਤ ਸਿੰਘ ਪਲਾਹੀ, ਮੁਖਤਿਆਰ ਸਿੰਘ ਝੰਡੇਰ, ਸ਼ੀਤਲ ਸਿੰਘ ਗਿੱਲ , ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਦੇ ਪ੍ਰਧਾਨ ਅਜਮੇਰ ਸਿੰਘ ਬਸਰਾ ਸਮੇਤ ਹੋਰ ਬਹੁਤ ਸਾਰੇ ਐਨ ਆਰ ਆਈ ਹਾਜ਼ਿਰ ਸਨ।

# ਇਟਲੀ ਵਿੱਚ ਇੱਕ ਹੋਰ ਸੜਕ ਹਾਦਸੇ ਵਿੱਚ ਗਈ ਭਾਰਤੀ ਨੌਜਵਾਨ ਗਗਨਦੀਪ ਸਿੰਘ ਦੀ ਜਾਨ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਸੂਬਾ ਲਾਸੀਓ ਦੇ ਲਾਤੀਨਾ ਜ਼ਿਲ੍ਹੇ ਵਿੱਚ ਪੈਂਦੇ ਪ੍ਰਸਿੱਧ ਸ਼ਹਿਰ ਅਪ੍ਰੀਲੀਆ ਵਿਖੇ 148 ਪੁਨਤੀਨਾ ਮੇਨ ਰੋਡ ਉੱਪਰ ਇੱਕ ਕਾਰ ਤੇ ਸਾਇਕਲ ਦੀ ਟੱਕਰ ਵਿੱਚ ਇੱਕ ਭਾਰਤੀ ਨੌਜਵਾਨ ਗਗਨਦੀਪ ਸਿੰਘ ਦੀ ਦਰਦਨਾਕ ਮੌਤ ਹੋ ਜਾਣ ਦਾ ਦੁੱਖਦਾਇਕ ਸਮਾਚਾਰ ਸਾਹਮਣੇ ਆ ਰਿਹਾ ਹੈ। ਮ੍ਰਿਤਕ ਦੇ ਕਰੀਬੀ ਰਿਸਤੇਦਾਰਾ ਵਲੋ ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 35 ਸਾਲਾਂ ਗਗਨਦੀਪ ਸਿੰਘ ਦੀ ਇੱਕ ਰੋਡ ਦੁਰਘਟਨਾਂ ਵਿੱਚ ਦਰਦਨਾਕ ਮੌਤ ਹੋ ਗਈ ਕਿਉਂਕਿ ਉਹ ਆਪਣੇ ਸਾਇਕਲ ਤੇ ਸੂਬੇ ਦੇ ਮੁੱਖ ਮਾਰਗ 148 ਪੁਨਤੀਨਾ ਉੱਪਰ ਚੜ੍ਹ ਰਿਹਾ ਸੀ ਕਿ ਅਚਾਨਕ ਤੇਜ ਰਫਤਾਰ ਕਾਰ ਦੀ ਚਪੇਟ ਵਿੱਚ ਆ ਗਿਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਰਾਹਤ ਕਰਮਚਾਰੀਆਂ ਨੇ ਗੰਭੀਰ ਜ਼ਖਮੀ ਗਗਨਦੀਪ ਸਿੰਘ ਹਸਪਤਾਲ ਪਹੁੰਚਾਇਆ ਜਿੱਥੇ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਦਮ ਤੋੜ ਗਿਆ।




ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮ੍ਰਿਤਕ ਲਾਤੀਨਾ ਦੇ ਨੇੜੇ ਚਿਸਤੇਰਨਾ ਦੀ ਲਾਤੀਨਾ ਰਹਿੰਦਾ ਸੀ। ਤੇ ਅੱਜਕੱਲ ਆਰਜੀ ਤੌਰ ਤੇ ਕੰਪੋ ਦੀ ਕਾਰਨੇ ਵਿਖੇ ਰਹਿ ਰਿਹਾ ਸੀ। ਮ੍ਰਿਤਕ ਗਗਨਦੀਪ ਸਿੰਘ ਕੁਝ ਮਹੀਨੇ ਪਹਿਲਾ ਹੀ ਚੰਗੇ ਭਵਿੱਖ ਤੇ ਰੋਜੀ ਰੋਟੀ ਦੇ ਲਈ ਇਟਲੀ ਆਇਆ ਸੀ ਤੇ ਮ੍ਰਿਤਕ ਪੰਜਾਬ ਦੇ ਜਿਲ੍ਹਾ ਲੁਧਿਆਣਾ ਦੇ ਪਿੰਡ ਲਾਲਤੋਂ ਦਾ ਸੀ ਤੇ ਅਪਣੇ ਪਿੱਛੇ ਮਾਤਾ ਪਿਤਾ ਪਤਨੀ ਤੇ ਇੱਕ 7 ਸਾਲ ਦੇ ਪੁੱਤਰ ਨੂੰ ਰੋਂਦੇ ਕਰਲੋਦੇ ਛੱਡ ਗਿਆ ਹੈ। ਮ੍ਰਿਤਕ ਦੀ ਲਾਸ ਨੂੰ ਪੰਜਾਬ ਭੇਜਣ ਲਈ ਕਰੀਬੀ ਰਿਸਤੇਦਾਰਾ ਵਲੋ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ। ਤਾ ਜੋ ਆਖਰੀ ਰਸਮਾਂ ਪੰਜਾਬ ਦੇ ਜੱਦੀ ਪਿੰਡ ਲਾਲਤੋਂ ਵਿਖੇ ਕੀਤੀਆ ਜਾ ਸਕਣ।

# ਸਿੱਖਾਂ ਦੇ ਵਿਕਾਸ ਲਈ ਗੁਰੂ ਅਮਰਦਾਸ ਜੀ ਦਾ ਵੱਡਮੁੱਲਾ ਯੋਗਦਾਨ-ਬਾਬਾ ਸੇਵਾ ਸਿੰਘ ਖਡੂਰ ਸਾਹਿਬ

## ✪ ਸਿੱਖ ਚਿੰਤਕ ਭਗਵਾਨ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ

ਜਲੰਧਰ-ਸ੍ਰੀ ਗੁਰੂ ਅਮਰਦਾਸ ਜੀ ਦੀ 450 ਸਾਲਾ ਜੋਤੀ-ਜੋਤ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਤਾਗੱਦੀ ਸ਼ਤਾਬਦੀ ਸਮੇਂ ਚਲ ਰਹੇ ਸਮਾਗਮ ਦੌਰਾਨ ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ ਵਿਖੇ ਇਕ ਵਿਸ਼ੇਸ਼ ਮਿਲਣੀ ਦੌਰਾਨ ਕਾਰਸੇਵਾ ਮੁੱਖੀ ਬਾਬਾ ਸੇਵਾ ਸਿੰਘ ਨੇ ਕਿਹਾ ਕਿ ਸਿੱਖੀ ਦੇ ਵਿਕਾਸ ਲਈ ਗੁਰੂ ਅਮਰਦਾਸ ਜੀ ਦਾ ਵੱਡਮੁੱਲਾ ਯੋਗਦਾਨ ਹੈ। ਜਿਹਨਾਂ ਸੇਵਾ ਦੇ ਖੇਤਰ ਵਿਚ ਬੇਮਿਸਾਲ ਪੂਰਨੇ ਪਾਏ। ਇਸ ਮੌਕੇ ਤੇ ਉਹਨਾਂ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਨੂੰ ਪ੍ਰਚਾਰ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਵਿਸ਼ੇਸ਼ ਸਨਮਾਨ ਦਿੱਤਾ। ਇਸ ਮੌਕੇ ਸ੍ਰੀ ਅੰਗਦ ਦੇਵ ਜੀ ਇੰਸੀਚਿਊਟ ਆਫ਼ ਰਿਲੀਜੀਅਸ ਸਟੱਡੀਜ਼ ਦੇ ਪ੍ਰਿੰਸੀਪਲ ਵਰਿਆਮ ਸਿੰਘ, ਸਕੱਤਰ ਅਵਤਾਰ ਸਿੰਘ ਬਾਜਵਾ, ਅਮਰਜੀਤ ਸਿੰਘ ਅਰੋੜਾ, ਜਗਦੀਸ਼ ਸਿੰਘ ਪਰਮਾਰ ਵੀ ਹਾਜ਼ਰ ਸਨ।



# ਇੰਗਲੈਂਡ ਫੇਰੀ ਤੇ ਆਏ ਪ੍ਰਸਿੱਧ ਲੇਖਕ ਅਤੇ ਪੱਤਰਕਾਰ ਐਸ. ਅਸ਼ੋਕ. ਭੌਰਾ ਦਾ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਵਿਸ਼ੇਸ਼ ਸਨਮਾਨ



*ਐਸ.ਅਸ਼ੋਕ.ਭੌਰਾ ਦਾ ਸਨਮਾਨ ਕਰਦੇ ਹੋਏ ਕੁਲਵੰਤ ਸਿੰਘ ਸੰਘਾ, ਕੁਲਵੀਰ ਸਿੰਘ ਖੱਖ, ਮੰਗਤ ਸਿੰਘ ਪਲਾਹੀ ਅਤੇ ਹੋਰ।*

ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਇੰਗਲੈਡ ਫੇਰੀ ਤੇ ਆਏ ਪ੍ਰਸਿੱਧ ਪੰਜਾਬੀ ਲੇਖਕ ਅਤੇ ਅਮਰੀਕਾ ਤੋਂ 'ਅਜੀਤ' ਦੇ ਪੱਤਰਕਾਰ ਐਸ. ਅਸ਼ੋਕ. ਭੌਰਾ ਦਾ ਅੱਜ ਇੰਗਲੈਂਡ ਦੇ ਸ਼ਹਿਰ ਲੈਸਟਰ ਪੁੱਜਣ ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਘਾ ਅਤੇ ਲੈਸਟਰ ਕਬੱਡੀ ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਖੱਖ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਹਾਜ਼ਿਰ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਐਸ.ਅਸ਼ੋਕ.ਭੌਰਾ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰਦਿਆਂ ਪੰਜਾਬ ਚ ਪੇਂਡੂ ਮੇਲਿਆਂ ਨੂੰ ਮੁੜ ਸੁਰਜੀਤ ਕਰਨ ਲਈ ਪ੍ਰਵਾਸੀ ਪੰਜਾਬੀਆਂ ਨੂੰ ਉਪਰਾਲਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਤੇ ਮੰਗਤ ਸਿੰਘ ਪਲਾਹੀ, ਸਤਨਾਮ ਸਿੰਘ ਤੱਗੜ, ਗੁਰਮੀਤ ਸਿੰਘ ਗੈਰੀ, ਮਨਦੀਪ ਬਾਗਲਾ, ਮਨਰਾਜ ਭੌਰਾ, ਨਮਿਤ ਸੀਂਹਮਾਰ ਸਮੇਤ ਹੋਰ ਬਹੁਤ ਸਾਰੇ ਪਤਵੰਤੇ ਹਾਜ਼ਿਰ ਸਨ।

# ਅਮਰੀਕਾ ਦੇ ਕੈਂਟੁਕੀ ਰਾਜ ਵਿਚ ਸੜਕ ਉਪਰ ਕੀਤੀ ਗੋਲੀਬਾਰੀ ਵਿਚ 5 ਲੋਕ ਜ਼ਖਮੀ, ਸ਼ੱਕੀ ਫਰਾਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਅਮਰੀਕਾ ਦੀ ਲੌਰੇਲ ਕਾਊਂਟੀ, ਕੈਂਟੁਕੀ ਰਾਜ ਦੇ ਦਿਹਾਤੀ ਖੇਤਰ ਵਿਚ ਇੰਟਰਸਟੇਟ 'ਤੇ ਹੋਈ ਗੋਲੀਬਾਰੀ ਵਿਚ 5 ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਸ਼ੈਰਿਫ ਦਫਤਰ ਅਨੁਸਾਰ ਸ਼ੱਕੀ ਫਰਾਰ ਹੈ ਤੇ ਉਸ ਨੂੰ ਲੈਕਸਿੰਗਟਨ ਦੇ ਦੱਖਣ ਵਿਚ ਵੇਖਿਆ ਗਿਆ ਹੈ। ਲੌਰੇਲ ਕਾਊਂਟੀ ਸ਼ੈਰਿਫ ਦਫਤਰ ਦੇ ਲੋਕ ਮਾਮਲਿਆਂ ਬਾਰੇ ਡਿਪਟੀ ਗਿਲਬਰਟ ਐਕੀਆਰਡੋ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਾਰੇ ਜ਼ਖਮੀਆਂ ਦੀ ਹਾਲਤ ਸਥਿੱਰ ਹੈ ਤੇ ਘਟਨਾ ਵਿਚ ਸ਼ਾਮਿਲ ਇਕੋ ਇੱਕ ਸ਼ੱਕੀ ਨੂੰ ਗ੍ਰਿਫਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਉਨਾਂ ਕਿਹਾ ਕਿ ਸੂਚਨਾ ਮਿਲਣ 'ਤੇ ਮੌਕੇ ਉਪਰ ਪੁੱਜੇ ਪੁਲਿਸ ਅਫਸਰਾਂ ਨੂੰ 9 ਵਾਹਣ ਮਿਲੇ ਹਨ ਜਿਨਾਂ ਉਪਰ ਗੋਲੀਆਂ ਚਲਾਈਆਂ ਗਈਆਂ ਹਨ। ਇਨਾਂ ਵਿਚ ਉੱਤਰ ਤੇ ਦੱਖਣ ਦੋਵਾਂ ਪਾਸਿਆਂ ਨੂੰ ਜਾਣ ਵਾਲੇ ਵਾਹਣ ਸ਼ਾਮਿਲ ਹਨ। ਐਕੀਆਰਡੋ ਨੇ ਸਪੱਸ਼ਟ ਕੀਤਾ ਕਿ ਘਟਨਾ ਵਿਚ ਜ਼ਖਮੀ ਹੋਏ ਸਾਰੇ ਲੋਕਾਂ ਦੇ ਗੋਲੀਆਂ ਵੱਜੀਆਂ ਹਨ। ਲੰਡਨ ਪੁਲਿਸ ਵਿਭਾਗ ਨੇ ਸ਼ੱਕੀ ਦੀ ਪਛਾਣ 32 ਸਾਲਾ ਜੋਸਫ ਏ ਕੌਚ ਵਜੋਂ ਕੀਤੀ ਹੈ। ਵਿਭਾਗ ਨੇ ਸ਼ੱਕੀ ਦਾ ਹੁਲੀਆ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਇਕ ਗੋਰਾ ਹੈ ਜੋ ਹਥਿਆਰਬੰਦ ਹੈ ਤੇ ਖਤਰਨਾਕ ਹੈ। ਉਹ 5 ਫੁੱਟ 10 ਇੰਚ ਲੰਬਾ ਹੈ ਤੇ ਉਸ ਦਾ ਭਾਰ 154 ਪੌਂਡ ਦੇ ਕਰੀਬ ਹੈ। ਲੰਡਨ ਦੇ ਮੇਅਰ ਰੈਂਡਾਲ ਵੈਡਲ ਨੇ ਕਿਹਾ ਹੈ ਕਿ ਜਿਥੇ ਸ਼ੱਕੀ ਲੁੱਕਿਆ ਹੈ, ਉਸ ਖੇਤਰ ਬਾਰੇ ਅਸੀਂ ਜਾਣਦੇ ਹਾਂ ਤੇ ਇਸ ਸਬੰਧੀ ਇਸ ਤੋਂ ਵਧ ਹੋਰ ਜਾਣਕਾਰੀ ਉਹ ਨਹੀਂ ਦੇ ਸਕਦੇ।

# ਅਮਰੀਕਾ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ 4 ਭਾਰਤੀਆਂ ਦੀ ਮੌਤ

## ✪ ਹਾਦਸੇ ਉਪਰੰਤ ਕਾਰ ਨੂੰ ਲੱਗੀ ਅੱਗ ਵਿੱਚ ਸੜਣ ਕਾਰਨ ਲਾਸ਼ਾਂ ਦੀ ਪਛਾਣ ਹੋਈ ਅਸੰਭਵ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਟੈਕਸਾਸ ਰਾਜ ਦੇ ਡਲਾਸ ਸ਼ਹਿਰ ਨੇੜੇ ਅਨਾ ਵਿਖੇ ਬੀਤੇ ਦਿਨੀ ਹੋਏ ਇਕ ਭਿਆਨਕ ਸੜਕ ਹਾਦਸੇ ਵਿਚ 4 ਭਾਰਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈ।

ਮਾਰੇ ਗਏ ਸਾਰੇ ਭਾਰਤੀ ਇਕ ਐਸ ਯੂ ਵੀ ਗੱਡੀ ਵਿਚ ਸਵਾਰ ਸਨ ਤੇ ਉਹ ਬੈਂਟਨਵਿਲੇ, ਅਰਕੰਸਾਸ ਜਾ ਰਹੇ ਸਨ ਜਦੋਂ ਪਿਛੇ ਤੋਂ ਆ ਰਹੇ ਇਕ ਤੇਜ ਰਫਤਾਰ ਟਰੱਕ ਨੇ ਉਨਾਂ ਦੀ ਕਾਰ ਵਿਚ ਟੱਕਰ ਮਾਰ ਦਿੱਤੀ । ਟੱਕਰ ਏਨੀ ਜਬਰਦਸਤ ਸੀ ਕਿ ਉਨਾਂ ਦੀ ਕਾਰ ਅੱਗੇ 3 ਹੋਰ ਵਾਹਣਾਂ ਨਾਲ ਟਕਰਾ ਗਈ।

ਟੱਕਰ ਉਪਰੰਤ ਐਸ ਯੂ ਵੀ ਨੂੰ ਅੱਗ ਲੱਗ ਗਈ ਤੇ ਚਾਰੇ ਭਾਰਤੀ ਬੁਰੀ ਤਰਾਂ ਸੜ ਕੇ ਮਰ ਗਏ। ਲਾਸ਼ਾਂ ਏਨੀਆਂ ਸੜ ਚੁੱਕੀਆਂ ਹਨ ਕਿ ਉਨਾਂ ਦਾ ਪਛਾਣ ਕਰਨੀ ਮੁਸ਼ਕਿਲ ਹੈ। ਇਸੇ ਲਈ ਅਧਿਕਾਰੀਆਂ ਨੇ ਕਿਹਾ ਹੈ ਕਿ ਲਾਸ਼ਾਂ ਦੀ ਪਛਾਣ ਵਾਸਤੇ ਡੀ ਐਨ ਏ ਟੈਸਟ ਕੀਤਾ ਜਾਵੇਗਾ।


ਸੜਕ ਹਾਦਸੇ ਵਿਚ ਮਾਰੇ ਗਏ ਦਰਸ਼ਨੀ ਵਾਸੁਦੇਵਨ ਤੇ ਸੱਜੇ ਆਰੀਅਨ ਰਘੂਨਾਥ ਓਰਮਪੱਟੀ

ਅਣ ਅਧਿਕਾਰਤ ਤੌਰ 'ਤੇ ਮ੍ਰਿਤਕਾਂ ਦੀ ਪਛਾਣ ਆਰੀਅਨ ਰਘੂਨਾਥ ਓਰਮਪੱਟੀ , ਫਾਰੂਕ ਸ਼ੇਖ , ਦਰਸ਼ਿਨੀ ਵਾਸੂਦੇਵਨ ਤੇ ਲੋਕੇਸ਼ ਪਾਲਾਚਰਲਾ ਵਜੋਂ ਹੋਈ ਹੈ। ਆਰੀਅਨ ਓਰਮਪੱਟੀ ਤੇ ਫਾਰੂਕ ਸ਼ੇਖ ਇਹ ਦੋਨੋਂ ਹੈਦਰਾਬਾਦ ਤੋਂ ਹਨ ਜਦ ਕਿ ਦਰਸ਼ਿਨੀ ਵਾਸੂਦੇਵਨ ਤੇ ਲੋਕੇਸ਼ ਪਾਲਾਚਾਰਲਾ ਤਾਮਿਲਨਾਡੂ ਤੋਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸੜਕ ਹਾਦਸੇ ਵਿਚ ਮਾਰੇ ਗਏ ਆਰੀਅਨ ਓਰਮਪੱਟੀ ਤੇ ਫਾਰੂਕ ਸ਼ੇਖ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਉਪਰੰਤ ਡਲਾਸ ਤੋਂ ਵਾਪਿਸ ਆ ਰਹੇ ਸਨ ਜਦ ਕਿ ਪਾਲਾਚਾਰਲਾ ਆਪਣੀ ਪਤਨੀ ਨੂੰ ਮਿਲਣ ਲਈ ਬੈਂਟਨਵਿਲੇ ਜਾ ਰਿਹਾ ਸੀ ਤੇ ਦਰਸ਼ਨੀ ਵਾਸੂਦੇਵਨ ਆਪਣੇ ਚਾਚੇ ਨੂੰ ਮਿਲਣ ਲਈ ਅਰਕੰਸਾਸ ਜਾ ਰਹੀ ਸੀ।

ਹਾਦਸੇ ਕਾਰਨ ਭਾਰਤੀ ਭਾਈਚਾਰੇ ਵਿਚ ਸੋਗ ਪਾਇਆ ਜਾ ਰਿਹਾ ਤੇ ਉਹ ਇਸ ਗੈਰ ਕੁੱਦਰਤੀ ਮੌਤਾਂ ਕਾਰਨ ਦੁੱਖੀ ਹੈ।

# ਅਮਰੀਕਾ ਦੇ ਇਕ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿਚ 2 ਵਿਦਿਆਰਥੀਆਂ ਤੇ 2 ਅਧਿਆਪਕਾਂ ਦੀ ਮੌਤ ਅਤੇ 9 ਹੋਰ ਜ਼ਖਮੀ

## ✪ ਸ਼ੱਕੀ ਦੋਸ਼ੀ 14 ਸਾਲਾ ਵਿਦਿਆਰਥੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਜਾਰਜੀਆ ਰਾਜ ਦੇ ਇਕ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿਚ 4 ਜਣਿਆਂ ਦੀ ਮੌਤ ਹੋ ਜਾਣ ਦੀ ਖਬਰ ਹੈ। ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਅਨੁਸਾਰ ਗੋਲੀਬਾਰੀ ਵਿਚ ਜ਼ਖਮੀ ਹੋਏ 8 ਵਿਦਿਆਰਥੀਆਂ ਤੇ ਇਕ ਅਧਿਆਪਕ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਜੀ ਬੀ ਆਈ ਦੇ ਡਾਇਰੈਕਟਰ ਕ੍ਰਿਸ ਹੋਸੀ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਮ੍ਰਿਤਕਾਂ ਵਿਚ 2 ਵਿਦਿਆਰਥੀ ਤੇ 2 ਅਧਿਆਪਕ ਸ਼ਾਮਿਲ ਹਨ।

ਉਨਾਂ ਕਿਹਾ ਕਿ ਸ਼ੱਕੀ ਦੋਸ਼ੀ 14 ਸਾਲਾ ਕੋਲਟ ਗਰੇਅ ਵੀ ਵਿਦਿਆਰਥੀ ਹੈ, ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਹੋਸੀ ਨੇ ਕਿਹਾ ਹੈ ਕਿ ਅਪਾਲਾਚੀ ਹਾਈ ਸਕੂਲ, ਵਿੰਡਰ ਜਾਰਜੀਆ ਵਿਚ ਸਵੇਰੇ 10.20 ਵਜੇ ਗੋਲੀਬਾਰੀ ਹੋਣ ਦੀ ਸੂਚਨਾ ਮਿਲਣ 'ਤੇ ਕੁਝ ਮਿੰਟਾਂ ਵਿਚ ਹੀ ਪੁਲਿਸ ਅਫਸਰ ਮੌਕੇ 'ਤੇ ਪੁੱਜ ਗਏ ਸਨ। ਉਨਾਂ ਵੱਲੋਂ ਸ਼ੱਕੀ ਹਮਲਾਵਰ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਤੋਂ ਪਹਿਲਾਂ ਹੀ ਸ਼ੱਕੀ ਨੇ ਆਤਮ ਸਮਰਪਣ ਕਰ ਦਿੱਤਾ ਜਿਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ।



ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਕ੍ਰਿਸ ਹੋਸੀ ਪੱਤਰਕਾਰਾਂ ਨਾਲ ਗੋਲੀਬਾਰੀ ਬਾਰੇ ਗੱਲਬਾਤ ਕਰਦੇ ਹੋਏ

ਬੈਰੋਅ ਕਾਊਂਟੀ ਸ਼ੈਰਿਫ ਜੂਡ ਸਮਿੱਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨਾਂ ਨੂੰ ਸ਼ੱਕੀ ਸ਼ੂਟਰ ਤੇ ਮ੍ਰਿਤਕਾਂ ਵਿਚਾਲੇ ਕੋਈ ਸਬੰਧ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਨਾਂ ਕਿਹਾ ਕਿ ਇਹ ਬਹੁਤ ਹੀ ਦੁੱਖਦਾਈ ਘਟਨਾ ਹੈ ਜਿਸ ਦੀ ਤਵਕੋਂ ਨਹੀਂ ਕੀਤੀ ਜਾ ਸਕਦੀ। ਰਾਸ਼ਟਰਪਤੀ ਜੋ ਬਾਈਡਨ ਤੇ ਫਸਟ ਲੇਡੀ ਜਿਲ ਬਾਈਡਨ ਨੇ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਾਂਗਰਸ ਕੋਲੋਂ ਮੰਗ ਕੀਤੀ ਹੈ ਕਿ ਉਹ ਗੰਨ ਕੰਟਰੋਲ ਕਾਨੂੰਨ ਬਣਾਉਣ ਵੱਲ ਕਦਮ ਚੁੱਕੇ। ਰਾਸ਼ਟਰਪਤੀ ਨੇ ਕਿਹਾ ਹੈ ਕਿ ''ਦੇਸ਼ ਭਰ ਵਿਚ ਵਿਦਿਆਰਥੀ ਪੜਨ ਤੇ ਲਿਖਣ ਦੀ ਬਜਾਏ ਆਪਣੇ ਆਪ ਨੂੰ ਗੋਲੀਆਂ ਤੋਂ ਬਚਾਉਣ ਬਾਰੇ ਸਿੱਖ ਰਹੇ ਹਨ। ਅਸੀਂ ਇਸ ਨੂੰ ਕਿਸ ਤਰਾਂ ਇਕ ਆਮ ਵਰਤਾਰੇ ਵਜੋਂ ਲੈ ਸਕਦੇ ਹਾਂ। ਇਸ ਨੂੰ ਰੋਕਣਾ ਹੀ ਪਵੇਗਾ।''

# ਸ੍ਰੀ ਦਰਬਾਰ ਸਾਹਿਬ ਦੀ ਨਕਲ ਕਰਕੇ ਗਣੇਸ਼ ਵਿਸਰਜਨ ਲਈ ਪੂਨੇ 'ਚ ਬਣੇ ਪੰਡਾਲ ਨੂੰ ਸਿੱਖ ਕੌਮ ਬਰਦਾਸ਼ਤ ਨਹੀ ਕਰੇਗੀ-ਜਥੇਦਾਰ ਹਵਾਰਾ ਕਮੇਟੀ

ਅੰਮ੍ਰਿਤਸਰ-ਸਰਬੱਤ ਖ਼ਾਲਸਾ ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਹਿੰਦੂ ਦੇਵਤਾ ਗਣੇਸ਼ ਦੇ ਉਤਸਵ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨਕਲ ਕਰਕੇ ਪੁਨੇ ਕੈਂਪ ਵਿੱਖੇ ਬਣਾਏ ਗਏ ਵਿਸ਼ਾਲ ਪੰਡਾਲ ਦਾ ਸਖ਼ਤ ਨੋਟਿਸ ਲੈਂਦਿਆਂ ਇਸਨੂੰ ਸਿੱਖ ਧਰਮ ਦੀ ਆਸਥਾ ਤੇ ਹਮਲਾ ਦੱਸਿਆ ਹੈ। ਲਿਖਤੀ ਬਿਆਨ ਰਾਹੀਂ ਕਮੇਟੀ ਦੇ ਬੁਲਾਰੇ ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ ਇਹ ਘਨੌਣੀ ਕਾਰਵਾਈ ਸਿੱਖ ਕੌਮ ਨੂੰ ਬਰਦਾਸ਼ਤ ਨਹੀ ਹੈ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰੋਟੋਟਾਈਪ ਬਨਾਓਣਾ ਆਪਨੇ ਆਪ ਵਿੱਚ ਇਤਰਾਜ਼ ਯੋਗ ਅਤੇ ਸ਼ਰਾਰਤੀ ਕਾਰਵਾਈ ਹੈ। ਸ੍ਰੀ ਦਰਬਾਰ ਸਾਹਿਬ ਦੀ ਨਕਲ ਕਰਨਾ ਸਿੱਖ ਸਿਧਾਂਤਾਂ ਅਤੇ ਮਰਿਯਾਦਾ ਦੇ ਉਲਟ ਹੈ। ਜਿਸ ਦੀ ਇਜਾਜ਼ਤ ਕਿਸੇ ਨੂੰ ਵੀ ਨਹੀ ਦਿੱਤੀ ਜਾ ਸਕਦੀ। ਹਵਾਰਾ ਕਮੇਟੀ ਨੇ ਕਿਹਾ ਦੁੱਖ ਦੀ ਗੱਲ ਹੈ ਕਿ ਗੁਰਦੁਆਰਾ ਗੁਰ ਨਾਨਕ ਦਰਬਾਰ ਪੂਨੇ ਕੈਪ ਦੇ ਪ੍ਰਬੰਧਕ ਅਗਿਆਨਤਾ ਵਸ ਗੁਰਮਤਿ ਦੇ ਵਿਰੁੱਧ ਇਸ ਕਾਰਜ ਵਿੱਚ ਸਹਿਯੋਗੀ ਬਣੇ ਹੋਏ ਹਨ।



ਹਵਾਰਾ ਕਮੇਟੀ ਨੇ ਸੰਬੰਧਿਤ ਸਰਕਾਰਾਂ ਅਤੇ ਪ੍ਰਬੰਧਕਾਂ ਨੂੰ ਸੁਚੇਤ ਕੀਤਾ ਕਿ ਸ੍ਰੀ ਦਰਬਾਰ ਸਾਹਿਬ ਦੀ ਨਕਲ ਦਾ ਪੰਡਾਲ ਬਨਾਉਣਾ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਹੈ। ਇਹੋ ਜਹੀਆਂ ਭੜਕਾਉ ਸ਼ਰਾਰਤਾਂ ਕਰਕੇ ਸਿੱਖਾਂ ਦੀ ਸਹਿਨਸ਼ੀਲਤਾ ਦਾ ਇਮਤਿਹਾਨ ਨਾ ਲਿਆ ਜਾਵੇ ਅਤੇ ਸਦਭਾਵਨਾ ਦੇ ਮਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਮਹਾਬੀਰ ਸਿੰਘ ਸੁਲਤਾਨਵਿੰਡ, ਬਲਦੇਵ ਸਿੰਘ ਨਵਾਂਪਿੰਡ, ਡਾ ਸੁਖਦੇਵ ਸਿੰਘ ਬਾਬਾ ਸ਼ਾਮਲ ਹਨ।

# ਸਿਨਸਿਨੈਟੀ ਦੇ ਸੱਤਵੇਂ ਸਲਾਨਾ ਵਿਸ਼ਵ ਧਰਮ ਸੰਮੇਲਨ "ਫੈਸਟੀਵਲ ਆਫ ਫੇਥਸ" ਵਿਚ ਸਿੱਖਾਂ ਨੇ ਕੀਤੀ ਸ਼ਮੂਲੀਅਤ

## ✪ ਸਿੱਖ ਸੰਗਤ ਵਲੋਂ ਲਾਈ ਗਈ ਧਰਮ ਬਾਰੇ ਪ੍ਰਦਰਸ਼ਨੀ, ਮਹਿਮਾਨਾਂ 'ਤੇ ਸਜਾਈਆਂ ਗਈਆਂ ਦਸਤਾਰਾਂ, ਕੀਤੀ ਗਈ ਲੰਗਰ ਸੇਵਾ




ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-ਬੀਤੇ ਦਿਨੀ ਅਮਰੀਕਾ ਦੇ ਸੂਬੇ ਓਹਾਈਓ ਦੇ ਸ਼ਹਿਰ ਸਿਨਸਿਨੈਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਸੱਤਵਾਂ ਸਲਾਨਾ 'ਸਿਨਸਨੈਟੀ ਫੈਸਟੀਵਲ ਆਫ ਫੇਥਸ'(ਵਿਸ਼ਵ ਧਰਮ ਸੰਮੇਲਨ) ਦਾ ਆਯੋਜਨ ਕੀਤਾ ਗਿਆ। 'ਇਕੁਏਜ਼ਨ'ਸੰਸਥਾ ਵਲੋਂ ਕਰਵਾਏ ਜਾਂਦੇ ਇਸ ਸੰਮੇਲਨ ਵਿਚ 13 ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 30 ਤੋਂ ਵੱਧ ਧਾਰਮਿਕ ਸੰਸਥਾਵਾਂ ਇਕ ਵਾਰ ਫਿਰ ਇਕਜੁੱਟ ਹੋਈਆਂ ਅਤੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਬਾਰੇ ਸਿੱਖਿਆ ਦੇਣ ਅਤੇ ਲੈਣ ਲਈ, ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ। ਇਸ ਸਮਾਗਮ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿੱਖ ਕਮਿਊਨਿਟੀ ਦੇ ਕਾਰਕੁੰਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿਨਸਿਨੈਟੀ ਅਤੇ ਨੇੜਲੇ ਸ਼ਹਿਰ ਡੇਟਨ ਦੇ ਸਿੱਖਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ।

ਫੈਸਟੀਵਲ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਨਾਲ ਹੋਇਆ। ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਪਣੇ ਧਰਮ ਦੇ ਅਕੀਦੇ ਮੁਤਾਬਕ ਪਰਮਾਤਮਾ ਦਾ ਗੁਣ ਗਾਇਨ ਕੀਤਾ। ਮਰਹੂਮ ਜੈਪਾਲ ਸਿੰਘ ਜੋ ਕਿ ਇਸ ਸੰਮੇਲਨ ਦੇ ਮੁੱਖ ਸੰਸਥਾਪਕਾਂ ਵਿੱਚੋਂ ਸਨ, ਉਹਨਾਂ ਦੀ ਪਤਨੀ ਅਸੀਸ ਕੌਰ ਨੇ ਸਿੱਖ ਧਰਮ ਦੀਆਂ ਮੂਲ ਬੁਨਿਆਦੀ ਸਿੱਖਿਆਵਾਂ ਬਾਰੇ ਦੱਸਿਆ।

ਗੁਰਦੁਆਰਾ ਫਤਹਿਗੜ੍ਹ ਸਾਹਿਬ ਪੰਜਾਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਹੋਏ। ਉਹਨਾਂ ਸਿੱਖ ਭਾਈਚਾਰੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ 'ਆਪਣੀ ਕੌਮੀ ਹਾਜਰੀ ਲਵਾਉਣ ਵਾਸਤੇ, ਆਪਣੀ ਕੌਮੀ ਪਹਿਚਾਣ ਸੰਸਾਰ ਸਾਹਮਣੇ ਰੱਖਣ ਲਈ ਜਿਸ ਤਰ੍ਹਾਂ ਸਿੱਖ ਭਾਈਚਾਰਾ ਯਤਨਸ਼ੀਲ ਹੈ, ਮੈਂ ਇਹਨਾਂ ਦੀ ਭਾਵਨਾ ਨੂੰ ਨਮਸਕਾਰ ਕਰਦਾ ਹਾਂ। ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ, ਭਾਈ ਚਰਨਬੀਰ ਸਿੰਘ ਰਬਾਬੀ, ਭਾਈ ਪ੍ਰਭਜੋਤ ਸਿੰਘ ਦੇ ਜੱਥੇ ਨੇ ਸਿੱਖ ਸੰਗਤ ਸਣੇ ਸ਼ਬਦ ਕੀਰਤਨ "ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ'ਗਾਇਨ ਕੀਤਾ। ਵੱਖ-ਵੱਖ ਧਰਮਾਂ ਦੇ ਸਿਮਰਨ ਦੇ ਸੈਸ਼ਨ 'ਚ ਸਿੱਖ ਭਾਈਚਾਰੇ ਵਲੋਂ ਬੀਬੀ ਮਿਹਰ ਕੌਰ ਨੇ ਦਿਲਰੁਬਾ ਨਾਲ ਮੂਲ-ਮੰਤਰ ਦਾ ਗਾਇਨ ਅਤੇ ਵਾਹਿਗੁਰੂ ਸਿਮਰਨ ਕੀਤਾ। ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਕਕਾਰ ਵੀ ਰੱਖੇ ਗਏ। ਆਏ ਹੋਏ ਮਹਿਮਾਨਾਂ ਨੂੰ ਦਸਤਾਰ ਬੰਨਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਾਉਣ ਲਈ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ।

ਸਿਨਸਿਨੈਟੀ ਦੇ ਮੇਅਰ ਆਫਤਾਬ ਪੁਰੇਵਾਲ ਨੇ ਕਿਹਾ, "ਅੱਜ ਕਈ ਧਰਮਾਂ ਤੋਂ ਲੋਕ ਇਸ ਸਮਾਗਮ ਵਿਚ ਸ਼ਾਂਤੀ, ਆਪਸੀ ਪਿਆਰ ਅਤੇ ਜਾਣਕਾਰੀ ਵਧਾਉਣ ਲਈ ਇਕੱਠੇ ਹੋਏ ਹਨ। ਮੈਨੂੰ ਇਸ ਤੱਥ 'ਤੇ ਮਾਣ ਹੈ ਕਿ ਮੇਰੇ ਪਿਤਾ ਇੱਕ ਸਿੱਖ ਹਨ। ਸਿਨਸਿਨੈਟੀ, ਡੇਟਨ ਅਤੇ ਓਹਾਇਓ ਦੇ ਹੋਰਨਾਂ ਸ਼ਹਿਰਾਂ ਤੋਂ ਸਾਰੇ ਸਿੱਖ ਆਪਣੇ ਧਰਮ ਬਾਰੇ ਜਾਣਕਾਰੀ ਦੇਣ ਅਤੇ ਲੰਗਰ ਦੀ ਪ੍ਰਥਾ ਨੂੰ ਸਾਂਝਾ ਕਰਨ ਲਈ ਆਏ ਹਨ।"

ਇਸ ਮੌਕੇ ਸਿੱਖ ਭਾਈਚਾਰੇ ਵੱਲੋਂ ਫੈਸਟੀਵਲ ਦੇ ਸੰਸਥਾਪਕਾਂ ਵਿੱਚੋ ਇੱਕ ਜੈਪਾਲ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮਾਗਮ ਨਾਲ ਸਿਨਸਿਨਾਟੀ ਦੇ ਵੱਖ ਵੱਖ ਭਾਈਚਾਰਿਆਂ ਵਿੱਚ ਆਪਸੀ ਸਿੱਖਿਆ, ਸੰਬੰਧ, ਹਮਦਰਦੀ, ਸਮਝ ਅਤੇ ਪਿਆਰ ਪੈਦਾ ਹੋ ਰਿਹਾ ਹੈ।

# ਅਮਰੀਕਾ ਦੇ ਸ਼ਿਕਾਗੋ ਸ਼ਹਿਰ ਨੇੜੇ ਰੇਲ ਗੱਡੀ ਵਿਚ ਸੁੱਤੇ ਪਏ 4 ਯਾਤਰੀਆਂ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ

## ✪ ਇਕ ਸ਼ੱਕੀ ਨੂੰ ਕੀਤਾ ਗ੍ਰਿਫਤਾਰ-ਡਿਪਟੀ ਚੀਫ ਚਿਨ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-=ਅਮਰੀਕਾ ਦੇ ਸ਼ਿਕਾਗੋ (ਇਲੀਨੋਇਸ) ਸ਼ਹਿਰ ਨੇੜੇ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ ਰੇਲ ਗੱਡੀ ਵਿਚ ਸੌਂ ਰਹੇ 4 ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਫਾਰੈਸਟ ਪਾਰਕ ਡਿਪਟੀ ਚੀਫ ਕ੍ਰਿਸ ਚਿਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਾਰੇ ਮ੍ਰਿਤਕ ਰੇਲ ਗੱਡੀ ਵਿਚ ਸਵਾਰ ਸਨ ਤੇ ਜਿਸ ਸਮੇ ਇਹ ਘਟਨਾ ਵਾਪਰੀ ਰੇਲ ਗੱਡੀ ਫਾਰੈਸਟ ਪਾਰਕ ਖੇਤਰ ਵਿਚੋਂ ਲੰਘ ਰਹੀ ਸੀ। ਉਨਾਂ ਕਿਹਾ ਕਿ ਮਾਰੇ ਗਏ ਯਾਤਰੀਆਂ ਦੇ ਸਮਾਜਿਕ ਰੁਤਬੇ ਬਾਰੇ ਅਜੇ ਉਹ ਯਕੀਨ ਨਾਲ ਕੁਝ ਨਹੀਂ ਕਹਿ ਸਕਦੇ ਪਰੰਤੂ ਲੱਗਦਾ ਹੈ ਕਿ ਸਾਰੇ ਮ੍ਰਿਤਕ ਬੇਘਰੇ ਸਨ।

ਪੁਲਿਸ ਨੇ ਇਨਾਂ ਸਮੂਹਿਕ ਹੱਤਿਆਵਾਂ ਸਬੰਧੀ ਇਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ। ਚਿਨ ਅਨੁਸਾਰ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਅਚਾਨਕ ਵਾਪਰੀ ਘਟਨਾ ਹੈ। ਜਾਂਚਕਾਰ , ਸ਼ਿਕਾਗੋ ਟਰਾਂਜਿਟ ਅਥਾਰਟੀ ਨਾਲ ਮਿਲ ਕੇ ਨਿਗਰਾਨ ਕੈਮਰਿਆਂ ਦੀ ਮੱਦਦ ਨਾਲ ਘਟਨਾ ਦੀ ਜਾਂਚ ਕਰ ਰਹੇ ਹਨ । ਪੁਲਿਸ ਨੇ ਕਿਹਾ ਹੈ ਕਿ ਨਿਗਰਾਨ ਕੈਮਰਿਆਂ ਵਿੱਚ ਕੈਦ ਸ਼ੱਕੀ ਦੀ ਪਛਾਣ ਕੀਤੀ ਗਈ ਹੈ ਜਿਸ ਨੂੰ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਤਕਰਬੀਨ ਡੇਢ ਘੰਟੇ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਹੈ। ਚਿਨ ਨੇ ਕਿਹਾ ਕਿ ਸ਼ਿਕਾਗੋ ਟਰਾਂਜਿਟ ਅਥਾਰਟੀ ਦੇ ਨਿਗਰਾਨ ਕੈਮਰੇ ਕਮਾਲ ਦੇ ਹਨ ਤੇ ਕੋਈ ਛੋਟੀ ਮੋਟੀ ਘਟਨਾ ਵੀ ਇਨਾਂ ਕੈਮਰਿਆਂ ਤੋਂ ਬਚ ਨਹੀਂ ਸਕਦੀ। ਉਨਾਂ ਕਿਹਾ ਕਿ ਫਾਰੈਸਟ ਪਾਰਕ ਪੁਲਿਸ, ਸ਼ਿਕਾਗੋ ਪੁਲਿਸ ਤੇ ਸ਼ਿਕਾਗੋ ਟਰਾਂਜਿਟ ਅਥਾਰਟੀ ਨੇ ਮਿਲ ਕੇ ਸ਼ੱਕੀ ਦੀ ਪਛਾਣ ਕੀਤੀ ਤੇ ਉਸ ਨੂੰ ਫੜਿਆ ਹੈ। ਉਨਾਂ ਕਿਹਾ ਕਿ ਸ਼ੱਕੀ ਹਰਲੇਮ ਸਟਾਪ 'ਤੇ ਉਤਰਿਆ ਜਿਥੇ ਉਸ ਨੂੰ ਪੁਲਿਸ ਦੁਆਰਾ ਕਾਬੂ ਕਰ ਲਿਆ ਗਿਆ। ਉਸ ਕੋਲੋਂ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ। ਚਿਨ ਨੇ ਹੋਰ ਕਿਹਾ ਕਿ ਇਸ ਵਰਗੀ ਸਮੂਹਿਕ ਹੱਤਿਆਵਾਂ ਦੀ ਘਟਨਾ ਭਾਵੇਂ ਇਕਾ ਦੁੱਕਾ ਘਟਨਾ ਹੈ ਜੋ ਕਿਤੇ ਵੀ ਵਾਪਰ ਸਕਦੀ ਹੈ ਪਰੰਤੂ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਰੇਲ ਗੱਡੀਆਂ ਵਿੱਚ ਵੀ ਲੋਕ ਜੇਕਰ ਅਸੁਰੱਖਿਅਤ ਮਹਿਸੂਸ ਕਰਨ ਤਾਂ ਇਸ ਨੂੰ ਜਾਇਜ ਕਿਵੇਂ ਕਿਹਾ ਜਾ ਸਕਦਾ ਹੈ।

# ਵਿਸਕਾਨਸਿਨ ਯੂਨੀਵਰਸਿਟੀ ਦੀ 21 ਸਾਲਾ ਜਿਮਨਾਸਟ ਦੀ ਗੋਲੀਆਂ ਮਾਰ ਕੇ ਹੱਤਿਆ, ਇਕ ਸ਼ੱਕੀ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂਨੀਵਰਸਿਟੀ ਆਫ ਵਿਸਕਾਨਸਿਨ ਦੀ ਜਿਮਨਾਸਟ ਕਾਰਾ ਵੈਲਸ਼ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਦੁੱਖਦਾਈ ਖਬਰ ਹੈ। ਪੁਲਿਸ ਨੇ ਇਕ ਸ਼ੱਕੀ ਦੋਸ਼ੀ ਨੂੰ ਹਿਰਾਸਤ ਵਿਚ ਲਿਆ ਹੈ। ਯੂਨੀਵਰਸਿਟੀ ਦੇ ਚਾਂਸਲਰ ਕੋਰੀ ਕਿੰਗ ਨੇ ਵੈਲਸ਼ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਹ ਵਾਰਹਾਕ ਜਿਮਨਾਸਟਿਕ ਟੀਮ ਦੀ ਬਹੁਤ ਹੀ ਹੋਣਹਾਰ ਮੈਂਬਰ ਸੀ। ਉਸ ਨੇ ਪਿਛਲੇ ਸਾਲ ਨੈਸ਼ਨਲ ਕਾਲਜੀਏਟ ਜਿਮਨਾਸਟਿਕਸ ਐਸੋਸੀਏਸ਼ਨ ਚੈਂਪੀਅਨਸ਼ਿਪ ਵਿੱਚ ਵਾਲਟ 'ਤੇ ਨੈਸ਼ਨਲ ਟਾਈਟਲ ਜਿੱਤਿਆ ਸੀ। ਵਾਈਟ ਵਾਟਰ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਘਟਨਾ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮਿਲਵੌਕੀ ਦੇ ਪੱਛਮ ਵਿਚ ਤਕਰੀਬਨ 50 ਮੀਲ ਦੂਰ ਵਾਈਟ ਵਾਟਰ ਖੇਤਰ ਦੀ ਮੇਨ ਸਟਰੀਟ ਦੇ ਇਕ ਅਪਾਰਟਮੈਂਟ ਵਿਚ ਅੱਧੀ ਰਾਤ ਤੋਂ ਥੋਹੜਾ ਸਮਾਂ ਪਹਿਲਾਂ ਪੁੱਜੇ ਜਿਥੇ ਉਨਾਂ ਨੂੰ ਮ੍ਰਿਤਕ ਹਾਲਤ ਵਿਚ ਇਕ ਔਰਤ ਜਿਸ ਦੀ ਬਾਅਦ ਵਿਚ ਪਛਾਣ ਵੈਲਸ਼ ਵਜੋਂ ਹੋਈ, ਮਿਲੀ। ਉਸ ਦੇ ਕਈ ਗੋਲੀਆਂ ਵੱਜੀਆਂ ਮਾਰੀਆਂ ਗਈਆਂ ਸਨ। ਪੁਲਿਸ ਅਨੁਸਾਰ ਇਕ 23 ਸਾਲਾ ਵਿਅਕਤੀ ਜੋ ਵੈਲਸ਼ ਨੂੰ ਜਾਣਦਾ ਸੀ, ਉਹ ਵੀ ਘਟਨਾ ਸਮੇ ਉਸੇ ਅਪਾਰਟਮੈਂਟ ਵਿਚ ਮੌਜੂਦ ਸੀ।

# ਅਕਾਲੀ ਸੰਕਟ ਦੇ ਸੰਕਟ ਦੇ ਹੱਲ ਲਈ ਅਕਾਲ ਤਖਤ ਸਾਹਿਬ ਦੀ ਭੂਮਿਕਾ ਕੀ ਹੋਵੇ ?





**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਹੁਣ ਸਿਰਫ ਸੰਕਟ ਬਾਦਲ ਪਰਿਵਾਰ ਦਾ ਹੀ ਨਹੀਂ, ਅਕਾਲ ਤਖਤ ਦਾ ਜਥੇਦਾਰ, ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸਿੱਖ ਪੰਥ ਸੰਕਟ ਵਿਚ ਫਸ ਗਿਆ ਹੈ। ਜੇਕਰ ਸਿੰਘ ਸਾਹਿਬਾਨ ਸੁਖਬੀਰ ਬਾਦਲ ਨੂੰ ਬਚਾਉਣ ਲਈ ਕੋਈ ਫੈਸਲਾ ਕਰਨਗੇ ਤਾਂ ਇਹ ਮੈਂ ਦਾਅਵੇ ਨਾਲ ਆਖ ਸਕਦਾ ਹਾਂ ਨਾ ਸ਼੍ਰੋਮਣੀ ਅਕਾਲੀ ਦਲ ਬਚੇਗਾ ਨਾ ਅਕਾਲ ਤਖਤ ਸਾਹਿਬ ਦੀ ਮਰਿਯਾਦਾ। ਇਥੋਂ ਤਕ ਸ਼੍ਰੋਮਣੀ ਕਮੇਟੀ, ਸਿਖ ਪੰਥ ਸੰਕਟਾਂ ਵਿਚ ਫਸ ਜਾਵੇਗਾ, ਕਿਉਂਕਿ ਉਸਦੀ ਲੀਡਰਸ਼ਿਪ ਨਹੀਂ ਉਸਰੇਗੀ। ਦਾਗੀ, ਗੁਨਾਹਗਾਰ ਲੀਡਰਸ਼ਿਪ ਸਿਖ ਪੰਥ ਦੀ ਅਗਵਾਈ ਨਹੀਂ ਕਰ ਸਕਦੀ। ਜਿੰਨਾਂ ਕੌਮਾਂ ਦੀ ਰਾਜਨੀਤੀ ਖਤਮ ਹੋ ਜਾਂਦੀ ਉਨ੍ਹਾਂ ਦਾ ਸਭਿਆਚਾਰ, ਬੋਲੀ, ਹੋਂਦ ਅਗੇ ਪ੍ਰਸ਼ਨ ਚਿੰਨ ਲਗ ਜਾਂਦਾ ਹੈ। ਅਗੇ ਤੁਸੀਂ ਦੇਖ ਚੁਕੇ ਹੋ ਦਿਲੀ ਗੁਰਦੁਆਰਾ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ, ਪਟਨਾ ਤੇ ਹਜੂਰ ਸਾਹਿਬ ਦੀ ਕਮੇਟੀ ਵਿਚ ਸਰਕਾਰੀ ਦਖਲ ਹੈ। ਸ਼੍ਰੋਮਣੀ ਕਮੇਟੀ ਦਾ ਹਸ਼ਰ ਵੀ ਅਜਿਹਾ ਹੋ ਸਕਦਾ ਜੇ ਮਸਲੇ ਅਕਾਲ ਤਖਤ ਸਾਹਿਬ ਤੋਂ ਹਲ ਨਾ ਹੋਏ।

ਹੈਰਾਨੀ ਦੀ ਗੱਲ ਹੈ ਕਿ ਇਸ ਸੰਕਟ ਦੌਰਾਨ ਸਿੰਘ ਸਾਹਿਬਾਨ ਨੇ ਇਕ ਵੀ ਮੀਟਿੰਗ ਸਿੱਖ ਚਿੰਤਕਾਂ ਦੀ ਨਹੀਂ ਸਦੀ ਕਿ ਇਸ ਸੰਕਟ ਦੇ ਹੱਲ ਦਾ ਰਸਤਾ ਕੀ ਕਢਿਆ ਜਾਵੇ। ਯਾਦ ਰਖਣ ਵਾਲੀ ਗਲ ਹੈ ਕਿ ਇਹ ਸੰਕਟ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵਡੇ ਬਾਦਲ ਦੇ ਪ੍ਰਭਾਵ ਅਧੀਨ ਗੁਲਾਮੀ ਤਹਿਤ ਰਚਕੇ ਸੌਦਾ ਸਾਧ ਨੂੰ ਮਾਫ ਕਰਕੇ ਸਿਖ ਕੌਮ ਨੂੰ ਇਨ੍ਹਾਂ ਗੰਭੀਰ ਤੇ ਖਤਰਨਾਕ ਹਾਲਾਤਾਂ ਵਿਚ ਪਹੁੰਚਾਇਆ ਸੀ।

ਕੀ ਸਿੰਘ ਸਾਹਿਬਾਨ ਗਿਆਨੀ ਗੁਰਬਚਨ ਸਿੰਘ ਨੂੰ ਤਨਖਾਹੀਆ ਐਲਾਨ ਕੇ,ਪ੍ਰਕਾਸ਼ ਸਿੰਘ ਬਾਦਲ ਨੂੰ ਦਿਤਾ ਫਖਰੇ ਕੌਮ ਖਿਤਾਬ ਵਾਪਸ ਲੈਕੇ ਇਹ ਗਲਤੀ ਤੇ ਗੁਨਾਹ ਨੂੰ ਸੁਧਾਰਨਗੇ ? ਕੀ ਉਹ ਸਿੱਖ ਪੰਥ ਦਾ ਨੁਮਾਇੰਦਾ ਇਕਠ ਸਦਣਗੇ।

## ਕੀ ਕਰਨ ਸਿੰਘ ਸਾਹਿਬਾਨ

ਅਸੀਂ ਸੁਝਾਅ ਦਿਤਾ ਸੀ ਕਿ ਅਕਾਲ ਤਖਤ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ



ਸਿਰਜਣਾ ਕੀਤੀ ਜਾਵੇ। ਇਸ ਦੇ ਲਈ ਪੰਜ ਮੈਂਬਰੀ ਪੰਥਕ ਫੇਸ, ਵਿਚਾਰਧਾਰਾ ਵਾਲੀ ਕਮੇਟੀ ਬਣੇ ਜੋ ਇਹ ਮਸਲੇ ਸੁਲਝਾਏ ਤੇ ਸ਼੍ਰੋਮਣੀ ਅਕਾਲੀ ਦਲ ਲਈ ਪੁਨਰ ਭਰਤੀ ਕਰਕੇ ਜਰਨਲ ਇਜਲਾਸ ਬੁਲਾਕੇ ਅਕਾਲੀ ਦਲ ਦੀ ਪੁਨਰ ਸਿਰਜਣਾ, ਖੁਦਮੁਖਤਿਆਰੀ ਏਜੰਡਾ ਤਿਆਰ ਕਰੇ। ਅਸੀਂ ਇਸ ਲਈ ਅਕਾਲ ਤਖਤ ਨੂੰ ਬੇਨਤੀ ਰੂਪ ਵਿਚ ਲਿਖਤੀ ਸੁਝਾਅ ਦੇ ਨਾਲ ਪੰਜ ਮੈਂਬਰ ਦਸੇ ਸਨ ਜਿਵੇਂ ਬਾਬਾ ਸਰਬਜੋਤ ਸਿੰਘ ਬੇਦੀ, ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ, ਸਰਦਾਰ ਗੁਰਤੇਜ ਸਿੰਘ ਆਈਏਐਸ, ਸੁਖਦੇਵ ਸਿੰਘ ਭੌਰ, ਹਰਵਿੰਦਰ ਸਿੰਘ ਫੂਲਕਾ। ਪਰ ਸਾਡੀ ਬੇਨਤੀ ਉਪਰ ਹਾਲੇ ਤਕ ਗੌਰ ਨਹੀਂ ਹੋਇਆ।

ਹੁਣ ਸੁਆਲ ਹਰੇਕ ਸਿਖ ਦੇ ਮਨ ਵਿਚ ਹੈ ਕਿ ਸਿੰਘ ਸਾਹਿਬਾਨ ਕੀ ਕਰਨ ਜਿਸ ਨਾਲ ਉਹ ਸਿੱਖ ਪੰਥ ਵਿਚ ਨਾਇਕ ਬਣ ਸਕਨ

1. ਸਿੱਖ ਕਦਰਾਂ-ਕੀਮਤਾਂ ਨਾਲ ਮੁੜ ਜੋੜਿਆ ਜਾਵੇ:

ਅਕਾਲੀ ਦਲ ਨੂੰ ਉਸਦੇ 1920 ਵਾਲੇ ਸਥਾਪਿਤ ਸਿਧਾਂਤਾਂ ਅਤੇ ਮੂਲ ਸਿੱਖ ਕਦਰਾਂ-ਕੀਮਤਾਂ ਜਿਵੇਂ ਕਿ ਖਾਲਸਾ ਜੀ ਦੇ ਬੋਲਬਾਲੇ, ਨਿਆਂ, ਸਮਾਨਤਾ, ਸਾਂਝੀਵਾਲਤਾ, ਜਾਤੀ ਰਹਿਤ ਸਮਾਜ ਤੇ ਸੰਗਠਨ ਅਤੇ ਮਨੁੱਖਤਾ ਦੀ ਸੇਵਾ ਵਲ ਮੋੜਨਾ ਚਾਹੀਦਾ ਹੈ।

2. ਧੜਿਆਂ ਨੂੰ ਇੱਕਜੁੱਟ ਕੀਤਾ ਜਾਵੇ

ਅਕਾਲੀ ਦਲ ਦੇ ਧੜਿਆਂ ਨੂੰ ਇਕਜੁੱਟ ਕਰਨ ਦੀ ਪਹਿਲ ਹੋਵੇ। ਸਿੱਖ ਅਵਾਜ਼ ਨੂੰ ਮਜ਼ਬੂਤ ਕਰਨ ਲਈ ਹੋਰ ਸਿੱਖ ਜਥੇਬੰਦੀਆਂ ਅਤੇ ਸਮਾਨ ਸੋਚ ਵਾਲੀਆਂ ਪਾਰਟੀਆਂ ਨਾਲ ਪੁਲ ਬਣਾਇਆ ਜਾਵੇ। ਤੇ ਨਵੀਂ ਭਰਤੀ ਸ਼ੁਰੂ ਕੀਤੀ ਜਾਵੇ। ਜਨਰਲ ਇਜਲਾਸ ਬੁਲਾਕੇ ਅਕਾਲੀ ਦਲ ਦੀ ਪੁਨਰ ਸਿਰਜਣਾ ਕੀਤੀ ਜਾਵੇ।

3. ਸਿਖ ਨੌਜਵਾਨਾਂ ਨੂੰ ਜੋੜਿਆ ਜਾਵੇ:

ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਸਿਖ ਨੌਜਵਾਨਾਂ ਦੀ ਭਰਤੀ ਲਈ ਉਦਮ ਕੀਤਾ ਜਾਵੇ। ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਜਾਣ, ਅਤੇ ਉਹਨਾਂ ਨੂੰ ਅਕਾਲੀ ਦਲ ਦੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਸ਼ਾਮਲ ਕੀਤਾ ਜਾਵੇ।

4. ਵਿਵਾਦਾਂ ਨੂੰ ਸਿਆਣਪ ਨਾਲ ਹੱਲ ਕੀਤਾ ਜਾਵੇ:

ਅਕਾਲੀ ਦਲ ਦੇ ਆਲੇ-ਦੁਆਲੇ ਦੇ ਵਿਵਾਦਾਂ ਅਤੇ ਆਲੋਚਨਾਵਾਂ ਨੂੰ ਪਾਰਦਰਸ਼ੀ ਢੰਗ ਨਾਲ ਹੱਲ ਕੀਤਾ ਜਾਵੇ, ਗੁਨਾਹਗਾਰ ਲੀਡਰਸ਼ਿਪ ਨੂੰ ਅਗਵਾਈ ਨਾ ਦਿਤੀ ਜਾਵੇ। ਜਵਾਬਦੇਹੀ ਅਤੇ ਪਾਰਦਰਸ਼ਤਾ ਨੂੰ ਸੰਗਤ ਸਾਹਮਣੇ ਪ੍ਰਦਰਸ਼ਿਤ ਕੀਤਾ ਜਾਵੇ। ਬੰਦ ਕਮਰਿਆਂ ਵਿਚ ਅਕਾਲੀ ਲੀਡਰਸ਼ਿੱਪ ਦੇ ਦੋਸ਼ਾਂ ਬਾਰੇ ਸੁਣਵਾਈ ਨਾ ਹੋਵੇ।

5. ਸਮੂਹਿਕ ਪੰਥਕ ਰਾਜਨੀਤੀ ਨੂੰ ਉਤਸ਼ਾਹਿਤ ਕੀਤਾ ਜਾਵੇ:

ਜਾਤ, ਨਸਲ ਜਾਂ ਧਰਮ ਦੀ ਪਰਵਾਹ ਕੀਤੇ ਬਿਨਾਂ, ਸਾਰੇ ਸਿੱਖਾਂ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੀ, ਸਾਂਝੀਵਾਲਤਾ ਵਾਲੀ ਅਕਾਲੀ ਰਾਜਨੀਤੀ ਨੂੰ ਉਤਸ਼ਾਹਿਤ ਤੇ ਪ੍ਰਮੋਟ ਕੀਤਾ ਜਾਵੇ। ਜ਼ਮੀਨੀ ਪੱਧਰ ਦੇ ਭਾਈਚਾਰਿਆਂ ਕ੍ਰਿਸਾਨੀ, ਦਲਿਤ ਮਜਦੂਰਾਂ ਨਾਲ ਸੰਪਰਕ ਮਜ਼ਬੂਤ ਕੀਤਾ ਜਾਵੇ, ਉਨ੍ਹਾਂ ਦੀਆਂ ਲੋੜਾਂ ਅਤੇ ਚਿੰਤਾਵਾਂ ਨੂੰ ਸਮਝਿਆ ਜਾਵੇ ਤੇ ਸੰਗਠਨ ਵਿਚ ਪਰੋਇਆ ਜਾਵੇ।

6. ਅਕਾਲੀ ਦਲ ਵਿਚ ਸਿੱਖ ਪਛਾਣ ਨੂੰ ਪ੍ਰਫੁੱਲਤ ਕੀਤਾ ਜਾਵੇ:

ਵਿਭਿੰਨਤਾ ਅਤੇ ਸਾਂਝੀਵਾਲਤਾ ਨੂੰ ਅਪਣਾਉਂਦੇ ਹੋਏ, ਅਕਾਲੀ ਦਲ ਵਿਚ ਸਿੱਖ ਪਛਾਣ, ਸੱਭਿਆਚਾਰ ਅਤੇ ਵਿਰਾਸਤ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਅਕਾਲੀ ਦਲ ਦੀਆਂ ਕਾਰਵਾਈਆਂ ਸਿੱਖ ਕਦਰਾਂ-ਕੀਮਤਾਂ ਨਾਲ ਮੇਲ ਖਾਂਦੀਆਂ ਹੋਣ। ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਅਕਾਲੀ ਦਲ ਕਾਰਜ ਹੋਵੇ ਤੇ ਪੰਥਕ ਜਜਬਾ ਜਗਾਇਆ ਜਾਵੇ। ਸਿੱਖ ਕੌਮ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਮਾਜਿਕ ਅਤੇ ਆਰਥਿਕ ਚਿੰਤਾਵਾਂ ਨੂੰ ਹੱਲ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਅਕਾਲੀ ਦਲ ਅੰਦਰ ਸਿੱਖ ਔਰਤਾਂ, ਦਲਿਤਾਂ ਅਤੇ ਹੋਰ ਹਾਸ਼ੀਏ 'ਤੇ ਪਏ ਸਮੂਹਾਂ ਦੀ ਪ੍ਰਤੀਨਿਧਤਾ ਅਤੇ ਸ਼ਕਤੀਕਰਨ ਨੂੰ ਯਕੀਨੀ ਬਣਾਇਆ ਜਾਵੇ।

7. ਅਕਾਲੀ ਦਲ ਸਿੱਖ ਕੌਮ ਦੇ ਅੰਦਰ ਸਿੱਖਿਆ, ਜਾਗਰੂਕਤਾ ਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕੀਤਾ ਜਾਵੇ। ਵੱਖ-ਵੱਖ ਖੇਤਰਾਂ ਵਿੱਚ ਸਿੱਖਾਂ ਦੀਆਂ ਪ੍ਰਾਪਤੀਆਂ ਅਤੇ ਯੋਗਦਾਨ ਨੂੰ ਉਜਾਗਰ ਕੀਤਾ ਜਾਵੇ ਤੇ ਪ੍ਰਚਾਰਿਆ ਜਾਵੇ।

8. ਅਕਾਲੀ ਦਲ ਸਾਰੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਤੋਂ ਸੇਧ ਲਈ ਜਾਵੇ।

ਯਾਦ ਰਹੇ, ਸਿੱਖ ਕੌਮ ਅਤੇ ਅਕਾਲੀ ਦਲ ਨੂੰ ਸੇਧ ਦੇਣ ਵਿੱਚ ਅਕਾਲ ਤਖਤ ਸਾਹਿਬ ਦੀ ਭੂਮਿਕਾ ਅਹਿਮ ਹੈ ਤੇ ਇਤਿਹਾਸਕ ਹੈ। ਇਹ ਕਦਮ ਚੁੱਕ ਕੇ ਉਹ ਪਾਰਟੀ ਨੂੰ ਮੁੜ ਸੁਰਜੀਤ ਕਰਨ ਅਤੇ ਸਿੱਖ ਕੌਮ ਦੀ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰ ਸਕਦੇ ਹਨ। ਸਿੱਖ ਸੰਕਟ ਦਾ ਹਲ ਕੀਤਾ ਜਾ ਸਕਦਾ ਹੈ।

# ਵੱਡੇ ਬਾਦਲ ਨੂੰ ਮਿਲੇ 'ਫ਼ਖਰ-ਏ-ਕੌਮ' ਦਾ ਐਵਾਰਡ ਵਾਪਸ ਲੈਣ ਲਈ ਵੀ ਪੁਨਰ-ਵਿਚਾਰ ਹੋਵੇ


**ਕਿਰਨਜੋਤ ਕੌਰ**
ਮੈਂਬਰ ਸ਼੍ਰੋਮਣੀ ਕਮੇਟੀ



ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਗੁਰੂ ਪੰਥ ਨੂੰ ਵੀ ਗੁਰਿਆਈ ਬਖ਼ਸ਼ੀ। ਗੁਰੂ ਪੰਥ ਉਹ ਖ਼ਾਲਸਾ ਪੰਥ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸਾਜਿਆ ਅਤੇ ਉਸ ਵਿਚ ਅਭੇਦ ਹੋ ਗਏ। ਭਾਈ ਪ੍ਰਹਿਲਾਦ ਸਿੰਘ ਦੀ ਰਹਿਤਨਾਮੇ ਵਿਚ ਇਸ ਨੂੰ ਇੰਜ ਸਮਝਾਇਆ ਗਿਆ ਹੈ। "ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ, ਜੋ ਸਿੱਖ ਮੋ ਮਿਲਬੋ ਚਹਹਿ, ਖੋਜ ਇਨਹੁ ਮਹਿ ਲੇਹੁ।"

ਭਾਵ ਗੁਰੂ ਦੀ ਰੂਹ ਗੁਰੂ ਗ੍ਰੰਥ ਸਾਹਿਬ ਵਿਚ ਹੈ ਤੇ ਦੇਹ ਖ਼ਾਲਸਾ ਪੰਥ ਵਿਚ। ਖ਼ਾਲਸਾ ਪੰਥ ਇਕ ਜਥੇਬੰਦੀ ਹੈ ਜਿਸ ਨੂੰ ਇਕ ਸੂਤ ਵਿਚ ਪਰੋਏ ਰੱਖਣ ਲਈ ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਰਹਿਣਾ ਪੈਂਦਾ ਹੈ। ਜੇ ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖ਼ਾਹ ਬਖ਼ਸ਼ਾਉਣੀ ਸ਼ਾਮਲ ਹੈ। ਸਿੱਖ ਰਹਿਤ-ਮਰਿਆਦਾ ਵਿਚ ਤਨਖ਼ਾਹੀਏ ਇਹ ਹਨ-ਮੀਣੇ, ਮਸੰਦ, ਧੀਰ ਮਲੀਏ, ਰਾਮਰਾਈਏ ਆਦਿ ਪੰਥ ਵਿਰੋਧੀਆਂ ਜਾਂ ਨੜੀ-ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ। ਇੱਥੇ "ਵਰਤਣ" ਦਾ ਮਤਲਬ ਰੋਟੀ-ਬੇਟੀ ਦੀ ਸਾਂਝ ਹੈ। ਹੋਰ ਵੀ ਕਈ ਅਮਲਾਂ ਨਾਲ ਸਿੱਖ ਤਨਖ਼ਾਹੀਆ ਹੋ ਜਾਂਦਾ ਹੈ। ਪਰ ਚਾਰ ਬੱਜਰ ਕੁਰਹਿਤਾਂ 'ਚੋਂ ਕੋਈ ਵੀ ਇਕ ਕਰਨ ਵਾਲਾ ਭਾਵ ਕੇਸਾਂ ਦੀ ਬੇਅਦਬੀ, ਕੁਠਾ (ਮੁਸਲਮਾਨੀ ਤਰੀਕੇ ਨਾਲ ਬਣਿਆ) ਮਾਸ ਖਾਣਾ, ਪਰ ਇਸਤਰੀ/ਮਰਦ ਗਮਨ ਜਾਂ ਤੰਬਾਕੂ ਦੀ ਵਰਤੋਂ, ਪਤਿਤ ਹੋ ਜਾਂਦਾ ਹੈ ਅਤੇ ਆਪਣੇ-ਆਪ ਸਿੱਖੀ ਤੋਂ ਬਾਹਰ ਹੋ ਜਾਂਦਾ ਹੈ।

ਤਨਖ਼ਾਹੀਏ ਕੋਲ ਮਾਫ਼ੀ ਦਾ ਮੌਕਾ ਹੁੰਦਾ ਹੈ ਪਰ ਤਨਖ਼ਾਹੀਏ ਹੱਥੋਂ ਕੋਈ ਪਾਣੀ ਨਹੀਂ ਪੀਂਦਾ, ਫਤਹਿ ਨਹੀਂ ਬੁਲਾਉਂਦਾ ਤੇ ਗੁਰਦੁਆਰੇ ਵਿਚ ਉਸ ਦੀ ਦੇਗ ਪ੍ਰਵਾਨ ਨਹੀਂ ਹੁੰਦੀ। ਤਨਖ਼ਾਹੀਏ ਦੀ ਅਰਦਾਸ ਨਹੀਂ ਹੋ ਸਕਦੀ ਤੇ ਪੰਜਾਂ ਤਖ਼ਤਾਂ 'ਤੇ ਉਸ ਦਾ ਜਾਣਾ ਵਿਵਰਜਤ ਹੈ। ਅਸਲ ਵਿਚ ਤਨਖ਼ਾਹੀਆ ਸ਼ਬਦ ਦਾ ਮੂਲ ਇਹ ਹੈ ਕਿ ਜਦੋਂ ਪੰਜਾਬ ਦੇ ਮੁਸਲਮਾਨ ਹਾਕਮਾਂ ਨੇ ਅਮਨ ਕਾਇਮ ਕਰਨ ਲਈ ਸਿੱਖਾਂ ਨਾਲ ਜ਼ਾਹਿਰਾ ਤੌਰ 'ਤੇ ਮੇਲ ਕਰ ਲਿਆ ਤਾਂ ਕਈ ਸਿੱਖਾਂ ਨੂੰ ਮੁਨਾਸਬ ਤਨਖ਼ਾਹ 'ਤੇ ਮੁਲਾਜ਼ਮ ਰੱਖ ਲਿਆ। ਅਣਖੀ ਸਿੱਖ ਇਨ੍ਹਾਂ ਸਿੱਖਾਂ ਦਾ ਕਰਮ ਘ੍ਰਿਣਾਯੋਗ ਜਾਣ ਕੇ, ਨੌਕਰ ਸਿੱਖਾਂ ਦੀ ਅੱਲ 'ਤਨਖ਼ਾਹੀਏ' ਪਾ ਦਿੱਤੀ। ਕੁਝ ਸਮਾਂ ਪਾ ਕੇ ਧਰਮ ਅਤੇ ਮਰਿਆਦਾ ਵਿਰੁੱਧ ਕਰਮ ਕਰਨ ਵਾਲੇ ਅਤੇ ਧਰਮ ਦੰਡ ਦੇ ਅਧਿਕਾਰੀ ਦਾ ਨਾਂ 'ਤਨਖ਼ਾਹੀਆ' ਪੱਕ ਗਿਆ। ਸੁਖਬੀਰ ਸਿੰਘ ਬਾਦਲ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਖ਼ਤ ਸ਼ਬਦਾਂ ਵਿਚ ਤਨਖ਼ਾਹੀਆ ਐਲਾਨਿਆ ਜਾਣਾ ਕੋਈ ਛੋਟੀ ਘਟਨਾ ਨਹੀਂ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਖ਼ਤ ਸ਼ਬਦ ਵਰਤੇ ਗਏ ਹਨ।



'ਸੁਖਬੀਰ ਸਿੰਘ ਬਾਦਲ ਨੇ ਬਤੌਰ ਡਿਪਟੀ ਮੁੱਖ ਮੰਤਰੀ ਪੰਜਾਬ ਸਰਕਾਰ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹੁੰਦਿਆਂ ਹੋਇਆਂ ਕੁਝ ਅਜਿਹੇ ਫ਼ੈਸਲੇ ਲਏ ਜਿਸ ਨਾਲ ਪੰਥਕ ਸਰੂਪ ਦੇ ਅਕਸ ਨੂੰ ਭਾਰੀ ਢਾਹ ਲੱਗੀ, ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਬਹੁਤ ਪਤਲੀ ਹੋਈ, ਸਿੱਖ ਹਿੱਤਾਂ ਨੂੰ ਬਹੁਤ ਭਾਰੀ ਨੁਕਸਾਨ ਹੋਇਆ'। ਪਰ ਇਸ ਨੂੰ 2007 ਤੋਂ 2017 ਤੱਕ ਦੇ ਸਮੇਂ ਵਿਚ ਸੀਮਤ ਕਰ ਦਿੱਤਾ ਗਿਆ ਹੈ। ਇਸ ਸਮੇਂ ਵਿਚ ਰਹੇ ਸਿੱਖ ਮੰਤਰੀਆਂ ਨੂੰ ਵੀ ਸਪਸ਼ਟੀਕਰਨ ਦੇਣ ਲਈ ਕਿਹਾ। ਸੁਖਬੀਰ ਸਿੰਘ ਬਾਦਲ ਨੇ ਬਿਨਾਂ ਕਿਸੇ ਦੇਰੀ ਅਗਲੇ ਹੀ ਦਿਨ ਨਿੱਜੀ ਤੌਰ 'ਤੇ ਪੇਸ਼ ਹੋ ਕੇ 'ਹੁਕਮਨਾਮੇ ਅਨੁਸਾਰ ਗੁਰੂ ਪੰਥ ਪਾਸੋਂ ਦੋਵੇਂ ਹੱਥ ਜੋੜ ਕੇ ਨਿਮਰਤਾ ਤੇ ਹਲੀਮੀ ਨਾਲ ਖਿਮਾ ਜਾਚਨਾ ਕੀਤੀ'। ਇਸ ਸਾਰੇ ਵਰਤਾਰੇ 'ਚ ਇਹ ਨਹੀਂ ਦੱਸਿਆ ਗਿਆ ਕਿ ਸੁਖਬੀਰ ਸਿੰਘ ਬਾਦਲ ਦੇ ਕਿਹੜੇ ਫ਼ੈਸਲੇ ਵਿਚਾਰ ਅਧੀਨ ਹਨ।

ਨਾ ਹੀ ਇਹ ਦੱਸਿਆ ਗਿਆ ਕਿ ਕਾਹਦੀ ਖਿਮਾ ਜਾਚਨਾ ਕੀਤੀ ਜਾ ਰਹੀ ਹੈ। ਇਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਕਾਲੀ ਦਲ ਸੁਧਾਰ ਲਹਿਰ ਦੇ ਕੁਝ ਲੀਡਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਜੋ 2007 ਤੋਂ 2017 ਵਿਚ ਚਾਰ ਗ਼ਲਤੀਆਂ ਦੇ ਮੂਕ ਗਵਾਹ ਹੋਣ ਦੀ ਗ਼ਲਤੀ ਮੰਨੀ ਹੈ, ਉਨ੍ਹਾਂ ਹੀ ਗ਼ਲਤੀਆਂ ਦੇ ਆਧਾਰ 'ਤੇ ਕਾਰਵਾਈ ਹੋ ਰਹੀ ਹੈ। ਪਹਿਲੀ ਬੱਜਰ ਗ਼ਲਤੀ ਸਿਰਸਾ ਸਾਧ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਰਚਾਏ ਸਵਾਂਗ ਦਾ ਦਰਜ ਕੀਤਾ ਪੁਲਿਸ ਕੇਸ ਵਾਪਸ ਲੈਣਾ ਸੀ।

ਸੰਨ 2007 ਵਿਚ ਸਾਧ ਵੱਲੋਂ ਸਵਾਂਗ ਰਚਾਉਣ ਉਪਰੰਤ ਪੰਥ ਵਿਚ ਅਜਿਹੀ ਰੋਸ ਦੀ ਲਹਿਰ ਦੌੜੀ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸਾਧ ਤੇ ਉਸ ਦੇ ਚੇਲਿਆਂ ਨਾਲ ਸਮਾਜਿਕ ਤੇ ਸਿਆਸੀ ਨਾਤਾ ਤੋੜਨ ਦਾ ਹੁਕਮ ਹੋਇਆ ਸੀ। ਡੇਰਾ ਪ੍ਰੇਮੀਆਂ ਨਾਲ ਥਾਂ-ਥਾਂ ਸਿੱਖਾਂ ਦੀ ਤਕਰਾਰ ਹੋਈ। ਅਚਾਨਕ ਬਠਿੰਡਾ ਪੁਲਿਸ ਨੇ 2012 ਦੀ ਚੋਣ ਤੋਂ ਤਿੰਨ ਦਿਨ ਪਹਿਲਾਂ ਚੁੱਪ-ਚੁਪੀਤੇ ਕੇਸ ਵਾਪਸ ਲੈ ਲਿਆ ਪਰ ਸਿਰਸਾ ਸਾਧ ਵਿਰੁੱਧ ਹੋਇਆ ਹੁਕਮਨਾਮਾ ਵਾਪਸ ਨਹੀਂ ਹੋਇਆ, ਇਸ ਲਈ ਡੇਰਾ ਪ੍ਰੇਮੀਆਂ ਨੂੰ ਮਿਲਣਾ ਵੀ ਹੁਕਮਨਾਮੇ ਦੀ ਹੁਕਮ-ਅਦੂਲੀ ਸੀ। ਸੁਖਬੀਰ ਸਿੰਘ ਬਾਦਲ ਨੇ ਡੇਰਾ ਪ੍ਰੇਮੀਆਂ ਨਾਲ ਮਿਲਵਰਤਣ ਰੱਖਿਆ ਤੇ ਉਹ ਉਨ੍ਹਾਂ ਦੇ ਘਰ ਬੇਖ਼ੌਫ਼ ਆਉਂਦੇ-ਜਾਂਦੇ ਰਹੇ।

ਸਿਰਸਾ ਸਾਧ ਨੂੰ ਮਾਫ਼ੀ ਦਿਵਾਉਣ ਲਈ ਤਖ਼ਤਾਂ ਦੇ ਜਥੇਦਾਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਬੁਲਾ ਕੇ ਵਿਓਂਤ ਬਣਾਈ ਗਈ। ਇਹ ਸਭ ਗੱਲਾਂ ਲੋਕਾਂ ਨੂੰ ਪਤਾ ਹਨ। ਇੱਥੇ ਧਾਰਮਿਕ ਪੱਖੋਂ ਇਹ ਅਹਿਮ ਨੁਕਤਾ ਹੈ ਕਿ ਆਪਣੇ ਰੁਤਬੇ ਦੀ ਹਉਮੈ ਵਿਚ ਤਖ਼ਤਾਂ ਦੇ ਜਥੇਦਾਰਾਂ ਨੂੰ ਸੁਖਬੀਰ ਸਿੰਘ ਨੇ ਆਪਣੀ ਮਨਮਰਜ਼ੀ ਨਾਲ ਵਰਤਿਆ। ਜਿਸ ਤਖ਼ਤ 'ਤੇ ਸਿੱਖਾਂ ਦੀ ਸਿਰ ਨਿਵਾ ਕੇ ਆਤਮਿਕ ਸ਼ੁੱਧੀ ਲਈ ਜਾਣ ਦੀ ਪਰੰਪਰਾ ਹੈ, ਉੱਥੇ ਦੇ ਜਥੇਦਾਰਾਂ ਤੋਂ ਪੰਥਕ ਮਰਿਆਦਾ ਛਿੱਕੇ ਟੰਗ ਕੇ ਪੰਥ ਵਿਰੋਧੀ ਫ਼ੈਸਲਾ ਕਰਵਾਉਣ ਦੇ ਜਿੰਨੇ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ ਹਨ, ਉਤਨੇ ਹੀ ਉਹ ਸਿੰਘ ਸਾਹਿਬਾਨ ਵੀ ਮਰਿਆਦਾ ਉੱਤੇ ਪਹਿਰਾ ਨਾ ਦੇਣ ਦੇ ਜ਼ਿੰਮੇਵਾਰ ਹਨ। ਇਕ ਛੇੜਛਾੜ ਵਾਲੀ (ਸੋਧੀ ਹੋਈ) ਚਿੱਠੀ ਦੇ ਆਧਾਰ 'ਤੇ ਸਿਰਸਾ ਸਾਧ ਨੂੰ ਮਾਫ਼ ਕਰ ਦਿੱਤਾ ਗਿਆ।

ਜਦਕਿ ਮਰਿਆਦਾ ਇਹ ਹੈ ਕਿ ਗ਼ਲਤੀ ਕਰਨ ਵਾਲੇ ਸੱਜਣ ਦੇ ਖ਼ੁਦ ਹਾਜ਼ਰ ਹੋਣ 'ਤੇ ਹੀ ਉਸ ਦਾ ਫ਼ੈਸਲਾ ਕੀਤਾ ਜਾ ਸਕਦਾ ਹੈ। ਬਤੌਰ ਪ੍ਰਧਾਨ ਅਕਾਲੀ ਦਲ ਅਤੇ ਡਿਪਟੀ ਮੁੱਖ ਮੰਤਰੀ ਪੰਜਾਬ ਜਿੰਨੇ ਸੁਖਬੀਰ ਸਿੰਘ ਬਾਦਲ ਦੋਸ਼ੀ ਹਨ, ਉਨ੍ਹਾਂ ਦਾ ਹੁਕਮ ਮੰਨਣ ਵਾਲੇ ਜਥੇਦਾਰ ਵੀ ਉਤਨੇ ਹੀ ਦੋਸ਼ੀ ਹਨ। ਅਫ਼ਸੋਸ, ਮਾਫ਼ੀਨਾਮਾ ਸਿਰਸਾ ਸਾਧ ਦੀ ਪੰਜਾਬ ਵਿਚ ਫਿਲਮ ਚਲਾਉਣ ਲਈ ਕੀਤਾ ਗਿਆ ਸੀ। ਪੰਜਾਬ ਵਿਚ ਫਿਲਮ ਚਲਾਉਣ ਲਈ ਅਕਾਲੀ ਸਰਕਾਰ ਨੇ ਨਾ ਕੇਵਲ ਪੁਲਿਸ ਪਹਿਰਾ ਲਵਾਇਆ, ਅਕਾਲੀ ਵਰਕਰਾਂ ਨੂੰ ਫਿਲਮ ਵੇਖਣ ਲਈ ਉਤਸ਼ਾਹਤ ਕਰਨ ਦੀ ਚਰਚਾ ਹੈ।

ਸਿੱਖ ਪੰਥ ਦੇ ਵਿਰੋਧ ਅੱਗੇ ਜਥੇਦਾਰਾਂ ਨੂੰ ਝੁਕਣਾ ਪਿਆ ਅਤੇ ਹੁਕਮਨਾਮਾ ਵਾਪਸ ਲੈਣਾ ਪਿਆ। ਹੁਕਮਨਾਮਾ ਵਾਪਸ ਲੈਣ ਦੀ ਸਿੱਖ ਇਤਿਹਾਸ 'ਚ ਪਰੰਪਰਾ ਨਹੀਂ ਹੈ। ਇੱਥੇ ਵੀ ਪਰੰਪਰਾ ਤੇ ਸਿਧਾਂਤ ਦਾ ਘਾਣ ਹੋਇਆ ਹੈ। ਇਕ ਜੂਨ 2015 ਨੂੰ ਬੁਰਜ ਜਵਾਹਰ ਸਿੰਘ ਦੇ ਗੁਰਦੁਆਰੇ ਤੋਂ ਚੋਰੀ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ 'ਤੇ ਅਕਾਲੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਗੁਰਦੁਆਰੇ ਦੀ ਕੰਧ 'ਤੇ ਸਿੱਖਾਂ ਨੂੰ ਚੁਣੌਤੀ ਦੇਣ ਤੇ ਚਿੜਾਉਣ ਵਾਲੇ ਪੋਸਟਰ ਦਾ ਸੰਜੀਦਾ ਨੋਟਿਸ ਨਹੀਂ ਲਿਆ ਗਿਆ। ਜਦੋਂ ਲਲਕਾਰ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਬੇਅਦਬੀ ਹੋਈ ਤੇ ਸਿੱਖ ਰੋਹ 'ਚ ਸੜਕਾਂ 'ਤੇ ਆ ਗਏ, ਉਸ ਪੰਥਕ ਜਜ਼ਬੇ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਹੋਈ ਜਾਪਦੀ। ਪੁਲਿਸ ਦੀ ਸ਼ਕਤੀ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ। ਬਾਣੀ ਦਾ ਜਾਪ ਕਰ ਰਹੇ ਨਿਹੱਥੇ ਸਿੰਘਾਂ 'ਤੇ ਪੁਲਿਸ ਵੱਲੋਂ ਗੋਲ਼ੀ ਚਲਾਈ ਗਈ। ਫਿਰ ਆਪਣੀ ਗੱਡੀ ਆਪੇ ਹੀ ਗੋਲ਼ੀਆਂ ਨਾਲ ਵਿੰਨ੍ਹ ਕੇ ਸਿੰਘਾਂ 'ਤੇ ਹਮਲਾਵਰ ਹੋਣ ਦਾ ਦੋਸ਼ ਲਗਾਇਆ ਗਿਆ। ਪੰਥ ਨੂੰ ਸਰਕਾਰੀ ਸ਼ਕਤੀ ਦੇ ਰੋਹਬ ਥੱਲੇ ਮਧੋਲਣ ਦੀ ਕੋਸ਼ਿਸ਼ ਕੀਤੀ ਗਈ।

ਜਿਨ੍ਹਾਂ ਪੁਲਿਸ ਵਾਲਿਆਂ ਨੇ ਸਿੱਖਾਂ 'ਤੇ ਫਾਇਰਿੰਗ ਦੇ ਹੁਕਮ ਦਿੱਤੇ, ਉਨ੍ਹਾਂ ਦਾ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨੌਜਵਾਨ ਸਿੱਖਾਂ ਨੂੰ ਕਤਲ ਕਰਨ ਦਾ ਪੁਰਾਣਾ ਰਿਕਾਰਡ ਹੈ।

ਸੁਮੇਧ ਸੈਣੀ ਨੂੰ ਪੰਜਾਬ ਪੁਲਿਸ ਦਾ ਡੀਜੀਪੀ ਲਾਉਣ ਵੇਲੇ ਕਿਸ ਨੂੰ ਪਤਾ ਨਹੀਂ ਸੀ ਕਿ ਉਸ ਦਾ ਪਿਛੋਕੜ ਕੀ ਹੈ? ਅੱਸੀਵਿਆਂ ਵਿਚ ਪੁਲਿਸ ਕੈਟਾਂ ਦੀ ਆਲਮ ਸੈਨਾ ਬਣਾਉਣ ਵਾਲੇ ਇਜ਼ਹਾਰ ਆਲਮ ਨੂੰ ਅਕਾਲੀ ਦਲ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਜਦੋਂ ਇਜ਼ਹਾਰ ਆਲਮ ਬਾਰੇ ਮੈਂ ਇਕ ਸੀਨੀਅਰ ਅਕਾਲੀ ਮੰਤਰੀ ਨਾਲ ਗੱਲ ਕੀਤੀ ਤਾਂ ਉਸ ਦਾ ਜਵਾਬ ਸੀ ਕਿ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਮਾਰਨ ਦਾ ਆਲਮ ਖ਼ਿਲਾਫ਼ ਕੋਈ ਸਬੂਤ ਨਹੀਂ ਹੈ। ਮੈਂ ਆਖਿਆ ਕਿ ਮੈਂ ਖ਼ੁਦ ਗਵਾਹ ਹਾਂ ਕਿਉਂਕਿ ਇਜ਼ਹਾਰ ਆਲਮ ਉਸ ਵਕਤ ਅੰਮ੍ਰਿਤਸਰ ਦਾ ਐੱਸਐੱਸਪੀ ਸੀ ਅਤੇ ਅਸੀਂ ਉਨ੍ਹਾਂ ਹਾਲਾਤ ਵਿੱਚੋਂ ਗੁਜ਼ਰੇ ਹਾਂ। ਅੱਗੋਂ ਹੱਸ ਕੇ ਕਹਿੰਦੇ, "ਤੁਹਾਡਾ ਪੰਥਕ ਜਜ਼ਬਾ ਬੋਲਦਾ ਹੈ"।

ਭਾਵ ਪੰਥਕ ਜਜ਼ਬਾ ਬੇਲੋੜਾ ਸੀ! ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਦੀ ਹੈਸੀਅਤ ਵਿਚ ਪੰਥ ਦੋਖੀ ਪੁਲਿਸ ਅਫ਼ਸਰਾਂ ਦੀ ਪੁਸ਼ਤ-ਪਨਾਹੀ ਕੀਤੀ। ਸਿੱਖਾਂ ਦੇ ਧਾਰਮਿਕ ਜਜ਼ਬਾਤ ਨੂੰ ਪੁਲਿਸ ਜਬਰ ਅਤੇ ਗੋਲ਼ੀ ਦੇ ਭੈਅ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ। ਸੱਤਾ ਦੇ ਨਸ਼ੇ ਵਿਚ ਧਰਮ ਦਾ ਬੁਰਕਾ ਵੀ ਲਾਹ ਦਿੱਤਾ ਗਿਆ। ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਿਲਿਆ 'ਫ਼ਖਰ-ਏ-ਕੌਮ ਪੰਥ ਰਤਨ' ਦਾ ਐਵਾਰਡ ਵਾਪਸ ਲੈਣ ਲਈ ਵੀ ਪੁਨਰ-ਵਿਚਾਰ ਹੋਣੀ ਚਾਹੀਦੀ ਹੈ।

# ਭਾਰਤੀ ਅਫ਼ਸਰਸ਼ਾਹੀ ਵਿਚ ਸੰਘ ਪਰਿਵਾਰ ਦੀ ਘੁਸਪੈਠ ਖਤਰਨਾਕ ਮਾਮਲਾ

ਡਾਕਟਰ ਗਿਆਨ ਪਾਠਕ



ਰਾਸ਼ਟਰੀ ਸੁਇੰਮ ਸੇਵਕ ਸੰਘ (ਆਰ.ਐਸ.ਐਸ.) ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਵੇਖਦਾ ਹੈ ਤੇ ਆਪਣੀਆਂ ਸਭ ਸਰਗਰਮੀਆਂ ਨੂੰ ਆਪਣੇ ਸੈਂਕੜੇ ਸਹਿਯੋਗੀ ਸੰਗਠਨਾਂ ਦੁਆਰਾ ਅੱਗੇ ਵਧਾ ਰਿਹਾ ਹੈ। ਹੁਣ ਤੱਕ ਭਾਰਤ 'ਚ ਸ਼ਾਸਨ ਧਰਮ ਨਿਰਪੱਖ ਰਿਹਾ ਹੈ ਤੇ ਸਰਕਾਰੀ ਕਰਮਚਾਰੀਆਂ 'ਤੇ ਆਰ. ਐਸ. ਐਸ. ਜਥੇਬੰਦੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਸੀ, ਪਰ 9 ਜੁਲਾਈ 2024 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਹ ਪਾਬੰਦੀ ਹਟਾ ਲਈ ਹੈ, ਜਿਸ ਨਾਲ ਸਰਕਾਰੀ ਸੇਵਾਵਾਂ ਦੇ ਧਰਮ ਨਿਰਪੱਖ ਚਰਿੱਤਰ ਦੇ ਗੁਆਉਣ ਦਾ ਖਤਰਾ ਬਣ ਗਿਆ ਹੈ, ਕਿਉਂਕਿ ਆਰ.ਐਸ.ਐਸ. ਸਮਰਥਕ ਕਰਮਚਾਰੀ ਖੁਦ ਧਰਮ ਨਿਰਪੱਖ ਪ੍ਰਸ਼ਾਸਨ ਦਾ ਹਿੱਸਾ ਹਨ।

ਭਾਰਤ ਸੰਵਿਧਾਨਕ ਤੌਰ 'ਤੇ ਇਕ ਧਰਮ ਨਿਰਪੱਖ ਰਾਜ ਹੈ ਤੇ ਸਰਕਾਰੀ ਕਰਮਚਾਰੀਆਂ ਨੂੰ ਹਿੰਦੂ ਰਾਸ਼ਟਰ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਦੀ ਇਜਾਜ਼ਤ ਕਿਵੇਂ ਦਿੱਤੀ ਜਾ ਸਕਦੀ ਹੈ ? ਫਿਰ ਸ਼ਾਸਨ ਧਰਮ ਨਿਰਪੱਖ ਕਿਵੇਂ ਬਣਿਆ ਰਹੇਗਾ ? ਕੋਈ ਵੀ ਵਿਅਕਤੀ ਮੰਡਰਾ ਰਹੇ ਸੰਕਟ ਦੀ ਕਲਪਨਾ ਕਰ ਸਕਦਾ ਹੈ, ਜਦੋਂ ਸਰਕਾਰੀ ਕਰਮਚਾਰੀ ਭਾਜਪਾ ਦੀ ਅਗਵਾਈ ਵਾਲੀਆਂ ਰਾਜਨੀਤਿਕ ਸੰਸਥਾਵਾਂ ਦੇ ਹੁਕਮ 'ਤੇ ਘੱਟ-ਗਿਣਤੀ ਭਾਈਚਾਰਿਆਂ ਦੇ ਘਰਾਂ 'ਤੇ ਬੁਲਡੋਜ਼ਰ ਚਲਾ ਰਹੇ ਹਨ, ਜਿਸ ਨੂੰ 'ਬੁਲਡੋਜ਼ਰ ਨਿਆਂ' ਕਿਹਾ ਜਾਂਦਾ ਹੈ। ਭਾਜਪਾ ਉਸ ਆਰ. ਐਸ. ਐਸ. ਦੇ ਕੁਨਬੇ ਦਾ ਹਿੱਸਾ ਹੈ, ਜੋ ਪਹਿਲਾਂ ਤੋਂ ਹੀ ਧਰਮ ਨਿਰਪੱਖ ਰਾਜਨੀਤੀ ਤੋਂ ਦੂਰ ਹਿੰਦੂਤਵ ਦੀ ਰਾਜਨੀਤੀ ਨੂੰ ਪੂਰੇ ਜ਼ੋਰ ਨਾਲ ਅੱਗੇ ਵਧਾ ਰਿਹਾ ਹੈ। ਕੋਈ ਕਿਵੇਂ ਸੋਚ ਸਕਦਾ ਹੈ ਕਿ ਸਰਕਾਰ 'ਚ ਆਰ. ਐਸ. ਐਸ. ਦਾ ਆਦਮੀ ਧਰਮ ਨਿਰਪੱਖਤਾ ਨੂੰ ਹਿੰਦੂਤਵ ਸ਼ਾਸਨ ਵਾਲੇ ਪਾਸੇ ਨਹੀਂ ਝੁਕਾਏਗਾ ?

ਕੇਂਦਰ ਦੇ 9 ਜੁਲਾਈ ਦੇ ਨੋਟੀਫਿਕੇਸ਼ਨ ਦੇ ਪ੍ਰਭਾਵ ਨੂੰ ਸਮਝਣ ਲਈ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਆਰ. ਐਸ. ਐਸ. 'ਤੇ ਪਾਬੰਦੀ ਕਿਉਂ ਲਗਾਈ ਗਈ ਸੀ। ਇਸ ਤੋਂ ਇਲਾਵਾ ਕੇਂਦਰ ਵਲੋਂ ਸਰਕਾਰੀ ਕਰਮਚਾਰੀਆਂ 'ਤੇ ਆਰ. ਐਸ. ਐਸ. ਅਤੇ ਜਮਾਤ-ਏ-ਇਸਲਾਮੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਨੂੰ ਕਿਉਂ ਬਰਕਰਾਰ ਰੱਖਿਆ ਗਿਆ ਸੀ। ਇਹ ਦੋਵੇਂ ਸੰਗਠਨ ਅਜਿਹੀਆਂ ਸਰਗਰਮੀਆਂ 'ਚ ਲੱਗੇ ਹੋਏ ਹਨ, ਜਿਨ੍ਹਾਂ 'ਚ ਹਿੱਸਾ ਲੈਣ ਨੂੰ ਪ੍ਰਸ਼ਾਸਨ ਦੇ ਪੱਖ ਤੋਂ ਅਣਉੱਚਿਤ ਮੰਨਿਆ ਜਾਂਦਾ ਹੈ ਤੇ ਇਸੇ ਲਈ ਸਰਕਾਰੀ ਕਰਮਚਾਰੀਆਂ ਇਨ੍ਹਾਂ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਰੋਕ ਲਗਾਈ ਗਈ ਸੀ। ਸਰਕਾਰ ਵਲੋਂ ਆਰ.ਐਸ.ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਨੂੰ ਹਟਾਉਣਾ ਤੇ ਜਮਾਤ-ਏ-ਇਸਲਾਮੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਲੱਗੀ ਪਾਬੰਦੀ ਜਾਰੀ ਰੱਖਣ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਆਪਣੇ ਸੁਤੰਤਰਤਾ ਦਿਵਸ ਭਾਸ਼ਨ ਦੌਰਾਨ 'ਸਮਾਨ ਨਾਗਰਿਕ ਸੰਹਿਤਾ' ਦੇ ਸਥਾਨ 'ਤੇ 'ਧਰਮ ਨਿਰਪੱਖ ਨਾਗਰਿਕ ਸੰਹਿਤਾ' ਕਹਿਣ ਤੋਂ ਵਧੇਰੇ ਸਪੱਸ਼ਟ ਰੂਪ ਨਾਲ ਸਮਝਿਆ ਜਾ ਸਕਦਾ ਹੈ। ਧਰਮ ਨਿਰਪੱਖਤਾ ਦਾ ਅਰਥ ਹੈ 'ਗੈਰ-ਧਾਰਮਿਕ' ਤੇ ਇਸ ਲਈ ਧਰਮ ਨਿਰਪੱਖ ਕਾਨੂੰਨ ਧਰਮ ਤੇ ਸੱਭਿਆਚਾਰ ਕੋਡ 'ਚ ਨਹੀਂ ਦਿੰਦਾ। ਹਾਲਾਂਕਿ ਧਰਮ ਨਿਰਪੱਖ ਨਾਗਰਿਕ ਸੰਹਿਤਾ (ਯੂਨੀਫਾਰਮ ਸਿਵਲ ਕੋਡ) ਦਾ ਉਦੇਸ਼ ਘੱਟ-ਗਿਣਤੀਆਂ ਦੇ ਧਾਰਮਿਕ ਤੇ ਸੱਭਿਆਚਾਰਕ ਕੋਡ 'ਚ ਦਖਲ ਦੇਣਾ ਹੈ ਤੇ ਇਸ ਲਈ ਉਨ੍ਹਾਂ ਦਾ 'ਧਰਮ ਨਿਰਪੱਖ' ਸ਼ਬਦ ਦਾ ਉਪਯੋਗ ਕਰਨਾ ਇਸ ਸ਼ਬਦ ਦੀ ਧਾਰਨਾ ਦਾ ਹੀ ਵਿਰੋਧਾਭਾਸ ਹੈ।

ਇਸ ਤਰ੍ਹਾਂ ਮੋਦੀ ਸਰਕਾਰ ਦਾ ਅਸਲ ਮਕਸਦ ਸਪੱਸ਼ਟ ਹੈ- ਉਹ ਚਾਹੁੰਦੇ ਹਨ ਕਿ ਕਾਨੂੰਨ ਭਾਰਤ ਦੇ ਸੰਵਿਧਾਨ ਦੁਆਰਾ ਘੱਟ-ਗਿਣਤੀਆਂ ਨੂੰ ਮਿਲੇ ਅਧਿਕਾਰਾਂ 'ਚ ਦਖਲ ਦੇਵੇ ਤੇ ਸਰਕਾਰ 'ਚ ਆਰ.ਐਸ.ਐਸ. ਦੇ ਲੋਕਾਂ ਵਲੋਂ ਇਨ੍ਹਾਂ ਨੂੰ ਲਾਗੂ ਕੀਤਾ ਜਾਵੇ। ਸਰਕਾਰੀ ਕਰਮਚਾਰੀਆਂ 'ਤੇ ਆਰ. ਐਸ. ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਹਟਾਉਣ ਦਾ ਨਵਾਂ ਆਦੇਸ਼ ਸੰਵਿਧਾਨਕ ਤੌਰ 'ਤੇ ਸਾਡੇ ਕੋਲ ਮੌਜੂਦ ਧਰਮ ਨਿਰਪੱਖ ਰਾਸ਼ਟਰ ਦੇ ਸਥਾਨ 'ਤੇ ਹਿੰਦੂ ਰਾਸ਼ਟਰ ਸਥਾਪਿਤ ਕਰਨ ਦੇ ਵੱਡੇ ਸੁਪਨੇ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਮੋਦੀ ਅਧੀਨ ਅਮਲਾ ਤੇ ਸਿਖਲਾਈ ਵਿਭਾਗ (ਡੀ.ਓ.ਪੀ.ਟੀ.) ਨੇ ਦੱਸਿਆ ਕਿ ਪਿਛਲਾ ਆਦੇਸ਼ 'ਅਪ੍ਰਸੰਗਿਕ' ਹੋ ਗਿਆ ਹੈ ਤੇ ਇਸ ਲਈ 'ਅਣਉੱਚਿਤ' ਹੈ। ਇਥੇ ਧਿਆਨ ਦੇਣ ਯੋਗ ਹੈ ਕਿ ਕਈ ਭਾਜਪਾ ਸ਼ਾਸਿਤ ਸੂਬਿਆਂ 'ਚ ਪਹਿਲਾਂ ਹੀ ਸਰਕਾਰੀ ਕਰਮਚਾਰੀਆਂ 'ਤੇ ਆਰ. ਐਸ. ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਗਈ ਹੈ।

ਭਾਰਤ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸਰਦਾਰ ਵੱਲਭਭਾਈ ਪਟੇਲ ਨੇ 4 ਫਰਵਰੀ 1948 ਨੂੰ ਆਰ.ਐਸ.ਐਸ. 'ਤੇ ਪਾਬੰਦੀ ਲਗਾਉਣ ਦਾ ਕਾਰਨ ਦੱਸਦਿਆਂ ਕਿਹਾ ਸੀ ਕਿ ਇਹ ਫ਼ੈਸਲਾ ਸਾਡੇ ਦੇਸ਼ 'ਚ ਨਫ਼ਰਤ ਤੇ ਹਿੰਸਾ ਫੈਲਾਉਣ ਦਾ ਕੰਮ ਕਰ ਰਹੀਆਂ ਤਾਕਤਾਂ ਨੂੰ ਜੜ੍ਹ ਤੋਂ ਪੁੱਟਣ ਅਤੇ ਦੇਸ਼ ਦੀ ਆਜ਼ਾਦੀ ਨੂੰ ਖ਼ਤਰੇ 'ਚ ਪਾਉਣ ਤੇ ਉਸ ਦੇ ਚੰਗੇ ਨਾਮ ਨੂੰ ਬਦਨਾਮ ਕਰਨ ਵਾਲਿਆਂ ਨੂੰ ਰੋਕਣ ਲਈ ਲਿਆ ਗਿਆ ਹੈ। ਜਦਕਿ 1966 'ਚ ਕੇਂਦਰ ਨੇ ਸਰਕਾਰੀ ਕਰਮਚਾਰੀਆਂ ਨੂੰ ਆਰ.ਐਸ.ਐਸ. ਤੇ ਜਮਾਤ-ਏ-ਇਸਲਾਮੀ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਤੋਂ ਰੋਕ ਦਿੱਤਾ ਸੀ। ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਜਾਰੀ ਸਰਕੂਲਰ 'ਚ ਕਿਹਾ ਗਿਆ ਹੈ ਕਿ ਸਰਕਾਰ ਨੇ ਹਮੇਸ਼ਾ ਇਨ੍ਹਾਂ ਦੋਹਾਂ ਸੰਗਠਨਾਂ ਦੀਆਂ ਸਰਗਰਮੀਆਂ ਨੂੰ ਇਸ ਪ੍ਰਕਾਰ ਦੀਆਂ ਮੰਨਿਆ ਹੈ ਤੇ ਸਰਕਾਰੀ ਕਰਮਚਾਰੀਆਂ ਦੁਆਰਾ ਇਨ੍ਹਾਂ 'ਚ ਹਿੱਸਾ ਲੈਣ 'ਤੇ ਕੇਂਦਰੀ ਸਿਵਲ ਸੇਵਾ (ਆਚਰਣ) ਨਿਯਮ, 1964 ਦੇ ਨਿਯਮ 5 ਦੇ ਉਪ-ਨਿਯਮ (1) ਦੇ ਉਪਬੰਧ ਲਾਗੂ ਹੋਣਗੇ। ਇਸ ਤੋਂ ਇਲਾਵਾ ਅੱਗੇ ਕਿਹਾ ਗਿਆ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ, ਜੋ ਉਪਰੋਕਤ ਸੰਗਠਨਾਂ ਦਾ ਮੈਂਬਰ ਹੈ ਜਾਂ ਇਨ੍ਹਾਂ ਦੀਆਂ ਸਰਗਰਮੀਆਂ ਨਾਲ ਜੁੜਿਆ ਹੋਇਆ ਹੈ, ਉਹ ਅਨੁਸ਼ਾਸਨੀ ਕਾਰਵਾਈ ਲਈ ਜਵਾਬਦੇਹ ਹੋਵੇਗਾ। ਅਖਿਲ ਭਾਰਤੀ ਸੇਵਾ (ਆਚਰਣ) ਨਿਯਮ 1968 'ਚ ਵੀ ਅਜਿਹਾ ਨਿਯਮ 5 (1) ਹੈ, ਜੋ ਆਈ.ਏ.ਐਸ., ਆਈ.ਪੀ. ਐਸ. ਅਤੇ ਆਈ.ਐਫ.ਐਸ. 'ਤੇ ਲਾਗੂ ਹੁੰਦਾ ਹੈ।

ਇਸੇ ਤਰ੍ਹਾਂ ਦੇ ਆਦੇਸ਼ 1970 ਤੇ 1980 'ਚ ਵੀ ਪਾਸ ਕੀਤੇ ਗਏ ਸਨ। 1980 ਦੇ ਸਰਕੂਲਰ 'ਚ ਸਰਕਾਰੀ ਕਰਮਚਾਰੀਆਂ ਨੂੰ ਇਕ ਧਰਮ ਨਿਰਪੱਖ ਨਜ਼ਰੀਆ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਸੀ, ਇਸ 'ਚ ਕਿਹਾ ਗਿਆ ਸੀ ਕਿ ਸਰਕਾਰ ਤੇ ਇਸ ਦੇ ਅਧਿਕਾਰੀਆਂ, ਸਥਾਨਕ ਸੰਸਥਾਵਾਂ, ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਨਾਂ ਨੂੰ ਫਿਰਕੂ ਆਧਾਰ 'ਤੇ ਦਾਇਰ ਪਟੀਸ਼ਨਾਂ ਵੱਲ ਕੋਈ ਧਿਆਨ ਨਹੀਂ ਦੇਣਾ ਚਾਹੀਦਾ ਤੇ ਨਾ ਹੀ ਕਿਸੇ ਫਿਰਕੂ ਸੰਗਠਨ ਨੂੰ ਕਿਸੇ ਪ੍ਰਕਾਰ ਦੀ ਸਰਪ੍ਰਸਤੀ ਦੇਣੀ ਚਾਹੀਦੀ ਹੈ। ਇਨ੍ਹਾਂ ਨਿਰਦੇਸ਼ਾਂ ਦੀ ਅਣਦੇਖੀ ਨੂੰ ਗੰਭੀਰ ਅਨੁਸ਼ਾਸਨਹੀਣਤਾ ਮੰਨਦਿਆਂ ਦੋਸ਼ੀ ਕਰਮਚਾਰੀਆਂ ਖ਼ਿਲਾਫ ਢੁਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਭਾਜਪਾ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ 'ਚ 1996 'ਚ 13 ਦਿਨਾਂ ਲਈ, ਫਿਰ 1998-99 'ਚ 13 ਮਹੀਨਿਆਂ ਤੇ 1999-2004 ਦੌਰਾਨ ਪੂਰੇ ਕਾਰਜਕਾਲ ਲਈ ਸੱਤਾ 'ਚ ਆਈ, ਇਨ੍ਹਾਂ ਸਾਲਾਂ ਦੌਰਾਨ ਸ਼ਾਸਨ ਤੇ ਸਰਕਾਰੀ ਕਰਮਚਾਰੀਆਂ ਦੀ ਧਰਮ ਨਿਰਪੱਖ ਪ੍ਰਕਿਰਤੀ ਪੂਰੀ ਤਰ੍ਹਾਂ ਬਣੀ ਰਹੀ ਤੇ ਆਰ.ਐਸ.ਐਸ. ਦੀ ਤਰਜ਼ 'ਤੇ ਸ਼ਾਸਨ ਚਲਾਉਣ ਲਈ ਕੋਈ ਯੋਜਨਾਬੱਧ ਕਦਮ ਨਹੀਂ ਉਠਾਇਆ ਗਿਆ। ਮਈ 2014 ਤੋਂ 9 ਜੁਲਾਈ 2024 ਤੱਕ ਮੋਦੀ ਸ਼ਾਸਨ ਦੇ ਪਹਿਲੇ 10 ਸਾਲਾਂ ਦੌਰਾਨ ਵੀ ਸਰਕਾਰੀ ਕਰਮਚਾਰੀਆਂ 'ਤੇ ਆਰ.ਐਸ.ਐਸ. ਦੀਆਂ ਸਰਗਰਮੀਆਂ 'ਚ ਹਿੱਸਾ ਲੈਣ 'ਤੇ ਪਾਬੰਦੀ ਜਾਰੀ ਸੀ, ਜੋ ਹੁਣ ਹਟਾ ਲਈ ਗਈ ਹੈ। ਹਾਲਾਂਕਿ ਪ੍ਰਧਾਨ ਮੰਤਰੀ ਮੋਦੀ ਅਧੀਨ ਡੀ.ਓ.ਪੀ.ਟੀ. ਨੇ 9 ਜੁਲਾਈ ਨੂੰ ਦੱਸਿਆ ਕਿ ਸਰਕਾਰ ਨੇ 30 ਨਵੰਬਰ, 1966, 25 ਜੁਲਾਈ, 1970 ਤੇ 28 ਅਕਤੂਬਰ, 1980 'ਚ ਜਾਰੀ ਨਿਰਦੇਸ਼ਾਂ ਦੀ 'ਸਮੀਖਿਆ' ਕੀਤੀ ਹੈ ਅਤੇ ਇਨ੍ਹਾਂ ਵਿਵਾਦਿਤ ਅਧਿਕਾਰਤ ਦਸਤਾਵੇਜ਼ਾਂ (ਓ.ਐਮ.) ਤੋਂ ਆਰ.ਐਸ.ਐਸ. ਦਾ ਜ਼ਿਕਰ ਹਟਾਉਣ ਦਾ ਫ਼ੈਸਲਾ ਲਿਆ ਹੈ।

ਆਰ. ਐਸ. ਐਸ. ਦਾ ਗੈਰ-ਰਾਜਨੀਤਿਕ ਸੰਗਠਨ ਹੋਣ ਦਾ ਦਾਅਵਾ ਝੂਠਾ ਹੈ, ਕਿਉਂਕਿ ਇਸ ਦਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਰਾਜਨੀਤਿਕ ਹੈ ਅਤੇ ਸੱਤਾਧਾਰੀ ਭਾਜਪਾ ਉਕਤ ਸੁਪਨੇ ਨੂੰ ਸਾਕਾਰ ਕਰਨ ਲਈ ਆਰ.ਐਸ.ਐਸ ਦਾ ਸਿਆਸੀ ਵਿਸਥਾਰ ਹੀ ਹੈ। ਸਰਕਾਰੀ ਨੌਕਰੀ 'ਚ ਕਰਮਚਾਰੀਆਂ ਨੂੰ ਕਿਸੇ ਵੀ ਰਾਜਨੀਤਿਕ ਜਾਂ ਫਿਰਕੂ ਸਰਗਰਮੀ 'ਚ ਹਿੱਸਾ ਲੈਣ ਦੀ ਇਜਾਜ਼ਤ ਦੇਣਾ ਇਕ ਸਥਿਰ ਲੋਕਤੰਤਰਿਕ ਤੇ ਧਰਮ ਨਿਰਪੱਖ ਪ੍ਰਸ਼ਾਸਨ ਲਈ ਖਤਰਨਾਕ ਹੈ, ਕਿਉਂਕਿ ਉਹ ਕਾਨੂੰਨਾਂ ਨੂੰ ਲਾਗੂ ਕਰਨ, ਨਿਆਂ ਸੁਨਿਸਚਿਤ ਕਰਨ ਤੇ ਚੋਣਾਂ ਕਰਵਾਉਣ ਵਾਲੇ ਵਿਭਾਗਾਂ ਸਮੇਤ ਸਭ ਵਿਭਾਗਾਂ ਦੇ ਕੰਮਕਾਜ ਨੂੰ ਪ੍ਰਭਾਵਿਤ ਕਰ ਸਕਦਾ ਹੈ। ਭਾਰਤ ਹੁਣ ਇਕ ਖ਼ਤਰਨਾਕ ਰਾਹ 'ਤੇ ਹੈ।

# ਸਿੱਖ ਪਰੰਪਰਾ ਅਨੁਸਾਰ ਸ਼ਤਾਬਦੀਆਂ ਤੇ ਗੁਰਪੁਰਬ ਕਿਵੇਂ ਮਨਾਏ ਜਾਣ ?

ਤਲਵਿੰਦਰ ਸਿੰਘ ਬੁਟਰ

• • •





ਸਿੱਖ ਪਰੰਪਰਾ ਅੰਦਰ ਦਸ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਕੌਮੀ ਦਿਹਾੜੇ ਮਨਾਉਣ ਦਾ ਮਹਾਨ ਉਦੇਸ਼ਾਤਮਿਕ ਮਹੱਤਵ ਹੈ। ਗੁਰੂ ਸਾਹਿਬਾਨ ਦੇ ਸਰੀਰਕ ਜਾਮਿਆਂ ਵਿਚੋਂ ਚਲੇ ਜਾਣ ਤੋਂ ਬਾਅਦ ਉਨ੍ਹਾਂ ਦੀ ਅਦੁੱਤੀ ਕਰਨੀ, ਮਹਾਨ ਉਪਦੇਸ਼ਾਂ ਅਤੇ ਸਿਮਰਤੀ ਦੇ ਨਾਲ ਜੁੜਨ ਲਈ ਸੰਗਤਾਂ ਗੁਰੂ ਸਾਹਿਬਾਨ ਦੇ ਪ੍ਰਕਾਸ਼ ਗੁਰਪੁਰਬ, ਗੁਰਤਾਗੱਦੀ ਗੁਰਪੁਰਬ ਅਤੇ ਜੋਤੀ-ਜੋਤਿ ਗੁਰਪੁਰਬ/ਸ਼ਹੀਦੀ ਦਿਹਾੜੇ ਮਨਾਉਂਦੀਆਂ ਆਈਆਂ ਹਨ। ਇਸੇ ਤਰ੍ਹਾਂ ਗੁਰੂ ਕਾਲ ਦੇ ਮਹਾਂਪੁਰਖਾਂ ਅਤੇ ਪੁਰਾਤਨ ਸ਼ਹੀਦਾਂ-ਮੁਰੀਦਾਂ ਦੀ ਯਾਦ 'ਚ ਵੀ ਦਿਹਾੜੇ ਮਨਾਉਣ ਦੀ ਪਰੰਪਰਾ ਚਲੀ ਆ ਰਹੀ ਹੈ।

ਗੁਰੂ ਇਤਿਹਾਸ 'ਚ ਸਭ ਤੋਂ ਪਹਿਲਾ ਤਾਰੀਖੀ ਮੇਲਾ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਗੋਇੰਦਵਾਲ ਵਿਚ ਵਿਸਾਖੀ ਮੌਕੇ ਮਨਾਉਣ ਦਾ ਜ਼ਿਕਰ ਮਿਲਦਾ ਹੈ, ਜਿੱਥੇ ਦੂਰ-ਦੁਰਾਡਿਓਂ ਪੰਧ ਤੈਅ ਕਰਕੇ ਆਉਂਦੀਆਂ ਸਿੱਖ ਸੰਗਤਾਂ ਇਕੱਤਰ ਹੋ ਕੇ ਆਪਣੇ ਆਤਮਿਕ ਅਤੇ ਸੰਸਾਰੀ ਕਲਿਆਣ ਲਈ ਗੁਰੂ-ਜਸ ਸਰਵਣ ਕਰਦੀਆਂ ਅਤੇ ਆਪਣੇ ਜੀਵਨ ਦੇ ਅਮਲ ਵਿਚ ਲਿਆਉਣ ਲਈ ਕੋਈ ਨਾ ਕੋਈ ਗੁਰ-ਉਪਦੇਸ਼ ਜ਼ਰੂਰ ਮਨ 'ਚ ਵਸਾ ਕੇ ਵਾਪਸ ਮੁੜਦੀਆਂਪ ਇਤਿਹਾਸ ਵਿਚ ਕਈ ਥਾਈਂ ਇਹ ਵੀ ਜ਼ਿਕਰ ਮਿਲਦਾ ਹੈ ਕਿ ਉਨ੍ਹਾਂ ਵੇਲਿਆਂ ਵਿਚ ਸਿੱਖਾਂ ਨੂੰ ਮਨਮਤਿ ਅਤੇ ਕਰਮ-ਕਾਂਡਾਂ ਵਿਚੋਂ ਬਾਹਰ ਕੱਢ ਕੇ ਸੱਚੀ ਗੁਰਮਤਿ ਨਾਲ ਜੋੜਨ ਲਈ ਗੁਰੂ ਸਾਹਿਬਾਨ ਨੇ ਮੱਸਿਆ, ਸੰਗਰਾਂਦ ਵਰਗੇ ਦਿਹਾੜਿਆਂ ਨੂੰ ਵੀ ਨਵਾਂ ਸੰਕਲਪ ਦਿੱਤਾ, ਜਿਸ ਬਹਾਨੇ ਸੰਗਤਾਂ ਗੁਰੂ-ਜਸ ਦੀ ਸਫ 'ਚ ਇਕੱਤਰ ਹੁੰਦੀਆਂ ਤੇ ਆਪਣੀ ਰੂਹਾਨੀ ਅਤੇ ਸੰਸਾਰੀ ਕਾਇਆ-ਕਲਪ ਕਰਦੀਆਂ ਸਨ।

ਗੁਰੂ ਕਾਲ ਤੋਂ ਬਾਅਦ ਭਾਵੇਂ ਗੁਰਪੁਰਬ ਹੋਣ ਤੇ ਭਾਵੇਂ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲਦਿਆਂ ਜੀਵਨ ਮੁਕਤ ਹੋਏ ਮਹਾਂਪੁਰਖਾਂ ਦੇ ਦਿਹਾੜੇ, ਪ੍ਰਯੋਜਨ ਹਮੇਸ਼ਾ ਇਕੋ ਰਿਹਾ ਹੈ; ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਇਕੱਤਰ ਹੋ ਕੇ ਸਤਿ-ਸੰਗਤ ਕਰਨੀ, ਗੁਰਬਾਣੀ ਅਤੇ ਗੁਰ ਇਤਿਹਾਸ ਨਾਲ ਜੁੜ ਕੇ ਸਚਿਆਰਤਾ ਦੇ ਮਾਰਗ 'ਤੇ ਚੱਲਣ ਲਈ ਆਪਣੀਆਂ ਸੁਰਤਾਂ ਨੂੰ ਬਲਵਾਨ ਕਰਨਾ ਅਤੇ ਪੰਥਕ ਰੂਪ ਵਿਚ ਮਜ਼ਬੂਤ ਹੋਣਾ।

ਅੰਤਰਮੁਖੀ ਤੇ ਅਨੁਭਵੀ ਸਿੱਖ ਫਿਲਾਸਫਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਗੁਰਪੁਰਬ ਮਨਾਉਣ ਦੇ ਉਦੇਸ਼ ਨੂੰ ਅਧਿਆਤਮਿਕ ਅੰਤਰ-ਦ੍ਰਿਸ਼ਟੀ ਤੋਂ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ, ਜੋ ਮਨੋਰਥ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਸੰਸਾਰੀ ਜਾਮੇ ਵਿਚ ਪ੍ਰਗਟ ਹੋਣ ਦਾ ਸੀ, ਉਹੀ ਸਾਡੇ ਲਈ ਗੁਰਪੁਰਬ ਮਨਾਉਣ ਦਾ ਹੋਣਾ ਚਾਹੀਦਾ ਹੈ।

ਉਹ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸਰਬਪੱਖੀ ਉਧਾਰ ਦੇ ਪਰਉਪਕਾਰ ਵਾਸਤੇ ਇਸ ਸੰਸਾਰੀ ਜਾਮੇ 'ਚ ਆਏ ਅਤੇ ਉਨ੍ਹਾਂ ਨੇ ਮਨੁੱਖਤਾ ਨੂੰ ਨਾਮ ਰੂਪੀ ਸੱਚੇ ਧਨ ਦਾ ਸੱਚਾ ਆਤਮਿਕ ਗਿਆਨ ਦੇ ਕੇ ਸੰਸਾਰੀ ਪ੍ਰਾਣੀਆਂ ਨੂੰ ਪਰਮਾਰਥ ਨਾਲ ਜੋੜਨ ਦਾ ਮਹਾਨ ਕਾਰਜ ਕੀਤਾ। ਇਸੇ ਤਰ੍ਹਾਂ ਸਾਡੇ ਦੁਆਰਾ ਗੁਰਪੁਰਬ ਮਨਾਉਣ ਦਾ ਮਨੋਰਥ ਵੀ ਪ੍ਰੇਮਾ-ਭਗਤੀ ਦੀ ਅਵਸਥਾ 'ਚ ਲੀਨ ਹੋ ਕੇ ਸਰਬ-ਵਿਆਪਕ ਵਾਹਿਗੁਰੂ ਦੀ ਚੇਤਨਾ ਵਿਚ ਅਭੇਦ ਹੁੰਦਿਆਂ ਪਰਮ ਪਦ ਦੀ ਪ੍ਰਾਪਤੀ ਹੋਣਾ ਚਾਹੀਦਾ ਹੈ।

ਗੁਰਪੁਰਬ ਮਨਾਉਣ ਦੇ ਮਨੋਰਥ ਨੂੰ ਭਾਈ ਗੁਰਦਾਸ ਜੀ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕੁੰਜੀ ਆਖਿਆ ਜਾਂਦਾ ਹੈ, ਵੀ ਇੰਜ ਸਪੱਸ਼ਟ ਕਰਦੇ ਹਨ:

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ
ਭਗਤਿ ਗੁਰਪੁਰਬ ਕਰੰਦੇ

ਸਮੇਂ ਦੇ ਨਾਲ-ਨਾਲ ਸਿੱਖ ਪੰਥ ਨੇ ਗੁਰਪੁਰਬ, ਸ਼ਹੀਦੀ ਦਿਹਾੜਿਆਂ ਤੋਂ ਇਲਾਵਾ ਆਪਣੇ ਸਮਕਾਲੀ ਬਿਖੜੇ ਹਾਲਾਤ ਦੌਰਾਨ ਵੀ ਚੜ੍ਹਦੀਕਲਾ ਦਾ ਜਜ਼ਬਾ ਕਾਇਮ ਰੱਖਣ ਲਈ ਕੌਮੀ ਜੋੜ-ਮੇਲੇ ਅਤੇ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਮਨਾਉਣੀਆਂ ਸ਼ੁਰੂ ਕੀਤੀਆਂ, ਜਿਨ੍ਹਾਂ 'ਚੋਂ ਮੁੱਖ ਤੌਰ 'ਤੇ 1969 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਪ੍ਰਕਾਸ਼ ਸ਼ਤਾਬਦੀ, 1975 ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੀ ਤ੍ਰੈ-ਸ਼ਤਾਬਦੀ, ਜਿਸ ਵੇਲੇ ਸੰਤ ਗਿਆਨੀ ਕਰਤਾਰ ਸਿੰਘ ਭਿੰਡਰਾਂਵਾਲਿਆਂ ਨੇ ਪੂਰੇ ਪੰਜਾਬ ਵਿਚ 37 ਜਲੂਸ (ਨਗਰ ਕੀਰਤਨ) ਕੱਢ ਕੇ ਸਿੱਖ ਸਮਾਜ 'ਚ ਧਾਰਮਿਕ ਤੌਰ 'ਤੇ ਆ ਚੁੱਕੇ ਨਿਘਾਰ ਨੂੰ ਦੂਰ ਕਰਨ ਲਈ ਪ੍ਰਭਾਵਸ਼ਾਲੀ ਪ੍ਰਚਾਰ ਵਹੀਰ ਚਲਾਈ ਸੀ। ਵੀਹਵੀਂ ਸਦੀ 'ਚ ਵਿਸ਼ਵ ਪੱਧਰ ਦੇ ਸਭ ਤੋਂ ਵੱਡੇ ਸਿੱਖ ਸਮਾਰੋਹ ਵਜੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ 1999 ਵਿਚ ਖ਼ਾਲਸਾ ਸਾਜਨਾ ਦੀ ਤ੍ਰੈ-ਸ਼ਤਾਬਦੀ ਰਹੀ, ਜਦੋਂ ਪੂਰੀ ਕੌਮ ਨੂੰ ਅੰਮਿਬਧਾਰੀ ਬਣਾਉਣ ਦਾ ਨਾਅਰਾ ਦਿੱਤਾ ਗਿਆ।

ਇਸ ਤਰ੍ਹਾਂ ਸਮੇਂ-ਸਮੇਂ 'ਤੇ ਗੁਰ-ਇਤਿਹਾਸ ਤੋਂ ਸੇਧ ਲੈ ਕੇ ਗੁਰੂ ਸਾਹਿਬਾਨ ਦੀ ਪਾਵਨ ਯਾਦ ਵਿਚ ਜੁੜ ਬੈਠਣ ਲਈ ਕੁਝ ਹੋਰ ਪੁਰਬ ਮਨਾਉਣ ਦੀ ਵੀ ਪਿਰਤ ਚੱਲਦੀ ਆ ਰਹੀ ਹੈ, ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਤੇ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਆਹ ਪੁਰਬ ਆਦਿ। ਚਾਹੀਦਾ ਤਾਂ ਇਹ ਸੀ ਕਿ ਇਹ ਸਭ ਗੁਰਪੁਰਬ, ਪਾਵਨ ਦਿਹਾੜਿਆਂ ਦਾ ਪਰਮ ਮਨੋਰਥ ਗੁਰ ਸੰਗਤ 'ਚ ਜੁੜ ਬੈਠਣਾ, ਆਪਣੇ ਸ਼ਾਨਾਮੱਤੇ ਸਿੱਖੀ ਵਿਰਸੇ 'ਚ ਪ੍ਰਪੱਕਤਾ ਹਾਸਿਲ ਕਰਨਾ ਅਤੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲ ਕੇ ਸੰਸਾਰ ਵਿਚ ਆਪਣੀ ਨਿਆਰੀ ਹੋਂਦ-ਹਸਤੀ ਨੂੰ ਕਾਇਮ ਰੱਖਣ ਦੀ ਪ੍ਰੇਰਨਾ ਹਾਸਿਲ ਕਰਨਾ ਬਣਿਆ ਰਹਿੰਦਾ ਪਰ ਸਮਾਂ ਪਾ ਕੇ ਅੱਜ ਗੁਰਪੁਰਬ ਅਤੇ ਕੌਮੀ ਦਿਹਾੜੇ ਸਿੱਖਾਂ ਲਈ ਮਹਿਜ ਮੇਲੇ ਬਣਦੇ ਜਾ ਰਹੇ ਹਨਪ ਇਹ ਮੇਲੇ ਵੀ ਅਨਮਤੀ ਲੋਕਾਂ ਵਾਂਗ ਫੋਕੇ ਮਨਪ੍ਰਚਾਵੇ ਤੇ ਕਈ ਵਾਰ ਹੁੱਲ੍ਹੜਬਾਜ਼ੀ ਦਾ ਰੂਪ ਵੀ ਧਾਰਨ ਕਰਦੇ ਜਾ ਰਹੇ ਹਨ।

ਅੱਜ ਸਿੱਖ ਸਮਾਜ ਦੇ 90 ਫ਼ੀਸਦੀ ਤੋਂ ਵੱਧ ਲੋਕਾਂ ਨੇ ਅਗਿਆਨਤਾ ਵੱਸ ਗੁਰਪੁਰਬਾਂ, ਦਿਹਾੜਿਆਂ ਨੂੰ ਕਰਮ-ਕਾਂਡੀ ਰੂਪ ਦੇ ਦਿੱਤਾ ਹੈ। ਇਹ ਮਹਿਜ ਗੁਰਦੁਆਰੇ ਜਾ ਕੇ ਮੱਥਾ ਟੇਕਣਾ, ਲੰਗਰ ਛਕਣਾ ਅਤੇ ਰੌਣਕ-ਮੇਲਾ ਵੇਖ ਕੇ ਵਾਪਸ ਆਉਣ ਦੇ ਸਬੱਬ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ।

ਖ਼ਾਲਸੇ ਦੇ ਜਾਹੋ-ਜਲਾਲ ਦੇ ਪ੍ਰਤੀਕ ਹੋਲਾ-ਮਹੱਲਾ ਤੋਂ ਲੈ ਕੇ ਖ਼ਾਲਸਾ ਸਾਜਨਾ ਦਿਵਸ- ਵਿਸਾਖੀ, ਦੀਵਾਲੀ, ਬਟਾਲੇ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ, ਫਤਹਿਗੜ੍ਹ ਸਾਹਿਬ ਦੀ ਸ਼ਹੀਦੀ ਸਭਾ ਅਤੇ ਡੇਰਾ ਬਾਬਾ ਨਾਨਕ ਦਾ ਚੋਲਾ ਸਾਹਿਬ ਦਾ ਮੇਲਾ (ਸੰਗ) ਤੱਕ ਸਭ ਜੋੜ-ਮੇਲੇ ਆਪਣੇ ਮਨੋਰਥਾਂ ਤੋਂ ਕਿਤੇ ਦੂਰ ਚਲੇ ਗਏ ਹਨ। ਇਨ੍ਹਾਂ ਦਿਹਾੜਿਆਂ ਮੌਕੇ ਰਵਾਇਤੀ ਧਾਰਮਿਕ ਦੀਵਾਨ ਤਾਂ ਸਜਦੇ ਹਨ ਪਰ ਇਨ੍ਹਾਂ ਜੋੜ ਮੇਲਿਆਂ ਮੌਕੇ ਨੌਜਵਾਨਾਂ ਨੂੰ ਟਰੈਕਟਰਾਂ ਉਤੇ ਕੰਨਪਾੜਵੀਂਆਂ ਆਵਾਜ਼ਾਂ 'ਚ ਗੀਤ-ਗਾਣੇ ਲਾ ਕੇ ਹਰਲ-ਹਰਲ ਕਰਦੇ ਇੱਧਰ-ਉੱਧਰ ਘੁੰਮਦਿਆਂ, ਮੋਟਰਸਾਈਕਲਾਂ ਨਾਲ ਪਟਾਕੇ ਮਾਰਦਿਆਂ ਅਤੇ ਟਿੱਚਰਬਾਜ਼ੀ ਕਰਦਿਆਂ ਵੇਖ ਕੇ ਸਹਿਜੇ ਹੀ ਸਿੱਖ ਕੌਮ ਦੀ ਅਜੋਕੀ ਦਸ਼ਾ ਤੇ ਦਿਸ਼ਾ ਦਾ ਅੰਦਾਜ਼ਾ ਲੱਗ ਜਾਂਦਾ ਹੈ।

ਅੱਜ ਸਿੱਖਾਂ ਦੇ ਸੁਭਾਅ ਦਾ ਇਹ ਹਿੱਸਾ ਬਣ ਗਿਆ ਹੈ ਕਿ ਆਪਣੇ ਬੱਚਿਆਂ ਦੇ ਸਿੱਖੀ ਮੁੱਖ ਧਾਰਾ ਤੋਂ ਦੂਰ ਜਾਣ, ਪਤਿਤਪੁਣੇ ਤੇ ਨਸ਼ਾਖੋਰੀ 'ਚ ਪੈਣ ਤੋਂ ਲੈ ਕੇ ਪੜ੍ਹਨ-ਲਿਖਣ 'ਚ ਤੰਗ-ਦਸਤੀ ਤੱਕ ਲਈ ਅਸੀਂ ਸਹਿਜੇ ਹੀ ਪੰਥਕ ਸੰਸਥਾਵਾਂ, ਧਰਮ ਪ੍ਰਚਾਰਕਾਂ ਅਤੇ ਆਪਣੇ ਰਾਗੀਆਂ-ਢਾਡੀਆਂ ਉੱਤੇ ਤੋੜਾ ਝਾੜ ਕੇ ਆਪਣੇ-ਆਪ ਨੂੰ ਸੁਰਖਰੂ ਕਰ ਲੈਂਦੇ ਹਾਂ, ਪਰ ਬੱਚਿਆਂ ਪ੍ਰਤੀ ਸਾਡੀ ਆਪਣੀ ਕੀ ਜ਼ਿੰਮੇਵਾਰੀ ਹੈ, ਇਹ ਅਸੀਂ ਕਦੇ ਨਹੀਂ ਸੋਚਦੇ-ਵਿਚਾਰਦੇਪ ਰਾਗੀ-ਢਾਡੀ ਤੇ ਧਰਮ ਪ੍ਰਚਾਰਕ ਕੀ ਕਰਨਗੇ, ਜੇਕਰ ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਲੈ ਕੇ ਸ਼ਬਦ ਗੁਰੂ ਦੀ ਹਜ਼ੂਰੀ ਵਿਚ ਚੌਂਕੜਾ ਮਾਰ ਕੇ ਗੁਰਬਾਣੀ ਤੇ ਗੁਰ-ਇਤਿਹਾਸ ਨਾਲ ਚੇਤਨਾ ਤੋਂ ਲੈ ਕੇ ਅਨੁਭਵ ਤੱਕ ਦਾ ਸਫਰ ਹੀ ਤੈਅ ਨਹੀਂ ਕਰਾਂਗੇਪ

ਗੁਰਪੁਰਬਾਂ ਦੇ ਅਸਲ ਮਨੋਰਥ ਨੂੰ ਮੁਖਾਤਿਬ ਹੋਏ ਬਗੈਰ, ਇਨ੍ਹਾਂ ਮੌਕਿਆਂ ਉੱਤੇ ਲਾਏ ਲੰਗਰ ਤੇ ਨਗਰ ਕੀਰਤਨ ਕੱਢਣ ਲਈ ਮੋਟਰ-ਗੱਡੀਆਂ ਵਿਚ ਕਰੋੜਾਂ ਰੁਪਏ ਦੇ ਤੇਲ ਫੂਕਣੇ, ਪੰਥਕ ਸਰਮਾਏ ਦੇ ਉਜਾੜੇ ਤੋਂ ਵੱਧ ਕੁਝ ਵੀ ਨਹੀਂ ਹਨ। ਸਮਝਦਾਰੀ ਅਤੇ ਦੂਰਅੰਦੇਸ਼ੀ ਵਰਤਦਿਆਂ ਜੇਕਰ ਗੁਰਮਤਿ ਜੁਗਤ ਤੋਂ ਸੇਧ ਲਈਏ ਤਾਂ ਵਿਅਰਥ ਗਵਾਏ ਜਾਣ ਵਾਲੇ ਧਨ ਨੂੰ, ਗ਼ਰੀਬ ਸਿੱਖਾਂ ਦਾ ਜੀਵਨ ਪੱਧਰ ਉੱਚਾ ਚੁੱਕਣ, ਉਨ੍ਹਾਂ ਦੇ ਬੱਚਿਆਂ ਤੱਕ ਵਿੱਦਿਆ ਦਾ ਚਾਨਣ ਪਹੁੰਚਾਉਣ, ਗੁਰਬਾਣੀ ਤੇ ਇਤਿਹਾਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਅਤੇ ਬਿਮਾਰਾਂ-ਲੋੜਵੰਦਾਂ ਦੀ ਸਹਾਇਤਾ ਕਰਨਵਿ'ਚ ਵੰਡਿਆ ਜਾ ਸਕਦਾ ਹੈ।

ਸਿੱਖ ਸੰਸਥਾਵਾਂ ਨੂੰ ਵੀ ਗੁਰਪੁਰਬਾਂ, ਸ਼ਤਾਬਦੀਆਂ ਮੌਕੇ ਰਵਾਇਤੀ ਤਰੀਕਿਆਂ ਤੋਂ ਅੱਗੇ ਵਧਦਿਆਂ ਨੌਜਵਾਨਾਂ ਨਾਲ ਧਰਮ ਬਾਰੇ ਸੰਵਾਦ ਰਚਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਮਨੋਭਾਵਾਂ ਨੂੰ ਸਮਝ ਕੇ ਸਹੀ ਰਸਤਾ ਪ੍ਰੇਰਨਾ ਦੇ ਕੇ ਸਿੱਖੀ ਮੁੱਖ ਧਾਰਾ 'ਚ ਪ੍ਰਪੱਕ ਬਣਾਉਣਾ ਚਾਹੀਦਾ ਹੈ। ਦਸ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਸ਼ਹੀਦਾਂ-ਮੁਰੀਦਾਂ ਦੇ ਦਿਹਾੜੇ ਮਨਾਉਣ ਦਾ ਇਹ ਵੀ ਇਕ ਮਨੋਰਥ ਬਣਾ ਕੇ ਅਸੀਂ ਪੰਥਕ ਰੂਪ ਵਿਚ ਵਿਗਾਸ ਵੱਲ ਉਡਾਰੀ ਭਰਨ ਦੇ ਸਮਰੱਥ ਹੋ ਸਕਦੇ ਹਾਂ।


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।

ਫ਼ੋਨ ਨੰਬਰ: 01332 372851

# ਗੁਰ ਅੰਗਦੁ ਗੁਰੂ ਅੰਗ ਤੇ


- ਲੇਖਕ -

ਗਿ: ਗੁਰਬਖਸ਼ ਸਿੰਘ ਗੁਲਸ਼ਨ

ਸੰਪਰਕ ਲਈ:

+44 7956 302743




## ਕਿਸ਼ਤ ਦੂਜੀ

ਸਬੱਬ ਨਾਲ ਨੇੜਿਓਂ ਲੰਘਦਿਆਂ ਰਸਮਈ ਖਿੱਚ ਭਰੀ ਆਵਾਜ਼ ਜਦੋਂ ਸ੍ਰੀ ਲਹਿਣਾ ਜੀ ਦੇ ਕੰਨਾਂ ਵਿਚ ਪਈ ਤਾਂ ਆਪ ਜੀ ਨੇ ਭਾਈ ਜੀ ਨੂੰ ਪੁੱਛਿਆ ਕਿ ਇਹ ਰਚਨਾ ਕਿਸ ਦੀ ਹੈ? ਉਨ੍ਹਾਂ ਦੱਸਿਆ, 'ਕਰਤਾਰਪੁਰ ਨਿਵਾਸੀ ਗੁਰੂ ਬਾਬਾ ਨਾਨਕ ਜੀ ਦੀ'। ਸ੍ਰੀ ਲਹਿਣਾ ਜੀ ਨੇ ਪੁੱਛਿਆ, 'ਕੀਹ ਅਸੀਂ ਆਪਣੇ ਲਈ ਇਹ ਲਿਖ ਸਕਦੇ ਹਾਂ'?

'ਮੈਂ ਲਿਖ ਦੇਂਦਾ ਹਾਂ' ਕਹਿ ਕੇ ਸਤਿਕਾਰ ਸਹਿਤ ਭਾਈ ਜੋਧ ਜੀ ਨੇ ਸਤਿਗੁਰਾਂ ਦੀ ਰਚਿਤ ਬਾਣੀ 'ਆਸਾ ਕੀ ਵਾਰ' ਦੀ ਇਹ ਇਕੀਵੀਂ ਪਉੜੀ ਲਿਖ ਦਿੱਤੀ:

ਜਿਤੁ ਸੇਵਿਐ ਸੁਖੁ ਪਾਈਐ<br>
ਸੋ ਸਾਹਿਬੁ ਸਦਾ ਸਮਾਲੀਐ॥<br>
ਜਿਤੁ ਕਿਤਾ ਪਾਈਐ ਆਪਣਾ<br>
ਸਾ ਘਾਲ ਬੁਰੀ ਕਿਉ ਘਾਲੀਐ॥<br>
ਮੰਦਾ ਮੂਲਿ ਨ ਕੀਚਈ<br>
ਦੇ ਲੰਮੀ ਨਦਰਿ ਨਿਹਾਲੀਐ॥<br>
ਜਿਉ ਸਾਹਿਬ ਨਾਲਿ ਨ ਹਾਰੀਐ<br>
ਤੇਵੇਹਾ ਪਾਸਾ ਢਾਲੀਐ॥<br>
ਕਿਛੁ ਲਾਹੇ ਉਪਰਿ ਘਾਲੀਐ॥੨੧॥

ਗੁ.ਗ੍ਰ.ਸਾ. ਪੰਨਾ ੪੭੪

ਇਹ ਪਾਵਨ ਸ਼ਬਦ ਲਿਖ ਕੇ ਸ੍ਰੀ ਲਹਿਣਾ ਜੀ ਆਪਣੇ ਨਾਲ ਲੈ ਗਏ ਜੋ ਛੇਤੀ ਜ਼ਬਾਨੀ ਯਾਦ ਹੋ ਗਿਆ। ਹੁਣ ਸਮੇਂ ਸਮੇਂ ਪਿਆਰ ਨਾਲ ਪੜ੍ਹਦੇ ਰਹਿੰਦੇ। ਜਦੋਂ ਫਿਰ ਭਾਈ ਜੋਧ ਜੀ ਨਾਲ ਬਹਿਣਾ ਹੋਇਆ ਤਾਂ ਉਨ੍ਹਾਂ ਸ੍ਰੀ ਲਹਿਣਾ ਜੀ ਦੀ ਦਸ਼ਾ ਜਾਣ ਕੇ ਸੁਝਾਅ ਦਿੱਤਾ ਕਿ ਜੇ ਤੁਸੀਂ ਗੁਰੂ ਬਾਬਾ ਜੀ ਨੂੰ ਮਿਲਣਾ ਚਾਹੁੰਦੇ ਹੋ ਤਾਂ ਕਰਤਾਰਪੁਰ ਜਾ ਆਉ। ਇਹ ਸੁਣ ਕੇ ਲਹਿਣਾ ਜੀ ਨੇ ਮਨ ਵਿਚ ਧਾਰ ਲਿਆ ਕਿ ਹੁਣ ਜਦੋਂ ਜੁਆਲਾ ਮੁਖੀ ਦੇਵੀ ਦਰਸ਼ਨਾਂ ਨੂੰ ਗਏ, ਜ਼ਰੂਰ ਕਰਤਾਰਪੁਰ ਹੋ ਕੇ ਹੀ ਆਵਾਂਗੇ।

### ਕਰਤਾਰਪੁਰ ਆਉਣਾ

੧੫੯੪ ਈ./ ੧੫੯੪ ਬਿਕਰਮੀ ਅੱਸੂ ਦਾ ਮਹੀਨਾ ਸੀ ਜਦੋਂ ਪਹਿਲਾਂ ਵਾਂਗ ਸੰਗ ਨੂੰ ਯਾਤਰਾ ਲਈ ਤਿਆਰ ਕੀਤਾ ਤਾਂ ਸ੍ਰੀ (ਮਾਤਾ) ਖੀਵੀ ਜੀ ਨੇ ਵੀ ਯਾਤਰਾ 'ਤੇ ਨਾਲ ਜਾਣ ਦੀ ਇੱਛਾ ਪ੍ਰਗਟ ਕੀਤੀ। ਇਨ੍ਹਾਂ ਕਿਹਾ ਕਿ ਅਜੇ ਦਾਤੂ ਬਹੁਤ ਛੋਟਾ ਹੈ ਅਗਲੀ ਵਾਰੀ ਜ਼ਰੂਰ ਨਾਲ ਲੈ ਜਾਣਗੇ:

ਮਾਤਾ ਖੀਵੀ ਕਹਿਆ ਅਸਾਨੂੰ ਲੈ ਚਲੋ ਨਾਲਿ।<br>
ਲਹਣੇ ਜੀ ਕਹਿਆ ਦਾਤੂ ਜੀ ਇਆਨੇ ਹੈਨ ਬਾਲਿ।<br>
ਦੂਜੀ ਵਾਰ ਤੁਸਾਂ ਨੂੰ ਲੈ ਜਾਵਾਂਗੇ।ਕਰ ਭਾੜਾ ਸਭਨਾਂ ਨੂੰ ਦਰਸਨੁ ਕਰਾਵਾਂਗੇ।੨੦॥

ਸੰਗ ਨਾਲ ਚਲਦੇ ਹੋਏ ਬਟਾਲਾ-ਕਲਾਨੌਰ ਲੰਘ ੫੩ ਮੀਲ ਦਾ ਸਫ਼ਰ ਕਰ ਕੇ ਕਰਤਾਰਪੁਰ ਸਾਹਿਬ ਆਣ ਪਹੁੰਚੇ। ਸਾਥੀਆਂ ਨੂੰ ਨਗਰ ਦੇ ਨੇੜੇ ਬਾਹਰ ਹੀ ਇਹ ਕਹਿ ਕੇ ਡੇਰਾ ਕਰਵਾ ਦਿੱਤਾ ਕਿ ਤੁਸੀਂ ਇਥੇ ਠਹਿਰੋ, ਅਸੀਂ ਬਾਬਾ ਜੀ ਦੇ ਦਰਸ਼ਨ ਕਰ ਕੇ ਆਉਂਦੇ ਹਾਂ।

ਜਦੋਂ ਘੋੜੇ 'ਤੇ ਸਵਾਰ ਹੋਏ ਧਰਮਸਾਲਾ ਦੇ ਨੇੜੇ ਪਹੁੰਚੇ ਤਾਂ ਅੱਗੇ ਖਲੋਤੇ ਇਕ ਬਜ਼ੁਰਗ ਨੂੰ ਗੁਰੂ-ਬਾਬਾ ਜੀ ਨੂੰ ਮਿਲਣ ਦਾ ਰਾਹ ਪੁੱਛਿਆ ਤਾਂ ਉਸ ਕਹਿਆ, 'ਮੇਰੇ ਪਿੱਛੇ-ਪਿੱਛੇ ਚਲੇ ਆਵਹੁ'। ਇਉਂ ਕਹਿੰਦੇ ਉਹ ਅਗੇ ਤੁਰ ਪਿਆ ਅਰ ਸ੍ਰੀ ਲਹਿਣਾ ਜੀ ਘੋੜੇ 'ਤੇ ਸਵਾਰ ਪਿੱਛੇ। ਥੋੜੀ ਦੂਰ ਜਾ ਕੇ ਉਸ ਬਜ਼ੁਰਗ ਨੇ ਇਸ਼ਾਰਾ ਕੀਤਾ ਕਿ ਘੋੜਾ ਕਿੱਲੇ ਨਾਲ ਬੰਨ ਕੇ ਧਰਮਸਾਲ ਅੰਦਰ ਆ ਕੇ ਮਿਲ ਲਵੋ। ਆਪ ਜੀ ਨੇ ਘੋੜੇ ਨੂੰ ਕਿੱਲੇ ਨਾਲ ਬੱਧਾ, ਮੂੰਹ-ਹੱਥ ਧੋਤਾ ਅਰ ਜੋੜਾ ਉਤਾਰ ਕੇ ਧਰਮਸਾਲਾ ਅੰਦਰ ਦਾਖ਼ਲ ਹੋ ਕੇ ਗੁਰੂ ਬਾਬਾ ਜੀ ਸਨਮੁਖ ਆ ਸੀਸ ਨਿਵਾਇਆ। ਜਾਂ ਸੀਸ ਉਠਾ ਕੇ ਸਨਮੁਖ ਹੋਏ ਤਾਂ ਕੀਹ ਵੇਖਦੇ ਹਨ ਕਿ ਇਹ ਤਾਂ ਉਹੀ ਬਜ਼ੁਰਗ ਹੈਨ ਜੋ ਮੈਨੂੰ ਬਾਹਰ ਮਿਲੇ ਸਨ। ਅਜਿਹਾ ਜਾਣ -ਵੱਡੀ ਭੁੱਲ ਹੋ ਗਈ- ਮਹਿਸੂਸ ਕਰ ਰਹੇ ਸਨ ਜਦ ਸਤਿਗੁਰਾਂ ਪੁੱਛ ਹੀ ਲਿਆ,

'ਭਾਈ ਕਿਥੋਂ ਆਏ ਓ?'

'ਜੀ, ਖਡੂਰ ਤੋਂ'।

'ਕੀਹ ਨਾਂ ਹੈ ਆਪਣਾ?'

'ਜੀ, ਲਹਿਣਾ'। ਸੁਣਦਿਆਂ ਸਤਿਗੁਰੂ ਮੁਸਕਰਾ ਕੇ ਕਹਿਣ ਲੱਗੇ,

'ਭਾਈ! ਲਹਿਣੇਦਾਰ ਘੋੜੇ 'ਤੇ ਚੜ੍ਹ ਕੇ ਹੀ ਆਇਆ ਕਰਦੇ ਨੇ, ਅਸੀਂ ਦੇਣਦਾਰ ਜੁ ਹੋਏ, ਭਰਮ ਕਰਨ ਦੀ ਕੋਈ ਲੋੜ ਨਹੀਂ। ਬੈਠੋ ਸੰਗਤ ਵਿਚ, ਆਪਾਂ ਰਲ ਕੇ ਕਰਤਾਰ ਦੀ ਸਿਫ਼ਤ ਕਰੀਏ'। ਗੁਰੂ ਸਾਹਿਬ ਦੇ ਇੰਨਾ ਕਹਿਣ ਨਾਲ ਆਪ ਕੁਝ ਸ਼ਾਂਤ ਹੋ ਕੇ ਬੈਠ ਗਏ ਅਰ ਕੀਰਤਨ ਸੁਣਨ ਲੱਗੇ। ਥੋੜੇ ਸਮੇਂ ਬਾਦ ਹੀ ਰਬਾਬੀਆਂ ਨੇ ਗੁਰੂ ਬਾਬਾ ਜੀ ਦੀ ਅਗਵਾਈ ਵਿਚ 'ਸੋ ਦਰੁ' ਬਾਣੀ ਦਾ ਗਾਇਣ ਆਰੰਭਿਆ। ਸਹਿਜ ਵੈਰਾਗ ਨਾਲ ਗਾਏ ਜਾ ਰਹੇ ਸ਼ਬਦ ਦਾ ਰਸ ਮਾਣਦੇ ਹੋਏ ਅਰਥਾਂ ਨੂੰ ਜਿਉਂ ਜਿਉਂ ਲਹਿਣਾ ਜੀ ਸਮਝ ਰਹੇ ਸਨ, ਵਿਸਮਾਦ ਵਿਚ ਜਾ ਰਹੇ ਸਨ: ਐਸਾ ਕੌਣ ਹੈ ਜਿਸ ਦੇ ਦਰ 'ਤੇ ਪਵਣ, ਪਾਣੀ, ਬੈਸਤੰਰ, ਧਰਮਰਾਜਾ, ਆਪਣੇ ਰਾਜਾ ਇੰਦਰ ਦੇ ਸਮੇਤ ਕੁਲ ਦੇਵਤੇ ਅਰ ਦੇਵੀਆਂ ਆਦਿ ਖੜੇ ਵਡਿਆਈਆਂ ਗਾ ਰਹੇ ਹਨ? ਇਤਨੇ ਵਿਚ ਜਦੋਂ ਗੁਰਦੇਵ ਜੀ ਨੇ ਦੁਹਰਾਇਆ:

ਹੋਰ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ<br>
ਨ ਆਵਨਿ ਨਾਨਕੁ ਕਿਆ ਬੀਚਾਰੇ॥<br>
ਸੋਈ ਸੋਈ ਸਦਾ ਸਚੁ ਸਾਹਿਬੁ<br>
ਸਾਚਾ ਸਾਚੀ ਨਾਈ॥<br>
ਹੈ ਭੀ ਹੋਸੀ ਜਾਇ ਨ ਜਾਸੀ<br>
ਰਚਨਾ ਜਿਨਿ ਰਚਾਈ॥<br>
ਰੰਗੀ ਰੰਗੀ ਭਾਤੀ ਕਰਿ ਕਰਿ<br>
ਜਿਨਸੀ ਮਾਇਆ ਜਿਨਿ ਉਪਾਈ॥<br>
ਕਰਿ ਕਰਿ ਦੇਖੈ ਕੀਤਾ ਆਪਣਾ<br>
ਜਿਉ ਤਿਸ ਦੀ ਵਡਿਆਈ॥<br>
ਜੋ ਤਿਸੁ ਭਾਵੈ ਸੋਈ ਕਰਸੀ<br>
ਫਿਰਿ ਹੁਕਮੁ ਨ ਕਰਣਾ ਜਾਈ॥<br>
ਸੋ ਪਾਤਿਸਾਹੁ ਸਾਹਾ ਪਤਿਸਾਹਿਬੁ<br>
ਨਾਨਕ ਰਹਣੁ ਰਜਾਈ॥੧॥

ਗੁ.ਗ੍ਰ.ਸਾ. ਪੰਨਾ ੯

ਸ਼ਬਦ ਸੰਪੂਰਨ ਹੋਣ 'ਤੇ 'ਨਾਨਕ' ਪਦ ਆਉਣ ਕਾਰਨ ਲਹਿਣਾ ਜੀ ਸਮਝ ਚੁੱਕੇ ਸਨ ਕਿ ਇਹ ਪਾਵਨ ਸ਼ਬਦ ਵੀ ਇਨ੍ਹਾਂ ਦਾ ਹੀ ਬਣਾਇਆ ਹੋਇਆ ਹੈ। ਇਸ ਵਿਚਾਰ ਨੇ ਲਹਿਣਾ ਜੀ ਦੀ ਸੁਰਤਿ ਪੂਰੀ ਤਰਹ ਝੰਜੋੜੀ ਦਿੱਤੀ। ਬਾਬਾ ਜੀ ਕਹਿ ਰਹੇ ਹਨ ਕਿ ਮੇਰੀ ਪੂਜ ਦੇਵੀ -ਭਵਾਨੀ ਤੋਂ ਅੱਗੇ ਕੋਈ ਹੋਰ ਮਹਾਂਸ਼ਕਤੀ 'ਹੈ ਭੀ ਹੋਸੀ ਜਾਇ ਨ ਜਾਸੀ' ਵੀ ਹੈ ਜਿਸ ਪਾਸੇ ਮੇਰਾ ਕਦੀ ਧਿਆਨ ਨਹੀਂ ਗਿਆ? ਖ਼ੈਰ, ਦੀਵਾਨ ਦੀ ਸਮਾਪਤੀ ਉਪਰੰਤ ਸਾਰਿਆਂ ਨਾਲ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਰ ਆਰਾਮ ਸਥਾਨ 'ਤੇ ਚਲੇ ਗਏ ਅਰ ਵਿਚਾਰਾਂ ਵਿਚ ਪਏ ਹੀ ਜਲਦੀ ਸੌਂ ਗਏ ਕਿ ਚੱਲੋ ਅੰਮ੍ਰਿਤ ਵੇਲੇ ਦੀਵਾਨ ਜਿਸ ਬਾਰੇ ਭਾਈ ਜੋਧ ਦੱਸਦਾ ਸੀ, ਦੀ ਵੀ ਹਾਜ਼ਰੀ ਭਰਦੇ ਹਾਂ।

ਪ੍ਰਭਾਤੇ ਜਾਗ ਕੇ ਤਿਆਰ ਹੋ ਧਰਮਸਾਲਾ ਕੋਲ ਪਹੁੰਚੇ ਤਾਂ ਕੀਹ ਵੇਖਦੇ ਹਨ ਕਿ ਦੇਵੀ ਮਾਂ ਧਰਮਸਾਲਾ ਦੇ ਸਾਹਮਣੇ ਝਾੜੂ ਦੇ ਰਹੀ ਹੈ। ਬਹੁਤ ਹੈਰਾਨੀ ਨਾਲ ਕੋਲ ਆ ਕੇ ਜਦੋਂ ਪੁਛਿਆ,

'ਦੇਵੀ ਮਾਂ ਇਹ ਕੀਹ'?

'ਲਹਿਣਿਆ! ਇਸ ਵਿਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ, ਮੈਂ ਦੇਵੀ ਹਾਂ ਅਰ ਗੁਰੂ-ਬਾਬਾ ਨਿੰਰਕਾਰ ਸਰੂਪ। ਇਨ੍ਹਾਂ ਦੇ ਦਰ 'ਤੇ ਸੇਵਾ ਕਰ ਕੇ ਹੀ ਮੇਰੀਆਂ ਝੋਲੀਆਂ ਭਰਦੀਆਂ ਹਨ ਜੋ ਮੈਂ ਅਗੇ ਤੁਹਾਨੂੰ ਵਰਤਾਉਂਦੀ ਹਾਂ'।ਹੱਥ ਜੋੜ ਕੇ ਲਹਿਣਾ ਸੁਣ ਰਹੇ ਸਨ ਅਰ ਦੇਵੀ ਮਾਂ ਕਹਿ ਰਹੀ ਸੀ,

'ਚੰਗਾ ਹੋਇਆ ਤੁਸੀਂ ਇਥੇ ਪਹੁੰਚ ਗਏ ਹੋ।ਇਨ੍ਹਾਂ ਦੀ ਬਾਣੀ ਸੁਣ ਕੇ ਤੁਸੀਂ ਤਰ ਜਾਉ-ਗੇ ਅਰ ਹੋਰਨਾਂ ਨੂੰ ਵੀ ਤਾਰ ਸਕੋਗੇ'। ਹੁਣ ਹੱਥ ਪਸਾਰ ਕੇ ਕਹਿਣ ਲੱਗੇ,

ਸ਼ਬਦ ਸੰਪੂਰਨ ਹੋਣ 'ਤੇ 'ਨਾਨਕ' ਪਦ ਆਉਣ ਕਾਰਨ ਲਹਿਣਾ ਜੀ ਸਮਝ ਚੁੱਕੇ ਸਨ ਕਿ ਇਹ ਪਾਵਨ ਸ਼ਬਦ ਵੀ ਇਨ੍ਹਾਂ ਦਾ ਹੀ ਬਣਾਇਆ ਹੋਇਆ ਹੈ। ਇਸ ਵਿਚਾਰ ਨੇ ਲਹਿਣਾ ਜੀ ਦੀ ਸੁਰਤਿ ਪੂਰੀ ਤਰਹ ਝੰਜੋੜੀ ਦਿੱਤੀ। ਬਾਬਾ ਜੀ ਕਹਿ ਰਹੇ ਹਨ ਕਿ ਮੇਰੀ ਪੂਜ ਦੇਵੀ -ਭਵਾਨੀ ਤੋਂ ਅੱਗੇ ਕੋਈ ਹੋਰ ਮਹਾਂਸ਼ਕਤੀ 'ਹੈ ਭੀ ਹੋਸੀ ਜਾਇ ਨ ਜਾਸੀ' ਵੀ ਹੈ ਜਿਸ ਪਾਸੇ ਮੇਰਾ ਕਦੀ ਧਿਆਨ ਨਹੀਂ ਗਿਆ? ਖ਼ੈਰ, ਦੀਵਾਨ ਦੀ ਸਮਾਪਤੀ ਉਪਰੰਤ ਸਾਰਿਆਂ ਨਾਲ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਰ ਆਰਾਮ ਸਥਾਨ 'ਤੇ ਚਲੇ ਗਏ ਅਰ ਵਿਚਾਰਾਂ ਵਿਚ ਪਏ ਹੀ ਜਲਦੀ ਸੌਂ ਗਏ ਕਿ ਚੱਲੋ ਅੰਮ੍ਰਿਤ ਵੇਲੇ ਦੀਵਾਨ ਜਿਸ ਬਾਰੇ ਭਾਈ ਜੋਧ ਦੱਸਦਾ ਸੀ, ਦੀ ਵੀ ਹਾਜ਼ਰੀ ਭਰਦੇ ਹਾਂ।

'ਮਾਤਾ! ਮੇਰੇ 'ਤੇ ਫਿਰ ਇਹ ਕਿਰਪਾ ਕਰੋ ਕਿ ਆਹ ਝਾੜੂ ਹੁਣ ਆਪਣੇ ਇਸ ਸੇਵਕ ਨੂੰ ਦੇ ਦਿਉ, ਅੱਜ ਤੋਂ ਇਸ ਦਰ 'ਤੇ ਝਾੜੂ ਹੁਣ ਮੈਂ ਦਿਆ ਕਰਾਂਗਾ'। ਦੇਵੀ ਮਾਂ ਮੁਸਕਰਾਈ ਅਤੇ ਅਲੋਪ ਹੋ ਗਈ।

ੳ. ਪ੍ਰਾਤੇ ਸਾਥ ਭਇਆ ਤਯਾਰੁ।ਆਏ ਦਰਸਨ ਕੌ ਗੁਰ ਨਾਨਕ ਕੈ ਦਰਬਾਰ।੨੩॥<br>
ਲਹਣੇ ਕੋ ਤਹਾਂ ਦਰਸਨ ਦੇਵੀ ਕਾ ਭਇਆ।...(ਬੰਸਾਵਲੀ ਨਾਮਾ)

ਅ. ਤਬ ਦੇਵੀ ਮੁਖ ਬਚਨ ਪ੍ਰਕਾਸੀ। ਗੁਰ ਨਾਨਕ ਕੀ ਮੈਂ ਹੌ ਦਾਸੀ।<br>
ਜਿਹ ਦਰਸਨ ਚਾਲੇ ਸੋ ਮਮ ਇਹਾ ਬੁਹਾਰ।੧੪੮॥ ਗੁਰਬਿਲਾਸ ਪਾਤਸ਼ਾਹੀ ਛੇਵੀਂ

ੲ. ਉਸ ਔਰਤ ਨੂੰ ਭਾਈ ਲਹਿਣਾ ਜੀ ਨੇ ਪੁੱਛਿਆ ਕਿ ਤੂੰ ਕੌਣ ਹੈਂ? ਉਸ ਔਰਤ ਨੇ ਜੁਆਬ ਵਿਚ ਕਿਹਾ ਕਿ ਮੈਂ ਦੁਰਗਾ ਹਾਂ ਅਤੇ ਹਫ਼ਤੇ ਵਿਚ ਇਕ ਵਾਰ ਮੈਂ ਗੁਰੂ ਜੀ ਦੀ ਸੇਵਾ ਲਈ ਆਉਂਦੀ ਹਾਂ।ਮੈਕਾਲਿਫ਼, ਸਿਖ ਇਤਿਹ-ਾਸ ਪੰਨਾ ੧੯੯

ਸ. ਭਾਈ ਲਹਿਣਾ ਜੀ ਨੂੰ ਇਸ ਤਰ੍ਹਾਂ ਅਨੁਭਵ ਹੋਇਆ ਕਿ ਉਨ੍ਹਾਂ ਦੇ ਸਭ ਸ਼ੰਕੇ ਮਿਟ ਗਏ ਹਨ ਤੇ ਜਿਸ ਦੇਵੀ ਦਾ ਪੂਜਣ ਕਰਨ ਲਈ ਉਹ ਹਰ ਸਾਲ ਜਵਾਲਾ ਜੀ ਜਾਂਦੇ ਸਨ, ਉਹ ਗੁਰੂ ਜੀ ਦੇ ਦਰਬਾਰ ਵਿਚ ਸੇਵਾ ਕਰਦੀ ਹੈ।ਡਾ. ਕ੍ਰਿਪਾਲ ਸਿੰਘ, ਜਨਮਸਾਖੀ ਪਰੰਪਰਾ, ਪੰਨਾ ੧੪੫

### ਸੰਗ ਨੂੰ ਜੁਆਬ

ਇਸ ਹੈਰਾਨੀ ਭਰਪੂਰ ਕੌਤਕ ਉਪਰੰਤ ਜਦੋਂ ਦੀਵਾਨ ਵਿਚ ਪਹੁੰਚੇ ਤਾਂ ਗੁਰੂ ਪਾਤਸ਼ਾਹ ਪਹਿਲਾਂ ਹੀ ਆਪਣੇ ਆਸਣ 'ਤੇ ਬਿਰਾਜਮਾਨ ਵੇਖੇ। ਰਬਾਬੀ ਆਸਾ ਰਾਗ ਵਿਚ ਆਸਾ ਕੀ ਵਾਰ ਬਾਣੀ ਦਾ ਇਲਾਹੀ ਕੀਰਤਨ ਕਰ ਰਹੇ ਸਨ, ਸੰਗਤਾਂ ਜੁੜੀਆਂ ਹੋਈਆਂ ਸਨ। ਇਸ ਆਭਾਮੰਡਲ ਵਿਚ ਸ੍ਰੀ ਲਹਿਣਾ ਜੀ ਵੀ ਮੰਤ੍ਰ-ਮੁਗਧ ਹੋ ਗਏ। ਜਦੋਂ ੨੧ਵੀਂ ਪਉੜੀ 'ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ'॥ ਰਬਾਬੀਆਂ ਗਾਇਣ ਕੀਤੀ ਤਾਂ ਰੰਗ ਵਿਚ ਨਾਲ-ਨਾਲ ਇਹ ਵੀ ਗਾਇਣ ਕਰਨ ਲੱਗ ਪਏ। ਭੋਗ ਪੈਣ 'ਤੇ ਜਦੋਂ ਬਾਹਰ ਨਿਕਲੇ ਤਾਂ ਲਹਿਣਾ ਜੀ ਦਾ ਅੰਦਰਲਾ ਹੁਣ ਬਦਲ ਚੁੱਕਾ ਸੀ। ਇੰਨੇ ਨੂੰ ਸਾਥੀ ਵੀ ਲੱਭਦੇ ਹੋਏ ਆਣ ਪਹੁੰਚੇ।

ਚਲਦਾ.....



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**569. ਦੁਬਾਰਾ ਮਰਨਾ ਕਿੱਦਾਂ ਨਹੀਂ ਹੁੰਦਾ?**

ਜਿਹੜਾ ਗੁਰੂ ਦੇ ਸ਼ਬਦ ਦੀ ਚੋਟ ਨਾਲ਼ ਮਰ ਜਾਂਦਾ ਹੈ (ਭਾਵ ਜੋ ਆਪਣੀ ਹਉਮੈ ਮਾਰ ਲੈਂਦਾ ਹੈ), ਉਹ ਫਿਰ ਦੁਬਾਰਾ ਨਹੀਂ ਮਰਦਾ। ਇਸ ਤਰ੍ਹਾਂ ਮਰੇ ਤੋਂ ਬਿਨਾ ਪੂਰਨਤਾ ਕਿੱਦਾਂ ਪ੍ਰਾਪਤ ਕਰ ਸਕਦਾ ਹੈ? ਭਾਵ ਨਹੀਂ ਕਰ ਸਕਦਾ । "ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥ ਅੰਗ 153"। ਮਨ ਦੇ ਇਸ ਤਰ੍ਹਾਂ ਮਰਨ ਨੂੰ ਮੰਨਣ ਕਰਕੇ ਜਨਮ ਪਦਾਰਥ ਜਿੱਤਿਆ ਜਾਂਦਾ ਹੈ । ਆਪ ਮਰਨ ਨਾਲ (ਭਾਵ ਆਪਾ ਭਾਵ ਖਤਮ ਕਰਨ ਨਾਲ਼) ਮਨੁੱਖੀ ਮਨ ਬ੍ਰਹਮੰਡੀ (ਪਰਮੇਸ਼ਰ ਦੇ) ਮਨ ਨੂੰ ਜਾਣ ਲੈਂਦਾ ਹੈ । ਜਦੋਂ ਆਪਣੇ ਅੰਦਰ ਦ੍ਰਿਸ਼ਟੀ ਪਈ ਤਾਂ (ਸਰੀਰ) ਘਰ ਅੰਦਰੋਂ ਹੀ ਆਪਣੇ (ਹਿਰਦੇ) ਘਰ ਨੂੰ ਪਛਾਣ ਲੈਂਦਾ ਹੈ । "ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥2॥ ਅੰਗ 153"। ਲੇਕਿਨ ਇਹ ਕਿਰਪਾ ਗੁਰੂ ਦੁਆਰਾ ਹੀ ਹੁੰਦੀ ਹੈ! ਗੁਰੂ ਦੇ ਮਿਲਾਪ ਸਦਕਾ ਮਨੁੱਖ ਪ੍ਰਭੂ ਚਰਨਾਂ ਵਿਚ ਲੀਨ ਹੋ ਜਾਂਦਾ ਹੈ । ਗੁਰੂ ਨੇ ਕਿਰਪਾ ਕਰਕੇ ਜੀਵ ਦੇ ਸਰੀਰ ਘਰ ਅੰਦਰ ਹੀ ਪ੍ਰਭੂ ਦਾ ਮਹਿਲ ਦਿਖਾ ਦਿੱਤਾ । ਹੇ ਨਾਨਕ! (ਗੁਰੂ ਨੇ) ਹਉਮੈ ਮਾਰ ਕੇ ਜੀਵ ਨੂੰ ਪ੍ਰਭੂ ਨਾਲ਼ ਮਿਲਾ ਦਿੱਤਾ । "ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥4॥9॥ ਅੰਗ 153"। ਅਤੇ ਮਨ ਦੇ ਮੰਨਣ ਨਾਲ਼ (ਮਨ) ਅੰਮ੍ਰਿਤ ਨਾਮ ਰੂਪੀ ਰਸ ਪੀਂਦਾ ਹੈ । "ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥1॥ ਰਹਾਉ॥ ਅੰਗ 153"।

**570. ਕੀ ਜੀਵ ਮੌਤ ਲਿਖਾ ਕੇ ਸੰਸਾਰ ਤੇ ਆਉਂਦਾ ਹੈ?**

ਸਾਰੇ ਜੀਵ ਮੌਤ ਲਿਖਾ ਕੇ ਜੰਮਦੇ ਹਨ; ਇਥੇ ਸਰੀਰਕ ਤੌਰ ਤੇ ਕਿਸੇ ਨੇ ਸਦਾ ਟਿਕੇ ਨਹੀਂ ਰਹਿਣਾ । ਲੇਕਿਨ ਪ੍ਰਭੂ ਦਾ ਨਾਮ ਜਪ ਜਪ ਕੇ, ਪ੍ਰਭੂ ਦੀ ਸ਼ਰਨ ਵਿਚ ਰਹਿ ਕੇ ਸਦੀਵੀ ਆਤਮਿਕ ਜੀਵਨ ਮਿਲ ਜਾਂਦਾ ਹੈ।1।ਰਹਾਉ। "ਮਰਣੁ ਲਿਖਾਇ ਆਏ ਨਹੀ ਰਹਣਾ ॥ ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥1॥ ਰਹਾਉ ॥ ਅੰਗ 153"। "ਮਰਣੁ ਲਿਖਾਇ ਮੰਡਲ ਮਹਿ ਆਏ ॥ ਅੰਗ 685 ਅਤੇ 1022"। ਹੇ ਮਾਈ! ਜੀਵ ਜਗਤ ਵਿਚ ਮੌਤ ਮੱਥੇ ਤੇ ਲਿਖਾ ਕੇ ਆਉਂਦੇ ਹਨ; ਪਰ ਇਥੇ (ਸਦਾ) ਜਿਉਂਦੇ ਰਹਿਣ ਦਾ ਬਾਨ੍ਹਣੂ ਬੰਨ੍ਹਦੇ ਹਨ । ਸਾਡੇ ਦੇਖਦਿਆਂ ਦੇਖਦਿਆਂ ਹੀ ਅਨੇਕਾਂ ਜੀਵ (ਇਥੋਂ) ਤੁਰੇ ਜਾ ਰਹੇ ਹਨ, (ਮੌਤ ਦੀ) ਬਲਦੀ ਅੱਗ ਨਜ਼ਦੀਕ ਆ ਰਹੀ ਹੈ । "ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ॥3॥ ਅੰਗ 876"।

**571. ਕੀ ਕੋਈ ਐਸਾ ਹੈ ਜੋ ਦੁਬਿਧਾ ਮਾਰ ਦੇਵੇ? ਦੁਬਿਧਾ ਮਾਰਨ ਦੇ ਕੀ ਫਲ ਮਿਲਦੇ ਹਨ?**

ਹਉਮੈ 'ਚੋਂ ਮਾਇਆ ਮੋਹ ਪੈਦਾ ਹੁੰਦਾ ਹੈ ਤੇ ਮਾਇਆ ਮੋਹ ਦੁਬਿਧਾ ਨੂੰ ਜਨਮ ਦਿੰਦਾ ਹੈ। ਪ੍ਰਭੂ ਨੇ ਮੋਹਨੀ ਮਾਇਆ ਬਣਾਈ ਹੈ ਜੋ ਕਿ ਜੀਵਾਂ ਨੂੰ ਆਪਣੇ ਵਲ ਖਿੱਚਦੀ ਹੈ । ਜਦੋਂ ਜੀਵ ਪ੍ਰਭੂ ਮਿਲਾਪ ਲਈ ਪ੍ਰਭੂ ਵਲ ਧਿਆਨ ਲਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਮਾਇਆ ਦੀ ਖਿੱਚ ਇਸ ਕੰਮ 'ਚ ਵਿਘਨ ਪਾਉਂਦੀ ਹੈ । ਪ੍ਰਭੂ ਮਾਰਗ ਤੇ ਚੱਲਣਾ ਤੇ ਮਾਇਆ (ਮੋਹ) ਦੀ ਖਿੱਚ ਦੀ ਕਸ਼ਮਕਸ਼ ਦੁਬਿਧਾ ਹੈ। ਦੁਬਿਧਾ ਬੰਦੇ 'ਚ ਮੇਰ ਤੇਰ ਦੀ ਭਾਵਨਾ ਪੈਦਾ ਕਰਦੀ ਹੈ । ਅਜੇਹਾ ਕੋਈ ਵਿਰਲਾ ਮਨੁੱਖ ਹੈ, ਜੇਹੜਾ ਆਪਣੇ ਅੰਦਰੋਂ ਦੁਬਿਧਾ (ਮੇਰ-ਤੇਰ) ਨੂੰ ਮਾਰ ਮੁਕਾਉਂਦਾ ਹੈ । ਜੇਹੜਾ ਇਸ ਨੂੰ ਮਾਰ ਲੈਂਦਾ ਹੈ, ਉਹ ਗ੍ਰਿਹਸਤ ਵਿਚ ਰਹਿੰਦਾ ਹੋਇਆ ਹੀ ਪਰਮਾਤਮਾ ਨਾਲ ਜੁੜਨ ਦੀ ਕਾਰ ਕਮਾਉਂਦਾ ਹੈ ।1।ਰਹਾਉ। "ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥1॥ ਰਹਾਉ ॥ ਅੰਗ 237"।

ਜੇਹੜਾ ਮਨੁੱਖ ਦੁਬਿਧਾ ਨੂੰ ਮਾਰ ਲੈਂਦਾ ਹੈ, ਉਹੀ ਸੂਰਮਾ ਹੈ । ਉਹੀ ਪੂਰਨ ਪੁਰਸ਼ (ਕਮੀਆਂ/ਅਵਗੁਣਾਂ ਰਹਿਤ) ਹੈ । ਜੇਹੜਾ ਮਨੁੱਖ ਇਸ ਦੁਬਿਧਾ ਨੂੰ ਮਾਰ ਲੈਂਦਾ ਹੈ, ਉਸ ਨੂੰ (ਹਰ ਥਾਂ) ਆਦਰ ਮਿਲਦਾ ਹੈ । ਉਸ ਮਨੁੱਖ ਦਾ ਜਨਮ ਮਰਨ ਦਾ ਦੁੱਖ ਦੂਰ ਹੋ ਜਾਂਦਾ ਹੈ । "ਜੋ ਇਸੁ ਮਾਰੇ ਸੋਈ ਸੂਰਾ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥1॥ ਅੰਗ 237"। ਜੇਹੜਾ ਮਨੁੱਖ ਇਸ ਦੁਬਿਧਾ ਨੂੰ ਮਾਰ ਮੁਕਾਉਂਦਾ ਹੈ, ਉਸ ਨੂੰ ਕੋਈ ਡਰ ਪੋਹ ਨਹੀਂ ਸਕਦਾ, ਉਹ ਪਰਮਾਤਮਾ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ, ਉਸ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ ਤੇ ਉਹ ਪਰਮਾਤਮਾ ਦੀ ਦਰਗਾਹ ਵਿਚ ਕਾਮਯਾਬ ਹੋ ਜਾਂਦਾ ਹੈ । "ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥2॥ ਅੰਗ 237"।


ਜੇਹੜਾ ਮਨੁੱਖ ਦੁਬਿਧਾ ਨੂੰ ਮਿਟਾ ਲੈਂਦਾ ਹੈ, ਉਹ ਧਨਵਾਨ ਹੁੰਦਾ ਹੈ, ਉਹ ਇੱਜ਼ਤ ਵਾਲ਼ਾ ਹੋ ਜਾਂਦਾ ਹੈ, ਉਹੀ ਅਸਲ ਜਤੀ (ਇੰਦਰੀਆਂ ਤੇ ਨਿਯੰਤਰਨ ਕਰਨ ਵਾਲ਼ਾ) ਹੈ ਅਤੇ ਉਸ ਨੂੰ ਉੱਚੀ ਆਤਮਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ । "ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥ ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥3॥ ਅੰਗ 237"। ਜੇਹੜਾ ਮਨੁੱਖ ਦੁਬਿਧਾ ਨੂੰ ਮਿਟਾ ਲੈਂਦਾ ਹੈ, ਉਸ ਦਾ ਜਗਤ ਵਿਚ ਆਉਣਾ ਸਫਲ ਹੋ ਜਾਂਦਾ ਹੈ, ਉਹ ਨਿਹਚਲ (ਸਦਾ ਥਿਰ) ਨਾਮ ਧਨ ਦਾ ਮਾਲਕ ਹੁੰਦਾ ਹੈ,

ਬਾਕੀ ਅਗਲੇ ਹਫ਼ਤੇ ਪੜ੍ਹੋ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ। ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਉਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk



# ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

## PUNJABI FOLK SINGERS, DANCERS AND MUSICIANS

# URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:


FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv
Closing date for applications: 11 October 2024

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



# ਕੋਸੀ ਧੁੱਪ ਦਾ ਨਿੱਘ




**ਮੋਟਰ ਸਾਈਕਲ ਉਸ ਨੇ ਗੇਟ ਦੇ ਇੱਕ ਪਾਸੇ ਖੜ੍ਹਾ ਕੀਤਾ ਅਤੇ ਇੱਕ ਲਲਕਾਰਾ ਮਾਰ ਦਿੱਤਾ, "ਓਏ ਬਾਹਰ ਨਿਕਲ਼ੋ ਓਏ ਵੱਡਿਓ ਬਦਮਾਸ਼ੋ...! ਅੱਜ ਸਰਦਾਰ ਬੱਗਾ ਸਿਉਂ ਆਪਣੀ ਮੰਗ ਵਿਆਹੁੰਣ ਆਇਐ...!" ਉਸ ਨੇ ਲੋਹੇ ਦੇ ਗੇਟ ਵਿੱਚ ਕਈ ਧੱਕੇ ਮਾਰ ਕੇ ਦੋ ਠੁੱਡ ਵੀ ਮਾਰ ਦਿੱਤੇ। ਕੋਠੀ ਦੇ ਸਾਹਮਣੇ ਦੂਜੀ ਕੋਠੀ ਵਿੱਚ ਰਹਿੰਦਾ ਕਿਰਾਏਦਾਰ ਹੈਰਾਨ ਜਿਹਾ ਹੋ ਗਿਆ ਅਤੇ ਉਸ ਨੇ ਆਪਣਾ ਫ਼ੋਨ ਚੁੱਕ ਕੇ ਮੂਵੀ ਬਣਾਉਣੀ ਸ਼ੁਰੂ ਕਰ ਦਿੱਤੀ। ਬੱਗਾ ਲਲਕਾਰਿਆਂ ਦੇ ਨਾਲ਼-ਨਾਲ਼ ਗੇਟ ਉਪਰ ਧੱਫ਼ੇ ਅਤੇ ਠੁੱਡ ਵੀ ਮਾਰੀ ਜਾ ਰਿਹਾ ਸੀ। ਗੁਆਂਢੀ ਆਪਣੇ ਫ਼ੋਨ ਉਪਰ ਬੱਗੇ ਦੀਆਂ ਕਰਤੂਤਾਂ ਦੀ ਮੂਵੀ ਬਣਾ ਰਿਹਾ ਸੀ। ਜਦ ਅੰਦਰ ਜੋਤੀ ਨੂੰ ਸ਼ਰਾਬੀ ਬੱਗੇ ਦੀ ਅਵਾਜ਼ ਸੁਣੀ ਤਾਂ ਉਸ ਦਾ ਕਾਲ਼ਜਾ ਕੰਬ ਗਿਆ। ਰੌਲ਼ਾ ਜਿਹਾ ਸੁਣ ਕੇ ਉਸ ਦੇ ਤਿੰਨ ਭਰਾ ਵੀ ਭਮੱਤਰੇ ਜਿਹੇ ਝਾਕ ਰਹੇ ਸਨ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤ-68

### ਕਾਂਡ 27

-"ਤੂੰ ਆਬਦੇ ਘਰਦਿਆਂ ਨਾਲ਼ ਆਪਣੇ ਵਿਆਹ ਦੀ ਗੱਲ ਕਰ, ਮਖਿਆ ਸਿਹਰੇ ਬੰਨ੍ਹ ਕੇ ਆਉਣ ਦਾ ਜੁਗਾੜ ਕਰੀਏ...!" ਉਹ ਦਾਰੂ ਪੀ ਕੇ ਮਿਰਜ਼ਾ ਬਣਿਆਂ ਬੈਠਾ ਸੀ।

-"ਗੱਲ ਸੁਣ...! ਤੈਨੂੰ ਕਿਹੈ ਨ੍ਹਾਂ..? ਬਈ ਜਿੰਨਾਂ ਚਿਰ ਤੂੰ ਆਬਦੇ ਪੈਰਾਂ 'ਤੇ ਨੀ ਖੜ੍ਹਾ ਹੁੰਦਾ, ਮੈਂ ਤੇਰੇ ਨਾਲ਼ ਕੋਈ ਵਿਆਹ-ਵੂਹ ਨੀ ਕਰਵਾਉਣਾ, ਨਾ ਈ ਮੇਰੇ ਘਰਦਿਆਂ ਨੇ ਮੰਨਣੈ...! ਤੇਰੇ ਅਰਗੇ ਭੁੱਖੇ ਨੰਗੇ ਨਾਲ਼ ਥੋੜ੍ਹੋ ਤੋਰ ਦੇਣਗੇ ਅਗਲੇ...? ਮੈਨੂੰ ਖੁਆਵੇਂਗਾ ਕੀ, ਸੱਤਾਂ ਚੁੱਲ੍ਹਿਆਂ ਦੀ ਸੁਆਹ...?"

-"ਤੂੰ ਆਬਦੇ ਬੁੜ੍ਹੇ ਤੋਂ ਲੈ ਕੇ ਆਈਂ ਆਬਦੇ ਖਾਣ ਆਸਤੇ...! ਬਥੇਰਾ ਪੈਸਾ ਲੁੱਟਿਐ ਓਹਨੇ ਮਿਲਟਰੀ 'ਚੋਂ...!" ਦਾਰੂ ਦੇ ਨਸ਼ੇ ਵਿੱਚ ਬੱਗਾ ਅਜੀਬ ਭਾਖਿਆ ਦੇਈ ਜਾ ਰਿਹਾ ਸੀ।

-"ਮੈਂ ਪੰਜੀ ਨੀ ਮੰਗਣੀ ਕਿਸੇ ਤੋਂ...! ਤੂੰ ਤਾਂ ਹੁਣੇ ਨੰਗਾਂ ਵਾਲ਼ੀਆਂ ਗੱਲਾਂ ਕਰੀ ਜਾਨੈਂ, ਵਿਆਹ ਮਗਰੋਂ ਕੀ ਕਰੇਂਗਾ...? ਵਿਆਹ ਤੋਂ ਬਾਅਦ ਤਾਂ ਮੇਰਾ ਜਿਉਣਾ ਈ ਹਰਾਮ ਕਰੇਂਗਾ...!" ਉਹ ਅੱਕ ਕੇ ਘਰ ਜਾਣ ਲਈ ਬੱਸ ਸਟੈਂਡ ਨੂੰ ਤੁਰ ਪਈ। ਬੱਗਾ ਭੂਸਰੇ ਸਾਹਣ ਵਾਂਗ ਉਠ ਕੇ ਖੜ੍ਹਾ ਹੋ ਗਿਆ।

-"ਮੇਰੇ ਤੋਂ ਪਿੱਛਾ ਛੁਡਾਉਣ ਦੀ ਨਾ ਸੋਚੀਂ...! ਵਢਾਂਗੇ ਹੋਣਗੇ, ਵਢਾਂਗੇ...! ਮੈਂ ਤਾਂ ਲਹੂ ਦੇ ਖਾਲ਼ ਵਗਾ-ਦੂੰ...!" ਉਸ ਨੇ ਸ਼ਰਾਬੀਆਂ ਵਾਲ਼ਾ ਲਲਕਾਰਾ ਜਿਹਾ ਮਾਰਿਆ। ਜੋਤੀ ਕੰਨ ਲਪੇਟ ਕੇ ਪਾਰਕ 'ਚੋਂ ਬਾਹਰ ਨਿਕਲ਼ ਗਈ। ਉਸ ਨੂੰ ਬੁਰੀ ਤਰ੍ਹਾਂ ਮਹਿਸੂਸ ਹੋ ਗਿਆ ਸੀ ਕਿ ਸ਼ਰਾਬੀ ਬੱਗਾ ਹੁਣ ਇੱਥੇ ਖੜ੍ਹੇ ਲੋਕਾਂ ਵਿੱਚ ਇੱਜ਼ਤ ਦੀ ਲੋਈ ਦੇ ਲੰਗਾਰ ਕਰੇਗਾ।

ਜੋਤੀ ਕੰਨਾਂ 'ਤੇ ਹੱਥ ਰੱਖ ਕੇ ਬਾਹਰ ਆ ਗਈ ਅਤੇ ਭੂਸਰਿਆ ਬੱਗਾ ਮੁੜ ਠੇਕੇ ਨੂੰ ਰੇਵੀਏ ਪੈ ਗਿਆ।

ਸੰਤਰਾ ਦੀ ਇੱਕ ਬੋਤਲ ਉਸ ਨੇ ਹੋਰ ਖਰੀਦ ਲਈ ਅਤੇ ਅਹਾਤੇ ਵਿੱਚ ਵੜ ਗਿਆ।

-"ਇਹ ਸਾਲ਼ੀ ਸਮਝਦੀ ਕੀ ਐ ਆਬਦੇ ਆਪ ਨੂੰ...?" ਸੰਤਰੇ ਦੀ ਬੋਤਲ ਉਸ ਦੇ ਅੱਗੇ ਬਾਰੂਦ ਬਣਦੀ ਜਾ ਰਹੀ ਸੀ।

-"ਅਖੇ ਮੈਂ ਤਿੰਨ ਭਰਾਵਾਂ ਦੀ 'ਕੱਲੀ-'ਕੱਲੀ ਲਾਡਲੀ ਭੈਣ...! ਅਖੇ ਪਿਉ ਮੇਰਾ ਕਰਨਲ...! ਓਏ ਮੇਰੇ ਕੋਲ਼ੇ ਢਾਈ ਹਜ਼ਾਰ ਤੋਂ ਉਪਰ ਫ਼ੇਸਬੁੱਕੀ ਮਿੱਤਰ ਐ...! ਮੈਂ ਤਾਂ ਪਾਸ-ਦੂੰ ਜੜਾਕੇ...! ਵਗਾਦੂੰਗਾ ਲਹੂ ਦੇ ਦਰਿਆ...!" ਉਸ ਨੇ ਅਹਾਤੇ ਵਿੱਚ ਖੜ੍ਹ ਕੇ ਲਲਕਾਰਾ ਮਾਰ ਕੇ ਬੱਕਰਾ ਬੁਲਾਇਆ। ਅਹਾਤੇ ਵਿੱਚ ਪੀਂਦੇ ਲੋਕ ਉਸ ਵੱਲ ਝਾਕੇ। ਪਰ ਚੁੱਪ ਕਰ ਕੇ ਖਾਣ ਪੀਣ ਲੱਗ ਪਏ। ਅਹਾਤੇ ਵਾਲ਼ੇ ਇਸ ਗੱਲ ਦੇ ਆਦੀ ਸਨ। ਦਾਰੂ ਪੀ ਕੇ ਲੋਕ ਆਮ ਹੀ ਧੂਤਕੜਾ ਪਾਉਣ ਲੱਗ ਜਾਂਦੇ ਸਨ। ਦਾਰੂ ਪੀਣ ਵਾਲ਼ੇ ਲੋਕਾਂ ਦਾ ਇਹ ਆਮ ਵਰਤਾਰਾ ਸੀ।

ਅਜੇ ਦਿਨ ਢਲ਼ਿਆ ਹੀ ਸੀ ਕਿ ਬੱਗਾ ਮੋਟਰ ਸਾਈਕਲ ਚੁੱਕ ਜੋਤੀ ਦੇ ਪਿੰਡ ਵੱਲ ਨੂੰ ਤੁਰ ਪਿਆ। ਅੱਜ ਉਹ ਬੁਰੀ 'ਤੇ ਆਇਆ ਹੋਇਆ ਸੀ। ਜੋਤੀ ਦੇ ਪੈਸਿਆਂ ਦੀ ਪੀ ਕੇ ਉਹ ਜੋਤੀ ਦੇ ਘਰਦਿਆਂ ਉਪਰ ਹੀ 'ਖੇੜਨ' ਤੇ ਉਤਾਰੂ ਹੋਇਆ ਪਿਆ ਸੀ। ਜੋਤੀ ਦੇ ਪਿੰਡ ਦੀ ਜੂਹ 'ਚ ਆ ਕੇ ਉਸ ਨੇ ਇੱਕ ਕਰੜਾ ਪੈੱਗ ਲਾਇਆ ਅਤੇ ਫ਼ੋਨ ਕੱਢ ਕੇ ਫ਼ੇਸਬੁੱਕ 'ਤੇ "ਲਾਈਵ" ਹੋ ਗਿਆ।

-"ਲਓ ਬਈ ਫ਼ੇਸਬੁੱਕ ਫ਼ਰਿੰਡਸ..! ਕੌਣ-ਕੌਣ ਦੇਖ ਰਿਹੈ ਲਾਈਵ...? ਆਜੋ, ਜੁੜੋ ਸਾਰੇ ਭਰਾ..!" ਜਦ ਉਸ ਨੇ ਬੇਥ੍ਹਵਾ ਸੁਆਲ ਸੁੱਟਿਆ ਤਾਂ ਦਸ-ਪੰਦਰਾਂ "ਜਾਹਲ੍ਹੀ ਜਿਹੇ ਮਿੱਤਰ" ਉਸ ਨਾਲ਼ ਆ ਜੁੜੇ।

-"ਲਓ ਬਈ ਮੇਰੇ ਜਿਗਰੀ ਯਾਰੋ...! ਅੱਜ ਥੋਡਾ ਵੀਰ ਆਪਣੀ ਮੰਗ ਵਿਆਹੁੰਣ ਚੱਲਿਐ, ਮੰਗ ਛੱਡਣੀ ਮਰਦਾਂ ਨੂੰ ਮਿਹਣਾਂ...! ਤੁਸੀਂ ਮੇਰੇ ਨਾਲ਼ ਓਂ ਮੇਰੇ ਵੀਰੋ...?" ਉਹ "ਲਾਈਵ" ਹੋਇਆ ਬਰੜਾਹਟ ਕਰੀ ਜਾ ਰਿਹਾ ਸੀ। ਨਾਲ਼ ਦੀ ਨਾਲ਼ ਹੀ "ਯੈੱਸ ਬਰੋ", "ਸਿਰ ਤੋਂ ਪੈਰਾਂ ਤੱਕ ਤੇਰੇ ਨਾਲ਼", "ਲਵ ਯੂ ਬਰੋ", "ਚੱਕ ਦੇ ਫੱਟੇ ਬਰੋ", "ਸਾਡਾ ਬੱਬਰ ਸ਼ੇਰ ਬਰੋ" ਵਰਗੇ "ਫੂਕ ਦਿਓ" ਅਤੇ "ਮਰਵਾਊ" ਮੈਸਿਜ਼ ਆਉਣ ਲੱਗ ਪਏ।

-"ਮਿੱਤਰੋ, ਮੈਂ ਸਹੁਰਿਆਂ ਦੇ ਪਿੰਡ ਦੀ ਜੂਹ ਵਿੱਚ ਪਹੁੰਚ ਗਿਆ, ਇਸ ਪਿੰਡ ਵਿੱਚ ਮੇਰੇ ਦਿਲ ਦੀ ਰਾਣੀ, ਮੇਰੀ ਰੂਹ ਦੀ ਹਾਣੀ, ਮੇਰੀ ਜਿੰਦ ਜਾਨ ਵਸਦੀ ਐ, ਕਿਹੜਾ-ਕਿਹੜਾ ਮਿੱਤਰ ਮੇਰੇ ਨਾਲ਼ ਆ ਰਿਹੈ..? ਮੇਰੇ ਸਹੁਰਿਆਂ ਦਾ ਘਰ ਪਿੰਡ ਦੇ ਬਾਹਰ-ਬਾਹਰ ਪਾਣੀ ਦੀ ਟੈਂਕੀ ਕੋਲ਼ ਐ, ਵੱਡੇ-ਵੱਡੇ ਗੇਟ ਐ...! ਦੱਸੋ ਕੌਣ-ਕੌਣ ਆ ਰਿਹੈ ਮਿੱਤਰੋ...?" ਉਸ ਨੇ ਜਦ ਫ਼ੇਰ ਸੁਆਲ ਦਾਗਿਆ ਤਾਂ ਫ਼ੇਰ ਸੁਨੇਹੇਂ ਆਉਣ ਲੱਗ ਪਏ, "ਆਏ ਲੈ ਬਰੋ", "ਕਾਇਮ ਹੋ ਬਰੋ", "ਚੱਕ ਦਿਆਂਗੇ ਬਾਰ 'ਚੋਂ ਰੂੜੀ ਬਰੋ", "ਅਸੀਂ ਆਏ ਸਮਝ ਬਰੋ", "ਪਾਰਟੀ ਤਿਆਰ ਰੱਖੀਂ ਬਰੋ" ਵਰਗੇ ਸੁਨੇਹਿਆਂ ਦੀ ਝੜ੍ਹੀ ਲੱਗ ਗਈ।

-"ਆਜੋ-ਆਜੋ ਭੱਜ ਕੇ ਮਿੱਤਰ ਬੇਲੀਓ, ਅੱਜ ਥੋਡੇ ਵੀਰ ਨੇ ਸੁਹਾਗ ਰਾਤ ਮਨਾਉਣੀ ਐਂ...! ਮੈਂ ਚੱਲਿਆ, ਤੁਸੀਂ ਆ ਜਾਓ ਮਗਰ...!" ਜਦ ਉਸ ਨੇ ਆਖਰੀ ਸੁਨੇਹਾਂ ਦਿੱਤਾ ਤਾਂ "ਆਏ ਲੈ ਬਰੋ", "ਕਾਇਮ ਰਹੀਂ ਸਾਡੇ ਆਉਣ ਤੱਕ" ਵਰਗੇ ਸੁਨੇਹਿਆਂ ਨੇ ਉਸ ਨੂੰ ਖੰਭ ਲਾ ਦਿੱਤੇ ਅਤੇ ਉਹ ਇੱਕ ਕਰੜਾ ਪੈੱਗ ਹੋਰ ਅੰਦਰ ਸੁੱਟ ਕੇ ਜੋਤੀ ਦੇ ਘਰ ਦੇ ਗੇਟ ਅੱਗੇ ਆ ਗਿਆ।

ਮੋਟਰ ਸਾਈਕਲ ਉਸ ਨੇ ਗੇਟ ਦੇ ਇੱਕ ਪਾਸੇ ਖੜ੍ਹਾ ਕੀਤਾ ਅਤੇ ਇੱਕ ਲਲਕਾਰਾ ਮਾਰ ਦਿੱਤਾ, "ਓਏ ਬਾਹਰ ਨਿਕਲ਼ੋ ਓਏ ਵੱਡਿਓ ਬਦਮਾਸ਼ੋ...! ਅੱਜ ਸਰਦਾਰ ਬੱਗਾ ਸਿਉਂ ਆਪਣੀ ਮੰਗ ਵਿਆਹੁੰਣ ਆਇਐ...!" ਉਸ ਨੇ ਲੋਹੇ ਦੇ ਗੇਟ ਵਿੱਚ ਕਈ ਧੱਕੇ ਮਾਰ ਕੇ ਦੋ ਠੁੱਡ ਵੀ ਮਾਰ ਦਿੱਤੇ। ਕੋਠੀ ਦੇ ਸਾਹਮਣੇ ਦੂਜੀ ਕੋਠੀ ਵਿੱਚ ਰਹਿੰਦਾ ਕਿਰਾਏਦਾਰ ਹੈਰਾਨ ਜਿਹਾ ਹੋ ਗਿਆ ਅਤੇ ਉਸ ਨੇ ਆਪਣਾ ਫ਼ੋਨ ਚੁੱਕ ਕੇ ਮੂਵੀ ਬਣਾਉਣੀ ਸ਼ੁਰੂ ਕਰ ਦਿੱਤੀ। ਬੱਗਾ ਲਲਕਾਰਿਆਂ ਦੇ ਨਾਲ਼-ਨਾਲ਼ ਗੇਟ ਉਪਰ ਧੱਫ਼ੇ ਅਤੇ ਠੁੱਡ ਵੀ ਮਾਰੀ ਜਾ ਰਿਹਾ ਸੀ। ਗੁਆਂਢੀ ਆਪਣੇ ਫ਼ੋਨ ਉਪਰ ਬੱਗੇ ਦੀਆਂ ਕਰਤੂਤਾਂ ਦੀ ਮੂਵੀ ਬਣਾ ਰਿਹਾ ਸੀ।

ਜਦ ਅੰਦਰ ਜੋਤੀ ਨੂੰ ਸ਼ਰਾਬੀ ਬੱਗੇ ਦੀ ਅਵਾਜ਼ ਸੁਣੀ ਤਾਂ ਉਸ ਦਾ ਕਾਲ਼ਜਾ ਕੰਬ ਗਿਆ। ਰੌਲ਼ਾ ਜਿਹਾ ਸੁਣ ਕੇ ਉਸ ਦੇ ਤਿੰਨ ਭਰਾ ਵੀ ਭਮੱਤਰੇ ਜਿਹੇ ਝਾਕ ਰਹੇ ਸਨ।

-"ਆਹ ਕੌਣ ਬਕਵਾਸ ਕਰੀ ਜਾਂਦੈ...?" ਜੋਤੀ ਦੇ ਬਾਪ ਨੇ ਅਖ਼ਬਾਰ ਪਾਸੇ ਰੱਖ ਕੇ ਹੈਰਾਨੀ ਅਤੇ ਗੁੱਸੇ ਨਾਲ਼ ਪੁੱਛਿਆ। ਸਾਰੀ ਜ਼ਿੰਦਗੀ ਉਸ ਨੇ ਕਿਸੇ ਤੋਂ "ਓਏ" ਨਹੀਂ ਅਖਵਾਈ ਸੀ ਅਤੇ ਨਾ ਖ਼ੁਦ ਹੀ ਕਿਸੇ 'ਤੇ ਕੋਈ ਵਾਧਾ ਜਾਂ ਧੱਕਾ ਕੀਤਾ ਸੀ। ਉਹ ਸਲੀਕੇ ਅਤੇ ਆਦਰਸ਼ ਨਾਲ਼ ਆਪਣੀ ਜ਼ਿੰਦਗੀ ਜੀਵਿਆ ਸੀ। ਅਨੁਸਾਸ਼ਨ ਅਤੇ ਅਸੂਲ ਉਸ ਦੀ ਜ਼ਿੰਦਗੀ ਦੇ ਅੰਗ ਸੰਗ ਰਹੇ ਸਨ। ਅਣਖ਼ ਅਤੇ ਇੱਜ਼ਤ ਉਸ ਨੇ ਸਾਰੀ ਜ਼ਿੰਦਗੀ ਬਰਕਰਾਰ ਰੱਖੀ ਸੀ।

ਜੋਤੀ ਦੇ ਸਾਹ ਸੰਘੀ ਵਿੱਚ ਹੀ ਅੜੇ ਹੋਏ ਸਨ। ਸਿਆਣੇ ਐਵੇਂ ਨਹੀਂ ਕਹਿ ਗਏ ਕਿ ਮੂਰਖ ਨਾਲ਼ ਦੋਸਤੀ ਵੀ ਮਾੜੀ, ਤੇ ਦੁਸ਼ਮਣੀ ਵੀ! ਇਹ ਹਰਾਮਜ਼ਾਦਾ ਤਾਂ ਸਿੱਧਾ ਹੀ ਘਰ ਆ ਵੱਜਿਆ...! ਜਿਸ ਨੂੰ ਵਡਿਆਉਣ ਲਈ ਮੈਂ "ਮੇਰਾ ਰਾਂਝਣ ਮਾਹੀ ਮੱਕਾ" ਦਾ ਖ਼ਿਤਾਬ ਦੇਈ ਰੱਖਦੀ ਸੀ, ਉਹ ਤਾਂ ਸਿਰੇ ਦਾ ਬੇਵਕੂਫ਼ ਅਤੇ ਉਜੱਡ ਨਿਕਲ਼ਿਆ। ਜੋਤੀ ਨੂੰ ਕਦਾਚਿੱਤ ਉਮੀਦ ਨਹੀਂ ਸੀ ਕਿ ਬੱਗਾ ਇਉਂ ਉਖੜੀ ਕੁਹਾੜ੍ਹੀ ਵਾਂਗ ਸਿੱਧਾ ਮੱਥੇ ਵਿੱਚ ਆ ਵੱਜੇਗਾ..? ਅੱਜ ਉਸ ਨੂੰ ਬੱਗੇ ਦੀ ਦੋਸਤੀ ਉਪਰ ਪਛਤਾਵਾ ਹੋਇਆ ਸੀ।

ਨਸ਼ੇ ਨਾਲ਼ ਧੁੱਤ ਬੱਗਾ ਕੋਠੀ ਦੇ ਗੇਟ ਅੱਗੇ ਬੇਹੂਦਾ ਊਲ-ਜਲੂਲ ਬੋਲੀ ਜਾ ਰਿਹਾ ਸੀ। ਜੋਤੀ ਦਾ ਵੱਡਾ ਭਰਾ ਗੇਟ ਖੋਲ੍ਹ ਕੇ ਬਾਹਰ ਨਿਕਲ਼ਿਆ ਤਾਂ ਸਤਮਾਂਹੇਂ ਜਿਹੇ ਬੱਗੇ ਨੂੰ ਦੇਖ ਕੇ ਦੰਗ ਰਹਿ ਗਿਆ।

-"ਤੂੰ ਕੌਣ ਐਂ ਓਏ...? ਤੇ ਆਹ ਕੀ ਬਕਵਾਸ ਕਰੀ ਜਾਨੈਂ....?" ਜੋਤੀ ਦਾ ਨੌਂ ਗਜਾ ਭਰਾ ਜਬਰਜੰਗ ਸਿੰਘ ਬੱਗੇ ਦੇ ਸਾਹਮਣੇ ਖੜ੍ਹਾ ਪੁੱਛ ਰਿਹਾ ਸੀ। ਊਠ ਵਰਗੇ ਜਬਰਜੰਗ ਨੂੰ ਦੇਖ ਕੇ ਇੱਕ ਵਾਰ ਤਾਂ ਬੱਗਾ ਦਹਿਲ ਗਿਆ, ਪਰ ਨਸ਼ੇ ਕਾਰਨ ਉਸ ਨੇ ਆਪਣੀ ਬੜ੍ਹਕ ਨਾ ਛੱਡੀ। ਉਹ ਕੁੱਤੇ ਵਾਂਗ ਪੈਰਾਂ ਹੇਠੋਂ ਮਿੱਟੀ ਕੱਢੀ ਜਾ ਰਿਹਾ ਸੀ।

-"ਮੈਂ ਆਪਦੀ ਮਾਸੂਕ ਨੂੰ ਲੈਣ ਆਇਐਂ...! ਜੋਤੀ ਮੇਰੀ ਮਾਸੂਕ ਐ, ਮੇਰੀ ਜਿੰਦ ਜਾਨ...! ਜੇ ਭਲੀ ਪਤ ਨਾਲ਼ ਤੋਰ ਦਿਓਂਗੇ, ਤਾਂ ਵਾਹ ਭਲੀ, ਨਹੀਂ ਮੈਨੂੰ ਧੱਕਾ ਕਰਨਾ ਵੀ ਆਉਂਦੈ...! ਅਸੀਂ ਚੱਕ ਕੇ ਲੈ ਜਾਨੇ ਹੁੰਨੇ ਆਂ..!" ਉਸ ਨੇ ਅੱਗਾ ਪਿੱਛਾ ਜਿਹਾ ਦੇਖ ਕੇ ਕਿਹਾ। ਉਸ ਦੇ ਦਿਲ ਵਿੱਚ ਸੀ ਕਿ ਉਸ ਦੇ "ਫ਼ੇਸਬੁੱਕੀਏ ਯਾਰ" ਉਸ ਪਿੱਛੇ ਕੰਧ ਬਣ ਕੇ ਆ ਖੜ੍ਹਨਗੇ, ਪਰ ਮਗਰ ਤਾਂ ਕੋਈ ਵੀ ਨਹੀਂ ਸੀ। ਉਹ ਤਾਂ ਲੰਡੇ ਦਾ ਲੰਡਾ ਹੀ ਖੜ੍ਹਾ ਸੀ। ਪਿਛਲਾ ਮੈਦਾਨ ਖਾਲੀ ਦੇਖ ਕੇ ਇੱਕ ਵਾਰ ਤਾਂ ਬੱਗੇ ਦੇ ਥੰਮ੍ਹ ਹਿੱਲ ਗਏ। ਉਹ ਤਾਂ ਸੋਚ ਰਿਹਾ ਸੀ ਕਿ ਉਸ ਦੇ ਫ਼ੇਸਬੁੱਕੀਏ ਮਿੱਤਰ ਉਸ ਮਗਰ ਢਾਲ਼ ਬਣ ਕੇ ਆ ਖੜ੍ਹਨਗੇ, ਅਤੇ ਘਮਸਾਨ ਦਾ ਯੁੱਧ ਛੇੜਨ ਲਈ ਹਥਿਆਰ ਲੈ ਕੇ ਤਿਆਰ-ਬਰ-ਤਿਆਰ ਖੜ੍ਹੇ ਹੋਣਗੇ, ਪਰ ਉਸ ਦੇ ਮਗਰ ਤਾਂ ਇੱਕ ਵੀ ਨਹੀਂ ਬਹੁੜਿਆ ਸੀ...!

-"ਨੌਜਵਾਨ...! ਅਗਰ ਭਲੀ ਚਾਹੁੰਦਾ ਹੈਂ ਤਾਂ ਚੁੱਪ ਚਾਪ ਵਾਪਸ ਚਲਿਆ ਜਾਹ, ਨਹੀਂ ਤੇਰਾ ਹਸ਼ਰ ਬੁਰਾ ਹੋਵੇਗਾ...!" ਜੋਤੀ ਦਾ ਸਮਝਦਾਰ ਬਾਪ ਵੀ ਗੇਟ 'ਤੇ ਆ ਗਿਆ ਸੀ। ਉਸ ਦੇ ਮਗਰ ਉਸ ਦੇ ਦੂਜੇ ਦੋ ਬੇਟੇ ਫ਼ੌਲ਼ਾਦੀ ਢਾਲ਼ ਬਣੇ ਖੜ੍ਹੇ ਸਨ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

TAIL PIECE

Dalip Singh Wasan, Advocate
Email: dalipsinghwassan@yahoo.co.in

### DISQUALIFIED MLA SHALL NOT GET PENSION-HIMACHAL PRADESH ASSEMBLY PASSES A BILL

There is a news that Himachal Pradesh Legislative Assembly has passed a Bill under which it has been provided that disqualifed MlAs shall not get pension. Very good news and a very good decison. All MPs and MLAs arePublic Servants and are governed under Conduct Rules. Time has come when we should initiate disciplinary proceedings against them when they are found having committed a misconduct. On decision proper punishments must be provided. Elected people too get pay, allowances and pension like other public servants and government servants, therefore, there must a duty chart for each category and people found not discharging their duties, must be ousted immediately and should not remain burden on Public Exchequer. And such disqualified people should not be allowed to enter in elections contests too. Once disqualified should remain disqualifed for eaver unless punishment is withdrawn on appeal, revision or on mercy petition. Even decisions of Courts shall wave punishment.

People elected are public servangts of special type of public servants and actually they are representatives of the people of the area from where they are elected and if during tenure they are not performing duties of public servant means as Representatives of the people in the House, such silence must be considered as a misconduct and they must get punishment of disqualification for ever. Keeping them as public servants is burden on Public and on public Excdhequer.

### ALL POSTS OF TEACHERS SHALL BE FILLED WITHOUT ANY DELAY-ANNOUNCEMENT OF CM MAAN

Sardar Bhagwant Singh Maan, Chief Minister of Punjab has assured that all vacant posts of teachers in government schools shall be filled up soon and no post shall remain without a teacher. Very good announcement, because when we keep post of a teacher student community suffers and they have none to whom they could complain. Keeping posts of teachers vacant is like a sin. There had been time when the Headmasters and Principals were authorised to fill up the post immediately through local Employment Exchange. Even leave vacancies were filled up without any delay. When agency of Employment Exchanges is available in the country and candidates are available with them, why Head Masters and Principals are not authorised to fill up posts of teachers without any delay. The candidates who had been appointed, often get regularisation in service after one or two years. Government recores can be seen on this subject.

Government has established schools colleges and even training institutions and there is no time requiring bulk recruitment. Recruitment through other agtencies is over and one or two posts must be filled through the agency of Employment Exchage. This practice can be utilised for filling posts in other departments too. The Employment Exchanges are established under the Act and work as per prescribed rules and regulations and this agency must be allowed to continue because candidates registered there must get opportunity of employment too.

The Chief Minister of Punjab could regularise services of temporary employees and has provided them regular pay and allowances and for that all these categories are thankful to him. This system of equal work equal wages, as ordained in our Constitution must be floowed by all authorities. Even other states too must ensure that teaching wings are provided with competent people and keeping vacant posts of teachers must be taken as sin.

If services of Employment Exchanges are used, there shall be no need of Subordinate Services Selections Board because now there is no occasion of bulk recruitment. Rarely some jobs are declared vacant because of retirements.

### PEOPLE OF PAK OCCUPIED INDIA SHALL DECIDE TO COME OVER INDIA-DEFENCE MINISTER

Raj Nath Singh, Defence Minister of India suggested the people living in Pakistan Occupied Part of India to decide and say that they are Indians. Article 370 is no more in Constitution of India and our Home Minister Amit Shah has declared that no power on earth can bring back this Article in our Constitution. Otherwise too, this Article was just an historic item and not part of our Constitution because Maharaja of Kashmir Hari Singh had merged his state with India and had started reeiving Privy Purse from Government of India. And durijhg his life he had never talked against his decision. All other states who had merged their states with India are now part of India and hence Kashmir state too had been part of India. The term POK must be changed as POINDI and therefore, the people living in this small part too are people of India and they are at liberty to join India. They are not their as free citizens but are slaves and want liberty too. To liberate our people India has got a right to come here and bring liberty for the citizens through a Blue Star Operation. It operation shall not be war against Pakistan.

Pakistan civil government wants dialogue with India and our Defence Minister has suggested that Pakistan must stop sending terrorists to India. Thousands of terroriests had been killed here and till date Pakistan does not admit that it had been their activity. None of the terrorists belonged to India. Pakistan could not have such a number of young people and most of the terrorists had been purchased by Pakistan and such news had been there in news papers. If India and Pakistan meet at a dialogue in the near future, they must decide the fate of people living in occupied area and Pakistan itself must hand over chage of Occupied area itself. And time is there when both India and Pakistan sign a pact like one between India and Bangla Desh so that people of both the countries which were one must be one trying development on all sides. The present warlike situations caused much losses to both the countries.

### PROPER EDUCATION TO ALL IN INDIA CAN UNITE US AS ONE NATION-A STATEMENT

We could be proud of people like Verma jee who could planunity and integrity of India. People of India are divided indifferent religions, castes, economic groups, poor and rich, educatedand illiterates and so on and it is on record that the British hadadopted the principle of Divide and Rule and could rule here for acentury. When we got independence and this democracy, our first effort should have been to bring unity and integrity in India. And forachieving this standard, we should have adopted these five basic rules like Proper Health, Proper Education, Proper Training, Proper Jobs andProper income to all. For bringing equality in India these five are most necessary because this broken society would not allow to establish here the concept of equality. none of us must feel inferiorand none shoule be proud of superior. If we ahead, we shall find that till date all our efforts had been running on the same lines which the British had adopted and now there are Minorority Commission,Commissions for Scheduled Castes, Back war Classes and the like andstill bridging question of religions, cstes could not be carried out.We are still on the wy.

Time has come when we shall have to establish a permanent Commission for solving these problems of differences in our society. Till society is not one, all problems for breaking unity shall continue working. When we know how these gaps in these groups had been created, wemust plan to unite the nation. Till we unite and become a jointnation, these gaps in different groups would not allow us to go ahead and join the development nations. Broken society is dangerous for anation like India. Time has come when we shall have to stop writing names of religions, castes and other groups as separate units musts top immediately and because these quotations shall never allow ournation to become one.

### PARLIAMENT ELECTIONS-2024 CONVERTED INDIA INTO TWO-CONTESTING GROUPS-A GOOD SIGN

The British handed over charge of India and Pakistan in hands of political groups and because of this beginning, we noted number of political parties had been growing. The politicians were taking birth and most of them who could not get admission properly in existing groups, started political parties of their own. And because of this unhealthy growth, no party could give to the people its main targets. The people had been facing difficulty for choosing candidates fortheir areas because most of the candidates were just nominees of contesting groups.

Continue on page 35

# ਅਜ਼ਾਦੀ ਸੰਗਰਾਮ ਦੀ ਚਸ਼ਮਦੀਦ ਗਵਾਹ ਮਾਤਾ ਸੁਰਜੀਤ ਕੌਰ

**ਬਰਸੀ 'ਤੇ ਵਿਸ਼ੇਸ਼**

ਡਾ. ਚਰਨਜੀਤ ਸਿੰਘ ਗੁਮਟਾਲਾ
0019375739812 (ਅਮਰੀਕਾ)
ਵਟਸਐਪ 919417533060



ਮਾਤਾ ਸੁਰਜੀਤ ਕੌਰ ਸੁਪਤਨੀ ਵੀਰ ਸਿੰਘ ਵੀਰ, ਪ੍ਰਸਿੱਧ ਪੰਜਾਬੀ ਕਵੀ ਅਤੇ ਸੁਤੰਤਰਤਾ ਸੈਨਾਨੀ ਦਾ ਜਨਮ ਲਾਹੌਰ ਦੇ ਨਵਾਂ ਧਰਮਪੁਰਾ ਗਲੀ ਨੰ : 3, ਗੁਰਦੁਆਰਾ ਸਿੰਘ ਸਭਾ ਪਾਕਿਸਤਾਨ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਜੱਸਾ ਸਿੰਘ ਤੇ ਦਾ ਨਾਂ ਸ੍ਰੀ ਮਤੀ ਰਾਜ ਕੌਰ ਸੀ। ਆਪ ਛੋਟੀ ਉਮਰ ਦੇ ਸਨ ਜਦ ਆਪ ਦੇ ਮਾਤਾ ਅਕਾਲ ਚਲਾਣਾ ਕਰ ਗਏ। ਆਪ ਦਾ ਵਿਆਹ ਸੰਨ 1942 ਈ. ਵਿੱਚ ਅੰਮ੍ਰਿਤਸਰ ਦੇ ਨਾਮਵਰ ਕਵੀ ਸ. ਵੀਰ ਸਿੰਘ ਵੀਰ ਜੀ ਨਾਲ ਹੋਇਆ ਜੋ ਕਿ ਉਸ ਸਮੇਂ ਦੇ ਮਸ਼ਹੂਰ ਆਜ਼ਾਦੀ ਘੁਲਾਟੀਏ ਸੋਹਣ ਸਿੰਘ ਜਲਾਲਉਸਮਾ, ਮੋਹਨ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ, ਈਸ਼ਰ ਸਿੰਘ ਮਝੈਲ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਪ੍ਰਤਾਪ ਸਿੰਘ ਕੈਰੋਂ, ਗਿਆਨੀ ਜ਼ੈਲ ਸਿੰਘ ਜੋ ਮੁੱਖ ਮੰਤਰੀ ਪੰਜਾਬ ਤੇ ਬਾਦ ਵਿਚ ਰਾਸ਼ਟਰਪਤੀ ਬਣੇ, ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਦਿਆਲ ਸਿੰਘ ਢਿੱਲੋਂ ਸਪੀਕਰ ਲੋਕ ਸਭਾ ਦੇ ਬਹੁਤ ਨਿਕਟਵਰਤੀ ਸਾਥੀ ਸਨ ਤੇ ਇਨ੍ਹਾਂ ਨਾਲ ਹੀ ਵੀਰ ਸਿੰਘ ਹਰ ਮੋਰਚੇ 'ਤੇ ਰਹਿੰਦੇ ਸਨ। ਆਜ਼ਾਦੀ ਦੀ ਲਹਿਰ ਜ਼ੋਰਾਂ 'ਤੇ ਸੀ ਤੇ ਮਹਾਤਮਾ ਗਾਂਧੀ ਵਲੋਂ ਅੰਗਰੇਜ਼ ਭਾਰਤ ਛੱਡ ਦਾ ਅੰਦੋਲਨ ਸਿਖਰ 'ਤੇ ਸੀ। ਮਾਤਾ ਸੁਰਜੀਤ ਕੌਰ ਦੇ ਵਿਆਹ ਵਾਲੇ ਦਿਨ ਸ਼ਾਮ ਨੂੰ ਵੀਰ ਸਿੰਘ ਵੀਰ ਨੂੰ ਘਰੋਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਵੀਰ ਸਿੰਘ ਵੀਰ ਉਸ ਸਮੇਂ ਸੋਹਣ ਸਿੰਘ ਜਲਾਲਉਸਮਾ, ਦਰਸ਼ਨ ਸਿੰਘ ਫੇਰੂਮਾਨ, ਮੋਹਣ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ ਹੋਰਾਂ ਨਾਲ ਮਹਾਤਮਾ ਗਾਂਧੀ ਵੱਲੋਂ ਲਾਏ ਮੋਰਚੇ ਵਿੱਚ ਸ਼ਾਮਿਲ ਸਨ। ਬੀਬੀ ਸੁਰਜੀਤ ਕੌਰ ਉਸੇ ਸ਼ਾਮ ਨੂੰ ਵੀਰ ਸਿੰਘ ਦੀ ਰੋਟੀ ਜੇਲ੍ਹ ਵਿੱਚ ਦੇਣ ਗਏ। ਜਿਥੇ ਕਿ ਅੰਗਰੇਜ਼ੀ ਹਕੂਮਤ ਨੇ ਬੀਬੀ ਸੁਰਜੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਤੇ ਜੇਲ੍ਹ ਹੋ ਗਈ। ਉਸ ਤੋਂ ਬਾਅਦ ਬੀਬੀ ਸੁਰਜੀਤ



ਕੌਰ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਉਹ ਆਪਣੇ ਪੇਕੇ ਘਰ ਲਾਹੌਰ ਚਲੇ ਗਏ। ਕੁਝ ਦਿਨਾਂ ਬਾਅਦ ਹੀ 1947 ਵਿੱਚ ਦੇਸ਼ ਦੀ ਵੰਡ ਉਹ ਪੇਕੇ ਪਰਿਵਾਰ ਨਾਲੋਂ ਵਿਛੜ ਗਏ ਤੇ ਬਹੁਤ ਹੀ ਮੁਸ਼ਕਿਲਾਂ ਨਾਲ ਡਾ. ਮਨਮੋਹਨ ਸਿੰਘ ਜੋ ਕਿ ਬਾਦ ਵਿਚ ਪ੍ਰਧਾਨ ਮੰਤਰੀ ਬਣੇ ਦੀ ਮਾਤਾ ਕ੍ਰਿਸ਼ਨ ਕੌਰ ਨਾਲ ਅੰਮ੍ਰਿਤਸਰ ਵਿਖੇ ਪਹੁੰਚੇ। ਇਥੇ ਖਾਲਸਾ ਕਾਲਜ ਦੇ ਕੈਂਪ ਵਿੱਚ ਰਹੇ ਅਤੇ ਕੁਝ ਦਿਨਾਂ ਬਾਅਦ ਆਪਣੇ ਸਹੁਰੇ ਘਰ ਪਹੁੰਚੇ।

ਜਿਸ ਸਮੇਂ ਦੇਸ਼ ਆਜ਼ਾਦ ਹੋਇਆ ਤਾਂ ਆਪਣੇ ਪਤੀ ਵੀਰ ਸਿੰਘ ਨਾਲ ਬੇਹੱਦ ਗਰੀਬੀ ਭਰੇ ਦਿਨ ਦੇਖੇ। ਮਿਹਨਤ ਮਜ਼ਦੂਰੀ ਕਰਕੇ ਆਪਣੇ ਪਤੀ ਦਾ ਸਾਥ ਦਿੱਤਾ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵੀ ਗੁਆਂਢ ਰਹਿਣ ਲੱਗ ਪਏ। ਉਹ ਵੀਰ ਸਿੰਘ ਦੀਆਂ ਦੇਸ਼ ਪ੍ਰਤੀ ਸੇਵਾਵਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਸੁਰਜੀਤ ਕੌਰ ਨੂੰ ਆਪਣੀ ਧੀ ਬਣਾ ਲਿਆ। ਸੁਰਜੀਤ ਕੌਰ ਉਨ੍ਹਾਂ ਦੇ ਗ੍ਰਹਿ ਵਿਖੇ ਲੰਗਰ ਦੀ ਸੇਵਾ ਕਰਦੇ ਅਤੇ ਕਈ ਕਾਂਗਰਸੀ ਲੀਡਰ ਉਥੇ ਬਾਬਾ ਗੁਰਦਿੱਤ ਸਿੰਘ ਨੂੰ ਮਿਲਣ ਲਈ ਪਹੁੰਚਦੇ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀਰ ਸਿੰਘ ਵੀਰ ਨੂੰ ਗੁਰਦੁਆਰਾ ਸਾਹਿਬ ਸਾਰਾਗੜ੍ਹੀ, ਅੰਮ੍ਰਿਤਸਰ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਵਜੋਂ ਨਿਯੁਕਤ ਕੀਤਾ। ਬਾਅਦ ਵਿੱਚ ਪ੍ਰਤਾਪ ਸਿੰਘ ਕੈਰੋਂ ਜਦੋਂ ਮੁੱਖ ਮੰਤਰੀ, ਪੰਜਾਬ ਬਣੇ ਤਾਂ ਉਨ੍ਹਾਂ ਵੀਰ ਸਿੰਘ ਨੂੰ ਲੋਕ ਸੰਪਰਕ ਵਿਭਾਗ ਦੇ ਵਿੱਚ ਨੌਕਰੀ ਦੇ ਦਿੱਤੀ। ਗਿਆਨੀ ਜ਼ੈਲ ਸਿੰਘ ਨਾਲ ਬਹੁਤ ਹੀ ਨਿੱਘਾ ਰਿਸ਼ਤਾ ਸੀ।

ਇਥੇ ਇਹ ਕਹਿਣਾ ਜ਼ਰੂਰੀ ਹੈ ਕਿ ਡਾ. ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਦੀ ਮਾਤਾ ਕਿਸ਼ਨ ਕੌਰ ਜੋ ਕਿ ਇਨ੍ਹਾਂ ਦੇ ਘਰ ਲਾਗੇ ਰਹਿੰਦੇ ਸਨ ਤੇ ਮਾਤਾ ਸੁਰਜੀਤ ਕੌਰ ਵਿੱਚ ਭੈਣਾਂ ਵਰਗਾ ਪਿਆਰ ਸੀ। ਗੁਰਦਿਆਲ ਸਿੰਘ ਢਿੱਲੋਂ ਜਦੋਂ ਕੈਨੇਡਾ ਦੇ ਰਾਜਦੂਤ ਬਣੇ ਤਾਂ ਉਹਨਾਂ ਨੇ ਵੀਰ ਸਿੰਘ ਨੂੰ ਪਰਿਵਾਰ ਸਮੇਤ ਕੈਨੇਡਾ ਵਿੱਚ ਰਹਿਣ ਦਾ ਸੱਦਾ ਦਿੱਤਾ। ਪਰ ਇਸ ਜੋੜੀ ਨੇ ਕੈਨੇਡਾ ਨਾਲੋਂ ਅੰਮ੍ਰਿਤਸਰ ਨੂੰ ਪਹਿਲ ਦਿੱਤੀ।

ਆਪ 14 ਸਤੰਬਰ 2023 ਨੂੰ108 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਇਕ ਬੇਟਾ , ਇਕ ਬੇਟੀ ਤੇ ਦੋ ਪੋਤਰੇ ਛੱਡ ਗਏ ਹਨ ਬੇਟਾ ਅਮਰਜੀਤ ਸਿੰਘ ਭਾਟੀਆ 1982 ਤੋਂ ਸਪਤਾਹਿਕ ਪੱਤਰ ਦਲੇਰ ਖ਼ਾਲਸਾ ਕੱਢ ਰਹੇ ਹਨ ਵੱਡਾ ਪੋਤਰਾ ਮਨਪ੍ਰੀਤ ਸਿੰਘ ਮਾਸਿਕ ਪਰਚਾ ਅਣਖ਼ੀ ਜੋਧਾ 2009 ਤੋਂ ਕੱਢ ਰਹੇ ਹਨ। ਛੋਟਾ ਪੋਤਰਾ ਸਰਬਜੀਤ ਸਿੰਘ ਅੰਮ੍ਰਿਤਸਰ ਸਹਿਕਾਰੀ ਬੈਂਕ ਵਿਚ ਕਲਰਕ ਹੈ। ਇਸ ਤਰ੍ਹਾਂ ਜਿੱਥੇ ਆਪ ਦੇ ਪਤੀ ਦੇਸ਼ ਭਗਤ ਤੇ ਪ੍ਰਸਿੱਧ ਸਟੇਜੀ ਕਵੀ ਸਨ ਉੱਥੇ ਆਪਦਾ ਬੇਟਾ ਤੇ ਪੋਤਰਾ ਪੰਜਾਬੀ ਸਾਹਿਤ ਦੀ ਸੇਵਾ ਕਰਕੇ ਨਾਮਣਾ ਖੱਟ ਰਹੇ ਹਨ।

# ਤਬੀਤ ਕਰਾਮਾਤੀ ਕਿ ਜੁਗਤਿ ?

ਇਕ ਪ੍ਰਵਾਰ ਵਿਚ ਨੂੰਹ ਵਲੋਂ ਆਪਣੀ ਲੜਾਕੀ ਸੱਸ ਦੇ ਮੋਹਰੇ ਬੋਲਣ ਨਾਲ਼ ਗ੍ਰਹਿ-ਯੁੱਧ ਏਨਾ ਵੱਧ ਗਿਆ ਕਿ ਟੱਬਰ ਵਿੱਚੋਂ ਸਹਿਜ ਸ਼ਾਂਤੀ ਖੰਭ ਲਾ ਕੇ ਉਡ ਗਏ ! ਇਕ ਦਿਨ ਕਲ਼ੇਸ ਏਨਾ ਵਧ ਗਿਆ ਕਿ ਨੂੰਹ ਰੁੱਸ ਕੇ ਆਪਣੇ ਪੇਕੇ ਚਲੀ ਗਈ ਜੋ ਸਨ ਸਿਰੇ ਦੇ ਵਹਿਮੀਂ ਅਤੇ ਅੰਧਵਿਸ਼ਵਾਸ਼ੀ ! ਆਪਣੀ ਧੀ ਦਾ ਘਰ ਮੁੜ ਵਸਾਉਣ ਲਈ ਕਿਸੇ ਸਿਆਣਪ ਭਰੇ ਯਤਨਾਂ ਦੀ ਥਾਂਹ ਉਹ ਤੁਰ ਪਏ ਚੇਲੇ ਬਾਬਿਆਂ ਦੇ ਘਰੀਂ ਗੇੜੇ ਮਾਰਨ। ਕਿਸੇ ਆਪਣੇ ਵਰਗੇ ਪੁੱਠੀ ਮੱਤ ਵਾਲ਼ੇ ਗੁਆਂਢੀ ਦੀ ਸਿਫਾਰਸ਼ 'ਤੇ ਉਹ ਇਕ 'ਚੇਲੇ' ਕੋਲ਼ ਚਲੇ ਗਏ ਜਿਹਦੇ ਬਾਰੇ ਮਸ਼ਹੂਰ ਸੀ ਕਿ ਉਹਦਾ ਬਣਾਇਆ ਹੋਇਆ ਤਬੀਤ 'ਪੂਰਾ ਕੰਮ' ਕਰਦਾ ਐ !



ਉਸ ਚੇਲੇ ਨੇ ਕੁੜੀ ਨੂੰ ਕੋਲ਼ ਬਹਾ ਕੇ ਸਾਰੀ ਗੱਲ ਸੁਣੀ। ਉਸਨੇ ਇਕ ਤਬੀਤ ਬਣਾ ਕੇ ਕੁੜੀ ਨੂੰ ਫੜਾਉਂਦਿਆਂ ਤਾਈਦ ਕੀਤੀ ਕਿ ਕੱਲ੍ਹ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਇਸ਼ਨਾਨ ਕਰਕੇ ਜਿਹੜੀ ਕਮੀਜ ਪਹਿਨੇ ਗੀ ਉਸਦੀ ਜੇਬ੍ਹ ਵਿਚ ਇਹ ਤਬੀਤ ਪਾ ਲਈਂ ਤੇ ਉਸੇ ਵਕਤ ਪੇਕੇ ਪਿੰਡ ਦੀ ਜੂਹ 'ਚੋਂ ਬਾਹਰ ਹੋ ਜਾਵੀਂ ! ਘੱਟ ਤੋਂ ਘੱਟ ਛੇ ਮਹੀਨੇ ਪੇਕਾ ਪਿੰਡ ਦੇ ਵਸੀਮੇਂ 'ਚ ਪੈਰ ਨਹੀਂ ਪਾਉਣਾ ਤੇ ਸਹੁਰੇ ਪਿੰਡ ਦੀ ਹਦੂਦ ਵਿਚ ਹੀ ਰਹਿਣਾ ! ਛੇ ਮਹੀਨੇ ਇਹ ਤਬੀਤ ਉਸੇ ਘਰ ਦੇ ਚੌਗਿਰਦੇ ਅੰਦਰ ਤੇਰੀ ਜੇਬ੍ਹ ਵਿਚ ਹੀ ਰਹੇ ਤਾਂ 'ਅਸਰ' ਕਰੇ ਗਾ !

ਨਾਲ਼ ਹੀ ਇਕ ਹੋਰ ਖਾਸ ਹਦਾਇਤ ਇਹ ਕਰ ਦਿੱਤੀ ਕਿ ਜਦ ਤੇਰੀ ਸੱਸ ਤੈਨੂੰ ਕੋਈ ਬੋਲ-ਕੁਬੋਲ ਬੋਲੇ ਉਸੇ ਈ ਵੇਲੇ ਜਰਾ ਉਹਲੇ ਨੂੰ ਹੋ ਕੇ ਮੂੰਹ 'ਚ ਇਹ ਤਬੀਤ ਪਾ ਲਵੀਂ ! ਜਿਉਂ ਜਿਉਂ ਤੇਰੀ ਸੱਸ ਬੋਲਦੀ ਰਹੇ ਤਿਉਂ ਤਿਉਂ ਤੂੰ ਇਸ ਤਬੀਤ ਨੂੰ ਪੋਲੇ ਪੋਲੇ ਦੰਦ ਮਾਰੀ ਜਾਈਂ ! ਦੇਖੀਂ ਫਿਰ ਮੇਰਾ ਤਬੀਤ ਤੇਰੀ ਕੁਪੱਤੀ ਸੱਸ ਦੀ 'ਬੋਲਤੀ ਬੰਦ' ਕਿਵੇਂ ਕਰਦਾ ਐ !!

ਛੇਆਂ ਮਹੀਨਿਆਂ ਵਿਚ ਉਹ ਘਰ ਸਚਮੁੱਚ ਸਵਰਗ ਬਣ ਗਿਆ !

ਇਹ ਵਾਰਤਾ ਇੱਥੋਂ ਤੱਕ ਸੁਣਾ ਕੇ ਸਾਡੇ ਭਾਈਆ ਜੀ ਨੇ ਸਾਨੂੰ ਹੱਸਦਿਆਂ ਦੱਸਣਾ ਕਿ ਕਾਕਾ ਆਮ ਤੌਰ 'ਤੇ ਏਦਾਂ ਦੇ ਕੇਸਾਂ ਵਿਚ ਵਹਿਮੀ ਬਾਂਦਰ ਲੋਕ 'ਤਬੀਤ ਦਾ ਜਾਦੂ' ਸਮਝ ਲੈਂਦੇ ਆ ਪਰ ਵਿਚੋਂ ਤਰਕੀਬ ਕੋਈ ਹੋਰ ਹੁੰਦੀ ਐ। ਜਿਵੇਂ ਇਸ ਵਾਰਤਾ ਵਿਚ ਸਿਆਣੇ ਚੇਲੇ ਦੀ ਅਸਲ ਜੁਗਤਿ ਤਾਂ ਇਹ ਸੀ ਕਿ ਨੂੰਹ ਵਲੋਂ ਆਪਣੇ ਮੂੰਹ 'ਚ ਤਬੀਤ ਰੱਖਣ ਕਰਕੇ ਉਹਦਾ ਮੂੰਹ ਬੰਦ ਹੋ ਗਿਆ। ਸੱਸ ਨੇ ਸੋਚ ਲਿਆ ਕਿ ਨੂੰਹ ਤਾਂ ਮੇਰੇ ਮੋਹਰੇ ਬੋਲਣੋ ਈ ਹਟ ਗਈ ਹੈ !! ਇੰਜ ਘਰ ਵਿਚ ਸ਼ਾਂਤੀ ਪਰਤ ਆਈ ਕਿਉਂ ਕਿ ਕਥਨ ਹੈ ਕਿ ਇਕੋ ਹੱਥ ਨਾਲ ਤਾੜੀ ਥੋੜੀ ਵੱਜਦੀ ਹੁੰਦੀ ਐ ?



-ਤਰਲੋਚਨ ਸਿੰਘ 'ਦੁਪਾਲ ਪੁਰ' 001-408-915-1268
tsdupalpuri@yahoo.com

*... Continue from page 34*

The system of Alliance too came into operation and ultimately Mrs Sonia Gandhi could come forward and started collecting political groups and could come out with Group-INDIA. BJP too hadsome alliances and now here in India, only two groups are there. We must be happy that even political groups from Left wings and even Aam Aadmi Paerty too have joined this Group-INDIA. now time has come when we should have certain changes infunctioning of our Parliament and other Legislative Houses. We shall have to convert our August Houses into Party-Less membership and shall have to give liberty to all the members to function for welfare of the people of their Constituencies who elecrted them. They sall be atliberty to work in the House free as per their own conscience, will, wisdom, experience and discretion and member who does not work for thepeople of his constituency shall not be allowed ticket next time. The people must keep in mind this new situation and in coming Assemblies Elections, must vote in favour of those candidates who could work for them in the Houses. Government may become of any contesting group, but members are representatives of the people of the constituencies. Nominating groups are just working as short-listingthe large number of politicians interested in elections, but shall not become masters of the members while functioning in the Houses. People from Haryana and J and K must set the right course this time.

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ - 35**

# ਮੈਂ ਤੰਦਰੁਸਤ ਕਿਵੇਂ ਹੋਇਆ ?

**ਅੱਜ ਇਕ ਵੱਡੀ ਚੁਣੌਤੀ ਹੈ ਕਿ ਸਿਹਤਮੰਦ ਰਹਿਣ ਵਾਸਤੇ ਕਿਹੜੀ ਚੀਜ ਖਾਈਏ ਤੇ ਕਿਹੜੀ ਨਾ ਖਾਈਏ। ਮੀਡੀਏ ਵਿਚਲੀ ਇਸ਼ਤਿਹਾਰਬਾਜੀ ਮੁਨਾਫਾਖੋਰੀ ਦੇ ਅਧਾਰਤ ਹੋਣ ਕਾਰਨ ਕਈ ਵਾਰ ਉਪਭੋਗਤਾ ਨੂੰ ਸਹੀ ਸੂਚਨਾ ਮਿਲਦੀ ਹੀ ਨਹੀਂ, ਖਾਸ ਕਰਕੇ ਸ਼ੋਸ਼ਲ ਮੀਡੀਏ ਦੀ ਭਰੋਸੇਯੋਗਤਾ ਉੱਤੇ ਤਾਂ ਇਸ ਪੱਖੋਂ ਬਹੁਤ ਵੱਡਾ ਪ੍ਰਸ਼ਨ ਚਿੰਨ ਲਗਦਾ ਹੈ। ਸਿਹਤ ਵਿਗਿਆਨ ਦੀ ਲੇਖਿਕਾ ਡਨੀਜ਼ ਗਰੇਡੀ ਮੁਤਾਬਿਕ,**

**"ਜਦੋਂ ਵੀ ਡਾਕਟਰੀ ਰਸਾਲਿਆਂ ਵਿਚ ਕੋਈ ਨਵੇਂ ਅਧਿਐਨ ਦੀ ਰਿਪੋਰਟ ਛਪਦੀ ਹੈ ਕਿ ਲੋਕ ਕੀ ਖਾਣ, ਕਿਹੜੀਆਂ ਦਵਾਈਆਂ ਲੈਣ ਅਤੇ ਬੁਨਿਆਦੀ ਤੌਰ ਤੇ ਕਿਵੇਂ ਰਹਿਣ, ਤਾਂ ਇਨ੍ਹਾਂ ਉਕਤ ਸਾਰੇ ਮਾਮਲਿਆਂ ਬਾਰੇ ਸਿਹਤ ਮਾਹਿਰਾਂ ਦੀ ਸਲਾਹ ਹਰ ਵਾਰ ਹੀ ਬਦਲ ਜਾਂਦੀ ਹੈ।" ਸਭ ਤਰਾਂ ਦੇ ਮੀਡੀਏ ਨੇ ਬਾਜ਼ਾਰ ਵਿਚ ਡਾਈਟਿੰਗ, ਕਸਰਤ, ਵਾਧੂ ਪੌਸ਼ਟਿਕ ਤੱਤਾਂ ਅਤੇ ਸਿਹਤ-ਸੰਬੰਧੀ ਹੋਰ ਬਹੁਤ ਸਾਰੇ ਮਾਮਲਿਆਂ ਬਾਰੇ ਜਾਣਕਾਰੀ ਦੀ ਭਰਮਾਰ ਪਾ ਦਿੱਤੀ ਹੈ**



ਇਤਿਹਾਸ ਪੜ੍ਹਨ ਦਾ ਮਤਲਬ ਗੱਡੇ ਹੋਏ ਮੁਰਦੇ ਪੁਟਣਾ ਨਹੀਂ ਹੁੰਦਾ ਸਗੋਂ ਬੀਤੇ ਸਮੇਂ ਚ ਜਾਣੇ ਅਣਜਾਣੇ ਵਿਚ ਹੋਈਆਂ ਜਾਂ ਕੀਤੀਆਂ ਗਈਆਂ ਗਲਤੀਆਂ ਦੀ ਪੁਣ ਛਾਣ ਕਰਕੇ ਉਹਨਾਂ ਤੋਂ ਸਬਕ ਸਿੱਖਣਾ ਹੁੰਦਾ ਹੈ, ਜਿਸ ਨੂੰ ਵਰਤਮਾਨ ਚ ਲਾਗੂ ਕਰਕੇ ਚੰਗੇ ਭਵਿੱਖ ਦੀ ਬੁਨਿਆਦ ਰੱਖਣਾ ਵੀ ਕਹਿ ਸਕਦੇ ਹਾਂ ।

ਮਨੁੱਖ ਗਲਤੀਆਂ ਦੀ ਪੁਤਲਾ ਹੈ ਜਿਸ ਕਰਕੇ ਗਲਤੀਆਂ ਹਰ ਵਿਅਕਤੀ ਤੋਂ ਕਦੇ ਨਾ ਕਦੇ ਹੋ ਹੀ ਜਾਂਦੀਆਂ ਹਨ, ਜੋ ਲੋਕ ਉਹਨਾਂ ਗਲਤੀਆਂ ਨੂੰ ਪਹਿਚਾਣ ਕੇ ਭਵਿੱਖ ਵਿਚ ਇਹ ਯਕੀਨੀ ਬਣਾਉਂਦੇ ਹਨ ਕਿ ਉਹ ਦੁਬਾਰਾ ਨਾ ਵਾਪਰਨ, ਅਸਲ ਵਿਚ ਉਹ ਲੋਕ ਜਿੰਦਗੀ ਦੇ ਹਰ ਪੱਖੋਂ ਬਾਕੀਆਂ ਨਾਲੋਂ ਬਹੁਤ ਅੱਗੇ ਨਿਕਲ ਜਾਂਦੇ ਹਨ ।

ਗੱਲ ਸਰੀਰਕ ਤੇ ਮਾਨਸਿਕ ਤੰਦਰੁਸਤੀ ਦੀ ਚੱਲ ਰਹੀ ਹੈ । ਇਸ ਨੂੰ ਲਗਾਤਾਰ ਬਣਾਈ ਕਿਵੇਂ ਰੱਖਣਾ ਹੈ, ਬਿਮਾਰੀਆਂ ਤੋਂ ਕਿਵੇਂ ਬਚਣਾ ਹੈ ਤੇ ਜੇਕਰ ਕੋਈ ਬਿਮਾਰੀ ਲੱਗ ਹੀ ਜਾਂਦੀ ਹੈ ਤਾਂ ਉਸ ਦਾ ਸਹੀ ਉਪਚਾਰਕ ਵਿਧੀ ਅਪਣਾ ਕੇ ਟਾਕਰਾ ਕਿਵੇਂ ਕਰਨਾ ਹੈ, ਸੰਤੁਲਿਤ ਖਾਣ ਅਤੇ ਪੀਣ ਕੀ ਹੈ, ਸੰਤੁਲਿਤ ਜੀਵਨ ਢੰਗ ਕੀ ਹੁੰਦਾ ਹੈ ਆਦਿ ਬਹੁਤ ਸਾਰੇ ਸਵਾਲ ਹਨ ਜੋ ਸਾਡੇ ਸਭਨਾ ਦੇ ਮਨ ਮਸਤਕ ਵਿਚ ਇਸ ਵੇਲੇ ਪੈਦਾ ਹੋ ਰਹੇ ਹਨ । ਇਹਨਾਂ ਉਕਤ ਸਵਾਲਾਂ ਦਾ ਉੱਤਰ ਬੇਸ਼ੱਕ ਮੈਂ ਆਪਣੀ ਹੱਡਬੀਤੀ ਦੇ ਅਧਾਰ 'ਤੇ ਪਿਛਲੀਆਂ 34 ਕਿਸ਼ਤਾਂ ਵਿਚ ਆਪ ਸਭ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਫਿਰ ਵੀ ਮੈਂ ਮੰਨਦਾ ਹਾਂ ਕਿ ਅਜੇ ਵੀ ਇਸ ਸੰਬੰਧੀ ਕਾਫੀ ਭੰਬਲ ਭੂਸਾ ਬਣਿਆ ਹੋਇਆ ਹੈ, ਜਿਸ ਦਾ ਨਿਪਟਾਰਾ ਕਰਨਾ ਬਹੁਤ ਜਰੂਰੀ ਬਣਦਾ ਹੈ। ਸਭ ਤੋਂ ਪਹਿਲੀ ਗੱਲ ਇਹ ਕਿ ਇਹ ਨਿਰਣਾ ਕਰਨਾ ਅੱਜ ਇਕ ਵੱਡੀ ਚੁਣੌਤੀ ਹੈ ਕਿ ਸਿਹਤਮੰਦ ਰਹਿਣ ਵਾਸਤੇ ਕਿਹੜੀ ਚੀਜ ਖਾਈਏ ਤੇ ਕਿਹੜੀ ਨਾ ਖਾਈਏ । ਮੀਡੀਏ ਵਿਚਲੀ ਇਸ਼ਤਿਹਾਰਬਾਜੀ ਮੁਨਾਫਾਖੋਰੀ ਦੇ ਅਧਾਰਤ ਹੋਣ ਕਾਰਨ ਕਈ ਵਾਰ ਉਪਭੋਗਤਾ ਨੂੰ ਸਹੀ ਸੂਚਨਾ ਮਿਲਦੀ ਹੀ ਨਹੀਂ, ਖਾਸ ਕਰਕੇ ਸ਼ੋਸ਼ਲ ਮੀਡੀਏ ਦੀ ਭਰੋਸੇਯੋਗਤਾ ਉੱਤੇ ਤਾਂ ਇਸ ਪੱਖੋਂ ਬਹੁਤ ਵੱਡਾ ਪ੍ਰਸ਼ਨ ਚਿੰਨ ਲਗਦਾ ਹੈ । ਸਿਹਤ ਵਿਗਿਆਨ ਦੀ ਲੇਖਿਕਾ ਡਨੀਜ਼ ਗਰੇਡੀ ਮੁਤਾਬਿਕ,

"ਜਦੋਂ ਵੀ ਡਾਕਟਰੀ ਰਸਾਲਿਆਂ ਵਿਚ ਕੋਈ ਨਵੇਂ ਅਧਿਐਨ ਦੀ ਰਿਪੋਰਟ ਛਪਦੀ ਹੈ ਕਿ ਲੋਕ ਕੀ ਖਾਣ, ਕਿਹੜੀਆਂ ਦਵਾਈਆਂ ਲੈਣ ਅਤੇ ਬੁਨਿਆਦੀ ਤੌਰ ਤੇ ਕਿਵੇਂ ਰਹਿਣ, ਤਾਂ ਇਨ੍ਹਾਂ ਉਕਤ ਸਾਰੇ ਮਾਮਲਿਆਂ ਬਾਰੇ ਸਿਹਤ ਮਾਹਿਰਾਂ ਦੀ ਸਲਾਹ ਹਰ ਵਾਰ ਹੀ ਬਦਲ ਜਾਂਦੀ ਹੈ।" ਸਭ ਤਰਾਂ ਦੇ ਮੀਡੀਏ ਨੇ ਬਾਜ਼ਾਰ ਵਿਚ ਡਾਈਟਿੰਗ, ਕਸਰਤ, ਵਾਧੂ ਪੌਸ਼ਟਿਕ ਤੱਤਾਂ ਅਤੇ ਸਿਹਤ-ਸੰਬੰਧੀ ਹੋਰ ਬਹੁਤ ਸਾਰੇ ਮਾਮਲਿਆਂ ਬਾਰੇ ਜਾਣਕਾਰੀ ਦੀ ਭਰਮਾਰ ਪਾ ਦਿੱਤੀ ਹੈ, ਹੈਰਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਾਰੇ ਮਾਮਲਿਆਂ ਵਿਚ ਆਪਸੀ ਵਿਰੋਧਾਭਾਸ (Paradox) ਹੈ ।

ਅਗਲੀ ਗੱਲ ਡਾਕਟਰਾਂ ਦੀ ਆ ਜਾਂਦੀ ਹੈ, ਹਰ ਡਾਕਟਰ ਮਰੀਜ ਨੂੰ ਆਪੋ ਆਪੋ ਸੂਝ ਮੁਤਾਬਿਕ ਦਵਾ ਤੇ ਸੁਝਾਅ ਦਿੰਦਾ ਹੈ। ਕਈ ਵਾਰ ਤਾਂ ਸਥਿਤੀ ਇਹ ਵੀ ਬਣ ਜਾਂਦੀ ਹੈ ਕਿ ਜੇਕਰ ਇਕ ਡਾਕਟਰ ਕੋਈ ਦਵਾ ਦੇਂਦਾ ਹੈ ਤਾਂ ਦੂਸਰਾ ਉਸ ਨੂੰ ਬੰਦ ਕਰਕੇ ਨਵੀਂ ਦਵਾਈ ਦੇ ਦਿੰਦਾ ਹੈ । ਜੇਕਰ ਇਕ ਡਾਕਟਰ ਦਵਾਈ ਦੇ ਨਾਲ ਮੂੰਗੀ ਮਸਰੀ ਦੀ ਦਾਲ ਖਾਣ ਦਾ ਸੁਝਾਅ ਦੇਂਦਾ ਹੈ ਤਾਂ ਦੂਸਰਾ ਡਾਕਟਰ ਜਾਂ ਤਾਂ ਮੂੰਗੀ ਮਸਰੀ ਮਰੀਜ ਨੂੰ ਮਨ੍ਹਾ ਕਰ ਦਿੰਦਾ ਹੈ ਜਾਂ ਫਿਰ ਉਸ ਦੀ ਜਗਾ ਛੋਲਿਆਂ ਦੀ ਤਰੀ ਪੀਣ ਦੀ ਸ਼ਿਫਾਰਸ਼ ਕਰ ਦਿੰਦਾ ਹੈ । ਇਸ ਤਰਾਂ ਦੀ ਪਸ਼ੋ ਪੇਸ਼ ਕਈ ਵਾਰ ਮਰੀਜ ਦੇ ਹਾਲਾਤ ਸੁਧਾਰਨ ਦੀ ਬਜਾਏ ਹੋਰ ਵਿਗਾੜਨ ਦਾ ਕਾਰਨ ਬਣ ਜਾਂਦੀ ਹੈ ।

ਕੁਝ ਡਾਕਟਰ ਸਲਾਹ ਦਿੰਦੇ ਹਨ ਕਿ ਸਿਹਤ ਬਣਾਉਣ ਦੇ ਹਰ ਨਵੇਂ ਤਰੀਕੇ ਨੂੰ ਅਜ਼ਮਾ ਕੇ ਦੇਖਣ ਦੀ ਬਜਾਇ, ਬੁਨਿਆਦੀ ਸਾਵਧਾਨੀਆਂ ਵਰਤਣੀਆਂ ਜ਼ਿਆਦਾ ਚੰਗੀਆਂ ਹੋਣਗੀਆਂ। ਉਦਾਹਰਣ ਲਈ, ਦੀ ਅਮੈਰੀਕਨ ਮੈਡੀਕਲ ਐਸੋਸੀਏਸ਼ਨ ਫੈਮਿਲੀ ਮੈਡੀਕਲ ਗਾਈਡ (The Ameircan meid-cal assoicaiton and faimly meidcal giude) ਕਹਿੰਦੀ ਹੈ: "ਤੁਸੀਂ ਜ਼ਿੰਦਗੀ ਭਰ ਸਿਹਤਮੰਦ ਰਹਿ ਸਕਦੇ ਹੋ , ਜੇਕਰ ਤੁਸੀਂ ਆਪਣੇ ਜੀਵਨ-ਢੰਗ ਵਿਚ ਚੰਗੀਆਂ ਤਬਦੀਲੀਆਂ ਕਰਕੇ ਲਗਾਤਾਰ ਆਪਣੇ ਡਾਕਟਰ ਨਾਲ ਜੁੜੇ ਰਹਿੰਦੇ ਹੋ, ਆਪਣੀ ਸਿਹਤ ਦਾ ਚੈਕ ਅੱਪ ਕਰਾਉਂਦੇ ਰਹਿੰਦੇ ਹੋ ਤਾਂਕਿ ਕਿਸੇ ਵੀ ਬੀਮਾਰੀ ਦੇ ਸ਼ੁਰੂ ਵਿਚ ਹੀ ਉਸ ਦਾ ਪਤਾ ਲੱਗ ਸਕੇ ਅਤੇ ਉਸ ਦਾ ਜਲਦੀ ਇਲਾਜ ਕੀਤਾ ਜਾ ਸਕੇ ।"

ਸਵਾਲ ਹੈ ਕਿ ਬਦਲੀ ਹੋਈ ਜੀਵਨ ਸ਼ੈਲੀ ਕੀ ਹੁੰਦੀ ਹੈ ? ਇਸ ਦੇ ਜਵਾਬ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਕਿਸੇ ਦੇ ਜੀਵਨ ਵਿਚ ਵਾਪਰੀ ਕੋਈ ਘਟਨਾ ਉਸ ਦੇ ਸਮੁੱਚੇ ਜੀਉਣ ਦੇ ਢੰਗ ਵਿਚ ਜਮੀਨ ਅਸਮਾਨ ਦੇ ਅੰਤਰ ਵਾਲੀ ਅਦਲਾ ਬਦਲੀ ਕਰ ਦੇਵੇ ਤਾਂ ਉਸ ਨੂੰ ਬਦਲੀ ਹੋਈ ਜੀਵਨ ਸ਼ੈਲੀ ਕਹਿੰਦੇ ਹਨ । ਮਿਸਾਲ ਵਜੋਂ, ਸਾਨੂੰ ਵੱਖ-ਵੱਖ ਤਰ੍ਹਾਂ ਦਾ ਭੋਜਨ ਖਾਣਾ ਚਾਹੀਦਾ ਹੈ, ਜਿਸ ਦੀਆਂ ਜ਼ਿਆਦਾਤਰ ਕੈਲੋਰੀਆਂ ਸਾਨੂੰ ਮਿਸ਼ਰਿਤ ਕਾਰਬੋਹਾਈਡ੍ਰੇਟਸ ਤੋਂ ਮਿਲਣੀਆਂ ਚਾਹੀਦੀਆਂ ਹਨ। ਇਹ ਖ਼ਾਸ ਤੌਰ ਤੇ ਸਾਬਤ ਅਨਾਜ, ਫਲੀਆਂ, ਸਬਜ਼ੀਆਂ ਅਤੇ ਫਲਾਂ ਵਿਚ ਪਾਏ ਜਾਂਦੇ ਹਨ, ਪਰ ਅਸੀਂ ਜੋ ਕੁਝ ਵੀ ਖਾਂਦੇ ਹਾਂ ਸਿਰਫ਼ ਉਸੇ ਦਾ ਹੀ ਸਾਡੀ ਸਿਹਤ ਉੱਤੇ ਅਸਰ ਨਹੀਂ ਪੈਂਦਾ, ਸਗੋਂ ਅਸੀਂ ਕਿੰਨੀ ਕੁ ਮਾਤਰਾ ਵਿਚ ਖਾਂਦੇ ਹਾਂ, ਉਸ ਦਾ ਵੀ ਬੜਾ ਅਸਰ ਪੈਂਦਾ ਹੈ। ਇਸ ਲਈ ਸੰਜਮ ਨਾਲ ਖਾਣਾ ਬਹੁਤ ਜ਼ਰੂਰੀ ਹੈ ।ਸਾਡਾ ਸਰੀਰ ਜਿੰਨੀਆਂ ਕੈਲੋਰੀਆਂ ਨਸ਼ਟ ਕਰ ਸਕਦਾ ਹੈ, ਉਸ ਤੋਂ ਜ਼ਿਆਦਾ ਕੈਲੋਰੀਆਂ ਲਗਾਤਾਰ ਲੈਂਦੇ ਰਹਿਣ ਨਾਲ ਸਾਨੂੰ ਮੋਟਾਪਾ ਚੜ੍ਹ ਜਾਵੇਗਾ । ਇੰਝ ਹੋਣ ਨਾਲ ਸਾਡੇ ਦਿਲ ਉੱਤੇ ਜ਼ਿਆਦਾ ਬੋਝ ਪੈ ਸਕਦਾ ਹੈ ਤੇ ਸਾਡਾ ਸਰੀਰ ਕਮਜ਼ੋਰ ਵੀ ਹੋ ਸਕਦਾ ਹੈ ।

ਇਕ ਮੈਡੀਕਲ ਗਾਈਡਬੁੱਕ ਅਨੁਸਾਰ, ਮੋਟਾਪੇ ਕਰਕੇ "ਦਿਲ ਦੀ ਬੀਮਾਰੀ, ਸ਼ੱਕਰ ਰੋਗ, ਗਠੀਆ ਅਤੇ ਹੋਰ ਬਹੁਤ ਸਾਰੀਆਂ ਬੀਮਾਰੀਆਂ ਹੋਣ ਦੀ ਗੁੰਜਾਇਸ਼ ਕਾਫ਼ੀ ਹੱਦ ਤਕ ਵੱਧ ਜਾਂਦੀ ਹੈ ।" —— **ਚਲਦਾ**

## ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਵਿਚ ਸ਼ਾਨਦਾਰ ਸੇਵਾਵਾਂ ਵਾਲੇ ਸੱਤ ਅਧਿਆਪਕਾਂ ਦਾ ਅਧਿਆਪਕ ਦਿਵਸ ਮੌਕੇ ਸਨਮਾਨ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਵਿਚ ਸ਼ਾਨਦਾਰ ਸੇਵਾਵਾਂ ਵਾਲੇ ਸੱਤ ਅਧਿਆਪਕਾਂ ਦਾ ਅਧਿਆਪਕ ਦਿਵਸ ਮੌਕੇ ਸਨਮਾਨ



ਬੰਗਾ- ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਬੰਧ ਹੇਠਾਂ ਚੱਲ ਰਹੇ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਸੱਤ ਅਧਿਆਪਕਾਂ ਦਾ ਸਿੱਖਿਆ ਦੇ ਖੇਤਰ ਵਿੱਚ ਪਾਏ ਵਿਲੱਖਣ ਯੋਗਦਾਨ ਅਤੇ ਸ਼ਾਨਦਾਰ ਸੇਵਾਵਾਂ ਲਈ ਅਧਿਆਪਕ ਦਿਵਸ ਨੂੰ ਸਮਰਪਿਤ ਸਮਾਗਮ ਵਿਚ ਸਨਮਾਨ ਕੀਤਾ ਗਿਆ । ਸਨਮਾਨ ਸਮਾਗਮ ਵਿਚ ਬਾਬਾ ਮਹਾਂਬੀਰ ਸਿੰਘ ਜੀ ਤਾਜੇਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਅਧਿਆਪਕ ਦਿਵਸ ਦੀਆਂ ਵਧਾਈਆਂ ਦਿੰਦੇ, ਅਧਿਆਪਕਾਂ ਦੀ ਹੌਂਸਲਾ ਅਫਜ਼ਾਈ ਕੀਤੀ ਗਈ ਅਤੇ ਅਧਿਆਪਕਾਂ ਦਾ ਸਨਮਾਨ ਕੀਤਾ । ਉਹਨਾਂ ਨੇ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਵਿਚ ਇੱਕ ਚਾਨਣ ਮੁਨਾਰਾ ਹੁੰਦੇ ਹਨ ਤੇ ਉਹ ਵਿਦਿਆਰਥੀਆਂ ਨੂੰ ਦੇਸ਼ ਕੌਮ ਦੇ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ । ਇਸ ਮੌਕੇ ਟਰੱਸਟ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਅਧਿਆਪਕਾਂ ਨੂੰ ਰਾਸ਼ਟਰੀ ਅਧਿਆਪਕ ਦਿਵਸ ਦੀਆਂ ਵਧਾਈਆਂ ਦਿੰਦੇ ਦੱਸਿਆ ਕਿ ਪ੍ਰਸਿੱਧ ਦਾਰਸ਼ਨਿਕ ਅਤੇ ਭਾਰਤ ਦੇ ਦੂਜੇ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਦੇ ਸਨਮਾਨ ਵਿੱਚ ਹਰ ਸਾਲ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ । ਅਧਿਆਪਕਾਂ ਲਈ ਉਹ ਪ੍ਰੇਰਣਾ ਸ੍ਰੋਤ ਹਨ ਜੋ ਸਿੱਖਿਆ ਦੇ ਖੇਤਰ ਵਿੱਚ ਕੁਝ ਵਿਲੱਖਣ ਕਰਨ ਦਾ ਨਿਸ਼ਚਾ ਰੱਖਦੇ ਹਨ। ਅਧਿਆਪਕ ਹੀ ਦੇਸ਼ ਦੇ ਅਸਲੀ ਨਿਰਮਾਤਾ ਹੁੰਦੇ ਹਨ ਅਤੇ ਵਿਦਿਆਰਥੀ ਨੂੰ ਜੀਵਨ ਜਿਊਣ ਦਾ ਅਸਲ ਤਰੀਕਾ ਦੱਸਣ ਅਤੇ ਸਿਖਾਉਣ ਵਾਲੇ ਹੁੰਦੇ ਹਨ । ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ ਨੇ ਕਿਹਾ ਕਿ ਅਧਿਆਪਕ ਦੇ ਉੱਤੇ ਸਮਾਜ ਅਤੇ ਦੇਸ਼ ਦਾ ਭਵਿੱਖ ਸੰਵਾਰਨ ਦੀ ਵੱਡੀ ਜ਼ਿੰਮੇਵਾਰੀ ਹੈ । ਇਸ ਮੌਕੇ ਸਿੱਖਿਆ ਦੇ ਖੇਤਰ ਵਿੱਚ ਪਾਏ ਵਿਲੱਖਣ ਯੋਗਦਾਨ ਅਤੇ ਸ਼ਾਨਦਾਰ ਸੇਵਾਵਾਂ ਲਈ ਵਾਈਸ ਪ੍ਰਿੰਸੀਪਲ ਲਾਲ ਚੰਦ ਔਜਲਾ, ਵਾਈਸ ਪ੍ਰਿੰਸੀਪਲ ਰਵਿੰਦਰ ਕੌਰ, ਮੈਡਮ ਰੀਟਾ ਰਾਣੀ, ਮੈਡਮ ਪਰਮਜੀਤ ਕੌਰ, ਮੈਡਮ ਮੋਨਿਸ਼ਾ ਸ਼ਰਮਾ, ਮੈਡਮ ਰੁਪਿੰਦਰ ਕੌਰ, ਮੈਡਮ ਅਨੂ ਜ਼ੋਸ਼ੀ ਨੂੰ ਸੈਵਨ ਸਟਾਰ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ । ਪ੍ਰਿੰਸੀਪਲ ਵਨੀਤਾ ਨੇ ਸੰਬੋਧਨ ਕਰਦੇ ਅਧਿਆਪਕ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਧੰਨਵਾਦੀ ਸ਼ਬਦ ਕਹੇ ।

# ਗੁਰੂ ਅਮਰ ਦਾਸ ਜੀ ਦਾ ਜੋਤੀ ਜੋਤ ਦਿਹਾੜਾ

– ਲੇਖਕ –
ਸਰਵਜੀਤ ਸਿੰਘ ਸੈਕਰਾਮੈਂਟੋ



ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਜਾਰੀ ਕੀਤਾ ਗਿਆ, ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਸਮੇਤ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ, ਇਸ ਸਾਲ ਇਹ ਦਿਹਾੜਾ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਭਾਵੇਂ ਕਈ ਇਤਿਹਾਸਿਕ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਮੱਤ-ਭੇਦ ਹਨ, ਪਰ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਅਤੇ ਜੋਤੀ ਜੋਤਿ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਗੁਰੂ ਅਮਰਦਾਸ ਜੀ ਭਾਦੋਂ ਸੁਦੀ 15 (ਪੁੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁੱਧਵਾਰ (1 ਸਤੰਬਰ 1574 ਈ: ਜੂਲੀਅਨ) ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾਏ ਸਨ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉੱਪਰ ਇਹ ਤਾਰੀਖ ਦਰਜ ਹੈ।

"Sri Guru Amardas Ji at the ripe age of 95 passes away for heaven on Bhadon Sudi 14th (1st Assu) Sambat 1631, (September 1, 1574) ay Goindwal Sahib near District Amritsar, after giving responsibility of Guru ship to the Fourth Nanak, Sri Guru Ramdas ji". (sgpc.net)

ਇਥੇ 1 ਅੱਸੂ, ਭਾਦੋਂ ਸੁਦੀ 14, ਇਕ ਦਿਨ ਦੇ ਫ਼ਰਕ ਨਾਲ ਗਲਤ ਹੈ, ਪਰ ਅੰਗਰੇਜੀ ਤਾਰੀਖ (1 ਸਤੰਬਰ) ਸਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿੱਚ "2 ਅਸਸੁ 1661 ਸ਼ਓਮਵਓਟ, 1 ਸ਼ਏਪਟ 1574 ਅ.ਧ." ਦਰਜ ਹੈ। ਪਰ 1975-76 ਈ: ਦੀ ਡਾਇਰੀ ਵਿੱਚ, "ਭਾਦੋਂ ਸੁਦੀ 15, ਅੱਸੂ ਪ੍ਰਵਿਸ਼ਟੇ 1, ਸੰਮਤ 1631 ਬਿ:, 1 ਸਤੰਬਰ ਸੰਨ 1574 ਈ:, ਬੁੱਧਵਾਰ" ਦਰਜ ਹੈ। ਇਥੇ ਵੀ ਪ੍ਰਵਿਸ਼ਟਾ (1 ਅੱਸੂ) ਗਲਤ ਹੈ ਪਰ ਤਿੱਥ, ਤਾਰੀਖ ਅਤੇ ਦਿਨ ਠੀਕ ਹੈ। ਵਦੀ-ਸੁਦੀ ਨੂੰ ਪ੍ਰਵਿਸ਼ਟੇ ਵਿੱਚ ਬਦਲਣ ਵੇਲੇ ਜਾਂ ਅੰਗਰੇਜੀ ਤਾਰੀਖ 'ਚ ਬਦਲੀ ਕਰਨ ਵੇਲੇ ਕਿਤੇ ਨਾ ਕਿਤੇ ਗਲਤੀ ਹੋਣ ਦੇ ਸੰਭਾਵਨਾ ਰਹਿੰਦੀ ਹੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ ਤਾਰੀਖ, ਭਾਦੋਂ ਸੁਦੀ 15 (ਪੁੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁੱਧਵਾਰ (1 ਸਤੰਬਰ 1574 ਈ: ਜੂਲੀਅਨ) ਪ੍ਰਮਾਣਿਤ ਤਾਰੀਖ ਹੈ। ਨਾਨਕਸ਼ਾਹੀ ਕੈਲੰਡਰ ਵਿੱਚ ਵੀ 2 ਅੱਸੂ ਹੀ ਦਰਜ ਹੈ।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਤਾਰੀਖਾਂ ਦੋਵੇਂ ਤਰ੍ਹਾਂ ਹੀ, ਵਦੀ-ਸੁਦੀ ਅਤੇ ਪ੍ਰਵਿਸ਼ਟਿਆਂ 'ਚ ਲਿਖੀਆਂ ਜਾਂਦੀਆਂ ਸਨ।

| ਸੰਮਤ | ਵਦੀ-ਸੁਦੀ ਮੁਤਾਬਕ | ਪ੍ਰਵਿਸ਼ਟੇ ਮੁਤਾਬਕ |
|---|---|---|
| 547 | 12 ਅੱਸੂ | 2 ਅੱਸੂ |
| 548 | 1 ਅੱਸੂ | 2 ਅੱਸੂ |
| 549 | 22 ਭਾਦੋਂ | 2 ਅੱਸੂ |
| 550 | 9 ਅੱਸੂ | 2 ਅੱਸੂ |
| 551 | 29 ਭਾਦੋਂ | 2 ਅੱਸੂ |
| 552 | 18 ਭਾਦੋਂ | 2 ਅੱਸੂ |
| 553 | 5 ਅੱਸੂ | 2 ਅੱਸੂ |
| 554 | 25 ਭਾਦੋਂ | 2 ਅੱਸੂ |
| 555 | 13 ਅੱਸੂ | 2 ਅੱਸੂ |
| 556 | 3 ਅੱਸੂ | 2 ਅੱਸੂ |
| 557 | 23 ਭਾਦੋਂ | 2 ਅੱਸੂ |

ਭਾਦੋਂ ਸੁਦੀ 15, ਚੰਦ ਦੇ ਕੈਲੰਡਰ ਦੀ ਤਿੱਥ ਹੈ। ਚੰਦ ਧਰਤੀ ਦੇ ਦੁਵਾਲੇ ਘੁੰਮਦਾ ਹੈ। ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿੱਚ 354.37 ਦਿਨ ਮੰਨੇ ਗਏ ਹਨ। ਜਦੋਂ ਕਿ ਧਰਤੀ ਸੂਰਜ ਦੁਵਾਲੇ 365.2422 ਦਿਨਾਂ 'ਚ ਇਕ ਚੱਕਰ ਪੂਰਾ ਕਰਦੀ ਹੈ। ਚੰਦ ਦਾ ਇਕ ਸਾਲ, ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ। ਪਰ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਅਜੇਹਾ ਨਹੀਂ ਹੁੰਦਾ। ਚੰਦ ਦਾ ਸਾਲ, ਸੂਰਜੀ ਬਿਕ੍ਰਮੀ ਸਾਲ ਤੋਂ ਹਰ ਸਾਲ 11 ਦਿਨ ਪਿੱਛੇ ਰਹਿ ਜਾਂਦਾ ਹੈ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਹਰ ਦੂਜੇ-ਤੀਜੇ ਸਾਲ, ਇਸ ਵਿੱਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਉਸ ਸਾਲ ਚੰਦ ਦੇ ਸਾਲ ਵਿੱਚ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। 19 ਸਾਲਾਂ ਵਿੱਚ ਅਜੇਹਾ 7 ਵਾਰ ਕੀਤਾ ਜਾਂਦਾ ਹੈ। 2023 ਈ: ਵਿੱਚ ਸਾਵਣ ਦਾ ਮਹੀਨਾ ਦੋ ਵਾਰ ਆਇਆ ਸੀ। 2026 ਈ: ਵਿੱਚ ਜੇਠ ਅਤੇ 2029 ਈ: ਵਿੱਚ ਚੇਤ ਦਾ ਮਹੀਨਾ ਦੋ ਵਾਰ ਆਵੇਗਾ।

ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ ਪ੍ਰਮਾਣਿਤ ਤਾਰੀਖ , ਭਾਦੋਂ ਸੁਦੀ 15 (ਪੁੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਹੈ। ਹੁਣ ਜੇ ਅਸੀਂ ਇਹ ਦਿਹਾੜਾ ਭਾਦੋਂ ਸੁਦੀ 15 ਨੂੰ ਮਨਾਉਂਦੇ ਹਾਂ ਤਾਂ ਇਹ ਸਧਾਰਨ ਸਾਲ ਵਿੱਚ ਤਾਂ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆਵੇਗਾ, ਪਰ ਜਿਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋਣਗੇ, ਉਸ ਸਾਲ ਇਹ ਦਿਹਾੜਾ ਪਿਛਲੇ ਸਾਲ ਤੋਂ 18-19 ਦਿਨ ਪਿਛੋਂ ਆਉਂਦਾ ਹੈ। ਜੇ ਅਸੀਂ ਇਹ ਦਿਹਾੜਾ ਪ੍ਰਵਿਸ਼ਟੇ ਅਨੁਸਾਰ, ਭਾਵ 2 ਅੱਸੂ ਨੂੰ ਮਨਾਉਂਦੇ ਹਾਂ ਤਾਂ ਹਰ ਸਾਲ ਇਹ ਦਿਹਾੜਾ 2 ਅੱਸੂ ਨੂੰ ਹੀ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਅਸਲ ਪ੍ਰਵਿਸ਼ਟੇ ਨੂੰ ਮਨਾਉਂਦੇ ਹਾਂ ਤਾਂ ਗੁਰਮਤਿ ਦੇ ਕਿਹੜੇ ਅਸੂਲ ਦੀ ਅਵੱਗਿਆ ਹੁੰਦੀ ਹੈ। ਕੀ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਜੀ ਨਾਲ ਸਬੰਧਿਤ ਦਿਹਾੜੇ, ਅਸਲ ਪ੍ਰਵਿਸ਼ਟਿਆਂ ਮੁਤਾਬਕ ਮਨਾਉਣ ਦਾ ਹੌਸਲਾ ਕਰੇਗੀ, ਜੇ ਨਹੀਂ ਤਾਂ ਕਿਉਂ?

# ਫਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਦੀ ਟੀਮ ਤ਼ਖਤ ਸ਼੍ਰੀ ਹਜ਼ੂਰ ਸਾਹਿਬ ਵਿਖੇ ਹੋਈ ਨਤਮਸਤਕ, ਕੀਤੀ ਸਰਬੱਤ ਦੇ ਭਲੇ ਲਈ ਅਰਦਾਸ

ਚੰਡੀਗੜ੍ਹ-(ਹਰਜਿੰਦਰ ਸਿੰਘ ਜਵੰਦਾ) ਪੰਜਾਬੀ ਸੰਗੀਤ ਅਤੇ ਅਦਾਕਾਰੀ ਦੇ ਖੇਤਰ ਵਿਚ ਨਿਰੰਤਰ ਸਫਲਤਾ ਦੀਆਂ ਉਚੀਆਂ ਮੰਜਿਲਾਂ ਨੂੰ ਛੂਹਣ ਵਾਲਾ ਗਾਇਕ ਅਤੇ ਨਾਇਕ ਗਿੱਪੀ ਗਰੇਵਾਲ ਇਨੀਂ ਦਿਨੀਂ ਆਪਣੀ ਅਗਾਮੀ ਫਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਨਾਲ ਕਾਫੀ ਚਰਚਾ 'ਚ ਨਜ਼ਰ ਆ ਰਿਹਾ ਹੈ। ਗਿੱਪੀ ਗਰੇਵਾਲ ਪੰਜਾਬੀ ਸਿਨਮੇ ਦਾ ਇੱਕ ਉਹ ਅਦਾਕਾਰ ਹੈ ਜਿਸ ਦੀਆਂ ਫ਼ਿਲਮਾਂ ਨੇ ਦਰਸ਼ਕਾਂ ਨੂੰ ਕਦੇ ਨਿਰਾਸ਼ ਨਹੀਂ ਕੀਤਾ।ਉਸ ਦੀਆਂ ਫ਼ਿਲਮਾਂ ਦਾ ਇੱਕ ਵੱਖਰਾ ਦਰਸ਼ਕ ਵਰਗ ਹੈ ਜੋ ਉਸਦੀ ਹਰੇਕ ਫ਼ਿਲਮ ਦੀ ਉਡੀਕ ਕਰਦਾ ਹੈ।ਆਉਣ ਵਾਲੀ 13 ਸਤੰਬਰ ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਗਿੱਪੀ ਗਰੇਵਾਲ ਦੀ ਫਿਲਮ 'ਅਰਦਾਸ ਸਰਬੱਤ ਦੇ ਭਲੇ ਦੀ' ਵੀ ਦਰਸ਼ਕਾਂ ਵਲੋਂ ਬੇਸਬਰੀ ਨਾਲ ਉਡੀਕੀ ਜਾ ਰਹੀ ਹੈ।ਦੂਜੇ ਪਾਸੇ ਗਿੱਪੀ ਗਰੇਵਾਲ ਆਪਣੀ ਫਿਲਮ ਦੀ ਟੀਮ ਸਮੇਤ ਫਿਲਮ ਦੀ ਪਰਮੋਸ਼ਨ 'ਚ ਲੱਗੇ ਨਜ਼ਰ ਆ ਰਹੇ ਹਨ। ਜਿਸ ਦੇ ਚਲਦਿਆਂ ਅੱਜ ਗਿੱਪੀ ਗਰੇਵਾਲ ਆਪਣੀ ਇਸ ਫਿਲਮ ਦੀ ਸਮੁੱਚੀ ਟੀਮ ਸਮੇਤ ਤ਼ਖਤ ਸ਼੍ਰੀ ਹਜ਼ੂਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਅਤੇ ਉਨ੍ਹਾਂ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।ਇਸ ਮੌਕੇ ਤ਼ਖਤ ਸ਼੍ਰੀ ਹਜ਼ੂਰ ਸਾਹਿਬ ਦੀ ਮੈਨੇਜਮੈਂਟ ਕਮੇਟੀ ਵਲੋਂ ਫਿਲਮ ਦੀ ਟੀਮ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਵਲੋਂ ਗਿੱਪੀ ਗਰੇਵਾਲ ਅਤੇ ਉਨਾਂ ਦੀ ਟੀਮ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ ਅਤੇ ਇੱਕ ਚੰਗੀ ਫਿਲਮ ਪੰਜਾਬੀਆਂ ਦੀ ਝੋਲੀ ਪਾਉਣ ਲਈ ਧੰਨਵਾਦ ਕੀਤਾ ਗਿਆ।ਦੱਸ ਦਈਏ ਕਿ ਗਿੱਪੀ ਗਰੇਵਾਲ ਵਲੋਂ ਖੁਦ ਲਿਖੀ ਅਤੇ ਨਿਰਦੇਸ਼ਿਤ ਇਹ ਫ਼ਿਲਮ ਇਨਸਾਨ ਦੇ ਜੀਵਨ ਅਤੇ ਸੰਘਰਸ਼ਾਂ ਦੀ ਝਲਕ ਨੂੰ ਪਰਦੇ ਤੇ ਪੇਸ਼ ਕਰੇਗੀ। ਜੀਓ ਸਟੂਡਿਓਜ਼', 'ਹੰਬਲ ਮੋਸ਼ਨ ਪਿਕਚਰਜ਼' ਅਤੇ 'ਪਨੋਰਮਾ ਸਟੂਡਿਓਜ਼' ਵੱਲੋਂ ਪ੍ਰੋਡਿਊਸ ਇਸ ਫ਼ਿਲਮ ਦੇ ਨਿਰਮਾਤਾ ਰਵਨੀਤ ਕੌਰ ਗਰੇਵਾਲ, ਜਯੋਤੀ ਦੇਸ਼ਪਾਂਡੇ, ਕੁਮਾਰ ਮੰਗਤ ਪਾਠਕ, ਅਭਿਸ਼ੇਕ ਪਾਠਕ, ਦਿਵਿਆ ਧਮੀਜਾ, ਮੁਰਲੀਧਰ ਛਤਵਾਨੀ, ਸੰਜੀਵ ਜੋਸ਼ੀ, ਭਾਨਾ ਐੱਲ ਏ ਅਤੇ ਵਿਨੋਦ ਅਸਵਾਲ ਹਨ।ਇਸ ਫ਼ਿਲਮ ਵਿੱਚ ਅਦਾਕਾਰਾ ਜੈਸਮੀਨ ਭਸੀਨ, ਗੁਰਪ੍ਰੀਤ ਘੁੱਗੀ ਤੋਂ ਇਲਾਵਾ ਪ੍ਰਿੰਸ ਕੰਵਲਜੀਤ ਸਿੰਘ, ਨਿਰਮਲ ਰਿਸ਼ੀ, ਗੁਰਪ੍ਰੀਤ ਘੁੱਗੀ, ਜੱਗੀ ਸਿੰਘ, ਪ੍ਰਿੰਸ ਕੰਵਲਜੀਤ ਸਿੰਘ, ਰਘੁਬੀਰ ਬੋਲੀ, ਰੁਪਿੰਦਰ ਰੂਪੀ, ਰਾਣਾ ਜੰਗ ਬਹਾਦਰ, ਸਰਦਾਰ ਸੋਹੀ, ਮਲਕੀਤ ਰੌਣੀ, ਰਵਿੰਦਰ ਮੰਡ ਅਤੇ ਤਾਨਿਆ ਮਹਾਜਨ ਆਦਿ ਨਾਮੀ ਸਿਤਾਰੇ ਵੀ ਅਹਿਮ ਭੂਮਿਕਾ ਚ ਨਜ਼ਰ ਆਉਣਗੇ।



# ਹਾਸੇ ਦੀ ਪਟਾਰੀ

**ਪਤਨੀ,** ਮੈਂ ਕਿਹੋ ਜਿਹੀ ਲੱਗ ਰਹੀ ਹਾਂ ਜੀ ?

ਪਤੀ, ਚੰਗੀ ਲੱਗ ਰਹੀ ਏਂ।

ਪਤਨੀ, ਮੇਰੇ ਲਈ ਇਕ ਸ਼ੇਅਰ ਸੁਣਾਉ ਨਾ।

ਪਤੀ, ਯਹ ਜੋ ਲੱਗ ਰਹੀ ਹੋ ਨਾ ਤੁਮ ਇਤਨੀ ਪਿਆਰੀ, ਇਸ ਪਰ ਲੱਗ ਜਾਤੀ ਹੈ ਮੇਰੀ ਤਨਖਾਹ ਸਾਰੀ।

*---*---*

**ਮਾਸਟਰ ਜੀ,** ਮੁਹਾਵਰੇ ਦਾ ਅਰਥ ਦੱਸ - ਸੱਪ ਦੀ ਪੂਛ 'ਤੇ ਪੈਰ ਰੱਖਣਾ'।

ਵਿੱਦਿਆਰਥੀ, ਘਰਵਾਲੀ ਨੂੰ ਪੇਕੇ ਜਾਣ ਤੋਂ ਰੋਕਣਾ।

ਮਾਸਟਰ ਜੀ ਨੂੰ ਸਮਝ ਨਹੀਂ ਆ ਰਹੀ ਕਿ ਇਸ ਵਿੱਦਿਆਰਥੀ ਨੂੰ ਬਾਹਰ ਕੱਢਾਂ ਜਾਂ ਕਲਾਸ ਦਾ ਮਨੀਟਰ ਬਣਾਵਾਂ।

*---*---*

**ਰਾਜੂ** ਰੇਲ ਗੱਡੀ ਵਿੱਚ ਆਪਣੇ ਪਿੰਡ ਜਾ ਰਿਹਾ ਸੀ। ਟਿਕਟ ਚੈਕਰ ਬੋਲਿਆ, ਚੱਲ ਬਈ, ਟਿਕਟ ਦਿਖਾ।

ਰਾਜੂ, ਗਰੀਬ ਹਾਂ ਸਾਹਿਬ, ਚਟਣੀ ਤੇ ਬਹੀ ਰੋਟੀ ਖਾਂਦਾ ਹਾਂ।

ਟਿਕਟ ਚੈਕਰ, ਟਿਕਟ ਦਿਖਾ।

ਰਾਜੂ, ਗਰੀਬ ਆਦਮੀ ਹਾਂ ਸਾਹਿਬ, ਸਾਗ-ਦਾਲ, ਰੋਟੀ ਖਾਂਦਾ ਹਾਂ।

ਟਿਕਟ ਚੈਕਰ ਨੂੰ ਗੁੱਸਾ ਆ ਗਿਆ, ਤਾਂ ਮੈਂ ਕੀ ਗੋਹਾ ਖਾਂਦਾ ਹਾਂ ?

ਰਾਜੂ, ਵੱਡੇ ਆਦਮੀ ਹੋ ਸਾਹਿਬ, ਖਾਂਦੇ ਹੋਵੋਂਗੇ।

# ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਸੰਘਰਸ਼ਮਈ ਦਾਸਤਾਨ

**18 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਅਸੀ ਸਾਰੇ ਇਸ ਗੱਲ ਤੋਂ ਭਲੀ ਭਾਂਤ ਜਾਣਦੇ ਹਾਂ ਕਿ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਨਿਜਾਤ ਦਿਵਾਉਣ ਲਈ ਅਨੇਕਾਂ ਸਿੱਖ ਅਣਖੀ ਯੋਧਿਆਂ ਨੇ ਆਪਣੀ ਚੜ੍ਹਦੀ ਉਮਰ ਦੇ ਬੇਸ਼ਕੀਮਤੀ ਵਰ੍ਹੇ ਦੇਸ਼ ਅਤੇ ਵਿਦੇਸ਼ ਦੀਆਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬਤੀਤ ਕੀਤੇ। ਅਜਿਹੇ ਸੂਰਬੀਰ ਯੋਧਿਆਂ ਵਿੱਚੋਂ ਪੰਜਾਬ ਦੀ ਧਰਤੀ ਦੇ ਮਹਾਨ ਸਪੁੱਤਰ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਅੱਜ ਵੀ ਬੜੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।

ਇਸ ਅਣਖੀਲੇ ਨੌਜਵਾਨ ਦਾ ਜਨਮ ਮਾਰਚ 1882 ਈ: ਵਿੱਚ ਪਿਤਾ ਸ. ਗੁਰਦਿੱਤ ਸਿੰਘ ਦੇ ਗ੍ਰਹਿ ਵਿਖੇ ਚੜ੍ਹਦੇ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੌਧ ਸਿੰਘ ਵਿਖੇ ਹੋਇਆ। ਪਿਤਾ ਜੀ ਕਿਸਾਨੀ ਦਾ ਧੰਦਾ ਕਰਦੇ ਸਨ। ਬਾਬਾ ਹਰਨਾਮ ਸਿੰਘ ਨੇ ਮੁੱਢਲੀ ਸਿੱਖਿਆ ਉਸ ਸਮੇਂ ਪਰੰਪਰਾ ਮੁਤਾਬਿਕ ਪਿੰਡ ਦੀ ਧਰਮਸ਼ਾਲਾ ਤੋਂ ਹੀ ਪ੍ਰਾਪਤ ਕੀਤੀ। ਜਵਾਨੀ ਵਿੱਚ ਪੈਰ ਧਰਦਿਆਂ ਹੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਘਰ ਦੇ ਗੁਜ਼ਾਰੇ ਲਈ ਜਵਾਨਾਂ ਨੂੰ ਫੌਜ ਤੋਂ ਬਿਨਾਂ ਕੋਈ ਹੋਰ ਕੰਮਕਾਰ ਵੀ ਨਹੀਂ ਸੀ। ਥੋੜ੍ਹਾ ਸਮਾਂ ਫੌਜ ਦੀ ਨੌਕਰੀ ਵਿੱਚ ਸੇਵਾ ਨਿਭਾਉਣ ਤੋਂ ਪਿੱਛੋਂ ਆਪ 24 ਕੁ ਸਾਲ ਦੀ ਉਮਰ ਵਿੱਚ 12 ਜੁਲਾਈ 1906 ਈ: ਨੂੰ ਕੈਨੇਡਾ ਚਲੇ ਗਏ। ਤਿੰਨ ਕੁ ਸਾਲ ਕੈਨੇਡਾ ਵਿੱਚ ਸਖ਼ਤ ਮਿਹਨਤ ਕੀਤੀ। ਉਥੋਂ 1909 ਈ: ਵਿੱਚ ਅਮਰੀਕਾ ਦੇ ਸੂਬਾ ਕੈਲੇਫੋਰਨੀਆ ਚਲੇ ਗਏ। ਤਿੰਨ ਸਾਲ ਅਮਰੀਕਾ ਵਿੱਚ ਰਹਿੰਦਿਆਂ ਆਪਣੇ ਦੇਸ਼ ਵਾਸੀਆਂ ਦੀ ਤੰਗੀ-ਤੁਰਸ਼ੀ ਅਤੇ ਗੁਲਾਮੀ ਵਾਲੀ ਜ਼ਿੰਦਗੀ ਦੇ ਦਿਨਾਂ ਨੂੰ ਯਾਦ ਕਰਦਿਆਂ 1912 ਈ: ਵਿੱਚ ਦੇਸ਼-ਵਾਸੀਆਂ ਦੇ ਗਲੋਂ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਪੋਰਟਲੈਂਡ ਵਿੱਚ ਬਾਕੀ ਪ੍ਰਵਾਸੀ ਹਿੰਦੁਸਤਾਨੀਆਂ ਨਾਲ ਰਲ ਮਿਲ ਕੇ ਗ਼ਦਰ ਪਾਰਟੀ ਦੀ ਸਥਾਪਨਾ ਵਿੱਚ ਯੋਗਦਾਨ ਪਾਇਆ। ਇਹ ਫੈਸਲਾ ਇਨ੍ਹਾਂ ਦਾ ਹੀ ਸੀ ਕਿ ਗ਼ਦਰ ਨਾਂਅ ਦਾ ਹਫ਼ਤਾਵਾਰੀ ਅਖ਼ਬਾਰ ਉਰਦੂ, ਪੰਜਾਬੀ ਅਤੇ ਹਿੰਦੀ ਵਿੱਚ ਪ੍ਰਕਾਸ਼ਿਤ ਕੀਤਾ ਜਾਵੇ। ਗ਼ਦਰ ਅਖ਼ਬਾਰ ਦੇ ਸੰਪਾਦਕੀ ਬੋਰਡ ਨਾਲ ਸ. ਹਰਨਾਮ ਸਿੰਘ ਦਾ ਸਬੰਧ ਵੀ ਸੀ।

ਇਨ੍ਹਾਂ ਸਰਗਰਮੀਆਂ ਅਧੀਨ ਜਦੋਂ 5 ਜੁਲਾਈ, 1914 ਈ: ਨੂੰ ਹਰਨਾਮ ਸਿੰਘ ਵਰਗਾ ਅਣਖੀਲਾ ਗੱਭਰੂ ਬੰਬ ਬਣਾ ਰਿਹਾ ਸੀ ਤਾਂ ਇਸ ਬੰਬ ਨੂੰ ਬਨਾਉਣ ਸਮੇਂ ਇਸ ਬੰਬ ਦੇ ਫਟਣ ਨਾਲ ਉਸ ਦਾ ਖੱਬਾ ਹੱਥ ਉਡ ਗਿਆ। ਇਸ ਜ਼ਖ਼ਮ ਦੇ ਕਾਰਨ ਹੀ ਉਸ ਦੀ ਖੱਬੀ ਬਾਂਹ ਗੁੱਟ ਦੇ ਉਪਰੋਂ ਕੱਟਣੀ ਪਈ। ਇਸ ਤੋਂ ਪਿੱਛੋਂ ਉਸ ਦੇ ਨਾਂਅ ਦੇ ਨਾਲ ਟੁੰਡੀਲਾਟ ਪਿਛੇਤਰ ਪੱਕੇ ਤੌਰ 'ਤੇ ਜੁੜ ਗਿਆ। ਅਸਲ ਵਿੱਚ ਟੁੰਡੀਲਾਟ ਪੰਜਾਬੀਆਂ ਦੇ ਜ਼ਿਹਨ ਵਿੱਚ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਜੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਪਿੱਛੋਂ (1844 ਤੋਂ 1848) ਪੰਜਾਬੀਆਂ ਨੂੰ ਦਿੱਤੇ ਤਸੀਹਿਆਂ ਕਾਰਨ ਜੁੜਿਆ ਹੋਇਆ ਸੀ, ਜਿਸ ਦਾ ਜ਼ਿਕਰ ਸ਼ਾਹ ਮੁਹੰਮਦ ਦੇ ਜੰਗਨਾਮੇ ਵਿੱਚ ਕੀਤਾ ਮਿਲਦਾ ਹੈ। ਇਸ ਗਵਰਨਰ ਜਰਨਲ ਦੀ ਬਾਂਹ ਨੈਪੋਲੀਅਨ ਨਾਲ ਯੁੱਧ ਸਮੇਂ ਕੱਟੀ ਗਈ ਸੀ, ਜਿਸ ਨੂੰ ਪੰਜਾਬੀ ਟੁੰਡੀਲਾਟ ਕਰਕੇ ਹੁਣ ਤੱਕ ਯਾਦ ਕਰਦੇ ਹਨ। 25 ਜੁਲਾਈ, 1914 ਨੂੰ ਜਦੋਂ ਪਹਿਲਾ ਸੰਸਾਰ ਯੁੱਧ ਆਰੰਭ ਹੋ ਗਿਆ, ਗ਼ਦਰ ਪਾਰਟੀ ਦੇ ਸਾਰੇ ਅਣਖੀ ਯੋਧਿਆਂ ਨੂੰ ਵਾਪਸ ਆਪਣੇ ਦੇਸ਼ ਹਿੰਦੁਸਤਾਨ ਪਹੁੰਚਣ ਲਈ ਹੁਕਮ ਜਾਰੀ ਹੋ ਗਏ।

ਗ਼ਦਰੀ ਬਾਬਾ ਹਰਨਾਮ ਸਿੰਘ 24 ਦਸੰਬਰ, 1914 ਨੂੰ ਵਾਪਸ ਪੰਜਾਬ ਪਰਤ ਆਇਆ। ਇਨ੍ਹਾਂ ਪੰਜਾਬ ਪਹੁੰਚਦਿਆਂ ਹੀ ਰਮਤੇ ਸਾਧੂ ਦੇ ਰੂਪ ਵਿੱਚ ਹਰ ਪਿੰਡ ਅਤੇ ਸ਼ਹਿਰ ਵਿੱਚ ਗ਼ਦਰ ਪਾਰਟੀ ਦੇ ਪ੍ਰਚਾਰ ਲਈ ਅਲਖ ਜਗਾਈ। ਇਸ ਪ੍ਰਚਾਰ ਲਈ ਉਨ੍ਹਾਂ ਵਿਸ਼ੇਸ਼ ਕਰਕੇ ਦੁਆਬਾ ਖੇਤਰ ਦੇ ਲੋਕਾਂ ਨੂੰ ਜਾਗ੍ਰਿਤ ਕੀਤਾ। ਇਸ ਤੋਂ ਇਲਾਵਾ ਬਾਬਾ ਹਰਨਾਮ ਸਿੰਘ ਨੇ ਲਹਿੰਦੇ ਪੰਜਾਬ ਦੇ ਰਾਵਲਪਿੰਡੀ, ਨੌਸ਼ਹਿਰਾ, ਪਿਸ਼ਾਵਰ ਅਤੇ ਮੰਤੂ ਛਾਉਣੀਆਂ ਵਿੱਚ ਤਾਇਨਾਤ ਨੌਕਰੀ ਕਰ ਰਹੇ ਫੌਜੀਆਂ ਨਾਲ ਸੰਪਰਕ ਬਣਾ ਲਿਆ, ਤਾਂ ਜੋ ਬਗਾਵਤ ਦਾ ਝੰਡਾ ਬੁਲੰਦ ਕੀਤਾ ਜਾ ਸਕੇ। ਜਦੋਂ ਪੰਜਾਬ ਅਤੇ ਦੇਸ਼ ਦੀ ਅੰਗ੍ਰੇਜ਼ ਹਕੂਮਤ ਦੇ ਸੂਹੀਆ ਤੰਤਰ ਨੂੰ ਇਸ ਗੱਲ ਦੀ ਸੂਹ ਲੱਗੀ ਤਾਂ ਬਾਬਾ ਹਰਨਾਮ ਸਿੰਘ ਨੇ ਦੇਸ਼ ਦੀ ਸਰਹੱਦ ਨੂੰ ਟੱਪ ਕੇ ਅਫਗਾਨਿਸਤਾਨ ਵੱਲ ਜਾਣ ਵਿੱਚ ਸਫ਼ਲ ਹੋ ਗਿਆ। ਜਦੋਂ ਉਸ ਨੂੰ ਉਸ ਦੇਸ਼ ਵਿੱਚੋਂ ਕੋਈ ਸਹਾਇਤਾ ਆਦਿ ਦਾ ਹੁੰਗਾਰਾ ਨਾ ਮਿਲਿਆ ਤਾਂ ਆਪ 2 ਮਾਰਚ, 1915 ਈ: ਨੂੰ ਸ਼ਾਹਪੁਰ (ਸਰਗੋਧਾ) (ਲਹਿੰਦੇ ਪੰਜਾਬ) ਦੇ ਚੱਕ ਨੰਬਰ 5 ਵਿਖੇ ਕਿਸੇ ਜਾਣਕਾਰ ਦੇ ਘਰ ਵਿੱਚ ਕਿਸੇ ਹੋਰ ਗ਼ਦਰ ਪਾਰਟੀ ਦੇ ਸਰਗਰਮ ਸਾਥੀਆਂ ਨਾਲ ਠਹਿਰੇ ਹੋਏ ਸਨ ਤਾਂ ਸੂਹੀਏ ਤੰਤਰ ਦੀ ਖ਼ਬਰ ਨਾਲ ਸਾਰੇ ਸਾਥੀਆਂ ਸਮੇਤ ਬਾਬਾ ਹਰਨਾਮ ਸਿੰਘ ਫੜੇ ਗਏ। ਇਸ ਤੋਂ ਪਿੱਛੋਂ 13 ਦਸੰਬਰ, 1915 ਈ: ਲਾਹੌਰ ਸਾਜਿਸ਼ ਕੇਸ ਅਧੀਨ ਬਾਬਾ ਹਰਨਾਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।



ਬਾਬਾ ਹਰਨਾਮ ਸਿੰਘ

ਬਾਬਾ ਹਰਨਾਮ ਸਿੰਘ ਬਾਕੀ ਸਾਥੀਆਂ ਸਮੇਤ ਲਗਪਗ 30 ਸਾਲ ਅੰਡੇਮਾਨ, ਮਦਰਾਸ, ਪੂਨਾ, ਮੁੰਬਈ, ਮਿੰਟਗੁਮਰੀ ਆਦਿ ਬਹੁਤ ਸਾਰੀਆਂ ਜੇਲ੍ਹਾਂ ਵਿੱਚ ਤੰਗੀਆਂ-ਤੁਰਸ਼ੀਆਂ ਤੇ ਤਸੀਹੇ ਕੱਟ ਕੇ ਦੇਸ਼ ਦੀ ਅਜ਼ਾਦੀ ਤੇ ਪੰਜਾਬ ਬਟਵਾਰੇ ਤੋਂ ਪਹਿਲਾਂ 1945 ਈ: ਨੂੰ ਜੇਲ੍ਹ ਤੋਂ ਬਾਹਰ ਆਏ। ਇਹ ਅਣਖੀ ਯੋਧਾ 80 ਸਾਲ ਦੀ ਉਮਰ ਭੋਗ ਕੇ 18 ਸਤੰਬਰ, 1962 ਈ: ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਅੱਜ ਜਦੋਂ ਮੁੜ ਪੰਜਾਬ ਆਪਣੀ ਹੋਂਦ ਲਈ ਤਰਲੋ ਮੱਛੀ ਹੋ ਰਿਹਾ ਹੈ, ਉਸ ਸਮੇਂ ਇਸ ਸਮੇਂ ਆਪਣੇ ਇਸ ਅਣਖੀਲੇ ਸੂਰਬੀਰ ਨੂੰ ਵੀ ਯਾਦ ਕਰ ਰਿਹਾ ਹੈ।

# ਨਾਗਣੀ

ਵੱਡੇ ਸਾਰੇ ਚੋਲੇ ਵਾਲੇ ਬਾਬਾ ਜੀ ਗੁਰਦੁਆਰੇ ਦੀ ਸਟੇਜ ਤੋਂ ਕਥਾ ਕਰ ਰਹੇ ਸਨ। ਉਨ੍ਹਾਂ ਦੀ ਕਥਾ ਦਾ ਮੁੱਖ ਵਿਸ਼ਾ ਮਾਇਆ ਸੀ। ਉਹ ਵਾਰ ਵਾਰ ਸੰਗਤਾਂ ਨੂੰ ਸੁਚੇਤ ਕਰ ਰਹੇ ਸਨ ਕਿ ਉਹ ਮਾਇਆ ਦੇ ਜ਼ਹਿਰੀਲੇ ਡੰਗ ਤੋਂ ਬਚਣ। ਬਾਬਾ ਜੀ ਮਾਇਆ ਨੂੰ ਨਾਗਣੀ ਨਾਲ ਤਸ਼ਬੀਹ ਦੇ ਰਹੇ ਸਨ। ਹਰ ਵਾਰੀ ਗੱਲ ਦਾ ਤੋੜਾ ਇਥੇ ਹੀ ਝਾੜਦੇ ਸਨ ਕਿ ਮਾਇਆ ਨਾਗਣੀ ਹੈ, ਇਸ ਦਾ ਡੰਗਿਆ ਬੰਦਾ ਪਾਣੀ ਵੀ ਨਹੀਂ ਮੰਗਦਾ, ਸੰਸਾਰੀ ਜੀਵਾਂ ਨੂੰ ਇਸ ਨਾਗਣੀ ਤੋਂ ਬਚਣਾ ਚਾਹੀਦਾ ਹੈ। ਦੀਵਾਨ ਹਾਲ ਖਚਾ ਖਚ ਭਰਿਆ ਹੋਇਆ ਸੀ। ਬਾਬਾ ਜੀ ਅੱਗੇ ਮਾਇਆ ਦਾ ਚੰਗਾ ਉੱਚਾ ਢੇਰ ਨੋਟਾਂ ਦਾ ਲੱਗਿਆ ਹੋਇਆ ਸੀ।

ਗੁਰਦੁਆਰੇ ਦੀ ਕਮੇਟੀ ਨਵੀਂ ਨਵੀਂ ਹੀ ਬਣੀ ਸੀ। ਇਸ ਵਾਰੀ ਕੁਝ ਪੜ੍ਹੇ ਲਿਖੇ ਨੌਜੁਆਨ ਵੀ ਕਮੇਟੀ ਲਈ ਚੁਣੇ ਗਏ ਸਨ। ਇਕ ਨੌਜੁਆਨ ਕਮੇਟੀ ਮੈਂਬਰ, ਜੋ ਸਟੇਜ ਦੇ ਨੇੜੇ ਬੈਠਾ ਸੀ, ਉੱਠਿਆ ਅਤੇ ਉਸ ਨੇ ਬਾਬੇ ਅੱਗੇ ਪਈ ਸਾਰੀ ਮਾਇਆ ਚੁੱਕ ਕੇ ਗੋਲਕ ਵਿਚ ਪਾ ਦਿਤੀ।

ਬਾਬਾ ਜੀ ਬਹੁਤ ਬੇਚੈਨ ਹੋ ਗਏ। ਉਨ੍ਹਾਂ ਦੇ ਚਿਹਰੇ ਦਾ ਨੂਰ ਹੀ ਗ਼ਾਇਬ ਹੋ ਗਿਆ ਤੇ ਅੱਖਾਂ 'ਚੋਂ ਅੰਗਿਆਰ ਲੱਗੇ ਵਰਸਣ। ਉਨ੍ਹਾਂ ਦਾ ਵਸ ਨਹੀਂ ਸੀ ਚਲਦਾ ਨਹੀਂ ਤਾਂ ਉਹ ਸਟੇਜ ਤੋਂ ਉੱਠ ਕੇ ਉਸ ਨੌਜੁਆਨ ਨੂੰ ਉੱਥੇ ਹੀ ਢਾਅ ਕੇ ਕੁਟਾਪਾ ਚਾੜ੍ਹ ਦਿੰਦੇ, ਪਰ ਫੇਰ ਵੀ ਉਹ ਬਾਬਾ ਜੀ ਸਨ, ਜਿਨ੍ਹਾਂ ਨੇ ਹਰ ਮੁਸ਼ਕਿਲ ਨੂੰ ਹੱਲ ਕਰਨ ਦੇ ਢੰਗ ਸਿੱਖੇ ਹੋਏ ਸਨ। ਅਜੇ ਉਨ੍ਹਾਂ ਦਾ ਪੰਜ ਸੱਤ ਮਿੰਟ ਸਮਾਂ ਰਹਿੰਦਾ ਸੀ ਪਰ ਉਨ੍ਹਾਂ ਨੇ ਜਲਦੀ ਜਲਦੀ ਕਥਾ ਸਮੇਟੀ ਤੇ ਸਟੇਜ ਦੇ ਪਿਛਲੇ ਪਾਸੇ ਜਾ ਕੇ ਪ੍ਰਧਾਨ ਸਾਹਿਬ ਦੀ ਤਲਾਸ਼ ਲੱਗੇ ਕਰਨ। ਪਤਾ ਲੱਗਿਆ ਕਿ ਪ੍ਰਧਾਨ ਸਾਹਿਬ ਕਮੇਟੀ ਰੂਮ 'ਚ ਬੈਠੇ ਹਨ। ਬਾਬਾ ਜੀ ਜਾ ਪਹੁੰਚੇ ਕਮੇਟੀ ਰੂਮ 'ਚ ਤੇ ਜਾ ਹਾਲ ਪਾਹਰਿਆ ਕੀਤੀ ਕਿ ਉਨ੍ਹਾਂ ਨਾਲ ਬਹੁਤ ਘਟੀਆ ਵਤੀਰਾ ਕੀਤਾ ਗਿਆ ਹੈ ਤੇ ਸਟੇਜ ਦੀ ਸਾਰੀ ਮਾਇਆ ਚੁੱਕ ਕੇ ਗੋਲਕ 'ਚ ਪਾ ਦਿਤੀ ਗਈ ਹੈ।

ਪ੍ਰਧਾਨ ਸਾਹਿਬ ਵੀ ਹੈਰਾਨ ਹੋਏ ਤੇ ਉਨ੍ਹਾਂ ਨੇ ਸਾਰੀ ਗੱਲ ਪੁੱਛੀ ਤੇ ਉਸ ਨੌਜੁਆਨ ਨੂੰ ਬੁਲਾ ਕੇ ਪੁੱਛਿਆ ਕਿ ਉਸ ਨੇ ਇਹ ਹਰਕਤ ਕਿਉਂ ਕੀਤੀ? ਨੌਜੁਆਨ ਕਹਿਣ ਲੱਗਾ, "ਪ੍ਰਧਾਨ ਸਾਹਿਬ ਜੀ, ਬਾਬਾ ਜੀ ਵਾਰ ਵਾਰ ਮਾਇਆ ਨੂੰ ਨਾਗਣੀ ਕਹੀ ਜਾ ਰਹੇ ਸਨ ਤੇ ਕਹਿੰਦੇ ਸਨ ਕਿ ਇਸ ਮਾਇਆ ਦਾ ਡੰਗਿਆ ਆਦਮੀ ਤਾਂ ਪਾਣੀ ਵੀ ਨਹੀਂ ਮੰਗਦਾ, ਮੈਂ ਸੋਚਿਆ ਕਿ ਬਾਬਾ ਜੀ ਤਾਂ ਮਾਇਆ ਦੇ ਬਿਲਕੁਲ ਨੇੜੇ ਬੈਠੇ ਹਨ ਕਿਤੇ ਮਾਇਆ ਇਨ੍ਹਾਂ ਨੂੰ ਡੰਗ ਹੀ ਨਾ ਮਾਰ ਦੇਵੇ ਤੇ ਸਾਨੂੰ ਇਥੇ ਭਾਜੜਾਂ ਪੈ ਜਾਣ।"



ਨਿਰਮਲ ਸਿੰਘ ਕੰਧਾਲਵੀ

# ਹਾਸੇ ਦੀ ਪਟਾਰੀ

**ਇਕ** ਔਰਤ ਨੇ ਪੰਡਿਤ ਜੀ ਤੋਂ ਘਰ ਦੀ ਖ਼ੁਸ਼ਹਾਲੀ ਦਾ ਉਪਾਅ ਪੁੱਛਿਆ ਤਾਂ ਪੰਡਿਤ ਜੀ ਬੋਲੇ, ਬੇਟੀ, ਪਹਿਲੀ ਰੋਟੀ ਗਾਂ ਨੂੰ ਖੁਆਇਆ ਕਰ ਅਤੇ ਆਖਰੀ ਰੋਟੀ ਕੁੱਤੇ ਨੂੰ।

ਔਰਤ, ਪੰਡਿਤ ਜੀ ਮੈਂ ਅਜਿਹਾ ਹੀ ਕਰਦੀ ਹਾਂ। ਪਹਿਲੀ ਰੋਟੀ ਖੁਦ ਖਾਂਦੀ ਹਾਂ ਅਤੇ ਆਖਰੀ ਰੋਟੀ ਆਪਣੇ ਪਤੀ ਨੂੰ ਖੁਆਂਦੀ ਹਾਂ।

ਪੰਡਿਤ ਜੀ ਬੇਹੋਸ਼।

****

**ਜੱਜ,** ਤੂੰ ਇਸ ਦੇ ਪੈਸੇ ਚੋਰੀ ਕਿਉਂ ਕੀਤੇ ?

ਚੋਰ, ਮੈਂ ਪੈਸੇ ਚੋਰੀ ਨਹੀਂ ਕੀਤੇ, ਇਸ ਨੇ ਖੁਦ ਹੀ ਦਿੱਤੇ ਸਨ।

ਜੱਜ, ਇਸ ਨੇ ਪੈਸੇ ਕਦੋਂ ਦਿੱਤੇ ?

ਚੋਰ, ਜਦੋਂ ਮੈਂ ਇਸ ਨੂੰ ਬੰਦੂਕ ਦਿਖਾਈ।

*----*----*

**ਮੋਨੂੰ** ਡਾਕਟਰ ਕੋਲ ਗਿਆ ਤੇ ਬੋਲਿਆ, ਡਾ: ਸਾਹਿਬ ਮੈਨੂੰ ਕੀ ਬਿਮਾਰੀ ਹੈ ?

ਡਾਕਟਰ, ਕੁੜੀਆਂ ਦਾ ਪਿੱਛਾ ਕਰਨਾ ਛੱਡ ਦੇ।

ਮੋਨੂੰ, ਉਸ ਨਾਲ ਕੀ ਹੋਵੇਗਾ ?

ਡਾਕਟਰ, ਜੇ ਕੁੜੀਆਂ ਦਾ ਪਿੱਛਾ ਕਰਨਾ ਨਹੀਂ ਛੱਡੇਂਗਾ ਤਾਂ ਜਲਦੀ ਹੀ ਮਰ ਜਾਵੇਂਗਾ।

ਮੋਨੂੰ, ਕੁੜੀਆਂ ਦਾ ਪਿੱਛਾ ਕਰਨ ਨਾਲ ਕੋਈ ਕਿਵੇਂ ਮਰ ਸਕਦਾ ਹੈ ?

ਡਾਕਟਰ, ਕਿਉਂਕਿ ਉਨ੍ਹਾਂ ਵਿੱਚੋਂ ਇਕ ਕੁੜੀ ਮੇਰੀ ਵੀ ਹੈ।

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖ਼ਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

ਫ਼ੋਨ ਨੰਬਰ: 01332 372851

# ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਬਾਣੀ ਦੇ ਇਤਿਹਾਸਕ ਤੇ ਸਮਾਜਿਕ ਪੱਖ 'ਤੇ ਇਕ ਨਜ਼ਰ !


ਹਿੰਦ ਦੇ ਇਤਿਹਾਸ ਵਿੱਚ ਸੋਲ੍ਹਵੀਂ ਸਦੀ ਦਾ ਪਹਿਲਾ ਅੱਧ ਬੜੀਆਂ ਰਾਜਨੀਤਕ ਘਟਨਾਵਾਂ ਨਾਲ ਭਰਪੂਰ ਸੀ ਤੇ ਇਹ ਘਟਨਾਵਾਂ ਹਿੰਦ ਦੇ ਇਤਿਹਾਸ ਵਿੱਚ ਯੁੱਗ ਪਲਟਾਊ ਸਮਝੀਆਂ ਜਾਂਦੀਆਂ ਹਨ। ਉਸ ਸਮੇਂ ਦੀਆਂ ਕੁਝ ਜ਼ਿਕਰ ਯੋਗ ਘਟਨਾਵਾਂ ਇਹ ਹਨ : (1) ਬਾਬਰ ਦਾ ਹਮਲਾ, (2) ਪਾਨੀਪਤ ਦੀ ਪਹਿਲੀ ਲੜਾਈ, (3) ਹਮਾਯੂ ਦਾ ਹਿੰਦ ਵਿੱਚੋਂ ਦੇਸ਼ ਨਿਕਾਲਾ,


**ਲੇਖਕ – ਜਥੇਦਾਰ**

**ਮਹਿੰਦਰ ਸਿੰਘ ਯੂ ਕੇ**

**ਮੋਬਾਈਲ ਫੋਨ:**

**07989 927477**

(4) ਸ਼ੇਰਸ਼ਾਹ ਸੂਰੀ ਦਾ ਰਾਜ। ਉਕਤ ਚਾਰੇ ਘਟਨਾਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਦੱਸੀਆਂ ਗਈਆਂ ਹਨ ਤੇ ਗੁਰੂ ਨਾਨਕ ਨੇ ਆਪਣੀ ਬਾਣੀ ਰਾਹੀਂ ਅੰਕਿਤ ਕੀਤੀਆਂ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ 1540 ਈ: ਨੂੰ ਸ਼ੇਰਸ਼ਾਹ ਸੂਰੀ ਨੇ ਹਮਾਯੂ ਨੂੰ ਹਰਾ ਕੇ ਭਜਾਇਆ ਅਤੇ 1545 ਈ: ਤੱਕ ਆਪ ਰਾਜ ਕੀਤਾ ਤੇ ਉਸ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਇਸਲਾਮ ਸ਼ਾਹ ਸੂਰੀ ਨੇ 1545 ਤੋਂ 1553 ਤੱਕ ਰਾਜ ਕੀਤਾ। 1553 ਈ: ਨੂੰ ਹਮਾਯੂ ਨੇ ਫਿਰ ਕਾਬਲ ਤੋਂ ਵਾਪਸ ਆ ਕੇ ਇਸਲਾਮ ਸ਼ਾਹ ਸੂਰੀ ਨੂੰ ਹਰਾਇਆ ਤੇ ਫਿਰ ਹਿੰਦ 'ਤੇ ਕਾਬਜ਼ ਹੋ ਗਿਆ। ਫਿਰ ਬਾਬਰ ਦੇ ਖਾਨਦਾਨ ਨੇ ਹਿੰਦੂ 'ਤੇ ਨਿਰੰਤਰ ਰਾਜ ਕੀਤਾ। ਹਮਾਯੂ ਦਾ ਪੁੱਤਰ ਅਕਬਰ, ਅਕਬਰ ਦਾ ਪੁੱਤਰ ਸ਼ਾਹ ਜਹਾਨ ਅਤੇ ਸ਼ਾਹ ਜਹਾਨ ਦਾ ਪੁੱਤਰ ਔਰੰਗਜ਼ੇਬ। ਇਧਰੋਂ ਬਾਬੇ ਕੇ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ ਦੱਸ ਜ਼ਿੰਦਗੀਆਂ ਦੇ ਭਿੰਨ-ਭਿੰਨ ਪਹਿਲੂਆਂ ਵਿੱਚ ਕਾਰਜਸ਼ੀਲ ਗੁਰੂ ਨਾਨਕ ਦੇ ਦੱਸ ਰੂਪ। ਗੁਰੂ ਨਾਨਕ ਨੇ ਧਰਮ ਦੀ ਵਿਆਖਿਆ ਵੀ ਆਪਣੀ ਬਾਣੀ ਰਾਹੀਂ ਹੀ ਕੀਤੀ ਹੈ : ਏਕੋ ਧਰਮੁ ਦ੍ਰਿੜੈ ਸੱਚ ਕੋਈ ॥ ਗੁਰਮਤਿ ਪੂਰਾ ਜੁਗਿ ਸੋਈ ॥ (ਗੁ: ਗ੍ਰੰ: ਸਾ: 1188) ਅਤੇ : ਸਚਹੁ ਓਰੈ ਸਭ ਕੋ ਉਪਰਿ ਸਚੁ ਅਚਾਰੁ ॥ (ਗੁ: ਗ੍ਰੰ: ਸਾ: ਪੰਨਾ 62) ਭਾਵ ਇਹ ਕਿ ਸਦਾਚਾਰੀ ਮਨੁੱਖ ਉਹ ਨਹੀਂ ਜਿਸ ਨੂੰ ਸਦਾਚਾਰ ਦੀ ਵਾਕਫੀਅਤ ਹੈ ਸਗੋਂ ਉਹ ਹੈ ਜੋ ਇਸ ਨੂੰ ਅਮਲ ਵਿੱਚ ਰੂਪਮਾਨ ਕਰਦਾ ਹੈ। ਬਾਬਰ ਤੇ ਗੁਰੂ ਨਾਨਕ ਸਮਕਾਲੀ ਸਨ, ਇਸ ਕਰਕੇ ਇਤਿਹਾਸ ਨੇ ਇਨ੍ਹਾਂ ਨੂੰ ਬਾਬੇ ਕੇ ਤੇ ਬਾਬਰਕੇ ਵਜੋਂ ਸੰਬੋਧਨ ਕੀਤਾ ਹੈ। ਇਥੋਂ ਹੀ ਬਾਬੇਕਿਆਂ ਦਾ ਅਤੇ ਬਾਬਰਕਿਆਂ ਦਾ ਧਰਮ ਯੁੱਧ ਸ਼ੁਰੂ ਹੋਇਆ। ਬਾਬਰ ਮੁਗਲ ਰਾਜ ਦਾ ਬਾਣੀ ਬਣਿਆ ਅਤੇ ਗੁਰੂ ਨਾਨਕ ਸਾਹਿਬ ਨੇ ਭਗਤੀ ਤੇ ਸ਼ਕਤੀ ਦੇ ਸੁਮੇਲ (ਮੀਰੀ ਪੀਰੀ) ਦੇ ਸਿਧਾਂਤ ਦਾ ਮੁੱਢ ਬੰਨਦਿਆਂ ? ਜਿਥੇ ਇਕ ਪਾਸੇ ਪੀਰੀ ਦੇ ਪੜਦੇ ਪਿੱਛੇ ਛੁਪੇ ਪਾਖੰਡ ਨੂੰ ਬੇਨਕਾਬ





ਕੀਤਾ, ਉਥੇ ਦੂਜੇ ਪਾਸੇ ਮੀਰੀ ਅਨਿਆਈ ਅਤੇ ਹਿੰਸਕ ਵਤੀਰੇ ਦਾ ਕਾਰਗਰ ਵਿਰੋਧ ਕੀਤਾ। ਤਤਕਾਲੀਨ ਰਾਜ ਦੇ ਹਿੰਸਕ ਤੇ ਭਿਆਨਕ ਰੂਪ ਦਾ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿੱਚ ਜ਼ਿਕਰ ਕੀਤਾ ਹੈ ਕਿ ਰਾਜ ਵਿੱਚੋਂ ਧਰਮ ਦਾ ਅੰਸ਼ ਖੰਭ ਲਾ ਕੇ ਉਡ ਗਿਆ ਹੈ: ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ ॥ (ਵਾਰ ਸਲੋਕ ਮਹਲਾ ਪਹਿਲਾ, ਗੁ: ਗ੍ਰੰ: ਸਾ: ਪੰਨਾ 145) ਅਤੇ ਰਾਜੇ ਸ਼ੀਹ ਮੁਕਦਮ ਕੁਤੇ॥ ਜਾਇ ਜਗਾਇਨ ਬੈਠੇ ਸੁਤੇ ॥ ਚਾਕਰ ਨਹ ਦਾ ਪਾਇਨਿ ਘਾਉ ॥ ਰੁਤ ਪਿਤੁ ਕੁਤਿਹੋ ਚਟਿ ਜਾਹੁ ॥ ਜਿਥੈ ਜੀਆ ਹੋਸੀ ਸਾਰ ॥ ਨਕੀਂ ਵੱਢੀ ਲਾਇਤ ਬਾਰ ॥ (ਵਾਰ ਸਲੋਕ ਮਹਲਾ ਪਹਿਲਾ, ਗੁ: ਗ੍ਰੰ: ਸਾ: ਪੰਨਾ 1288) ਗੁਰ ਨਾਨਕ ਸਾਹਿਬ ਸਾਰੀ ਹਿੰਦ ਅਤੇ ਮੱਧ ਪੂਰਬ ਦੇਸ਼ਾਂ ਦਾ ਦੌਰਾ ਕਰ ਚੁੱਕੇ ਸਨ। ਉਨ੍ਹਾਂ ਨੂੰ ਹਰ ਥਾਂ ਸਮਾਜਿਕ ਤੇ ਪੁਲਿਟੀਕਲ ਨਜ਼ਾਮ ਢਹਿੰਦਾ ਸਾਫ ਨਜ਼ਰ ਆਉਂਦਾ ਸੀ। ਹਿੰਦ ਦੇ ਇਤਿਹਾਸ ਵਿੱਚ ਸੋਲਵੀਂ ਸਦੀ ਦਾ ਅਰੰਭ ਇਕ ਬੜੀ ਕਮਜ਼ੋਰ ਹਕੂਮਤ ਨਾਲ ਹੀ ਹੋਇਆ। ਇਬਰਾਹੀਮ ਲੋਧੀ ਇਕ ਕਮਜ਼ੋਰ ਬਾਦਸ਼ਾਹ ਸੀ ਤੇ ਰਾਜ ਪ੍ਰਬੰਧ ਵਿੱਚ ਵੀ ਉਹ ਇੰਨਾ ਨਿਪੁੰਨ ਨਹੀਂ ਸੀ। ਸਿੱਟਾ ਇਹ ਨਿਕਲਿਆ ਕਿ ਹਕੂਮਤ ਦੇ ਕਮਰਚਾਰੀ ਜਾਂ ਤਾਂ ਬਾਗੀ ਹੋ ਗਏ ਜਾਂ ਵੱਖੋ ਵੱਖ ਥਾਵਾਂ 'ਤੇ ਆਪਣੀਆਂ ਮਨਮਾਨੀਆਂ ਕਰਨ ਲੱਗੇ। ਸੂਬਿਆਂ ਵਿੱਚ ਗਵਰਨਰ ਬਾਦਸ਼ਾਹ ਬਣ ਬੈਠੇ ਤੇ ਦਿੱਲੀ ਦੇ ਬਾਦਸ਼ਾਹ ਦੀ ਕੋਈ ਪ੍ਰਵਾਹ ਨਹੀਂ ਸੀ ਹੁੰਦੀ। ਅਸਲ ਵਿੱਚ ਗੱਲ ਇਹ ਸੀ ਪਠਾਣ ਹਿੰਦ ਵਿੱਚ ਰਹਿ ਕੇ ਐਨੇ ਐਸ਼ਪ੍ਰਸਤ, ਕਮਜ਼ੋਰ ਤੇ ਨਿਰਬਲ ਹੋ ਗਏ ਸਨ ਕਿ ਉਹ ਹਿੰਦ ਦਾ ਪ੍ਰਬੰਧ ਉਸ ਤਾਕਤ ਤੇ ਹਿੰਮਤ ਨਾਲ ਨਹੀਂ ਸਨ ਕਰ ਸਕਦੇ ਜੋ ਕਿ ਉਨ੍ਹਾਂ ਸ਼ੁਰੂ ਵਿੱਚ ਵਿਖਾਈ। ਇਬਰਾਹੀਮ ਲੋਧੀ ਦੇ ਰਾਜ ਵਿੱਚ ਬੇਚੈਨੀ ਤੇ ਬਗਾਵਤ ਚੁਫੇਰੇ ਫੈਲੀ ਹੋਈ ਸੀ। ਉਸ ਦੀਆਂ ਜ਼ਾਲਮ ਰੁਚੀਆਂ, ਉਸ ਦੇ ਹੈਂਸਿਆਰੇ ਹੰਕਾਰ ਤੋਂ ਅਮੀਰ ਵਜ਼ੀਰ ਤੇ ਸੂਬੇਦਾਰ ਤੰਗ ਸਨ। ਜਿਹੜੇ ਅਫ਼ਗਾਨ ਅਮੀਰਾਂ ਤੇ ਨਵਾਬਾਂ ਨੇ ਆਪਣੇ ਬਾਹੂਬਲ ਉਸ ਦੇ ਖਾਨਦਾਨ ਨੂੰ ਤਖ਼ਤ 'ਤੇ ਬਿਠਾਇਆ ਸੀ ਉਹ ਬਾਦਸ਼ਾਹ (ਇਬਰਾਹੀਮ ਲੋਧੀ) ਤੋਂ ਇਤਨੇ ਦੁਖੀ ਹੋ ਗਏ ਸਨ ਕਿ ਚਾਰ ਚੁਫੇਰੇ ਅਫ਼ਗਾਨ ਸਰਦਾਰਾਂ ਦੇ ਦਿਲਾਂ ਵਿੱਚ ਬਗਾਵਤ ਦੀ ਅੱਗ ਸੁਲਗਣ ਲੱਗੀ। ਸਾਰਾ ਪੰਜਾਬ ਦੌਲਤਖਾਨ ਲੋਧੀ ਤੇ ਉਸ ਦੇ ਪੁੱਤਰ, ਗਾਜੀ ਖਾਨ ਤੇ ਦਿਲਾਵਰ ਖਾਨ ਦੇ ਅਧੀਨ ਸੀ। ਪੰਜਾਬ ਉੱਤੇ ਇਨ੍ਹਾਂ ਦੀ ਸੂਬੇਦਾਰੀ ਇਕ ਪ੍ਰਕਾਰ ਦਾ ਨੀਮ-ਸੁਤੰਤਰ ਰਾਜ ਸੀ। ਜਦ ਇਨ੍ਹਾਂ ਨੇ ਇਬਰਾਹੀਮ ਲੋਧੀ ਦੇ ਹੱਥੋਂ ਅਫ਼ਗਾਨ ਵਜ਼ੀਰਾਂ ਦਾ ਬੁਰਾ ਹਾਲ ਹੁੰਦਾ ਦੇਖਿਆ ਤਾਂ ਉਨ੍ਹਾਂ ਨੂੰ ਵੀ ਆਪਣੇ ਭਵਿੱਖ ਦੀ ਚਿੰਤਾ ਹੋਈ। ਐਸੇ ਬਾਦਸ਼ਾਹ ਜੋ ਅਫ਼ਗਾਨ ਵੀ ਸੀ ਤੇ ਰਿਸ਼ਤੇਦਾਰ ਵੀ ਦੀ ਗੁਲਾਮੀ ਨਾਲੋਂ ਉਸ ਵਿਰੁੱਧ ਬਗਾਵਤ ਕਰਨਾ ਚੰਗਾ ਸਮਝਿਆ। ਦਿੱਲੀ ਦੇ ਬਾਦਸ਼ਾਹ ਇਬਰਾਹੀਮ ਲੋਧੀ ਉਪਰੋਂ ਉਨ੍ਹਾਂ ਦਾ ਬਿਲਕੁੱਲ ਵਿਸ਼ਵਾਸ਼ ਉੜ ਗਿਆ ਸੀ। ਸੋ ਦੌਲਤ ਖਾਨ ਲੋਧੀ ਨੇ ਬਾਬਰ ਨੂੰ ਸੱਦਾ ਭੇਜਿਆ। ਉਸ ਨੂੰ ਆਪਣੀ ਹਮਾਇਤ ਦਾ ਵਿਸ਼ਵਾਸ਼ ਦਿਲਾਣ ਲਈ ਉਸ ਨੇ ਖ਼ਾਸ ਏਲਚੀ ਭੇਜੇ, ਬਾਬਰ ਵੀ ਇਹੀ ਚਾਹੁੰਦਾ ਸੀ ਹਮਲਾ ਕਰਨ ਦਾ ਕੋਈ ਕਾਰਨ ਬਣ ਜਾਵੇ। ਇਬਰਾਹੀਮ ਲੋਧੀ ਦੀ ਦੌਲਤ ਖਾਨ ਲੋਧੀ ਨਾਲ ਖਟਪਟੀ ਅਤੇ ਦੌਲਤ ਖਾਨ ਦੇ ਸੱਦੇ ਨੇ ਉਸ ਦਾ ਹੌਸਲਾ ਬੁਲੰਦ ਕਰ ਦਿੱਤਾ। (ਹਵਾਲਾ ਪੁਸਤਕ, ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ, ਲੇਖਕ ਡਾ: ਤਿਰਲੋਚਨ ਸਿੰਘ) ਇਸ ਹਮਲੇ ਬਾਰੇ ਬਾਬਰ ਲਿਖਦਾ ਹੈ ਕਿ ਸਿਆਲਕੋਟ ਦੇ ਰਾਜ ਵਿੱਚ ਆਉਂਦਿਆਂ ਜਿਥੋਂ ਦੇ ਵਸਨੀਕਾਂ ਨੇ ਈਨ ਮੰਨ ਲਈ ਉਨ੍ਹਾਂ ਨੇ ਆਪਣਾ ਆਪ ਤੇ ਆਪਣੀ ਜਾਇਦਾਦ ਨੂੰ ਬਚਾ ਲਿਆ। ਪਰ ਸੈਦਪੁਰ ਦੇ ਵਸਨੀਕਾਂ ਨੇ ਮੁਕਾਬਲਾ ਕੀਤਾ ਉਨ੍ਹਾਂ ਨੂੰ ਤਲਵਾਰ ਦੀ ਭੇਟ ਕਰ ਦਿੱਤਾ ਗਿਆ, ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਕੈਦ ਕਰ ਲਿਆ ਗਿਆ, ਜਾਇਦਾਦਾਂ ਲੁੱਟ ਲਈਆਂ ਗਈਆਂ। ਵੇਖੋ ਪੰਨਾ 149, Memories of Zohiruddin Baber Byerskine) ਉਪਰੋਕਤ ਪੈਰ੍ਹੇ ਦੀਆਂ ਆਖਰੀ ਲਾਈਨਾਂ ਧਿਆਨ ਯੋਗ ਹਨ। ਬਾਬਰ ਨੇ ਤਾਂ ਕੇਵਲ ਥੋੜ੍ਹੀਆਂ ਜਿਹੀਆਂ ਲਾਈਨਾਂ ਵਿੱਚ ਸਾਰਾ ਹਾਲ ਮੁਕਾ ਦਿੱਤਾ ਹੈ, ਪਰ ਗੁਰੂ ਨਾਨਕ ਜਿਹੜੇ ਉਥੇ ਭਾਈ ਲਾਲੋ ਦੇ ਘਰ ਠਹਿਰੇ ਸਨ ਉਨ੍ਹਾਂ ਨੇ ਸਾਰਾ ਹਾਲ ਅੱਖੀਂ ਦੇਖਿਆ ਅਤੇ ਖ਼ੂਨ ਦਿਆਂ ਸੋਹਿਲਿਆਂ ਨੂੰ ਖੋਲ ਕੇ ਗੁਰੂ ਗ੍ਰੰਥ ਸਾਹਿਬ ਵਿੱਚ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ। ਤਿਲੰਗ ਮਹਲਾ 1 ॥ ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਬਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥1॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥2॥3॥5॥ (ਪੰਨਾ 722-723)

ਬਾਬਰ ਵੱਲੋਂ ਸੈਦਪੁਰ ਵਿਖੇ ਮਚਾਈ ਗਈ ਤਬਾਹੀ ਦਾ ਭਿਅੰਕਰ ਦ੍ਰਿਸ਼ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਨੇ ਬਾਬਰਵਾਣੀ ਰਾਹੀਂ ਇਸ ਪ੍ਰਕਾਰ ਦਰਜ ਕੀਤਾ ਹੈ :

ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ
ਹੁਣਿ ਬਹਣਿ ਨ ਮਿਲਨਿ ਹਦੂਰਿ ॥
ਆਦੇਸ਼ ਬਾਬਾ ਆਦੇਸ਼ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਸ ॥ ਰਹਾਉ ॥
ਇਕੁ ਲਖੁ ਲਹਿਨ ਬਹਿਠੀਆ
ਲਖੁ ਲਹਨਿ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ॥
ਤਿਨ ਗਲਿ ਸਿਲਕਾ ਪਾਈਆ
ਤੂਟਨਿ ਮੋਤਸਰੀਆ ॥
ਧਨੁ ਜੋਬਨੁ ਦੁਇ ਵੈਰੀ ਹੋਏ
ਜਿਨੀਂ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ
ਲੈ ਚਲੇ ਪਤਿ ਗਵਾਇ ॥
ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ ॥

(ਆਸਾ, ਮ: 1, 417)

ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਪਾਨੀਪਤ ਦੀ ਲੜਾਈ ਦਾ ਜ਼ਿਕਰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਕੀਤਾ ਹੈ। ਜਦ ਬਾਦਸ਼ਾਹ ਇਬਰਾਹੀਮ ਲੋਧੀ ਦਿੱਲੀਉਂ ਪਾਨੀਪਤ ਦੀ ਲੜਾਈ ਲਈ ਰਵਾਨਾ ਹੋਇਆ ਤਾਂ ਜੋਤਸ਼ੀਆਂ, ਪੀਰਾਂ ਤੇ ਕਰਾ-ਮਾਤੀ ਦਰਵੇਸ਼ਾਂ ਨੇ ਬਾਦਸ਼ਾਹ ਨੂੰ ਯਕੀਨ ਦੁਆਇਆ ਕਿ ਜੋਤਿਸ਼ ਦੇ ਹਿਸਾਬ ਨਾਲ ਉਹ ਅਵੱਸ਼ ਜਿੱਤੇਗਾ।

**ਬਾਕੀ ਹਿਸਾ ਸਫਾ 40 'ਤੇ ਪੜ੍ਹੋ**

**39 ਸਫ਼ੇ ਦੀ ਬਾਕੀ**

ਉਨ੍ਹਾਂ ਨੇ ਇਹ ਵੀ ਯਕੀਨ ਦਿਲਾਇਆ ਕਿ ਉਨ੍ਹਾਂ ਦੀ ਮੰਤਰ ਸ਼ਕਤੀ ਤੇ ਕਰਾਮਾਤਾਂ ਨਾਲ ਮੀਰ ਬਾਬਰ ਤੇ ਉਸ ਦੀਆਂ ਫੌਜਾਂ ਅੰਨੀਆਂ ਹੋ ਜਾਣਗੀਆਂ। ਪਰ ਨਾ ਇਨ੍ਹਾਂ ਜੋਤਸ਼ੀਆਂ ਦੀ ਪੇਸ਼ੀਨਗੋਈ ਠੀਕ ਹੋਈ, ਨਾ ਹੀ ਇਨ੍ਹਾਂ ਦੇ ਮੰਤਰ ਚੱਲੇ, ਨਾ ਮੁਗ਼ਲ ਅੰਨ੍ਹੇ ਹੋਏ। ਐਸੇ ਹੀ ਜੋਤਸ਼ੀਆਂ ਦੀ ਤੇ ਪੀਰਾਂ ਫ਼ਕੀਰਾਂ ਦੀ ਝੂਠੀ ਪਾਰਸਾਈ ਨੂੰ ਨੰਗਿਆਂ ਕਰਦਿਆਂ ਗੁਰੂ ਨਾਨਕ ਸਾਹਿਬ ਲਿਖਦੇ ਹਨ : ਕੋਈ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਪਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੋਇਰ ਰੁਲਾਇਆ ॥ ਕੋਈ ਮੁਗਲ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥ ਗੁਰੂ ਨਾਨਕ ਸਾਹਿਬ ਨੇ ਪਾਨੀਪਤ ਦੀ ਲੜਾਈ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਦੇ ਪੰਨਾ 417 ਉੱਤੇ ਆਸਾ ਮਹਲਾ ਪਹਿਲਾ ਦੇ ਸਿਰਲੇਖ ਹੇਠ ਬਹੁਤ ਵਿਸਥਾਰ ਨਾਲ ਅੰਕਿਤ ਕੀਤਾ ਹੋਇਆ ਹੈ, ਦਾਸ ਨੇ ਹੇਠਾਂ ਕੁਝ ਪੰਗਤੀਆਂ ਹੀ ਹਵਾਲੇ ਵਜੋਂ ਲਿਖੀਆਂ ਹਨ : ਮੁਗਲ ਪਠਾਣਾਂ ਭਈ ਲੜਾਈਰਣ ਮਹਿ ਤੇਗ ਵਗਾਈ ॥ ਓਨੀ ਤੁਪਕ ਤਾਣਿ ਚਲਾਈ ਓਨੀ ਹਸਤਿ ਚਿੜਾਈ ॥ ਜਿਨ ਕੀ ਚੀਰੀ ਦਰਗਹ ਪਾਈ ਤਿਨਾ ਮਰਣਾ ਭਾਈ ॥ ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸ ਮਸਾਣੀ ॥ ਜਿਨ ਕੇ ਬੰਕੀ ਘਰੀ ਨਾ ਆਇਆ ਤਿਨ ਕਿਉਂ ਰੈਣ ਵਿਹਾਣੀ ॥ (ਗੁ: ਗ੍ਰੰ: ਸਾ: ਪੰਨਾ 417)

ਗੁਰੂ ਗ੍ਰੰਥ ਸਾਹਿਬ ਦਾ ਉਕਤ ਇਤਿਹਾਸਕ ਤੱਥ ਬਹੁਤ ਘੱਟ ਪ੍ਰਚਾਰਿਆ ਜਾਂਦਾ ਹੈ। ਇਸ ਤਰ੍ਹਾਂ ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਮਾਜਿਕ ਪੱਖ 'ਤੇ ਵਿਚਾਰ ਕਰਾਂਗੇ। ਗੁਰੂ ਸਾਹਿਬਾਨ ਪਰਬਤਾਂ ਦੀਆਂ ਚੋਟੀਆਂ 'ਤੇ ਨਹੀਂ ਸਨ ਵੱਸਦੇ, ਸਗੋਂ ਸਮਾਜ ਵਿੱਚ ਵਿਚਰਦੇ ਸਨ ਤੇ ਉਨ੍ਹਾਂ ਦੀਆਂ ਸਮਾਜਿਕ ਉਣਤਾਈਆਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਨਤਾ ਦੀ ਬੋਲੀ ਵਿੱਚ ਰਚੀ ਗਈ ਤੇ ਉਸ ਦੇ ਵਿੱਚ ਅਲੰਕਾਰ ਆਦਿ ਇਸ ਤਰ੍ਹਾਂ ਵਰਤੇ ਗਏ ਜਿਨ੍ਹਾਂ ਦਾ ਸੰਬੰਧ ਉਸ ਸਮੇਂ ਦੇ ਸਮਾਜਿਕ ਜੀਵਨ ਨਾਲ ਸੀ। ਉਦਾਹਰਨ ਦੇ ਤੌਰ 'ਤੇ ਉਸ ਸਮੇਂ ਸਮਾਜ ਵਿੱਚ ਗਾਈਆਂ ਜਾਂਦੀਆਂ ਵਾਰਾਂ ਵਿੱਚੋਂ 9 ਵਾਰਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖਾਂ ਵਿੱਚ ਮਿਲਦਾ ਹੈ। ਗੁਰੂ ਅਰਜਨ ਪਾਤਸ਼ਾਹ ਨੇ ਨੇਕੀ ਦੀ ਜਿੱਤ ਦਰਸਾਉਣ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਈ ਵਾਰਾਂ ਵਿੱਚੋਂ 9 ਵਾਰਾਂ ਦੇ ਸਿਰਲੇਖ ਹੇਠ ਲਿਖੇ ਅਨੁਸਾਰ ਲਿਖੇ : (1) ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ (2) ਟੁੰਡੇ ਅਸਰਾਜੇ ਕੀ ਧੁਨੀ (3) ਲਲਾ ਬਹਿਲੀਮਾ ਕੀ ਧੁਨੀ (4) ਯੋਧੇ ਵੀਰੈ ਪੂਰਬਾਨੀ ਕੀ ਧੁਨੀ (5) ਰਾਇ ਮਹਿਮਾ ਹਸਨੇ ਕੀ ਧੁਨੀ (6) ਰਾਣੇ ਕਲਾਸ਼ ਤਥਾ ਮਾਲਦੇ ਕੀ ਧੁਨੀ (7) ਮੂਸੇ ਕੀ ਵਾਰ ਕੀ ਧੁਨੀ (8) ਰਾਇ ਕਮਾਲ ਮੋਜਦੀ ਕੀ ਵਾਰ ਕੀ ਧੁਨੀ (9) ਸਿਕੰਦਰ ਬਿਰਾਹਿਮਕੀ ਵਾਰ ਕੀ ਧੁਨੀ। (ਨੋਟ–ਉਕਤ ਨੌਆਂ ਹੀ ਵਾਰਾਂ ਦਾ ਸੰਖੇਪ ਇਤਿਹਾਸ ਵੀ ਉਪਲਬਧ ਹੈ ਪਰ ਜੇ ਇਸ ਲੇਖ ਵਿੱਚ ਲਿਖਿਆ ਤਾਂ ਲੇਖ ਬਹੁਤ ਲੰਬਾ ਹੋ ਜਾਵੇਗਾ ਜੇ ਪੰਜਾਬ ਟਾਈਮਜ਼ ਦੇ ਕਿਸੇ ਪਾਠਕ ਨੂੰ ਚਾਹੀਦਾ ਹੋਵੇ ਤਾਂ ਦਾਸ ਫੋਟੋ ਕਾਪੀ ਕਰਕੇ ਭੇਜ ਸਕਦਾ ਹੈ)

ਗੁਰੂ ਗ੍ਰੰਥ ਸਾਹਿਬ ਵਿੱਚ ਯੋਧਿਆਂ ਦੀਆਂ ਵਾਰਾਂ ਦੇ ਸਿਰਲੇਖ ਦੇਣ ਦਾ ਇਕ ਹੋਰ ਵੀ ਕਾਰਨ ਸੀ, ਉਸ ਸਮੇਂ ਹਿੰਦੀ ਜਾਂ ਹਿੰਦ ਦਾ ਸਾਹਿਤ ਸ਼ਿੰਗਾਰਕ ਕਾਲ ਵਿੱਚ ਬਦਲ ਗਿਆ ਸੀ। ਪਰ ਪੰਜਾਬ ਨਿਵਾਸੀਆਂ ਨੇ ਫਿਰ ਵੀ ਬੀਰ–ਰਸੀ ਵਾਰਾਂ ਨੂੰ ਹੀ ਅਪਣਾਈ ਰੱਖਿਆ ਤੇ ਸ਼ਿੰਗਾਰ ਰੱਸ ਨੂੰ ਕੋਈ ਥਾਂ ਨਾ ਦਿੱਤੀ। ਕਾਰਨ ਇਸ ਦਾ ਇਹੋ ਸੀ ਕਿ ਪੰਜਾਬ ਪੁਰਾਤਨ ਸਮੇਂ ਤੋਂ ਰਣ ਭੂਮੀ ਬਣਦਾ ਚੱਲਿਆ ਆ ਰਿਹਾ ਸੀ। ਮਹਾਂ ਸਿਕੰਦਰ ਅਤੇ ਮਹਿਮੂਦ ਗਜ਼ਨਵੀ ਆਦਿ ਹਮਲਾਵਰਾਂ ਦਾ ਬਹੁਤਾ ਨਜ਼ਲਾ ਪਹਿਲਾਂ ਪੰਜਾਬ ਉੱਤੇ ਹੀ ਝੜਿਆ ਸੀ। ਇਸ ਲਈ ਪੰਜਾਬ ਦੀ ਸ਼ਾਨ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਸੀ ਕਿ ਇਸ ਦੇ ਨੌਜਵਾਨ ਵਿਦੇਸ਼ੀਆਂ ਵੱਲੋਂ ਪਾਈਆਂ ਜਾਣ ਵਾਲੀਆਂ ਅੱਗ–ਤੱਤੀਆਂ ਮੁਸੀਬਤਾਂ ਦਾ ਖਿੜੇ ਮੱਥੇ ਟਾਕਰਾ ਕਰਨ ਲਈ ਤਿਆਰ ਰਹਿਣ। ਇਸ ਤਿਆਰੀ ਲਈ ਵਾਰਾਂ ਦੀ ਸ਼ਕਲ ਵਿੱਚ ਗਾਏ ਜਾਣ ਵਾਲੇ ਜੰਗੀ ਗੀਤ ਅਜਿਹਾ ਜਾਦੂ ਸਨ ਜਿਨ੍ਹਾਂ ਨੂੰ ਸੁਣਕੇ ਇਕ ਕਾਇਰ ਆਦਮੀ ਵੀ ਸੂਰਮਤਾ ਦੇ ਜੋਸ਼ ਵਿੱਚ ਮੁੱਛਾਂ ਨੂੰ ਤਾਉ ਦੇਣ ਲੱਗ ਪੈਂਦਾ ਸੀ (ਨੋਟ ਇਸ ਕਰਕੇ ਹੀ ਛੇਵੇਂ ਪਾਤਸ਼ਾਹ ਹਰਗੋਬਿੰਦ ਸਾਹਿਬ ਨੇ ਅਕਾਲ ਤਖ਼ਤ 'ਤੇ ਢਾਡੀ ਵਾਰਾਂ ਗਵਾਉਣ ਦੀ ਪਰੰਪਰਾ ਸ਼ੁਰੂ ਕੀਤੀ ਸੀ।) (ਹਵਾਲਾ – ਪ੍ਰਚੀਨ ਵਾਰਾਂ ਤੇ ਜੰਗਨਾਮੇ – ਸੰਪਾਦਕ, ਸ: ਸ਼ਮਸ਼ੇਰ ਸਿੰਘ ਅਸ਼ੋਕ, ਪ੍ਰਕਾਸ਼ਕ ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ) ਹਿੰਦ ਵਿੱਚ ਮੁਸਲਮਾਨੀ ਰਾਜ ਦੇ ਸਮੇਂ ਦੌਰਾਨ ਦੀ ਖੇਡ ਬੜੀ ਪ੍ਰਸਿੱਧ ਸੀ ਗੁਲਾਮ ਖ਼ਾਨਦਾਨ ਦਾ ਬਾਨੀ ਕੁਤਬ–ਉ–ਦੀਨ ਐਬਕ ਚੁਗਾਨ ਖੇਡਦਾ ਘੋੜੇ ਤੋਂ ਡਿੱਗ ਕੇ ਮਰ ਗਿਆ ਸੀ। ਚੁਗਾਨ ਦੀ ਖੇਡ ਨੂੰ ਪੋਲੋ ਦੀ ਖੇਡ ਵੀ ਕਿਹਾ ਜਾਂਦਾ ਹੈ ਅਕਬਰ ਬਾਦਸ਼ਾਹ ਵੀ ਚੁਗਾਨ (ਪੋਲੋ) ਦੀ ਖੇਡ ਦਾ ਬਹੁਤ ਸ਼ੌਕੀਨ ਸੀ। ਗੁਰੂ ਅਰਜਨ ਪਾਤਸ਼ਾਹ ਜਿਹੜੇ ਅਕਬਰ ਦੇ ਸਮਕਾਲੀ ਸਨ। ਪੋਲੋ ਦੀ ਖੇਡ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਇਨ੍ਹਾਂ ਅੱਖਰਾਂ ਨਾਲ ਅੰਕਿਤ ਕੀਤਾ ਹੈ: ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਕੀ ਖੇਡਾਰੀ, (ਗੁ: ਗ੍ਰੰ: ਸਾ: ਪੰਨਾ 322) (ਨੋਟ ਕੁਝ ਵਿਦਵਾਨਾਂ ਉਕਤ ਪੰਗਤੀ ਦੇ ਅਧਿਆਤਮਕ ਅਰਥ ਵੀ ਕੀਤੇ ਹਨ) ਇਥੇ ਇਹ ਵੀ ਜ਼ਿਕਰਯੋਗ ਹੈ ਕਿ ਗੁਰੂ ਅਰਜਨ ਪਾਤਸ਼ਾਹ ਨੂੰ ਵੀ ਪੋਲੋ ਖੇਡ ਦਾ ਪੂਰਾ ਅਭਿਆਸ ਸੀ, ਇਸ ਅਭਿਆਸ ਹੋਣ ਕਰਕੇ ਹੀ ਉਨ੍ਹਾਂ ਨੇ ਘੋੜੇ 'ਤੇ ਚੜ੍ਹਕੇ ਆਪਣੇ ਸਹੁਰਾ ਨਗਰ ਨਿਵਾਸੀਆਂ ਦੀ ਕਿਲਾ ਪੁਟਣ ਦੀ ਸ਼ਰਤ ਪੂਰੀ ਕੀਤੀ ਸੀ। ਅੱਜ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਸਮੇਂ ਸ਼੍ਰੋਮਣੀ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਜਾਵਟ ਲਈ ਲੱਖਾਂ ਰੁਪਏ ਫੁੱਲਾਂ 'ਤੇ ਖਰਚ ਕੀਤੇ ਹਨ, ਪਰ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸਕ ਤੇ ਸਮਾਜਿਕ ਪੱਖ ਬਾਰੇ ਲਿਟਰੇਚਰ ਛੱਪਵਾ ਕੇ ਵੰਡਣ ਦਾ ਕੋਈ ਉਪਰਾਲਾ ਨਹੀਂ ਕੀਤਾ। ਨਗਰ ਕੀਰਤਨਾਂ ਅਤੇ ਵੱਡੇ ਵੱਡੇ ਗੁਰਮਤਿ ਸਮਾਗਮਾਂ ਰਾਹੀਂ ਸਿੱਖ ਧਰਮ ਦੇ ਖੋਲ ਦਾ ਹੀ ਪ੍ਰਚਾਰ ਕੀਤਾ ਜਾ ਰਿਹਾ ਹੈ, ਸਿੱਖ ਧਰਮ ਦੀਆਂ ਜੜ੍ਹਾਂ ਸੁੱਕ ਰਹੀਆਂ ਹਨ ਅਤੇ ਮੌਜੂਦਾ ਪ੍ਰਚਾਰਕ ਟਾਹਣੀਆਂ ਉੱਤੇ ਪਾਣੀ ਛਿੜਕ ਰਹੇ ਹਨ। ਅੱਜ ਜਦੋਂ ਸਿੱਖ ਧਰਮ 'ਤੇ ਚੁਫੇਰਿਉਂ ਹਮਲੇ ਹੋ ਰਹੇ ਹਨ ਤਾਂ ਇਹ ਬਹੁਤ ਜਰੂਰੀ ਹੋ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਅਤੇ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਪੁਰਬਾਂ ਬਾਰੇ ਅਤੇ ਖ਼ਾਲਸੇ ਦੇ ਪ੍ਰਗਟ ਦਿਹਾੜੇ ਵੈਸਾਖੀ ਨਾਲ ਸੰਬੰਧਿਤ ਇਤਿਹਾਸ ਦਾ ਲਿਟਰੇਚਰ ਗੁਰਮੁੱਖੀ, ਅੰਗ੍ਰੇਜ਼ੀ ਵਿੱਚ ਛੱਪਵਾ ਕੇ ਵੰਡਿਆ ਜਾਵੇ ਤਾਂ ਕਿ ਸਾਡੀ ਨੌਜਵਾਨ ਪੀੜੀ ਗੁਰੂ ਗ੍ਰੰਥ ਗੁਰੂ ਪੰਥ ਦੇ ਮਾਣਮੱਤੇ ਇਤਿਹਾਸ ਤੋਂ ਜਾਣ ਹੋ ਸਕੇ। ਨੌਜਵਾਨ ਪੀੜੀ ਨੂੰ ਸਿੱਖੀ ਦਾ ਜਾਗ ਲਾਉਣ ਲਈ ਪ੍ਰਿੰਟ ਮੀਡੀਏ ਦੀ ਬਹੁਤ ਲੋੜ ਹੈ। ਸਾਡੇ ਕੋਲ ਕੇਵਲ ਇਕ ਹੀ ਪੰਜਾਬੀ ਦਾ ਪੇਪਰ ਪੰਜਾਬ ਟਾਈਮਜ ਯੂ.ਕੇ. ਵਿੱਚ ਰਹਿ ਗਿਆ ਹੈ। ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਿੱਖ ਸੰਸਥਾਵਾਂ ਅਤੇ ਗੁਰ–ਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ ਨੂੰ ਚੱਲਦਾ ਰੱਖਣ ਲਈ ਪੂਰਨ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰਨ, ਦਾਸ ਧੰਨਵਾਦੀ ਹੋਵੇਗਾ। ਗੁਰਮੁੱਖੀ ਵਿੱਚ ਪ੍ਰਿੰਟ ਮੀਡੀਏ ਦੀ ਇਸ ਕਰਕੇ ਵੀ ਲੋੜ ਹੈ ਕਿਉਂਕਿ ਗੁਰਮਤਿ ਦੇ ਸਹੀ ਅਰਥ ਗੁਰਮੁੱਖੀ ਵਿੱਚ ਹੀ ਹੋ ਸਕਦੇ ਹਨ। ਸਿੱਖ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਗੁਰਮੁੱਖੀ ਪੜ੍ਹਾਉਣ ਲਈ ਉੱਦਮ ਉਪਰਾਲੇ ਕਰਨੇ ਚਾਹੀਦੇ ਹਨ।

**(ਅਗਲੇ ਹਫ਼ਤੇ ਪੜ੍ਹੋ ਗੁਰੂ ਗ੍ਰੰਥ ਸਾਹਿਬ ਵਿੱਚ ਗੁਰ ਨਾਨਕ ਜੋਤਿ ਦੀ ਨਿਰੰਤਰਤਾ ਅਤੇ ਹਲੇਮੀ ਰਾਜ ਦਾ ਸੰਕਲਪ)**

ਭੁੱਲਾਂ ਚੁੱਕਾਂ ਦੀ ਖਿਮਾਂ

### *ਮਿੰਨੀ ਕਹਾਣੀ*

# ਸੇਬ ਵੇਚਣ ਵਾਲਾ

ਅੱਜ ਸਵੇਰੇ ਜਦੋਂ ਜਗਜੀਤ ਸਿੰਘ ਦੀ ਪਤਨੀ ਉਸ ਨੂੰ ਚਾਹ ਦੇਣ ਆਈ ਤਾਂ ਉਸ ਨੇ ਉਸ ਨੂੰ ਆਖਿਆ," ਅੱਜ ਐਤਵਾਰ ਆ। ਅੱਜ ਘਰ ਕੰਮ ਵੀ ਕੋਈ ਨਹੀਂ। ਮੈਨੂੰ ਪਿੰਡ ਗਏ ਨੂੰ ਛੇ , ਸੱਤ ਮਹੀਨੇ ਹੋ ਗਏ ਆ। ਅੱਜ ਕਿਉਂ ਨਾ ਮੈਂ ਪਿੰਡ ਜਾ ਕੇ ਵੱਡੇ ਭਰਾ ਤੇ ਉਸ ਦੇ ਬੱਚਿਆਂ ਨੂੰ ਮਿਲ ਆਵਾਂ?"

" ਮੈਂ ਤਾਂ ਕੁੱਝ ਨ੍ਹੀ ਕਹਿੰਦੀ। ਜੇ ਤੁਸੀਂ ਪਿੰਡ ਜਾਣਾ ਚਾਹੁੰਦੇ ਹੋ ਤਾਂ ਜਾ ਆਉ।" ਜਗਜੀਤ ਸਿੰਘ ਦੀ ਪਤਨੀ ਨੇ ਉਸ ਨੂੰ ਆਖਿਆ।

ਜਗਜੀਤ ਸਿੰਘ ਨੇ ਛੇਤੀ ਨਾਲ ਉੱਠ ਕੇ ਇਸ਼ਨਾਨ ਕਰਕੇ ਕਪੜੇ ਪਾਏ ਤੇ ਨਾਸ਼ਤਾ ਕਰਕੇ ਲੁਧਿਆਣੇ ਦੇ ਬੱਸ ਅੱਡੇ ਤੇ ਪਹੁੰਚ ਗਿਆ। ਛੇਤੀ ਹੀ ਉਸ ਨੂੰ ਨਵਾਂ ਸ਼ਹਿਰ ਜਾਣ ਵਾਲੀ ਬੱਸ ਮਿਲ ਗਈ। ਪੌਣੇ ਦੋ ਘੰਟਿਆਂ ਵਿੱਚ ਬੱਸ ਨਵਾਂ ਸ਼ਹਿਰ ਦੇ ਬੱਸ ਅੱਡੇ ਤੇ ਪਹੁੰਚ ਗਈ। ਉਹ ਬੱਸ ਤੋਂ ਉੱਤਰ ਕੇ ਬੱਸ ਅੱਡੇ ਤੋਂ ਬਾਹਰ ਆ ਕੇ ਸੇਬਾਂ ਵਾਲੀ ਰੇਹੜੀ ਕੋਲ ਰੁਕ ਗਿਆ ਤੇ ਸੇਬ ਵੇਚਣ ਵਾਲੇ ਨੂੰ ਪੁੱਛਿਆ," ਸੇਬ ਕਿੱਦਾਂ ਕਿਲੋ ਆ?"

"ਵੈਸੇ 80 ਰੁਪਏ ਦੇ ਵੇਚੀ ਦੇ ਆ। ਚਲੋ ਤੁਹਾਨੂੰ 75 ਰੁਪਏ ਲਗਾ ਦਿੰਦੇ ਆਂ।" ਸੇਬ ਵੇਚਣ ਵਾਲੇ ਨੇ ਕਿਹਾ।

"ਚੱਲ ਫੇਰ ਦੋ ਕਿਲੋ ਦੇ ਦੇ।" ਉਸ ਨੇ ਆਖਿਆ।

ਸੇਬ ਵੇਚਣ ਵਾਲੇ ਨੇ ਕਾਲਾ ਲਿਫ਼ਾਫ਼ਾ ਲਿਆ ਤੇ ਉਸ ਵਿੱਚ ਸੇਬ ਪਾਣ ਹੀ ਲੱਗਾ ਸੀ ਕਿ ਜਗਜੀਤ ਸਿੰਘ ਨੇ ਉਸ ਤੋਂ ਲਿਫ਼ਾਫ਼ਾ ਫੜ ਲਿਆ ਤੇ ਛਾਂਟ, ਛਾਂਟ ਕੇ ਵਧੀਆ ਸੇਬ ਉਸ ਵਿੱਚ ਪਾਣ ਲੱਗਾ।

"ਲੈ ਬਈ, ਵੇਖ ਤਾਂ ਕਿੰਨੇ ਹੋ ਗਏ ਆ?" ਜਗਜੀਤ ਸਿੰਘ ਨੇ ਸੇਬਾਂ ਵਾਲਾ ਲਿਫ਼ਾਫ਼ਾ ਉਸ ਨੂੰ ਫੜਾਂਦਿਆਂ ਆਖਿਆ।

ਉਹ ਸੇਬ ਜੋਖਣ ਲੱਗ ਪਿਆ ਤੇ ਜਗਜੀਤ ਸਿੰਘ ਆਪਣਾ ਬਟੂਆ ਕੱਢ ਕੇ ਉਸ ਵਿੱਚੋਂ ਇੱਕ 100 ਰੁਪਏ ਦਾ ਅਤੇ ਇੱਕ 50 ਰੁਪਏ ਦਾ ਨੋਟ ਲੱਭਣ ਲੱਗ ਪਿਆ। ਉਸ ਨੇ ਦੋ ਕਿਲੋ ਸੇਬ ਜੋਖ ਕੇ ਕਾਲੇ ਲਿਫ਼ਾਫ਼ੇ ਨੂੰ ਦੋ, ਤਿੰਨ ਗੰਢਾਂ ਮਾਰ ਕੇ ਲਿਫ਼ਾਫ਼ਾ ਜਗਜੀਤ ਸਿੰਘ ਦੇ ਹੱਥ ਫੜਾ ਦਿੱਤਾ ਤੇ ਜਗਜੀਤ ਸਿੰਘ ਨੇ ਉਸ ਨੂੰ 150 ਰੁਪਏ ਦੇ ਦਿੱਤੇ। ਜਗਜੀਤ ਸਿੰਘ ਸੇਬਾਂ ਵਾਲੇ ਲਿਫ਼ਾਫ਼ੇ ਨੂੰ ਹੱਥ ਵਿੱਚ ਫੜ ਕੇ ਪਿੰਡ ਨੂੰ ਜਾਣ ਵਾਲੀ ਮਿੰਨੀ ਬੱਸ ਵਿੱਚ ਬੈਠ ਗਿਆ। ਛੇਤੀ ਹੀ ਬੱਸ ਚੱਲ ਪਈ ਅਤੇ ਵੀਹ ਮਿੰਟ ਵਿੱਚ ਉਸ ਦੇ ਪਿੰਡ ਪਹੁੰਚ ਗਈ। ਉਹ ਮਿੰਨੀ ਬੱਸ ਵਿੱਚੋਂ ਉੱਤਰ ਕੇ ਆਪਣੇ ਵੱਡੇ ਭਰਾ ਦੇ ਘਰ ਵੱਲ ਨੂੰ ਤੁਰ ਪਿਆ। ਘਰ ਪਹੁੰਚ ਕੇ ਉਸ ਨੇ ਲਿਫ਼ਾਫ਼ਾ ਆਪਣੇ ਭਤੀਜੇ ਦੇ ਹੱਥ ਫੜਾ ਦਿੱਤਾ ਅਤੇ ਆਪ ਵੱਡੇ ਭਰਾ ਤੇ ਭਰਜਾਈ ਕੋਲ ਉਨ੍ਹਾਂ ਦਾ ਹਾਲ-ਚਾਲ ਪੁੱਛਣ ਲਈ ਬੈਠ ਗਿਆ। ਇੰਨੇ ਚਿਰ ਨੂੰ ਉਸ ਦੇ ਭਤੀਜੇ ਨੇ ਸੇਬਾਂ ਵਾਲੇ ਲਿਫ਼ਾਫ਼ੇ ਦੀਆਂ ਗੰਢਾਂ ਖੋਲ੍ਹ ਦਿੱਤੀਆਂ ਤੇ ਸਾਰੇ ਸੇਬ ਉਸ ਵਿੱਚੋਂ ਕੱਢ ਕੇ ਸਾਮ੍ਹਣੇ ਪਏ ਮੇਜ਼ ਤੇ ਰੱਖ ਦਿੱਤੇ। ਉਸ ਨੇ ਵੇਖਿਆ, ਸਾਰੇ ਸੇਬਾਂ ਵਿੱਚੋਂ ਤਿੰਨ ਸੇਬ ਹੀ ਵਧੀਆ ਸਨ ਤੇ ਬਾਕੀ ਸਾਰੇ ਗਲ਼ੇ ਹੋਏ ਸਨ। ਉਹ ਸੇਬ ਵੇਚਣ ਵਾਲੇ ਵੱਲੋਂ ਲਿਫ਼ਾਫ਼ਾ ਬਦਲਾਏ ਜਾਣ ਤੇ ਹੈਰਾਨ ਸੀ। ਉਹ ਸੋਚ ਰਿਹਾ ਸੀ ਕਿ ਇਹ ਤਾਂ ਉਸ ਦਾ ਆਪਣਾ ਘਰ ਸੀ, ਭਲਾ ਜੇ ਕਰ ਉਹ ਕਿਸੇ ਹੋਰ ਥਾਂ ਇਹੀ ਸੇਬ ਲੈ ਕੇ ਗਿਆ ਹੁੰਦਾ ਤਾਂ ਉਸ ਦਾ ਕੀ ਬਣਦਾ?

ਮਹਿੰਦਰ ਸਿੰਘ ਮਾਨ (ਮੁੱਖ ਅਧਿਆਪਕ)
ਪਿੰਡ ਤੇ ਡਾਕ ਰੱਕੜਾਂ ਢਾਹਾ
ਫੋਨ 9915803554



# ਡਾ: ਜਗਤ ਸਿੰਘ ਨਾਗਰਾ ਦੇ ਜੀਵਨ ਬਾਰੇ ਪ੍ਰਕਾਸ਼ਿਤ ਪੁਸਤਕ ਨੂੰ ਕਾਵੈਂਟਰੀ ਵਿਖੇ ਰਿਲੀਜ਼ ਕੀਤਾ ਗਿਆ



ਡਾ: ਜਗਤ ਸਿੰਘ ਨਾਗਰਾ ਦੀ ਕਿਤਾਬ ਜਾਰੀ ਕਰਦੇ ਹੋਏ ਛਿੰਦਾ ਸੁਰੀਲਾ, ਨਿਰਮਲ ਸਿੰਘ ਕੰਧਾਲਵੀ, ਡਾ. ਜਰਨੈਲ ਸਿੰਘ, ਗੁਰਜੀਤ ਸਿੰਘ ਗਿੱਲ ਅਤੇ ਹੋਰ


ਕਾਵੈਂਟਰੀ (ਨ.ਸ.ਕੰਧਾਲਵੀ) ਭਾਈ ਵੀਰ ਸਿੰਘ ਨੇ ਲਿਖਿਆ ਸੀ ਕਿ ‘ਨਿਹੁੰ ਵਾਲੇ ਨੈਣਾਂ ਕੀ ਨੀਂਦਰ ਉਹ ਦਿਨੇ ਰਾਤ ਪਏ ਵਹਿੰਦੇ’ ਇਹ ਸਤਰਾਂ ਡਾ. ਜਗਤ ਸਿੰਘ ਨਾਗਰਾ ਜੀ ਦੇ ਜੀਵਨ ‘ਤੇ ਬਿਲਕੁਲ ਢੁੱਕਦੀਆਂ ਹਨ। ਅੱਜ ਤੋਂ ਪੰਜ ਛੇ ਦਹਾਕੇ ਪਹਿਲਾਂ ਵਲੈਤ ਦੀ ਧਰਤੀ ‘ਤੇ ਆ ਕੇ ਇਥੇ ਆਪਣੇ ਪੈਰ ਜਮਾਉਣੇ ਕੋਈ ਸੁਖਾਲਾ ਕੰਮ ਨਹੀਂ ਸੀ।

ਉਹ ਪੰਜਾਬ ਵਿਚ ਅਧਿਆਪਕ ਦੀ ਨੌਕਰੀ ਛੱਡ ਕੇ ਆਏ ਸਨ। ਇਥੇ ਆ ਕੇ ਵੀ ਅਧਿਆਪਨ ਨੂੰ ਅਪਨਾਉਣਾ ਚਾਹੁੰਦੇ ਸਨ ਪਰ ਪਰਾਈ ਧਰਤੀ ‘ਤੇ ਇਸ ਰਾਹ ਵਿਚ ਬੜੀਆਂ ਔਕੜਾਂ ਸਨ। ਪਹਿਲੀ ਗੱਲ ਤਾਂ ਇਹ ਸੀ ਕਿ ਇਥੋਂ ਦਾ ਸਿਸਟਮ ਭਾਰਤ ਤੋਂ ਪ੍ਰਾਪਤ ਵਿਦਿਅਕ ਯੋਗਤਾਵਾਂ ਨੂੰ ਮਾਨਤਾ ਹੀ ਨਹੀਂ ਸੀ ਦਿੰਦਾ ਤੇ ਉੱਪਰੋਂ ਨਸਲੀ ਭਿੰਨ-ਭੇਦ। ਵੈਸੇ ਵੀ ਦੂਜੇ ਦੇਸ਼ ਵਿਚ ਜਾ ਕੇ ਉੱਥੋਂ ਦੇ ਸਿਸਟਮ ਨੂੰ ਸਮਝਣ ਵਿਚ ਸਮਾਂ ਤਾਂ ਲਗਦਾ ਹੀ ਹੈ।

ਬਸ ਇਸੇ ਸਿਸਟਮ ਨੂੰ ਸਮਝਣ ਲਈ ਨਾਗਰਾ ਸਾਹਿਬ ਨੇ ਲੱਕ ਬੰਨ੍ਹ ਲਿਆ ਤੇ ਇਥੋਂ ਪੜ੍ਹਾਈ ਕਰ ਕੇ ਸਕੂਲ ਵਿਚ ਅਧਿਆਪਕ ਲੱਗੇ। ਭਾਵੇਂ ਕਿ ਉਹ ਮੈਥੇਮੈਟਿਕਸ ਦੇ ਅਧਿਆਪਕ ਸਨ ਪਰ ਆਪਣੀ ਮਾਂ-ਬੋਲੀ ਪੰਜਾਬੀ ਨੂੰ ਪ੍ਰਫੁਲਿਤ ਕਰਨ ਦਾ ਸੁਪਨਾ ਵੀ ਉਨ੍ਹਾਂ ਦੀਆਂ ਅੱਖਾਂ ਵਿਚ ਸੀ। ਸੋ ਉਨ੍ਹਾਂ ਨੇ ਸਕੂਲ ਦੇ ਸਮੇਂ ਤੋਂ ਬਾਅਦ ਬਿਨਾਂ ਤਨਖਾਹ ਲਇਆਂ ਬੱਚਿਆਂ ਨੂੰ ਪੰਜਾਬੀ ਪੜ੍ਹਾਉਣੀ ਸ਼ੁਰੂ ਕੀਤੀ ਤੇ ਨਾਲ ਨਾਲ ਪੰਜਾਬੀ ਸਿਖਾਉਣ ਵਾਲੀਆਂ ਕਿਤਾਬਾਂ ਦੀ ਰਚਨਾ ਕਰਨੀ ਵੀ ਸ਼ੁਰੂ ਕੀਤੀ ਤੇ ਹੌਲੀ ਹੌਲੀ ਉਨ੍ਹਾਂ ਦੀਆਂ ਕਿਤਾਬਾਂ ਜੀ.ਸੀ.ਐੱਸ. ਈ. ਅਤੇ ‘ਏ’ ਲੈਵਲ ਦੇ ਕੋਰਸਾਂ ਵਾਸਤੇ ਵੀ ਇਥੋਂ ਦੇ ਵਿਦਿਅਕ ਮਹਿਕਮੇ ਨੇ ਮੰਨਜ਼ੂਰ ਕੀਤੀਆਂ।

ਅਧਿਆਪਕ ਦੇ ਤੌਰ ‘ਤੇ ਭਰਤੀ ਹੋ ਕੇ ਉਹ ਤਰੱਕੀ ਕਰਦੇ ਕਰਦੇ ਸਕੂਲ ਇੰਸਪੈਕਟਰ ਦੇ ਤੌਰ ‘ਤੇ ਰਿਟਾਇਰ ਹੋਏ।

ਦੋਸਤਾਂ ਮਿੱਤਰਾਂ ਵਲੋਂ ਕਾਫ਼ੀ ਸਮੇਂ ਤੋਂ ਉਨ੍ਹਾਂ ਨੂੰ ਬੇਨਤੀ ਕੀਤੀ ਜਾ ਰਹੀ ਸੀ ਕਿ ਉਹ ਆਪਣੀ ਜ਼ਿੰਦਗੀ ਦੇ ਤਜਰਬੇ ਨੂੰ ਕਿਤਾਬੀ ਸ਼ਕਲ ਦੇਣ ਤਾਂ ਕਿ ਅਜਿਹੀ ਕ੍ਰਿਤ ਅੱਜ ਦੀ ਨੌਜਵਾਨ ਪੀੜ੍ਹੀ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕੇ। ਉਨ੍ਹਾਂ ਨੇ ਬਹੁਤ ਮਿਹਨਤ ਕਰ ਕੇ ਆਪਣੇ ਜੀਵਨ ਅਤੇ ਆਪਣੀਆਂ ਪ੍ਰਾਪਤੀਆਂ ਨੂੰ ਇਸ ਕਿਤਾਬ ਵਿਚ ਕਲਮਬੰਦ ਕੀਤਾ ਹੈ।





ਅਧਿਆਪਕ ਦਿਵਸ ਵਾਲੇ ਦਿਨ 5 ਅਗਸਤ 2024 ਨੂੰ ਇਸ ਕਿਤਾਬ ਨੂੰ ਕਵੈਂਟਰੀ (ਯੂ.ਕੇ.) ਦੇ ‘ਰੇਡੀਉ ਪੰਜ’ ਦੇ ਸਟੁਡੀਉ ਵਿਚ ਰੀਲੀਜ਼ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਡਾ. ਜਰਨੈਲ ਸਿੰਘ (ਜੀ.ਪੀ.) ਨੇ, ਜੋ ਕਿ ਉਨ੍ਹਾਂ ਨੂੰ ਪੰਜਾਬ ਤੋਂ ਹੀ ਜਾਣਦੇ ਸਨ, ਨਾਗਰਾ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਇਆ। ਗੁਰਜੀਤ ਸਿੰਘ ਗਿੱਲ ਅਤੇ ਨਿਰਮਲ ਸਿੰਘ ਕੰਧਾਲਵੀ ਹੋਰਾਂ ਨਾਗਰਾ ਸਾਹਿਬ ਦੀ ਪੰਜਾਬੀ ਭਾਸ਼ਾ ਨੂੰ ਦੇਣ ਅਤੇ ਉਨ੍ਹਾਂ ਦੇ ਜ਼ਾਤੀ ਜੀਵਨ ਦੀਆਂ ਕੁਝ ਗੱਲਾਂ ਸਾਂਝੀਆਂ ਕੀਤੀਆਂ। ਰੇਡੀਉ ਦੇ ਮਾਲਕ ਤੇ ਸੰਚਾਲਕ, ਜਸਵਿੰਦਰ ਸਿੰਘ ਉਰਫ਼ ਛਿੰਦਾ ਸੁਰੀਲਾ, ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ‘ਚ ਪ੍ਰੋਗਰਾਮ ਪੇਸ਼ ਕੀਤਾ।

## ਨਿਊ ਯਾਰਕ ਵਿਚ ਗਿਆਨੀ ਹਰਜਿੰਦਰ ਸਿੰਘ ਜੀ ਦਾ ਸਵਾਗਤ



**ਪਿਛਲੇ ਦਿਨੀਂ, ਆਸਟ੍ਰੇਲੀਆ ਦੇ ਪਿੰਡ ਵੂਲਗੂਲਗਾ ਵਿਚ ਸਥਾਪਤ, ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਜੀ ਦੇ ਸਾਬਕਾ ਮੁਖ ਗ੍ਰੰਥੀ, ਗਿਆਨੀ ਹਰਜਿੰਦਰ ਸਿੰਘ ਜੀ ਹੰਬੜਾਂਵਾਲੇ ਜਸਟਿਸ ਆਫ਼ ਪੀਸ, ਆਪਣੀ ਮਾਤਾ ਸਮਾਨ ਸਤਿਕਾਰਯੋਗ ਚਾਚੀ ਗੁਰਮੀਤ ਕੌਰ ਜੀ ਦੀਆਂ ਅੰਤਮ ਰਸਮਾਂ ਅਦਾ ਕਰਨ ਵਾਸਤੇ, ਨਿਜੀ ਦੌਰੇ ਉਪਰ ਨਿਊ ਯਾਰਕ (ਅਮ੍ਰੀਕਾ) ਪਧਾਰੇ। ਰਿਚਮੰਡ ਹਿੱਲ ਦੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਬੰਧਕਾਂ ਨੇ ਆਪ ਜੀ ਨੂੰ, ਐਤਵਾਰੀ ਦੀਵਾਨ ਵਿਚ ਸੱਦ ਕੇ, ਗੁਰਬਾਣੀ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਦੀਵਾਨ ਦੀ ਸਮਾਪਤੀ ‘ਤੇ ਪ੍ਰਬੰਧਕਾਂ ਵੱਲੋਂ ਗਿਆਨੀ ਜੀ ਦਾ ਸਨਮਾਨ ਕੀਤਾ ਗਿਆ ਅਤੇ ਉਹਨਾਂ ਨੂੰ ਸ਼ਰਧਾ ਸਹਿਤ ਫਿਰ ਵੀ ਨਿਊ ਯਾਰਕ ਦੀਆਂ ਸੰਗਤਾਂ ਨੂੰ ਸਰਵਣ ਕਰਵਾਉਣ ਲਈ ਆਉਣ ਵਾਸਤੇ ਪੁਰਜ਼ੋਰ ਬੇਨਤੀ ਕੀਤੀ। ਗਿਆਨੀ ਹਰਜਿੰਦਰ ਸਿੰਘ ਜੀ ਦੇ ਸਵਾਗਤ ਸਮੇ ਸ. ਭੂਪਿੰਦਰ ਸਿੰਘ ਜੀ ਬੋਪਾਰਾਇ, ਸ. ਦਵਿੰਦਰ ਸਿੰਘ ਜੀ ਬੋਪਾਰਾਏ, ਸਕੱਤਰ ਸ. ਬਲਾਕਾ ਸਿੰਘ ਜੀ, ਸ. ਜਸਵੀਰ ਸਿੰਘ ਗਿੱਲ ਜੀ, ਸਰਦਾਰ ਕੰਗ ਸਾਹਿਬ ਜੀ ਆਦਿ ਸੱਜਣ ਹਾਜਰ ਸਨ।**

## ਸਾਬਕਾ ਰਾਸ਼ਟਰਪਤੀ ਜਾਰਜ ਬੁੱਸ਼ ਟਰੰਪ ਜਾਂ ਹੈਰਿਸ ਵਿਚੋਂ ਕਿਸੇ ਦਾ ਵੀ ਨਹੀਂ ਕਰਨਗੇ ਸਮਰਥਨ-ਬੁਲਾਰਾ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਯੂ ਬੁੱਸ਼ 2024 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਜਾਂ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਵਿਚੋਂ ਕਿਸੇ ਦਾ ਵੀ ਸਮਰਥਨ ਨਹੀਂ ਕਰਨਗੇ। ਇਹ ਜਾਣਕਾਰੀ ਉਨਾਂ ਦੇ ਇਕ ਬੁਲਾਰੇ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਦਿੱਤੀ ਹੈ। ਬੁਲਾਰੇ ਨੇ ਕਿਹਾ ਹੈ ਕਿ ਜਾਰਜ ਬੁੱਸ਼ ਦੀ ਰਾਸ਼ਟਰਪਤੀ ਚੋਣਾਂ ਵਿਚ ਕਿਸੇ ਉਮੀਦਵਾਰ ਦਾ ਸਮਰਥਨ ਕਰਨ ਜਾਂ ਉਹ ਤੇ ਉਸ ਦੀ ਪਤਨੀ ਸਾਬਕਾ ਪ੍ਰਥਮ ਔਰਤ ਲੌਰਾ ਬੁੱਸ਼ ਦੀ ਆਪਣੀ ਵੋਟ ਪਾਉਣ ਬਾਰੇ ਕੋਈ ਯੋਜਨਾ ਨਹੀਂ ਹੈ। ਬੁਲਾਰੇ ਨੇ ਕਿਹਾ ਕਿ ਬੁੱਸ਼ ਕਈ ਸਾਲ ਪਹਿਲਾਂ ਹੀ ਰਾਸ਼ਟਰਪਤੀ ਰਾਜਨੀਤੀ ਤਿਆਗ ਚੁੱਕੇ ਹਨ। ਜਾਰਜ ਬੁੱਸ਼ ਦੇ ਸਾਬਕਾ ਉੱਪ ਰਾਸ਼ਟਰਪਤੀ ਡਿੱਕ ਚੇਨੀ ਵੱਲੋਂ ਰਾਸ਼ਟਰਪਤੀ ਚੋਣਾਂ ਵਿਚ ਪਾਰਟੀ ਲਾਈਨ ਪਾਰ ਕਰਕੇ ਕਮਲਾ ਹੈਰਿਸ ਨੂੰ ਵੋਟ ਪਾਉਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਬੁਲਾਰੇ ਦਾ ਉਕਤ ਬਿਆਨ ਆਇਆ ਹੈ। ਚੇਨੀ ਜਿਨਾਂ ਨੇ ਬੁੱਸ਼ ਤਹਿਤ 2001 ਤੋਂ 2009 ਤੱਕ ਉੱਪ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਈਆਂ ਸਨ, ਨੇ ਬੀਤੇ ਦਿਨ ਕਿਹਾ ਸੀ ਕਿ " ਸਾਡੇ ਦੇਸ਼ ਦੇ 248 ਸਾਲਾਂ ਦੇ ਇਤਿਹਾਸ ਵਿਚ ਵਿਅਕਤੀਗਤ ਤੌਰ 'ਤੇ ਕੋਈ ਵੀ ਵਿਅਕਤੀ ਲੋਕਤੰਤਰ ਲਈ ਓਨਾ ਵੱਡਾ ਖਤਰਾ ਨਹੀਂ ਬਣਿਆ ਜਿੰਨਾ ਡੋਨਾਲਡ ਟਰੰਪ ਹੈ। ਚੇਨੀ ਨੇ ਟਰੰਪ ਨੂੰ ਕਾਇਰ ਕਰਾਰ ਦਿੱਤਾ ਸੀ। ਹੈਰਿਸ ਨੇ ਚੇਨੀ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਸੀ ਕਿ ਉਨਾਂ ਵਿਚ ਰਾਜਸੀ ਪਾਰਟੀ ਦੀ ਬਜਾਏ ਦੇਸ਼ ਨੂੰ ਉਪਰ ਰਖਣ ਦਾ ਹੌਸਲਾ ਤੇ ਜੁਅਰਤ ਹੈ। ਇਸੇ ਦੌਰਾਨ ਮਾਈਕ ਪੈਨਸ ਜਿਸ ਨੇ 4 ਸਾਲ ਟਰੰਪ ਦੇ ਉੱਪ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਈਆਂ ਸਨ, ਨੇ ਕਿਹਾ ਹੈ ਕਿ ਉਹ ਆਪਣੇ ਸਾਬਕਾ ਬੌਸ ਦਾ ਸਮਰਥਨ ਨਹੀਂ ਕਰਨਗੇ ਪਰੰਤੂ ਹੈਰਿਸ ਦੀ ਪਿੱਠ ਵੀ ਨਹੀਂ ਥਾਪੜਨਗੇ।

## ਸਿੱਖ ਫੈਡਰੇਸ਼ਨ ਯੂ ਕੇ ਵੱਲੋਂ 40ਵੀਂ ਸਾਲਾਨਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ 15 ਸਤੰਬਰ 2024 ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਯੂ. ਕੇ. ਵਿਖੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ ਯੂ ਕੇ ਵੱਲੋਂ 40ਵੀਂ ਸਾਲਾਨਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ 15 ਸਤੰਬਰ 2024 ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਯੂ. ਕੇ. ਵਿਖੇ ਕਰਵਾਈ ਜਾ ਰਹੀ ਹੈ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਅਮਰੀਕ ਸਿੰਘ ਗਿੱਲ ਚੇਅਰਮੈਨ, ਭਾਈ ਕੁਲਦੀਪ ਸਿੰਘ ਚਹੇੜੂ ਸੀਨੀਅਰ ਵਾਈਸ ਚੇਅਰਮੈਨ, ਭਾਈ ਨਰਿੰਦਰਜੀਤ ਸਿੰਘ ਥਾਂਦੀ ਜਨਰਲ ਸੈਕਟਰੀ, ਭਾਈ ਦਬਿੰਦਰਜੀਤ ਸਿੰਘ ਮੁੱਖ ਸਲਾਹਕਾਰ ਅਤੇ ਮੁੱਖ ਪ੍ਰਬੰਧਕ ਭਾਈ ਹਰਦੀਸ਼ ਸਿੰਘ ਨੇ ਕਿਹਾ ਕਿ ਕਨਵੈਨਸ਼ਨ ਦੀਆਂ ਤਿਆਰੀਆਂ ਲੱਗਭੱਗ ਪੂਰੀਆਂ ਹੋ ਚੁੱਕੀਆਂ ਹਨ।**

ਇਸ ਮੌਕੇ ਦੇਸ਼ ਵਿਦੇਸ਼ ਤੋਂ ਅਜ਼ਾਦੀ ਪਸੰਦ ਸੰਘਰਸ਼ੀ ਬੁਲਾਰੇ ਪਹੁੰਚ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਫੈਡਰੇਸ਼ਨ (ਯੂ.ਕੇ.) ਦੀ ਰਾਜਸੀ ਅਗਵਾਈ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਦੇ ਜੱਥੇਬੰਦਕ ਢਾਂਚੇ ਵਿੱਚ ਤਬਦੀਲੀ ਕੀਤੀ ਜਾ ਰਹੀ ਹੈ। ਜਿਸ ਵਿੱਚ ਪੰਚ ਪ੍ਰਧਾਨੀ ਪ੍ਰਣਾਲੀ, ਰਾਸ਼ਟਰੀ ਕਾਰਜਕਾਰੀ ਟੀਮ, ਬਰਤਾਨਵੀ ਨੌਜਵਾਨਾਂ ਦੀ ਯੋਗ ਅਗਵਾਈ ਅਤੇ ਬੀਬੀਆਂ ਦੇ ਕੰਮਕਾਜੀ ਵਿੰਗ ਦੇ ਗਠਨ ਦਾ ਐਲਾਨ ਕੀਤਾ ਜਾਵੇਗਾ। ਉਕਤ ਆਗੂਆਂ ਨੇ ਕਿਹਾ ਕਿ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ, ਸਿੱਖ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਮਾਮਲਿਆਂ ਤੋਂ ਇਲਾਵਾ ਸਿੱਖ ਹੋਮਲੈਂਡ ਦੀ ਪੁਨਰ ਸਥਾਪਨਾ ਸਬੰਧੀ ਵਿਚਾਰ ਪੇਸ਼ ਕੀਤੇ ਜਾਣਗੇ। ਸਿੱਖ ਮਨੋਰਥ ਪੱਤਰ ਦੀਆਂ ਮੰਗਾਂ ਅਤੇ ਮੌਜੂਦਾ ਲੇਬਰ ਸਰਕਾਰ ਦੇ ਵਾਅਦਿਆਂ 'ਤੇ ਚਰਚਾ ਕੀਤੀ ਜਾਵੇਗੀ। ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਬੀਤੇ 40 ਸਾਲਾਂ ਤੋਂ ਇੰਟਰਨੈਸ਼ਨ ਸਿੱਖ ਯੂਥ ਫੈਡਰੇਸ਼ਨ ਅਤੇ ਸਿੱਖ ਫੈਡਰੇਸ਼ਨ ਯੂ ਕੇ ਦੇ ਸੇਵਾਦਾਰ ਸਿੱਖਾਂ ਦੀ ਅਜ਼ਾਦੀ ਦੀ ਅਵਾਜ਼ ਲੋਕਤੰਤਰਿਕ ਤਰੀਕੇ ਨਾਲ ਉਠਾਉਂਦੇ ਆ ਰਹੇ ਹਨ। ਜੋ ਅੱਗੋਂ ਵੀ ਜਾਰੀ ਰਹੇਗੀ।

# ਸਿਹਤ ਤੇ ਸੁੰਦਰਤਾ



## ਕੜ੍ਹੀ ਪੱਤੇ ਦੇ ਸੇਵਨ ਨਾਲ ਹੁੰਦੇ ਸਰੀਰ ਨੂੰ ਅਨੇਕਾਂ ਫਾਇਦੇ



ਕੜ੍ਹੀ ਪੱਤੇ ਦਾ ਸੇਵਨ ਕਰਨ ਨਾਲ ਤੁਹਾਡੇ ਸਰੀਰ ਲਈ ਬਹੁਤ ਸਾਰੇ ਸਿਹਤ ਲਾਭ ਹੋ ਸਕਦੇ ਹਨ, ਖਾਸ ਕਰਕੇ ਜੇਕਰ ਤੁਸੀਂ ਇਸਨੂੰ 15 ਦਿਨ ਲਗਾਤਾਰ ਖਾਂਦੇ ਹੋ। ਇਹ ਤੁਹਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ, ਪਾਚਨ ਪ੍ਰਣਾਲੀ ਨੂੰ ਸੁਧਾਰਦਾ ਹੈ, ਭਾਰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ, ਚਮੜੀ ਨੂੰ ਚਮਕਦਾਰ ਬਣਾਉਂਦਾ ਹੈ, ਸ਼ੂਗਰ ਨੂੰ ਕੰਟਰੋਲ ਕਰਦਾ ਹੈ ਅਤੇ ਦਿਲ ਦੀ ਸਿਹਤ ਵਿੱਚ ਸੁਧਾਰ ਕਰਦਾ ਹੈ। ਆਓ ਜਾਣਦੇ ਹਾਂ ਇਸ ਦੇ ਅਨੋਖੇ ਫਾਇਦੇ।

ਕੜ੍ਹੀ ਪੱਤੇ ਵਿੱਚ ਮੌਜੂਦ ਕਈ ਪੌਸ਼ਟਿਕ ਤੱਤ ਜਿਵੇਂ ਕਿ ਵਿਟਾਮਿਨ ਸੀ, ਐਂਟੀਆਕਸੀਡੈਂਟ ਤੇ ਫਲੇਵੋਨੋਇਡ ਤੁਹਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ। ਕੜ੍ਹੀ ਪੱਤੇ ਦਾ ਨਿਯਮਤ ਸੇਵਨ ਕਰਨ ਨਾਲ ਤੁਹਾਡੇ ਸਰੀਰ ਦੀ ਇਮਿਊਨਿਟੀ ਵਧਦੀ ਹੈ, ਜੋ ਬਿਮਾਰੀਆਂ ਨਾਲ ਲੜਨ 'ਚ ਮਦਦ ਕਰਦੀ ਹੈ। ਕੜ੍ਹੀ ਪੱਤੇ ਦਾ ਸੇਵਨ ਵੀ ਭਾਰ ਕੰਟਰੋਲ ਕਰਨ 'ਚ ਮਦਦਗਾਰ ਸਾਬਤ ਹੋ ਸਕਦਾ ਹੈ। ਇਹ ਸਰੀਰ ਦੇ ਮੈਟਾਬੋਲਿਜ਼ਮ ਨੂੰ ਵਧਾਉਂਦਾ ਹੈ ਅਤੇ ਸਰੀਰ ਦੀ ਚਰਬੀ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਸ ਵਿੱਚ ਐਂਟੀਆਕਸੀਡੈਂਟ ਅਤੇ ਵਿਟਾਮਿਨ ਏ ਮੌਜੂਦ ਹੁੰਦੇ ਹਨ, ਜੋ ਚਮੜੀ ਦੀ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਇਹ ਚਮੜੀ ਨੂੰ ਚਮਕਦਾਰ ਬਣਾਉਣ, ਮੁਹਾਸੇ ਅਤੇ ਬੁਢਾਪੇ ਦੇ ਸੰਕੇਤਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਖਾਲੀ ਢਿੱਡ ਕੜ੍ਹੀ ਪੱਤੇ ਚਬਾਉਣ ਨਾਲ ਤੁਹਾਡੀ ਚਮੜੀ ਵਿੱਚ ਚਮਕ ਅਤੇ ਤਾਜ਼ਗੀ ਆ ਸਕਦੀ ਹੈ।

* * * * *

## ਹਵਾ ਪ੍ਰਦੂਸ਼ਣ ਕਾਰਨ ਮਰਦ ਹੋ ਸਕਦੇ ਨੇ ਬਾਂਝਪਨ ਦਾ ਸ਼ਿਕਾਰ

### ✪ ਬ੍ਰਿਟਿਸ਼ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਿਤ ਹੋਈ ਰਿਪੋਟ



ਇਨ੍ਹੀਂ ਦਿਨੀਂ ਬਾਂਝਪਨ ਦੀ ਸਮੱਸਿਆ ਲੋਕਾਂ ਨੂੰ ਤੇਜ਼ੀ ਨਾਲ ਪ੍ਰਭਾਵਿਤ ਕਰ ਰਹੀ ਹੈ। ਅਜੋਕੇ ਸਮੇਂ ਵਿੱਚ ਔਰਤਾਂ ਹੀ ਨਹੀਂ ਸਗੋਂ ਮਰਦ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਬਾਂਝਪਨ ਕਈ ਕਾਰਨਾਂ ਕਰਕੇ ਹੋ ਸਕਦਾ ਹੈ। ਇਸ ਦੌਰਾਨ ਇਸ ਬਾਰੇ ਹਾਲ ਹੀ ਵਿੱਚ ਇੱਕ ਅਧਿਐਨ ਸਾਹਮਣੇ ਆਇਆ ਹੈ। ਇਸ ਅਧਿਐਨ ਤੋਂ ਪਤਾ ਲੱਗਾ ਹੈ ਕਿ ਮਰਦਾਂ ਅਤੇ ਔਰਤਾਂ ਵਿਚ ਬਾਂਝਪਨ ਨੂੰ ਵੱਖ-ਵੱਖ ਤਰ੍ਹਾਂ ਦੇ ਪ੍ਰਦੂਸ਼ਣ ਨਾਲ ਜੋੜਿਆ ਗਿਆ ਹੈ। ਡੈਨਮਾਰਕ ਵਿੱਚ ਕੀਤੀ ਗਈ ਇਸ ਖੋਜ ਤੋਂ ਪਤਾ ਲੱਗਿਆ ਹੈ ਕਿ ਹਵਾ ਅਤੇ ਸ਼ੋਰ ਪ੍ਰਦੂਸ਼ਣ ਮਰਦਾਂ ਅਤੇ ਔਰਤਾਂ ਵਿੱਚ ਬਾਂਝਪਨ ਦੇ ਜੋਖਮ ਨੂੰ ਕਿਵੇਂ ਵਧਾਉਂਦਾ ਹੈ। ਆਓ ਜਾਣਦੇ ਹਾਂ ਇਸ ਅਧਿਐਨ ਬਾਰੇ ਵਿਸਥਾਰ ਨਾਲ-

**ਕੀ ਕਹਿੰਦਾ ਹੈ ਅਧਿਐਨ ?**

ਬ੍ਰਿਟਿਸ਼ ਮੈਡੀਕਲ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, ਹਵਾ ਪ੍ਰਦੂਸ਼ਣ ਮਰਦਾਂ ਵਿੱਚ ਬਾਂਝਪਨ ਅਤੇ ਔਰਤਾਂ ਵਿੱਚ ਸ਼ੋਰ ਪ੍ਰਦੂਸ਼ਣ ਦੇ ਜੋਖਮ ਨੂੰ ਵਧਾਉਂਦਾ ਹੈ। ਇਸ ਖੋਜ ਵਿੱਚ 30 ਤੋਂ 45 ਸਾਲ ਦੀ ਉਮਰ ਦੇ 526,056 ਪੁਰਸ਼ ਅਤੇ 377,850 ਔਰਤਾਂ ਸ਼ਾਮਲ ਸਨ। ਹਾਲਾਂਕਿ, ਇਸ ਅਧਿਐਨ ਵਿੱਚ ਉਨ੍ਹਾਂ ਮਰਦਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਜਿਨ੍ਹਾਂ ਨੇ ਨਸਬੰਦੀ ਕਰਵਾਈ ਸੀ ਅਤੇ ਗਰਭ ਅਵਸਥਾ ਨੂੰ ਰੋਕਣ ਲਈ ਸਰਜਰੀ ਕਰਵਾਉਣ ਵਾਲੀਆਂ ਔਰਤਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ।

**ਪ੍ਰਦੂਸ਼ਣ ਅਤੇ ਬਾਂਝਪਨ ਵਿਚਕਾਰ ਸਬੰਧ ?**

ਅਧਿਐਨ ਤੋਂ ਪਤਾ ਲੱਗਾ ਹੈ ਕਿ ਔਸਤਨ ਪੰਜ ਸਾਲ ਤੱਕ ਹਵਾ ਪ੍ਰਦੂਸ਼ਣ ਦੇ ਸੰਪਰਕ ਵਿਚ ਰਹਿਣ ਵਾਲੇ ਮਰਦਾਂ ਵਿਚ ਬਾਂਝਪਨ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਇਸ ਦੇ ਨਾਲ ਹੀ ਸ਼ੋਰ ਪ੍ਰਦੂਸ਼ਣ ਔਰਤਾਂ ਵਿੱਚ ਬਾਂਝਪਨ ਦਾ ਮੁੱਖ ਕਾਰਨ ਸੀ। 35 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਅਤੇ ਸੰਭਵ ਤੌਰ 'ਤੇ 37 ਸਾਲ ਤੋਂ ਵੱਧ ਉਮਰ ਦੇ ਮਰਦਾਂ ਨੂੰ ਟ੍ਰੈਫਿਕ ਦੇ ਸ਼ੋਰ ਕਾਰਨ ਬਾਂਝਪਨ ਦਾ ਵਧੇਰੇ ਖ਼ਤਰਾ ਸੀ।


ਪੰਜ ਸਾਲਾਂ ਵਿੱਚ 2.9 ਮਾਈਕ੍ਰੋਗ੍ਰਾਮ 'ਤੇ ਔਸਤ ਪ੍ਰਤੀ ਘਣ ਮੀਟਰ ਤੋਂ ਵੱਧ ਪੀ.ਐੱਮ.2.5 ਪੱਧਰਾਂ ਦੇ ਐਕਸਪੋਜਰ ਨੇ ਬਾਂਝਪਨ ਦੇ ਖ਼ਤਰੇ ਨੂੰ 24 ਪ੍ਰਤੀਸ਼ਤ ਤੱਕ ਵਧਾ ਦਿੱਤਾ ਹੈ। ਇਸ ਦੌਰਾਨ, 18 ਸਾਲਾਂ ਦੀ ਮਿਆਦ ਦੇ ਦੌਰਾਨ, 16,172 ਪੁਰਸ਼ਾਂ ਅਤੇ 22,672 ਔਰਤਾਂ ਵਿੱਚ ਬਾਂਝਪਨ ਦੀ ਪਛਾਣ ਕੀਤੀ ਗਈ ਸੀ।


**ਬਾਂਝਪਨ ਕੀ ਹੈ ?**

ਬਾਂਝਪਨ ਨੂੰ ਨਿਯਮਤ, ਅਸੁਰੱਖਿਅਤ ਸਰੀਰਕ ਸਬੰਧ ਦੇ ਘੱਟੋ-ਘੱਟ ਇੱਕ ਸਾਲ ਬਾਅਦ ਗਰਭ ਧਾਰਨ ਕਰਨ ਦੀ ਅਸਮਰੱਥਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ, ਜਿਨ੍ਹਾਂ ਵਿਚ ਪ੍ਰਦੂਸ਼ਣ ਤੋਂ ਇਲਾਵਾ ਤੰਬਾਕੂ ਅਤੇ ਸ਼ਰਾਬ ਦੀ ਵਰਤੋਂ, ਜਿਨਸੀ ਤੌਰ 'ਤੇ ਫੈਲਣ ਵਾਲੀਆਂ ਲਾਗਾਂ, ਕਈ ਭਿਆਨਕ ਬਿਮਾਰੀਆਂ, ਮੋਟਾਪਾ ਅਤੇ ਘੱਟ ਭਾਰ ਸ਼ਾਮਲ ਹਨ।

## * ਚੂੰਢਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਮੈਂ ਅਦਾਲਤ 'ਚ ਕੇਸ ਲੜਾਂਗੀ ਤੇ ਬਿਨਾਂ ਕੱਟ ਤੋਂ ਫ਼ਿਲਮ ਰਿਲੀਜ਼ ਕਰਾਂਗੀ- ਕੰਗਣਾ ਰਣੌਤ**

-ਮੈਨੂੰ ਨਰਮ ਕੁੜੀ ਨਾ ਜਾਣੀ, ਲੜ ਜੂੰ ਭਰਿੰਡ ਬਣ ਕੇ।

***8 ਸਤੰਬਰ ਦੇ ਹਰਿਆਣਾ ਸਿੱਖ ਸੰਮੇਲਨ 'ਤੇ ਸਰਕਾਰ ਦੀ ਨਜ਼ਰ ਰਹੇਗੀ- ਇਕ ਖ਼ਬਰ**

-ਛੜੇ ਜੇਠ ਦੀ ਮੈਂ ਅੱਖ ਵਿਚ ਰੜਕਾਂ, ਕੰਧ ਉੱਤੋਂ ਰਹੇ ਝਾਕਦਾ।

***ਕਾਨੂੰਨ ਦੀ ਉਚਿਤ ਪ੍ਰਕ੍ਰਿਆ ਬਿਗ਼ੈਰ ਮਕਾਨ ਕਿਵੇਂ ਢਾਏ ਜਾ ਸਕਦੇ ਹਨ?- ਸੁਪਰੀਮ ਕੋਰਟ**

-ਜ਼ੋਰਾਵਰ ਦਾ ਸੱਤੀਂ ਵੀਹੀਂ ਸੌ ਹੁੰਦੈ ਸੁਪਰੀਮ ਕੋਰਟ ਜੀ।



***ਵਿਦੇਸ਼ਾਂ ਦੀਆਂ ਸੰਗਤਾਂ ਵਲੋਂ ਹਰਨਾਮ ਸਿੰਘ ਧੁੰਮਾ ਨੂੰ ਦਮਦਮੀ ਟਕਸਾਲ ਦਾ ਆਗੂ ਮੰਨਣ ਤੋਂ ਇਨਕਾਰ- ਇਕ ਖ਼ਬਰ**

-ਸਭੇ ਕੰਨ ਪੜਵਾ ਕੇ ਬੈਠ ਜਾਂਦੇ, ਮੁਸ਼ਕਿਲ ਜੋਗ ਦਾ ਤੋੜ ਚੜ੍ਹਾਉਣ ਬੇਟਾ।



***ਵਿਵਾਦ ਛਿੜਨ ਤੋਂ ਬਾਅਦ ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਅਕਾਲੀ ਦਲ ਨੇ ਵਾਪਸ ਲਈ- ਇਕ ਖ਼ਬਰ**

-ਕੋਈ ਪਾਸਾ ਸਿੱਧਾ ਨਹੀਂ ਪੈਂਦਾ, ਥੁੱਕ ਕੇ ਹੁਣ ਚੱਟਣਾ ਪਿਆ।

***ਪਾਕਿਸਤਾਨ 'ਚ ਡਾਕੂਆਂ ਨੇ ਆਪਣਾ ਯੂ-ਟਿਊਬ ਚੈਨਲ ਸ਼ੁਰੂ ਕੀਤਾ-ਇਕ ਖ਼ਬਰ**

-ਵਿਹੜੇ ਲਾ ਤ੍ਰਿਵੈਣੀ, ਛਾਂਵੇਂ ਬਹਿ ਕੇ ਕੱਤਿਆ ਕਰੂੰ।



***ਮਾਨਸੂਨ ਸੈਸ਼ਨ 'ਚ ਅਹਿਮ ਮੁੱਦਿਆਂ 'ਤੇ ਸਾਰਥਕ ਬਹਿਸ ਨਹੀਂ ਹੋਈ- ਪਰਤਾਪ ਸਿੰਘ ਬਾਜਵਾ**

-ਮੈਂ ਰੱਜ ਨਾ ਗੱਲਾਂ ਕੀਤੀਆਂ, ਮੇਰੇ ਮਨੋ ਨਾ ਲੱਥਾ ਚਾਅ।




***ਵਿਧਾਨ ਸਭਾ 'ਚ ਕੁੰਵਰ ਵਿਜੈ ਪ੍ਰਤਾਪ ਨੇ ਬੇਅਦਬੀ ਸਬੰਧੀ ਕਈ ਤੱਥ ਪੇਸ਼ ਕੀਤੇ- ਇਕ ਖ਼ਬਰ**

-ਮੈਂ ਬੇਰੀਆਂ ਤੋਂ ਬੇਰ ਲਿਆਇਆ, ਭਾਬੀ ਤੇਰੀ ਗੱਲ੍ਹ ਵਰਗਾ।

***ਮਾਂ ਬੋਲੀ ਪੰਜਾਬੀ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ- ਸਤੀਸ਼ ਕੁਮਾਰ ਵਰਮਾ**

-ਮਾਂ ਬੋਲੀ ਜੇ ਭੁੱਲ ਜਾਉਗੇ, ਕੱਖਾਂ ਵਾਂਗੂੰ ਰੁਲ਼ ਜਾਉਗੇ।



***ਕੰਗਨਾ ਦੀ 'ਐਮਰਜੈਂਸੀ' ਨੂੰ ਹਾਈ ਕੋਰਟ ਤੋਂ ਵੀ ਨਹੀਂ ਮਿਲੀ ਰਾਹਤ- ਇਕ ਖ਼ਬਰ**

-ਨੀ ਐਡਾ ਤੇਰਾ ਕਿਹੜਾ ਦਰਦੀ, ਜੋ ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ।



***ਕਾਂਗਰਸ 'ਚ ਸ਼ਾਮਲ ਹੋਏ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ- ਇਕ ਖ਼ਬਰ**

-ਮਿੱਠੇ ਯਾਰ ਦੇ ਬਰੋਬਰ ਬਹਿ ਕੇ, ਮਿੱਠੇ ਮਿੱਠੇ ਬੇਰ ਚੁਗੀਏ।



***ਜੇ ਚਾਹੇ ਤਾਂ 'ਆਪ' ਹਰਿਆਣੇ 'ਚ ਕਾਂਗਰਸ ਤੋਂ ਬਿਨਾਂ ਵੀ ਚੋਣ ਲੜ ਸਕਦੀ ਹੈ- ਭਗਵੰਤ ਮਾਨ**

-ਫਿਰ ਗਾਂ ਦੇ ਵੱਛੈ ਵਾਂਗ ਕਾਂਗਰਸ ਦੇ ਮਗਰ ਮਗਰ ਕਿਉਂ ਘੁੰਮ ਰਹੇ ਹੋ ਬਾਈ ਸਿਆਂ?




***ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਭ੍ਰਿਸ਼ਟ ਅਫ਼ਸਰਾਂ ਨੂੰ ਦਿਤੀ ਚਿਤਾਵਨੀ- ਇਕ ਖ਼ਬਰ**

-ਕੈਦ ਕਰਾ ਦਊਂਗੀ ਮੈ ਡਿਪਟੀ ਦੀ ਸਾਲ਼ੀ।



***ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬੇਅਦਬੀਆਂ ਦਾ ਇਨਸਾਫ਼ ਦਿਤਾ ਜਾਵੇਗਾ- ਇਕ ਖ਼ਬਰ**

-ਤੇਰਾ ਲਾਰਾ ਵੇ ਸ਼ਰਾਬੀਆਂ ਦੀ ਗੱਪ ਵਰਗਾ।



***ਲਾਰੈਂਸ ਬਿਸ਼ਨੋਈ ਦੀ ਜੇਲ੍ਹ 'ਚ ਹੋਈ ਇੰਟਰਵਿਊ ਬਾਰੇ ਕੀ ਕੀਤਾ ਸਰਕਾਰ ਨੇ? -ਹਾਈ ਕੋਰਟ**

-ਰੱਜ ਕੇ ਝੂਠ ਬੋਲਿਆ ਸਰਕਾਰ ਨੇ, ਪੁਲਿਸ ਨੇ, ਹੋਰ ਕੀ ਕਰ ਸਕਦੇ ਸੀ।

* * * * * *

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



# ਖੁਦਾ ਕੋ ਨਾ ਹਮ ਨਾ ਖੁਦਾ ਕਹਿ ਸਕੇ ਮਗਰ ਨਾ ਖੁਦਾ ਕੋ ਖੁਦਾ ਕਹਿ ਦੀਆ ਅਭੀ ਸੇ ਤੂੰ ਆਂਖੇ ਦਿਖਾਨੇ ਲਗੀ ਖੁਦਾ ਬਨ ਗਈ ਜੋ ਖੁਦਾ ਕਹਿ ਦੀਆ

ਬਸ ਆਹ ਸਾਰੀ ਜੜ੍ਹ ਹੈ ਪੁਆੜੇ ਦੀ, ਜਰਾ ਜਿਹੀ ਕੁਰਸੀ ਮਿਲ ਜਾਵੇ ਅਸੀਂ ਜੱਗ ਸਾਂਭਣ ਲੱਗ ਜਾਂਦੇ ਹਾਂ, ਇਹ ਕਿਸੇ ਇਕ ਦੇਸ਼ ਜਾਂ ਸੰਸਥਾ ਦਾ ਰਵੱਈਆ ਨਹੀਂ, ਕਾਹਨੂੰ ਬਾਤਾਂ ਪਾਵਾਂ, ਸਿੱਖ ਪਰੰਪਰਾ ਕਿਹੜੀ ਸਦੀ ਦੀ ਬਣੀ ਨੂੰ ਆਪਣੇ ਮੰਤਵ ਲਈ ਵਰਤਣ ਲਈ ਜੀ ਗੁਰੂ ਸਿਧਾਂਤ ਹੈ, ਜੀ ਮਰਿਯਾਦਾ ਹੈ ਆਦਿ, ਮੇਰਾ ਲਿਖਣ ਤੋਂ ਭਾਵ-ਅਰਥ ਹੈ ਕਿ ਗੁਰੂ ਕਾਲ ਜਾਂ ਕੋਈ 200 ਸਾਲ ਤੋਂ ਪਹਿਲਾਂ ਦਾ ਸਮਾਂ ਤੇ ਰਹੁ-ਰੀਤਾਂ ਕੀ ਅੱਜ ਚੱਲ ਸਕਦੀਆਂ ਹਨ, ਹਾਂ ਕੁਝ ਮੁੱਢਲੀਆਂ ਐਧਰ, ਉਧਰ ਕਰਕੇ ਲਾਗੂ ਹੋ ਸਕਦੀਆਂ ਹਨ, ਪਰ ਹਰ ਗੱਲ ਨੂੰ ਜੋੜ ਕੇ ਢਕੌਂਸਲੇ ਚਲਾਉਣੇ ਨਾ ਧਰਮ ਲਈ ਤੇ ਨਾ ਸੰਗਤ ਲਈ ਗੁਣਕਾਰੀ, ਧਰਮ ਭੀ ਤਾਂ ਗੁਰੂ ਨਾਨਕ ਦੇਵ ਜੀ ਵੇਲੇ ਵਾਲਾ ਚੱਲਦਾ ਹੀ ਨਹੀਂ, ਬਹੁਤ ਕੁਝ ਉਭਾਰਨ ਲਈ ਹੀ ਪ੍ਰਚਾਰਿਆ ਜਾਂਦਾ ਹੈ, ਉਦਾਹਰਣ, ਕੋਈ ਭੀ ਸ਼ੈਅ ਮੰਡੀ ਵਿੱਚ ਨਵੀਂ ਆਵੇ ਮਸ਼ਹੂਰੀ ਲਈ ਬਹੁਤ ਜੋਰ ਲਾਉਣਾ ਪੈਂਦਾ ਹੈ, ਸਾਡਾ ਧਰਮ ਸਭ ਤੋਂ ਨਿਆਣਾ ਹੈ ਜਿਸ ਕਰਕੇ ਦੂਜਿਆਂ ਨਾਲ ਭਿੜਨ ਲਈ ਬੜੀਆਂ ਲਗਾਂ, ਮਾਤਰਾਵਾਂ ਲੱਗ ਰਹੀਆਂ ਹਨ, ਅਸੰਭਵ ਲਿਖਾਂ ਕਿ ਜੋ ਪਾਠ ਗੁਰੂ ਗ੍ਰੰਥ ਵਿੱਚ ਸਰਲ ਪੰਜਾਬੀ ਵਿੱਚ ਹੈ ਕੀ ਉਹ ਪੰਜਾਬੀ ਤਿੰਨ-ਚਾਰ ਸਦੀਆਂ ਪਹਿਲਾਂ ਬੋਲੀ ਭਾਸ਼ਾ ਸੀ? ਨਹੀਂ ਸੁਖਮਨੀ ਸਾਹਿਬ ਪੜ੍ਹੋ ਫੇਰ ਦੱਸਣਾ, ਖੈਰ ਅਸੀਂ ਤਾਂ ਪੜਚੋਲ ਨੂੰ ਥਾਂ ਹੀ ਨਹੀਂ ਦਿੰਦੇ। ਹੁਣ ਰਵਿਦਾਸ ਮਿਸ਼ਨ ਨੇ ਅੱਡ ਅੰਮ੍ਰਿਤ ਬਾਣੀ ਸੰਗ੍ਰਹਿ ਤੈਅ ਕੀਤਾ ਹੈ, ਭਾਵੇਂ ਕਿ ਸੰਗਤ ਦੇ ਵਿੱਚ ਆਮ ਪਾਠ ਤਾਂ ਸੁਣਿਆ ਨਹੀਂ ਨਾ ਹੀ ਦਰਸ਼ਣ ਹੀ ਕੀਤੇ ਹਨ, ਪਰ ਪ੍ਰਚਾਰ ਬਹੁਤ ਕਰਨਾ ਪੈ ਰਿਹਾ ਹੈ, ਇਸੇ ਤਰ੍ਹਾਂ ਸਾਡੇ ਧਰਮ ਵਿੱਚ ਭੀ ਹੁਣ ਕਈ ਫਿਰਕੇ ਹਨ, ਸਾਧ-ਸੰਤ ਮੱਤ ਅਖੰਡ ਕੀਰਤਨੀ, (ਮੈਂ ਰਾਗ ਮਾਲ੍ਹਾ ਦੇ ਮੁੱਦੇ 'ਤੇ ਉਨ੍ਹਾਂ ਨਾਲ ਸਹਿਮਤ ਹਾਂ) ਟਕਸਾਲਾਂ, ਡੇਰੇ ਆਦਿ ਪਰ ਹੁਣ ਸਿੱਖ-ਮੱਤ ਮਨੁੱਖੀ ਹੱਤਿਆ ਨੂੰ ਸੋਧੇ ਲਾਉ ਧਰਮ ਦੱਸ ਰਹੀ ਹੈ, ਕੀ ਇਹ ਧਰਮ ਦੀ ਕਸਵੱਟੀ ਹੋਵੇਗੀ? ਧਰਮ ਦੀ ਰਾਖੀ ਲਈ ਜਾਂ ਪ੍ਰਚਾਰ ਲਈ ਸ਼੍ਰੋਮਣੀ ਕਮੇਟੀ ਬਣੀ, ਉਹਦੇ ਪਹਿਰੇਦਾਰ ਬਣੇ ਅਕਾਲੀ, ਅਕਾਲ ਤਖ਼ਤ ਕਹਿੰਦੇ ਜੀ ਗੁਰੂ ਸਾਹਿਬ ਚਿਰੋਕਣਾ (ਬੜ੍ਹਾ) ਬਣਾਇਆ, ਹੌਲੀ ਹੌਲੀ ਬਦਲਾਅ ਤੇ ਹੁਣ ਜੱਜਮੈਂਟ ਸੰਸਥਾ ਭਾਵੇਂ (ਗ੍ਰੰਥੀ) ਪਰੰਪਰਾ ਥਾਵੇਂ ਰੱਖੀ ਨਿਰਣਾਯੋਗ ਕਿ ਕੀ ਉਸ ਵੇਲੇ ਲੋਕਤੰਤਰ ਸੀ? ਵੋਟਾਂ ਸਨ ਜਾਂ ਕੇਵਲ ਰਾਜੇ ਦੇ ਰਾਜ ਜੋ ਕਿ ਹਰ ਵਰਗ ਨੂੰ ਸਾਵੀਂ ਰੱਖਣ ਲਈ ਤੱਤਪਰ ਸਨ, ਹਣ ਗੁੰਮਰਾਹ ਕਰਨ ਨੂੰ ਤੇ ਭੰਬਲ ਭੂਸੇ ਲਈ ਕਦੀ ਗੁਰੂ ਕਦੀ ਸ਼ੇਰੇ ਪੰਜਾਬ, ਵਕੀਲ ਭੀ ਧੁਸੇ ਦੇਈ ਜਾਂਦੇ ਨੇ ਇਤਿਹਾਸ ਦੀ ਸੋਝੀ ਹੈ ਨਹੀਂ (ਜ: ਅਕਾਲ ਤਖ਼ਤ) ਆਦੇਸ਼ ਕੀ ਕੇਵਲ ਅਕਾਲੀਆਂ ਲਈ ਹੀ ਹਨ ਜਾਂ ਸਰਬੱਤ ਸਿੱਖ ਸੰਗਤ ਲਈ, ਕੀ ਜੋ ਆਹ ਭੌਂਦੇ ਫਿਰਦੇ ਬਗਲੀਗਰ ਜੋ ਬੋਲੀ ਜਾਣ ਕਦੀ ਆਦੇਸ਼ਾਂ ਵਿੱਚ ਆਏ ਨੇ? ਹੁਣ ਆਦੇਸ਼ ਜੀ ਬਿਆਨਬਾਜੀ ਬੰਦ ਕਰੋ ਪਹਿਲਾਂ ਇਹ ਆਦੇਸ਼ ਬਣਦਾ ਸੀ।

ਗਿਣਤੀ ਬੜੀ ਗੰਭੀਰ ਹੈ, ਗਿਣਤੀ ਬੜੀ ਲੰਮੀ ਹੋ ਜਾਵੇਗੀ ਫੇਰ ਤਾਂ ਤਨਖਾਹੀਆਂ ਦੀ, ਜੇਕਰ ਕੇਵਲ ਸਿਆਸੀ ਪਾਰਟੀ ਦੇ ਮੁਖੀ ਅਤੇ ਸਰਕਾਰ ਦੇ ਕੰਮਾਂ ਵਿੱਚ ਜਿਹੜੀਆਂ ਕਿ ਹਰ ਸਰਕਾਰ ਵਿੱਚ ਹੀ ਕੁਝ ਨਾ ਕੁਝ ਅਣਗਹਿਲੀਆਂ ਹੋ ਜਾਂਦੀਆਂ ਹਨ ਪਰ ਕੇਵਲ ਤੇ ਕੇਵਲ ਅਕਾਲੀ ਸਰਕਾਰ ਦਾ ਹੀ ਗੁੱਡਾ ਬੰਨੋ, ਕੂੜ ਤੇ ਤੂਹਮਤਾਂ ਨਾਲ, ਕੀ ਹੁਣ ਕਦੀ ਬੇਅਦਬੀ ਨਹੀਂ ਹੁੰਦੀ ਤੇ ਕਾਂਗਰਸ (ਸਿੱਖ ਹੀ ਸਨ ਮੁਖੀ) ਕਿਉਂ ਇਸ ਧਾਰਾ ਵਿੱਚ ਨਹੀਂ ਲੈ ਹੋ ਰਹੀਆਂ, ਉਸ ਵੇਲੇ ਦੀ ਪੁਲਸ ਦੋਸ਼ੀ, ਮਗਰੋਂ ਸਭ ਸ਼ੁੱਧ, ਹੁਣ ਭੀ ਭਗਵੰਤ ਮਾਨ ਸਰਕਾਰ ਕਿਉਂਕਿ ਸ਼ਹੀਦ ਭਗਤ ਸਿੰਘ ਦੀ ਸਹੁੰ ਹੈ, ਸਭ ਸਿਰ ਮੱਥੇ, ਇਹ ਵਿਤਕਰੇ ਭਰੀਆਂ ਨੀਤੀਆਂ ਬਹੁਤਾ ਸਮਾਂ ਨਹੀਂ ਚੱਲਣੀਆਂ, ਅਕਾਲ ਤਖ਼ਤ ਲਈ ਭੀ ਵਿਧੀ ਵਿਧਾਨ ਸੋਧ ਕੇ ਤੇ ਕੰਨਟਰੈਕਟ ਨਾਲ ਘੜਨਾ ਪਊਗਾ, ਸ਼ਰਤਾਂ 'ਤੇ ਦਸਤਖ਼ਤ ਹੋਣ, ਸੇਵਾ ਮੁਕਤ ਹੋਣੇ ਵਿਰੁੱਧ ਬੋਲਣ ਵਾਲਿਆਂ ਦੀ ਭੱਤਿਆਂ ਦੀ ਵਿਧੀ ਜਬਤ ਜਥੇਦਾਰ ਡਿਊਟੀ ਸਮੇਂ ਕੇਵਲ ਸਾਲ ਵਿੱਚ ਚਾਰ ਹਫ਼ਤੇ ਛੁੱਟੀ 'ਤੇ ਵਿਦੇਸ਼ ਜਾਣ ਤੇ ਖਰਚਾ ਕਮੇਟੀ ਦਾ ਜੋ ਉਥੋਂ ਪੈਸੇ ਮਿਲਣ ਕਮੇਟੀ ਅਕਾਊਂਟ ਵਿੱਚ ਤਾਂ ਇਹ ਘੋਲ ਬੰਦ ਹੋਣਗੇ, ਨਹੀਂ ਤਾਂ ਸੇਵਾ ਮੁਕਤੀ ਮਗਰੋਂ ਇਹ ਵਿਦੇਸ਼ੀ ਹੀ, ਆਹ ਮਨਜੀਤ ਸਿੰਘ ਬੋਲ ਨਿਕਲਦਾ ਨੀ ਕਥਾਵਾਚਕ। ਕੋਈ ਹਿਸਾਬ ਨੀ ਪੈਸੇ ਦਾ ਅੰਨਾ ਧਨ ਹੂੰਝਦੇ ਨੇ, ਕੋਈ ਟੈਕਸ ਨੀ ਸਾਡੀਆਂ ਜਮੀਨਾਂ ਦੇ ਮਾਮਲੇ 'ਤੇ ਟੈਕਸ ਲੱਗਦੇ ਨੇ, ਸਾਡੇ ਗੁਰੂ ਘਰ ਪ੍ਰਬੰਧਕ ਦਸਵੰਧ ਨੂੰ ਇਨ੍ਹਾਂ ਨੂੰ ਵੰਡਦੇ ਨੇ, ਇਥੋਂ ਸੰਗਤ ਦੀ ਧਰ ਕੇ ਪਾਠਾਂ ਦੀ ਫੀਸ ਲੈਂਦੇ ਨੇ ਸ਼ਰਧਾ ਕਿਥੋਂ ਰਹਿ ਗਈ, ਹਾਲੇ ਧਰਮ ਦਾ ਅਮਰਾ ਫੈਲਾ ਹੈ ਜੀ ਹਰ ਗੱਲ 'ਤੇ ਗੁਰੂ ਨਾਲ ਜੋੜੋ, ਚਤੁਰਤਾ ਹੈ।

ਰੋਹ ਚੜ੍ਹਦਾ ਹੈ ਕਿ ਪਰਿਵਾਰਵਾਦ ਨਿਕਾਰੋ, ਉਦੋਂ (ਗੁਰੂ ਸਾਹਬਾਂ ਦਾ) ਉਪਦੇਸ਼ ਅਦੇਸ਼ ਤੇ ਮਰਿਯਾਦਾ ਕਿਧਰੇ ਜਾਂਦੀ ਹੈ, ਕੀ ਇਹ ਠੀਕ ਨਹੀਂ ਕਿ ਗੁਰੂਆਂ ਤਾਂ ਮਾਮੇ ਫੁਫੀਆਂ ਭੀ ਨਾਲ ਰੱਖੇ, ਠੀਕ ਹੈ (ਗੁਰੂ ਨਾਨਕ ਦੇਵ) ਆਪਣੇ ਪਰਿਵਾਰ ਨੂੰ ਇਸ ਪ੍ਰਕਾਰ ਉਭਾਰ ਨੀ ਸਕੇ (ਉਦੋਂ ਉਹ ਗੁਰੂ ਨਹੀਂ ਸਨ) ਕਾਮਰੇਡ ਧਾਰਾ ਨੇ ਪਰਿਵਾਰ ਖੇਰੂੰ ਖੇਰੂੰ ਕਰਵਾ ਤੇ ਆਹ ਚਲਾਕੀ ਨਾਲ, ਨਾਲੇ ਧਰਮ ਦਾ ਧੁਰਾ ਪਾਸੇ ਧੱਕ ਧਰਿਆ, ਹੁਣ ਦੇਖੋ ਅੰਗ੍ਰੇਜ਼ ਲੋਕ, ਸਰਕਾਰਾਂ ਪਰਿਵਾਰ ਜੋੜੋ 'ਤੇ ਜੋਰ ਦੇ ਰਹੀਆਂ ਹਨ ਕਿ ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਪਰਿਵਾਰ ਵਿੱਚ ਪਾਲੋ, ਸਮਾਂ ਸਾਂਝੇ ਪਰ ਅਸੀਂ ਬਹੁਤੇ ਅਗਾਂਹ ਵਧੂ ਬਣਦੇ ਹਾਂ, ਮੇਰੇ ਦੋਨੋ ਬੱਚੇ ਨਾਨੀ ਦੇ ਪਾਲੇ ਹਨ, ਬੇਟੀ ਤਾਂ ਹਰ ਦਮ ਬੀਜੀ ਆਹ ਕਹਿੰਦੇ ਸਨ ਯਾਦ ਰੱਖਦੀ ਹੈ, ਵਧੀਆ ਪੰਜਾਬੀ ਬੋਲਦੀ ਹੈ, ਆਹ 40 ਸਾਲਾਂ ਦੀ ਲਹਿਰ ਨੇ ਤਾਂ ਸਿੱਖ ਪਰੰਪਰਾਵਾਂ ਦਾ ਸੱਤਿ-ਆ ਨਾਸ਼ ਕਰ ਧਰਿਆ ਜੋ ਗੱਲ ਕਰਦੇ ਨੇ ਜੀ ਸੰਤ ਆਹ ਕਹਿੰਦੇ ਸਨ, ਕੀ ਗੁਰੂ ਫੇਰ ਹੁਣ ਪਿੱਛੇ ਰਹਿ ਗਏ, ਚੈਨਲ 'ਤੇ ਤਿੰਨ ਭਲਵਾਨ ਤਾਂ ਕੰਨਾਂ ਵਿੱਚ ਕੜਿਆ ਤੇਲ ਹੀ ਪਾਈ ਜਾਂਦੇ ਨੇ, ਜੀ ਪੰਥ ਆਹ ਕਹਿੰਦਾ ਯਾਨੀ ਇਹ ਪੰਥ ਹਨ ਇਕ ਯੂ:ਟੀਊਬੀ, ਦੂਜਾ ਕਥਾਵਾਚਕ, ਤੀਜਾ ਗੁਰੂ ਘਰ ਵਿੱਚ ਸਭ ਲਹਿਰ ਦੇ ਪੈਰੋਕਾਰ ਸਿੱਖਿਆ ਜਥੇਦਾਰਾਂ ਨੂੰ ਅਕਾਲੀ ਦਲ ਨੂੰ ਜੀ ਦਾੜਾ ਪ੍ਰਕਾਸ਼, ਵੱਡੀ ਕਿਰਪਾਨ ਫੇਰ ਅਕਾਲੀ ਦਲ ਦਾ ਪ੍ਰਧਾਨ ਪਾਰਲੀਮੈਂਟ ਵਿੱਚ ਇਸ ਤਰ੍ਹਾਂ ਜਾਵੇ, ਕੀ ਤੁਸੀਂ 5 ਫੁੱਟੀ ਚੁੱਕੀ ਫਿਰਦੇ ਹੋ ਪੰਥੋ? ਅੱਜ ਕੇਵਲ ਮਿਡਲੈਂਡ ਤੇ ਕੁਝ ਇਧਰ ਗੁਰੂ ਘਰ ਹੀ ਹਨ ਜੋ ਡਰਦੇ ਤੇ ਆਪਣੇ ਹਿੱਤਾਂ ਲਈ ਨਾਲ ਬਹੁਗਿਣਤੀ ਸਗੋਂ 84 ਘੱਲੂਘਾਰੇ ਬਾਰੇ ਭੀ ਦੁਚਿੱਤੀ ਵਿੱਚ ਹੋ ਗਈ ਕਿ ਕਸੂਰ ਇੰਦਰਾ ਸਰਕਾਰ ਦਾ ਹੀ ਜਾਂ ਇਨ੍ਹਾਂ ਦਾ ਭੀ।

ਧਰਮ ਸਭ ਇਕ ਦੂਜੇ ਦੇ ਨੇੜੇ ਤੇੜੇ ਹਨ, ਗੌਤਮ ਬੁੱਧ ਨੇ ਰਹੀਸੀ ਜੀਵਨ ਤੋਂ ਤੋਂਵਾ ਕਰਕੇ ਘਰ ਤਿਆਗਿਆ, ਆਪਾਂ ਭੀ ਪ੍ਰਚਾਰਦੇ ਹਾਂ ਕਿ ਗੁਰੂ ਜੀ ਬਾਲੇ, ਮਰਦਾਨੇ ਨਾਲ ਬਾਹਰ ਨੂੰ ਤੁਰੇ, ਫੇਰ ਉਦਾਸੀਆਂ ਹਿੰਦੂ ਸਾਧੂ, ਭਿਖ਼ਸ਼ੂ ਆਦਿ ਭੀ ਹੁਣ ਭੀ ਸਾਡੇ ਸੰਤ ਘਰੋਂ ਨਿਕਲ ਕੇ ਡੇਰੇ ਬਣਾ ਕੇ ਆਪਣਾ ਕਾਰੋਬਾਰ ਅਰੰਭਦੇ ਨੇ ਲੋਕ ਭੀ ਤਣਾਅ ਦੇ ਮਾਰੇ ਹੀ ਇਨ੍ਹਾਂ ਸਥਾਨਾਂ 'ਤੇ ਜਾਂਦੇ ਨੇ, ਦੁਖੀ ਤਾਂ ਸੰਸਾਰ ਹੀ ਹੈ ਕੋਈ ਕਿਸੇ ਪੱਖੋਂ ਕੋਈ ਕਿਸੇ ਦੂਜੀ ਕੜੀ ਲੜੀ ਹੈ ਟੂਣੇ ਵਾਲਿਆਂ ਦੀ ਇਸ ਵਰਗ ਵਿੱਚੋਂ ਬਹੁਤੇ ਰੋਗੀ ਜਾਂ ਘਰੇਲੂ ਕਲੇਸ਼ ਆਦਿ ਤਾਂ ਟੂਣੇ ਮਗਰ ਪਰ ਮੇਰਾ ਮੰਨਣਾ ਹੈ ਕਿ ਕੀ ਸਾਡੇ ਪ੍ਰਚਾਰਕ ਭੀ ਟੂਣੇ ਨਹੀਂ ਦੱਸਦੇ, ਜਦੋਂ 4 ਪੌੜੀਆਂ, 6 ਪੌੜੀਆਂ ਪੜ੍ਹੋ ਪੂਰਾ ਪਾਠ ਜਾਂ ਆਹ ਪਾਠ ਕਰੋ ਨੌ ਨਿਧਾ ਹੁਣ ਸਾਧਾਂ ਦੀ ਰੀਸ ਆਹ ਬਾਬਾ ਦੀਪ ਸਿੰਘ ਗੁਰਦੁਆਰਾ 108 ਪਾਠ, ਕੀ ਆਹ ਗੁਰ ਮਰਿਯਾਦਾ ਹੈ? ਜਾਂ ਸਭ ਸਤਨਾਜਾ ਹਾਲੇ ਹੁਣ ਅੰਮ੍ਰਿਤ ਧਾਰੀ ਹੈ ਸਿੱਖ ਸੰਗਤ ਹੋਰ ਦੇਖੋ ਚੈਨਲਾਂ 'ਤੇ ਪਾਠ ਤਾਂ ਮਰਿਯਾਦਾ ਹੈ ਪਰ ਹੋਰ ਬਾਹਰ ਥਾਈਂ (ਗੁਰੂ ਗ੍ਰੰਥ) ਲਿਜਾ ਨਹੀਂ ਸਕਦੇ ਪਰ ਬਾਰਡਰਾਂ 'ਤੇ ਸ਼ੁੱਧ ਮੋਟਰਵੇਅ 'ਤੇ ਧਰਨੇ ਤੇ ਕ੍ਰਿਸ਼ਨ ਭਗਵਾਨ ਦੇ ਪੁੱਤਰ ਦਾ ਸ਼ਸ਼ੋਭਤ ਕਰਨਾ ਪੰਥ ਪ੍ਰਮਾਣਤ? ਹੁਣ ਚੋਣਾਂ ਵਿੱਚ ਖੜਨਾ, ਪਰਿਵਾਰਵਾਦ ਨਹੀਂ? ਛੜਯੰਤਰ ਨਹੀਂ? ਉਹਨੀ ਤਾਂ ਪੱਕੀ ਭੋਰਾ ਕੀ ਜਾਣਾ ਜਿਥੇ ਤਾਂ ਹੈਂ ਨੀ ਮਾਂ ਤੇ ਬਾਪ ਅਸੀਂ ਵਹਾਗਦੇ ਰਹੀਦਾ ਹੈ ਪੰਜਾਬ ਨੂੰ ਜਿਥੇ ਸਾਡੀ ਕੋਈ ਪੁੱਛ ਹੀ ਨਹੀਂ, ਨਾ ਸੁਰੱਖਿਆ, ਨਾ ਕੋਈ ਸਤਿਕਾਰ, ਸਗੋਂ ਉਥੇ ਦੀ ਜਾਇਦਾਦ ਲਈ ਭੀ ਜੱਦੋ ਜਹਿਦ, ਕੁਝ ਵਰ੍ਹੇ ਪਹਿਲਾਂ ਅਕਾਲੀ ਸਰਕਾਰ ਨੇ ਹਾਲੇ ਐਨ.ਆਰ.ਆਈ. ਸਭਾ ਬਣਾਈ, ਸ: ਕਮਲਜੀਤ ਸਿੰਘ ਹੇਅਰ ਪ੍ਰਧਾਨ, ਸਵ: ਤੋਤਾ ਸਿੰਘ ਵਜੀਰ ਸੀ ਜਲੰਧਰ ਵਿੱਚ ਹੈਡਕੁਆਰਟਰ ਅਲਾਟ ਬੜਾ ਵਧੀਆ ਕੰਮ ਕਰਦਾ ਸੀ ਹੇਅਰ, ਮੈਂ ਉਸ ਨੂੰ ਇਥੇ ਆਏ ਨੂੰ ਮਿਲੀ ਥੋੜ੍ਹਾ (ਪਿਛੋਕੜ ਤਾਏ ਜਰਨੈਲ ਸਿੰਘ ਹੇਅਰ) ਕਰਕੇ ਆਪਸੀ ਮੁਕਾਬਲੇਬਾਜ਼ੀ ਵਿੱਚ ਰੱਫੜ ਨੇ ਸਭ ਢਾਂਚਾ ਢਾਹ ਧਰਿਆ, ਸੁਖਬੀਰ ਬਾਦਲ ਨੇ ਵਿਦੇਸ਼ੀ ਬੁਲਾਏ ਇਕੱਤਰਤਾ ਕਰਵਾਈ, ਰੁੱਸ ਗਏ ਜੀ ਸਾਡੀ ਸੇਵਾ ਨੀ ਚੰਗੀ ਕੀਤੀ, ਹੁਣ ਸੇਵਾ ਕਰਵਾ ਲਉ ਸਿਆਸਤ ਨੇ ਸਭਨਾ ਦਾ ਕੰਮ ਖਰਾਬ ਕਰਵਾ ਤਾ ਹੁਣ ਅਕਾਲੀ ਦਲ ਨਿੰਦਕੋ ਕੋਈ ਕੰਮ ਤਾਂ ਕਰਵਾ ਕੇ ਦਿਖਾਉ, ਸਪੱਸ਼ਟ ਕਰਾਂ ਕਮਲਜੀਤ ਹੇਅਰ ਜਦੋਂ ਆਉਂਦਾ ਹੈ ਜਰੂਰ ਯਾਦ ਕਰਦਾ ਹੈ, ਮੈਂ ਬੜੀ ਇੱਜ਼ਤ ਕਰਦੀ ਹਾਂ, ਸਿਆਸਤ ਨਾਲ ਮੈਂ ਭਰੱਪਣ ਨਹੀਂ ਜੋੜਦੀ ਹੁੰਦੀ, ਮੈਂ ਤਾਂ ਦਲਜੀਤ ਸਿੰਘ ਸਹੋਤਾ ਦੀ ਭੀ ਪ੍ਰਸ਼ੰਸਕ ਹਾਂ, ਪਰ ਮੈਂ ਕੰਮਾਂ ਦੀ ਜਰੂਰਤ ਲਈ ਜਰੂਰ ਚਿੰਤਕ ਹਾਂ, ਹੋਣੇ ਬਣਦੇ ਹਨ। ਉਥੇ ਦੀ ਸਥਿਤੀ ਤਾਂ ਆਪਣੀ ਤਾਣੀ ਨੀ ਸੁਲਝਾ ਹੁੰਦੀ ਵਿਦੇਸ਼ੀਆਂ ਦੀ ਕਿਥੇ ਕਹਾਣੀ ਦੀ ਸੱਚਾਈ ਲੱਭੀਏ ਕੀ ਹੈ? ਔਕੜਾਂ ਬਹੁਤੀਆਂ ਜੱਟਾਂ ਦੀਆਂ ਹਨ ਜਮੀਨਾਂ ਕਰਕੇ, ਆਪ ਵਿਦੇਸ਼ੀ ਹਾਂ ਉਥੇ ਪੁੱਛ ਦੱਸ ਨਹੀਂ ਦੂਜੀਆਂ ਬਰਾਦਰੀਆਂ ਦੇ ਗਲ੍ਹਬੇ ਪੈ ਚੁੱਕੇ ਹਨ ਹਰ ਥਾਂ, ਹਰ ਸੰਸਥਾ ਵਿੱਚ ਇਹ ਬਹੁਗਿਣਤੀ ਸਰਕਾਰ ਵਿੱਚ, ਸ਼੍ਰੋਮਣੀ ਕਮੇਟੀ ਵਿੱਚ ਤੇ ਗੁਰੂ ਘਰਾਂ ਵਿੱਚ ਥੱਸ ਧੱਕੇਸ਼ਾਹੀ ਚਲਾ ਰਹੇ ਹਨ ਉਤੋਂ ਤਾਂਘੜਦੇ ਨੇ ਜੀ ਸਾਨੂੰ ਆਹ ਨੀ ਮਿਲਦਾ ਸਰਕਾਰੂ ਭੱਤੇ, ਨੌਕਰੀਆਂ, ਵਿੱਦਿ-ਆ ਕੀ ਕੀ ਲਿਖਾਂ ਹਰ ਥਾਂ ਬਰਾਬਰਤਾ ਪ੍ਰਚਾਰ ਕੇ ਚੋਗਣਾ ਲਉ, ਇਧਰ ਅਸੀਂ ਹਾਂ ਆਪਣੀ ਹੋਂਦ ਹੀ ਲੁਕਾਉਣ 'ਤੇ ਤੁਲੇ ਹਾਂ, ਜਿਥੇ ਕਿਤੇ ਜੱਟ ਲੱਗ ਜਾਵੇ ਉਹ ਔਖੇ ਤੇ ਅਸੀਂ ਹਾਂ ਜੀ ਲਾਹੋ ਇਹਨੂੰ ਪਰ ਆਪ ਤੇ ਕਾਂਗਰਸ ਵਧੀਆ, ਭਾਜਪਾ ਦਾ ਭੀ ਸਗੋਂ ਧਰਮ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਦੁਬਲੋ।

ਛੇਤੀ ਛੇਤੀ ਤੋਰ ਧੱਕੇ ਨੂੰ ਅਸੀਂ ਸੁਖਬੀਰ ਲਹੁਣ ਜਾਣਾ, ਕੌਣ ਵਿਰੋਧੀ ਤੇ ਨਾਲ ਸਾਡੇ ਆਪਣੇ ਕਰੂੰਜੜੇ ਪੰਥਕ, ਜਿਹੜੇ ਮਨੁੱਖ ਨੂੰ ਆਪਣੇ ਪਰਾਏ ਦੀ ਪਰਖ ਨੀ ਕੀ ਸਖੀ ਤੇ ਸਹੀ ਹੋ ਸਕਦਾ ਹੈ? ਬਿੱਲੀਆਂ ਨੇ ਲੜਕੇ ਬਾਂਦਰ ਰਜਾ ਤਾ, ਸ: ਸੁਖਜਿੰਦਰ ਸਿੰਘ ਸੰਘਾ ਹੋਰਾਂ ਦਾ ਹੋਲ ਅਕਾਲੀ ਦਲ ਦੀ ਭਰਤੀ ਕਰੋ, ਸਭ ਲਾਂਭੇ ਹੋ ਜਾਣ ਪੜ੍ਹੇ ਲਿਖੇ, ਪੰਥਕ ਪਿਛੋਕੜ, ਕੀ ਫੇਰ ਹੱਲ ਹੋ ਜਾਊ ਵਿਰੋਧੀ ਮੈਂਬਰ ਬਣ ਕੇ ਪਾਰਟੀ ਨੂੰ ਹੜੱਪ ਕਰਨ, ਜੋ ਦੇਖ ਸਕਦੇ ਹੋ ਅਕਾਲ ਤਖ਼ਤ 'ਤੇ ਸ਼ਿਕਾਇਤਾਂ ਕੌਣ ਕਰ ਰਹੇ ਹਨ? ਸਭ ਵਿਰੋਧੀ ਤੇ ਜਥੇਦਾਰ ਦਾ ਫਰਜ ਨਹੀਂ ਸੀ ਕਿ ਦਬਾਅ ਹੇਠ ਆ ਕੇ ਫੈਸਲਾ ਕਰਦੇ ਨਤੀਜਾ ਚੰਗਾ ਨਹੀਂ ਨਿਕਲਣਾ ਕੀ ਜੀਹਨੂੰ ਦਾਗੀ ਕਰੋਗੇ ਉਹ ਤੁਹਾਨੂੰ ਮਾਣ ਮੱਤਾ ਹੋਊ, ਮੈਂ ਤਾਂ ਨਹੀਂ ਮੇਰੇ ਤਾਂ ਮਨ ਵਿੱਚ ਕੋਈ ਸਤਿਕਾਰ ਹੈ ਨਹੀਂ, ਮੈਂ ਤਾਂ ਸਗੋਂ ਆਖੂੰਗੀ ਕਿ ਅਕਾਲ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਦਾ ਵਿਧਾਨ ਬਣਾਉ ਤੇ ਕੋਈ ਗ੍ਰੰਥੀਆਂ ਵਿੱਚੋਂ ਜਥੇਦਾਰ ਬਣਾਉ ਹੀ ਨਾ ਆਪੇ ਸੁਧਰ ਜਾਣਗੇ, ਨਾਲੇ ਇਨ੍ਹਾਂ ਦੀਆਂ ਨੌਕਰੀਆਂ 'ਤੇ ਭੀ ਅਨੁਸ਼ਾਸਨੀ ਕਾਰਵਾਈਆਂ ਦੀ ਧਾਰਾ ਲਾਗੂ ਹੋਵੇ ਨਿਵਰਤੀ ਤੋਂ ਮਗਰੋਂ ਜਾ ਕੇ ਲੋਕਾਂ ਵਿੱਚ ਜੋ ਮੂੰਹ ਆਇਆ ਬੋਲਣ ਤੇ ਪੈਨਸ਼ਨਾਂ ਬੰਦ ਆਪੇ ਨਾਨੀ ਚੇਤੇ ਆਊਗੀ, ਸਿਆਸੀ ਪਾਰਟੀ ਆਪਣੇ ਟੀਚੇ ਤੇ ਏਜੰਡੇ ਨਾਲ ਚੱਲਦੀ ਹੈ, ਕੀ ਸਾਡੇ ਦੇਸ਼ ਵਿੱਚ ਕੋਈ ਮੈਂਬਰ ਬਗੈਰ ਚੋਣ ਵਿੱਚ ਲੀਡਰ ਲਈ ਹਿੱਸਾ ਲੈ ਸਕਦਾ ਹੈ, ਟੋਰੀ ਪਾਰਟੀ ਦਾ ਚੱਲਦਾ ਹੈ?

ਵਿਦੇਸ਼ੀ ਗੁਰੂ ਘਰਾਂ ਵਿੱਚ ਆ ਸਾਧ ਭੀ ਸੰਤ, ਵਾਸ਼ਿੰਗ ਮਸ਼ੀਨ ਵਿੱਚ ਪਾ ਕੇ ਖੁੰਭ ਵਰਗੇ ਬਣਾ ਦਿੰਦੇ ਨੇ ਝਰਮਟ ਪਾ ਲੈਂਦੇ ਨੇ ਫੋਟੋਆਂ ਲਈ ਜੀ ਸੀਚੇਵਾਲ ਆ ਗਿਆ,

ਬਾਕੀ ਹਿਸਾ ਸਫਾ 44 ਤੇ ਪੜ੍ਹੋ

**43 ਸਫ਼ੇ ਦੀ ਬਾਕੀ**

ਬੇਈ ਵਿੱਚ ਕਰਕਟ ਸਿੱਟ ਲਿਆ ਕੱਢ ਲਿਆ ਸਾਫ ਹੋਰ ਦੱਸੋ ਕਿਹੜੇ ਗੰਦੇ ਨਾਲੇ ਸਾਫ? ਦੋ ਚੈਨਲਾਂ 'ਤੇ ਤਾਂ ਬਾਦਲਾਂ ਦੀ ਭੰਡੀ ਸੁਣੋ ਕੀ ਬੋਲਤੇ ਹੈ ਲਹਿਰੀਏ, ਜੀ ਕੌਮੀ ਅਵਾਜ਼, ਕੀਹਨੇ ਨਿਯੁਕਤੀ? ਬਾਦਲ ਦਾ ਅਕਾਲ ਤਖ਼ਤ ਤੋਂ ਦਿੱਤਾ ਫ਼ਖਰੇ-ਕੌਮ ਅਵਾਰਡ ਮੋੜੋ, ਦੂਜਾ ਕਹਿੰਦਾ ਕਪਤਾਨ ਸਾਹਬ ਜੀ ਸੁਖਬੀਰ ਦਾੜ੍ਹਾ ਪ੍ਰਕਾਸ਼ ਲੰਮੀ ਕਿਰਪਾਨ ਗਾਤਰਾ ਪਾ ਕੇ ਪਾਰਲੀਮੈਂਟ ਜਾਵੇ, ਕਿਤੇ ਚੋਗਾ ਪਾ ਕੇ ਨਾ ਆਖੋ, ਭਾਈ ਫੇਰ ਸੰਤ ਭਿੰਡਰਾਂਵਾਲੇ ਤਾਂ ਪਸਤੌਲ ਕਾਰਤੂਸ ਪਾ ਗਏ ਨਾਲ ਤੀਰ ਤਾਂ ਕਿਉਂ ਫੇਰ ਸੁਖਬੀਰ ਸੰਤ ਨਾ ਬਣ ਜਾਵੇ ਤੀਜਾ ਕਥਾਵਾਚਕ ਪਹਿਲਾਂ ਵਿਚਾਰ ਸਰਲ ਸਨ ਹੁਣ ਚੈਨਲ ਦੀ ਪੁੱਠ ਬੋਲੇ ਬਸ ਅਕਾਲੀ ਦਲ ਨਿਕੰਮਾ ਇਹ ਭਲੇ ਕੀ ਪ੍ਰਾਪਤੀ ਹੈ ਜੀ ਤੁਹਾਡੀ ਲਹਿਰ ਦੀ? ਵਿਦੇਸ਼ੀ ਉਡਾਰੀਆਂ ਗੁਰੂ ਘਰ ਕਬਜ਼ੇ ਜਾਂ ਨਵੇਂ ਖੋਲ੍ਹੋ ਦਸਵੰਧ ਦੀ ਕਮਾਈ ਨਾਲੇ ਜੋ ਮੂੰਹ ਆਵੇ ਬੋਲੋ, ਲਿਖਦੀ ਜਾਵਾਂ ਲੇਬਰ ਸਰਕਾਰ ਦੀ ਵਜ਼ੀਰ ਕਹਿੰਦੀ ਅਸੀਂ (ਕੂਪਰ) ਅਸੀਂ ਹੁਣ ਜੋ ਭੜਕਾਊ ਬਿਆਨ ਦੇਣ ਫੜਨੇ, ਮੈਂ ਕਿਹਾ ਜੀ ਸੱਦ ਕੇ ਜਾਵਾਂ ਆਹ ਸਾਡੇ ਗੁਰੂ ਘਰਾਂ ਵਿੱਚ ਤੇ ਚੈਨਲਾਂ 'ਤੇ ਭੀ ਝਾਤੀ ਮਾਰਿਉ, ਸਾਡਾ ਭਾਈਚਾਰਾ ਤਾਂ ਦੁਖੀ ਹੋਇਆ ਪਿਆ ਪਰ ਚਾਰਾ ਨੀ ਕੋਈ, ਮੈਂ ਸਭ ਕੁਝ ਛੋੜ ਪ੍ਰਭ ਤੂੰ ਹੀ ਧਿਆਇਆ ਦਾਤਾ ਕਰੀ ਮਿਹਰ ਇਹ ਇੰਨੇ ਹੰਕਾਰੀਆਂ ਨੂੰ ਸੁਧਾਰ, ਹੋਰ ਸੁਣੋ ਜਸਵੰਤ ਸਿੰਘ ਖਾਲੜਾ ਦੇ ਭਰਾ ਸਾਹਬ ਚੈਨਲ 'ਤੇ ਮੰਗ ਕਰਦੇ ਹਨ ਜੀ ਪ੍ਰਕਾਸ਼ ਸਿੰਘ ਬਾਦਲ ਦਾ ਅਵਾਰਡ ਵਾਪਸ ਲਵੋ, ਭਾਈ ਜਸਵੰਤ ਸਿੰਘ ਖਾਲੜਾ ਸ਼ਹੀਦ ਕਿਵੇਂ ਪੁਲਸ ਨਾਲ ਕਿੜ ਸੀ, ਅਗਲਿਆਂ ਮਾਰਤਾ, ਸ਼ਹੀਦ ਕਿਵੇਂ? ਹਟਾਉ ਫੇਰ ਅਵਤਾਰ ਸਿੰਘ ਖੰਡਾ ਅਜ਼ਾਦ ਬੀਮਾਰੀ ਨਾਲ ਮਰਿਆ ਤਾਂ ਸ਼ਹੀਦ ਕਿਵੇਂ? ਹਟੋ ਫੇਰ ਕਹਿਣੋ ਕੌਮ ਨੂੰ ਝੂਠ ਦਾ ਸਰਾਪ ਹੈ ਸੱਚ 'ਤੇ ਆਵੋ, ਪ੍ਰਵਦਗਾਰ ਭਲੀ ਕਰੂ ਨਹੀਂ ਤਾਂ ਨਾਨੀ ਖਸਮ ਕਰੇ, ਦੋਤਾ ਚੱਟੀ ਭਰੇ। As each behold the figure and feature of his own desire. ਚੰਦ 'ਤੇ ਜੋ ਮੂਰਤ ਦਿਸਦੀ ਹੈ ਮਾਈਆ ਨੇ ਕਹਿਣਾ ਕਿ ਬੁੜ੍ਹੀ ਚਰਖਾ ਕੱਤਦੀ ਹੈ ਕਿਸੇ ਨੇ ਚੰਦ ਮਾਮਾ ਆਹ ਕਰਦਾ, ਔਹ ਕਰਦਾ ਯਾਨੀ ਹਰ ਬੰਦੇ ਨੇ ਆਪਣੀ ਮਨਸ਼ਾ ਕਹਿਣੀ, ਹੁਣ ਜਾਗ੍ਰਿਤੀ ਵਿੱਚ ਹੱਟ ਗਏ ਹੁਣ ਚੰਦ 'ਤੇ ਦੁਨੀਆਂ ਵਸਾਉਣ ਚਲੇ ਗਏ, ਭਾਈ ਸਿੱਖ ਧਰਮ ਨੂੰ ਇਨ੍ਹਾਂ ਚੇਲੇ ਚਾਟੜਿਆਂ ਤੋਂ ਬਚਾਵੋ, ਲਹਿਰ ਵਾਲੇ ਤਾਂ ਬਹੁਤੇ ਕਾਮਰੇਡ ਨਕਸਲੀਏ ਨੇ ਧਾਰਮਿਕ ਨਹੀਂ, ਹੁਣ ਬਰਾਦਰੀਆਂ ਭਾਰੂ ਤੇ ਪੰਜਾਬ ਦਾ ਨਉਂ ਕੋਈ ਧਰਨਗੇ, ਇਨ੍ਹਾਂ ਕਾਰਨਾਂ ਕਰਕੇ ਸੁਹਿਰਦ ਦੁਖੀ ਨੇ ਪਰ ਕਮਾਈ ਕਰਨੇ ਆਹ ਕੱਲ ਇਕ ਹੋਰ ਹੀ ਪ੍ਰੇਮਪਾਲ ਸਿੰਘ ਵਾਜਵਾ (ਪਤਾ ਨੀ ਕਿਵੇਂ) ਚੈਨਲ 'ਤੇ ਆ ਕੇ ਉਚੀ ਬੋਲੇ ਬਾਦਲ ਹਟਾਉ ਜੀ ਬੱਸ, ਕਥਾ ਕੀ ਸੀ, ਆਹ ਮੇਰੀ ਕਿਤਾਬ ਖਰੀਦੋ, ਨਾ ਤਾਂ ਪ੍ਰੀਜੈਂਟਰ ਪੰਥਕ, ਨਾ ਆਪ ਕਾਂਗਰਸੀ ਪੱਕੇ ਪਰ ਬਿੱਲੇ ਪੰਥ ਦੇ, ਕਦੀ ਰੇਡੀਉ ਤੇ ਕਦੀ ਅਕੈਡਮੀ ਵਿੱਚ ਕਦੀ ਸੰਤਾਂ ਦੇ ਸ਼ਰਧਾਲੂ ਕਦੀ ਚੈਨਲ 'ਤੇ ਪਿਛੋਕੜ ਪਿਤਾ ਪੱਕਾ ਕਾਂਗਰਸੀ ਪਰ ਲਾਲਚ ਲਈ ਖਾਲਿਸਤਾਨੀ ਤੇ ਪੰਥਕ ਡੋਰ ਰੱਬ 'ਤੇ।

ਗੁਰਬਾਣੀ ਇਲਾਹੀ ਲਿਖਣ ਵਾਲੇ ਦੇਵਤੇ ਤੇ ਪ੍ਰਚਾਰਨ ਵਾਲੇ ਦੂਤ, ਜੀ ਗੁਰਬਾਣੀ ਜੀਵਨ ਪੰਧ ਲਈ ਹੈ ਪਰ ਸਿਆਸਤਾਂ ਨਹੀਂ ਚੱਲ ਸਕਦੀਆਂ ਕਸਵੱਟੀ 'ਤੇ ਪੁਰਾਤਨ ਸਮੇਂ ਹੋਰ ਸਨ ਰਾਜੇ ਹੁੰਦੇ ਸਨ ਨਾ ਚੋਣਾਂ ਲੇਖਕ ਨਾਭਾ ਸਾਹਬ ਭਾਈ ਜਦੋਂ ਰੋਟੀ ਕੱਪੜੇ ਦਾ ਫਿਕਰ ਨਾ ਹੋਵੇ ਤੇ ਕਲਮ ਨੂੰ ਧਨ ਦੀ ਧੂੜ ਨਾ ਹੋਵੇ ਤਾਂ ਫੁਰਨੇ ਤਾਂ ਕਮਲੇ ਨੂੰ ਭੀ ਫੁਰਦੇ ਨੇ, ਸਿਰ 'ਤੇ ਮਹਾਰਾਜੇ ਦਾ ਹੱਥ ਤਾਂ ਹੋਰ ਕਿਹੜਾ ਹਲ੍ਹ ਵਹੁਣਾ ਸੀ, ਕਿਤਾਬਾਂ ਹੀ ਲਿਖਣੀਆਂ ਸੀ।

**ਦੁਬਿਧਾ**:-ਸ਼ਹੀਦ ਕੌਣ ਸਿੱਖ ਤਾਂ ਅੱਖਰ ਦੀ ਮਿੱਝ ਕੱਢਦੇ ਨੇ, ਅੱਖਰ ਇਸਲਾਮੀ ਮੱਤ ਦਾ ਸੀ, ਉਸ ਸਮੇਂ ਹਕੂਮਤਾਂ ਨਾਲ ਟੱਕਰ ਮਜ਼ਬ ਦੀ ਸੀ, ਉਸ ਘੋਲ੍ਹ ਵਿੱਚ ਜੋ ਜਾਨ ਗੁਆ ਦੇਵੇ ਤਾਂ ਸ਼ਹੀਦ ਮੰਨਦੇ ਸੀ, ਸਿੱਖਾਂ ਵਿੱਚ ਭੀ ਪਹਿਲਾਂ ਤਾਂ ਸਿੱਖ ਫੌਜ ਵਿੱਚ ਮਾਰੇ ਗਏ ਨੂੰ ਸ਼ਹੀਦ ਮੰਨ ਕੇ ਸਮਾਧਾਂ ਬਣਾ ਕੇ (ਖੂਹਾਂ) ਮੱਥਾ ਟੇਕਦੇ ਸੀ ਕੋਈ ਪ੍ਰਸ਼ਾਦ, ਕੜਾਹ ਜਾਂ ਗੁੜ੍ਹ ਮਠਿਆਈ ਨਾਲ ਜੋ ਭੀ ਕੋਈ ਤਿਹਾਰ ਹੁੰਦਾ ਸੀ, ਫੇਰ ਗ਼ਦਰੀ ਬਾਬੇ ਜਾਂ ਜੋ ਅੰਗ੍ਰੇਜ਼ ਹਕੂਮਤ ਨੂੰ ਹਟਾਉਣ ਲਈ ਬੰਬ ਜਹਾਜ਼ ਆਦਿ ਕਈ ਮਾਰੂ ਗਤੀਵਿਧੀਆਂ ਵਿੱਚ ਰੁੱਝੇ ਮਾਰੇ ਗਏ ਦੇਸ਼ ਲਈ ਸਨ ਨਾ ਕੇ ਧਰਮ ਲਈ ਪਰ ਸ਼ਹੀਦ ਬਣਾ ਤੇ ਹੁਣ 84 ਵਿੱਚ ਤਾਂ ਲੁੱਟ-ਘਸੁੱਟ, ਪੁਲਸ ਝੜਪ, ਡਾਕੂ-ਚੋਰ ਮੁਕਾਬਲੇ ਵਿੱਚ ਮਾਰੇ ਕੁੜੀਆਂ ਦੇ ਚੱਕਰਾਂ ਵਿੱਚ ਆਦਿ ਕੀ ਸ਼ਹੀਦ ਦਾ ਦਰਜਾ ਇੰਨਾ ਸਸਤਾ ਹੈ?

ਬੜਾ ਮਹਤਵਪੂਰਵ ਸਵਾਲ ਅਹਿਮ ਤੇ ਲੋੜੀਂਦਾ? 84 ਦੀ ਲਹਿਰ ਵੇਲੇ ਧਰਮ 'ਤੇ ਕਿਹੜਾ ਹਮਲਾ ਸੀ? ਜੀਹਦੇ ਕਰਕੇ ਸੰਤ ਭਿੰਡਰਾਂਵਾਲਿਆਂ ਟਕਸਾਲ ਛੱਡ ਨਾਨਕ ਨਿਵਾਸ ਆਏ ਸਨ ਮਗਰੋਂ ਅਕਾਲ ਤਖ਼ਤ ਅੰਤ ਤਾਂ ਸਰਕਾਰ ਨਾਲ ਯੁੱਧ, ਫੌਜੀ ਦਸਤੇ, ਅਸਲਾ ਜੋ ਸੁਬੇਗ ਸਿੰਘ ਨੇ ਨਿਜੀ ਕਿੜ ਲਈ ਕੀਤਾ ਖੋਜਕਾਰੀ ਲੇਖਕ ਕਿਤਾਬਾਂ ਲਿਖਣੇ ਪ੍ਰਚਾਰਕ ਆਦਿ ਦੱਸਣ। ਸਿੱਖ ਵਿਦਵਾਨ, ਚਿੰਤਕ ਤੇ ਸੰਸਥਾਵਾਂ ਵਿਸਥਾਰ ਨਾਲ ਵਿਚਾਰ ਵਟਾਂਦਰੇ ਕਰਨ, ਵਿਦੇਸ਼ੀ ਸਿੱਖ ਨਿੱਜੀ ਹਿੱਤਾਂ ਲਈ ਸਭ ਕੂੜ ਪ੍ਰਸਾਰ ਰਹੇ ਹਨ, ਅੰਤ ਨਿਬੇੜਾ ਨਹੀਂ ਤਾਂ ਧਰਮ ਦੀਆਂ ਖਲਪਾੜਾ ਦਾ ਰਾਹ। ਦੂਜਾ: ਗੁਰੂ-ਕਾਲ ਵਿੱਚ ਕਿਧਰੇ ਭੀ ਬਹੁਤ ਕੁਝ ਮਿਲਦਾ ਨਹੀਂ ਜੋ ਅੱਜ ਸੁਣਾਇਆ ਹੈ। ਅਸੀਂ ਪ੍ਰਮਾਤਮਾਂ ਦੇ ਉਪਾਸ਼ਕ ਹਾਂ ਮਨੁੱਖਤਾ ਦੇ ਨਹੀਂ, ਹੁਣ ਸਾਨੂੰ ਕਸੂਤੇ ਰਾਹ ਦੱਸਦੇ ਨੇ।

ਕਿਸਾਨ ਤੇ ਸਿਆਸਤ:- ਵੋਟਾਂ ਵੇਲੇ ਇਹ ਤਾਂ ਤਰਲੋ ਮੱਛੀ, ਕਾਂਗਰਸ ਸਤਾ ਲਈ, ਹੋਰ ਸੁਣੋ ਜੀ ਕਿਸਾਨ-ਮਜ਼ਦੂਰ ਸੰਘਰਸ਼ੀਆਂ ਦੇ ਘਰੀਂ ਛਾਪੇ ਬੰਦ ਕਰੋ, N.I.A. ਹੀ ਹਟਾਉ ਯਾਨੀ ਇਹ ਜਾਂਚ ਤੋਂ ਭੱਜਦੇ ਨੇ ਕਿ ਫੰਡ ਕਿਥੋਂ? ਕਿਵੇਂ ਵੇਹਲੇ ਬੈਠ ਕੇ ਰੋਟੀਆਂ? ਪਰ ਹੋਣੇ ਬਣਦੇ ਨੇ ਜਾਂਚ ਵਿੱਚ ਪਤਾ ਤਾਂ ਲੱਗੂ ਕਿ ਕਿਥੋਂ ਪੈਸਾ ਆ ਰਿਹਾ ਹੈ। ਦੁੱਖ ਦੀ ਗੱਲ ਹੈ ਕਿ ਅੱਜ ਪੰਜਾਬ ਤਾਂ ਇਨ੍ਹਾਂ ਕਿਸਾਨ ਆਗੂਆਂ ਨੇ ਨੂੜ ਲਿਆ ਹੈ ਟਰੇਡ ਯੂਨੀਅਨਾਂ ਦੇ ਬੰਦੇ ਨੇ ਪੈਸੇ ਦੀ ਥੁੜ ਨਹੀਂ, ਹੋਰ ਸੁਣੋ ਕੰਗਣਾ ਰਣੌਤ ਮੁੱਦੇ 'ਤੇ ਉਹਦੀ ਤਾਂ ਪ੍ਰਸਿੱਧੀ ਹੋ ਗਈ ਫਿਲਮ ਚੱਲੂ ਹੀ ਚੱਲੂ, ਲੇਟ ਭਾਵੇਂ ਹੋ ਜਾਵੇ ਪਰ ਸਿੱਖ ਮਾਨਸਿਕਤਾ ਤੇ ਚਰਿੱਤਰ ਦਾ ਜਨਾਜ਼ਾ ਕੱਢ ਧਰਿਆ, ਹੁਣ ਭਾਨਾ ਸਿੱਧੂ ਜੀ ਸਮਾਜ-ਸੇਵੀ ਕੀ ਅਸ਼ਲੀਲ ਬੋਲੀ ਬੋਲਿਆ ਚੈਨਲ 'ਤੇ ਕੋਈ ਸੁਹਿਰਦ ਹੈ ਨਹੀਂ ਆਖਣ ਵਾਲਾ ਕਿ ਭਾਈ ਧੀਆਂ ਭੈਣਾਂ ਵਾਲੀ ਸਾਂਝ ਤਾਂ ਰੱਖੋ ਗੰਦ ਬੋਲਕੇ ਕੀ ਸਿੱਧ ਕਰ ਰਹੇ ਹੋ, ਪਹਿਲਾਂ ਮਾਨ ਸਾਹਬ ਨੇ ਕੜ੍ਹੀ ਘੋਲ੍ਹੀ ਬਾਰਡਰਾਂ 'ਤੇ ਮੋਦੀ ਸਾਹਬ ਨੂੰ ਭੀ ਬੜਾ ਕੁਝ ਬੋਲਿਆ ਸੀ ਬੁੜੀਆਂ ਭੀ ਭੂਤਰੀਆਂ ਸਨ ਸਿੱਟਾ ਆਹ ਨਿਕਲਿਆ।

ਜਿੰਨਾ ਮਰਜੀ ਪ੍ਰਚਾਰੀ ਜਾਵੋ ਪਰ (ਗੁਰੂ ਗ੍ਰੰਥ) ਦੀ ਬਾਣੀ 'ਤੇ ਤਾਂ ਚੱਲਣਾ ਅਸੰਭਵ ਹੈ, ਵਿਦਵਾਨ ਲੇਖਕ ਕੀ ਚੱਲਦੇ ਨੇ? ਸਿਆਸਤ ਤਾਂ ਦੂਰ ਹੁਣ ਮੈਂ ਸਾਡੇ ਦੇਸ਼ ਵਿੱਚ ਜੀਵਨ ਵਿਵਸਥਾ ਅਸੀਂ ਪੰਜਾਬ ਵਿੱਚ ਰਹਿ ਰਹਿ ਕੇ ਇਥੇ ਦੀ ਜ਼ਿੰਦਗੀ ਗੰਭੀਰ ਕਰਦੇ ਹਾਂ, ਸਾਡੇ ਐਮ. ਪੀ. ਤਨਖਾਹ ਤਾਂ ਟੈਕਸਾਂ ਤੋਂ ਪਰ ਵਿਚਰਦੇ ਨੇ ਉਥੇ ਹਟਣਾ ਪੈਣਾ ਹੈ ਨਹੀਂ ਲੇਬਰ ਪਾਰਟੀ ਨੂੰ ਸ਼ਿਕਾਇਤਾਂ ਜਾਣਗੀਆਂ ਚੈਨਲਾਂ ਦੀਆਂ ਭੀ ਨਵਾਂ ਮੁੱਦਾ ਕੱਲ੍ਹ ਭਾਜਪਾਈ ਚੈਨਲ 'ਤੇ ਸਿੱਖ ਭਰਾ ਅਵਾਜੇ ਕੌਮ, ਵਾਲਾ ਕਹਿੰਦਾ ਜੀ ਟਕਸਾਲੀ ਮੁਖੀ ਧੁੰਮਾ ਖਿਲਾਫ ਕੁਝ ਜਥੇਬੰਦੀਆਂ ਦਾ ਸੰਗ੍ਰਹਿ:- ਸੁਣੋ ਤਿੰਨੇ ਭਾਈ ਜੀ ਟਕਸਾਲ ਦੇ ਆਪਣੇ ਅਸੂਲ ਹਨ ਦਖ਼ਲ ਅੰਦਾਜ਼ੀ ਕਿਉਂ? ਜਥੇਬੰਦੀਆਂ ਬਰਖਲਾਫ ਕਿਉਂ ਬੋਲਣ, ਆਪਣਾ ਕੰਮ ਵੱਧ ਕਰ ਦੇਣ, ਮੈਂ ਹੱਸੀ ਕਿ ਅਕਾਲੀ ਦਲ ਵਿੱਚ ਸਭ ਘੁੱਧੂ ਮੁੱਧੂ ਵਿਰੋਧੀ, ਪਰ ਟਕਸਾਲ ਦੇ ਵਿਰੁੱਧ ਵਿਵਰ-ਜਤ, ਭਾਵੇਂ ਮੈਂ ਤਾਂ ਨਾ ਟਕਸਾਲ ਨਾ ਹੋਰ ਭੀ ਕਿਸੇ ਜਥੇਬੰਦੀ ਦੇ ਵਿਰੁੱਧ ਨਹੀਂ ਹਾਂ ਜੇਕਰ ਉਹ ਭਾਈਚਾਰੇ ਦੀ ਨੁਮਾਇੰਦਗੀ ਵਿੱਚ ਕੋਈ ਗੈਰਵਾਜਵ ਨੁਕਤਾ ਆਖਣ ਤਾਂ ਪ੍ਰਤੀਕਰਮ ਵਿੱਚ ਭਾਗ ਪਾਵਾਂਗੀ ਪਰ ਉਨ੍ਹਾਂ ਦੀ ਜਥੇਬੰਧਕ ਢਾਂਚੇ ਵਿੱਚ ਦਖਲ ਨੀ, ਪਰ ਇਹ ਤਾਂ ਅਕਾਲੀ ਦਲ ਨੂੰ ਬੇਹੇ ਕੜਾਹ ਵਾਂਗੂੰ ਲੈਣ ਪਰ ਹਦਾਇਤ ਕਰਨ ਦੂਜਿਆਂ ਨੂੰ ਚਤਰ ਸਿੰਘ ਸਰਕਾਰ ਭੱਤੇ ਲੈਣੀਆਂ ਸ੍ਰੇਣੀਆਂ ਸਿੱਧ ਕਰਦੀਆਂ ਨੇ ਚੈਨਲ 'ਤੇ ਸੀਨੀਅਰ ਪੱਤਰਕਾਰ ਪ੍ਰਗਟ ਸਿੰਘ ਐਮ.ਪੀ. ਕਾਂਗਰਸ ਗੁਣਵਾਨ ਜੀ ਪ੍ਰਸ਼ੰਸਾ ਕਰਦੇ ਹਾਂ ਵਧੀਆ ਬੋਲਿਆ ਹਾਲੇ ਕਸਰ ਕਿ ਇਹ ਕਾਂਗਰਸੀ ਨੇ ਐਮ.ਪੀ. ਹੋਰ ਉਥੇ ਗਿੱਧਾ ਪਉਣ ਜਾਂਦੇ ਨੇ, ਮੋਦੀ ਸਾਹਬ ਇਹ ਭੱਤੇ ਬੰਦ ਕਰਨ ਦੇ ਹਾਮੀ ਸਨ ਪਰ ਕਰਨ ਨੀ ਦਿੰਦੇ ਲੋੜਵੰਦਾਂ ਨੂੰ ਮਿਲਣ, ਸਾਡੀ ਭੀ ਸਰਕਾਰ ਨੇ ਹੁਣ ਘਰ ਗਰਮ ਲਈ 2, 3 ਸੌ ਪੌਂਡ ਹਰ ਨਾਗਰਿਕ ਨੂੰ ਦੇਣਾ ਬੰਦ ਕਰਨ ਦੀ ਸਕੀਮ ਹੈ, ਲੋੜਵੰਦ ਹੀ ਲੈਣਗੇ, ਅਹਿਮ ਮੁੱਦਾ ਤਰਖਾਨ ਲੁਹਾਰ ਕਾਰੀਗਰ ਹੋਣ ਕਰਕੇ ਮੇਰਾ ਮੰਨਣਾ ਹੈ ਕਦੀ ਭੱਤੇ ਦੀ ਸ੍ਰੇਣੀ ਵਿੱਚ ਆਪਣੇ ਆਪ ਨੂੰ ਸਮਝਦੇ ਨਹੀਂ ਕਿਉਂ ਜਾਤੀਵਾਦ ਵਿੱਚ ਗਿਣੋ, ਵਿਦੇਸ਼ੀਉ ਪੰਜਾਬ ਨੂੰ ਵੱਸਦਾ ਰਹਿਣ ਦਿਉ, ਅਤਿ ਚੁੱਕਣੋ ਹਟੋ, ਰੱਬ ਬਹੁੜੇ, ਸਭ ਸੁਖੀ ਵੱਸਣ ਦਾਤਾ।

## ਪਾਠਕਾਂ ਦੇ ਪੱਤਰ

## ਕੀ ਅਕਾਲ ਤਖ਼ਤ ਕੇਵਲ ਅਕਾਲੀਆਂ ਨੂੰ ਸਜ਼ਾ ਲਈ ਹੀ ਹੈ?

ਦੁਰਦਸ਼ਾ ਪੰਜਾਬ ਵਿੱਚ ਜਥੇਦਾਰਾਂ ਦੇ ਪਾਏ ਝੁਰਮਟ ਕਾਰਨ ਨਾਗਾ ਤਾਂ ਛੇੜ ਲਿਆ ਪਰ ਜਾਦੂ ਅਉਂਦਾ ਨਹੀਂ ਸੀ, ਸੁਖਬੀਰ ਸਿੰਘ ਬਾਦਲ ਨੂੰ ਗੁਨਾਹ, ਗਲਤੀਆਂ ਤਨਖਾਈਆ ਆਖ ਵਿਰੋਧੀਆਂ ਨੂੰ ਖੁਸ਼ ਕਰਨ ਲੱਗੇ ਸਨ, ਹੁਣ ਕਈ ਮੁੱਦੇ ਸਾਹਮਣੇ ਆ ਗਏ ਕਿ ਪਹਿਲਾਂ ਭੀ ਸ਼ਿਕਾਇਤਾਂ ਕੀਤੀਆਂ ਸਨ ਪਰ ਕਿਉਂ ਕੋਈ ਐਕਸ਼ਨ ਨਾ ਲਿਆ, ਹੁਣ ਕੇਵਲ ਅਕਾਲੀ ਹੀ ਕਿਉਂ ਕੱਟਹਿਰੇ ਵਿੱਚ ਲਿਆਉ ਹੋਰਨਾਂ ਨੂੰ ਭੀ ਯਾਦ ਹੈ ਮੈਂ ਲਿਖਿਆ ਸੀ ਕਿ ਕੀ ਅਕਾਲ ਤਖ਼ਤ ਕੇਵਲ ਅਕਾਲੀਆਂ ਨੂੰ ਸਜਾ ਲਈ ਹੀ ਹੈ, ਹੁਣ ਮੰਗ ਉਠ ਖੜ੍ਹੀ ਹਾਲੇ ਤਾਂ ਮੈਂ ਹੋਰ ਖਰੋਚੂੰਗੀ ਜਥੇਦਾਰਾਂ ਨੂੰ।

ਦੂਜਾ ਵਿਸ਼ਾ ਹਾਸੋਹੀਣਾ, ਬਾਗੀ ਧੜਾ ਦੀ ਸੁਧਾਰ ਲਹਿਰ ਵਡਾਲਾ ਸਿੰਘ ਜੀ ਸੁਧਾਰ ਜਾਂ ਬੁਛਾੜ ਝੂਠ ਸੁਣੋ ਜੀ ਪਰਮਿੰਦਰ ਢੀਂਡਸਾ ਸਾਰੇ ਰੁੱਤਵੇ ਤਿਆਗ ਕੇ ਨਮਾਣਾ ਬਣਕੇ ਪੇਸ਼ ਹੋਊ, ਲੋਕਾਂ ਨੂੰ ਮੂਰਖ ਬਣਾ ਰਹੇ ਹਨ, ਦੱਸਣ ਕਿਹੜੇ ਰੁੱਤਵੇ ਨੇ ਹੁਣ ਪਰਮਿੰਦਰ ਢੀਂਡਸੇ ਕੋਲ ਮਾਊ ਦੇ, ਕੀ ਆਹ ਸੁਧਾਰ ਹੈ? ਚਰਨਜੀਤ ਸਿੰਘ ਬਰਾੜ ਆਪਣੀ ਛਵੀ ਭੀ ਖਰਾਬ ਕਰਨ ਲੱਗੇ ਪਏ ਨੇ, ਬੀਬੀ ਭੀ ਫੇਰ ਰੁੱਤਵੇ ਤਿਆਗ ਕੇ ਯਾਨੀ ਸ਼੍ਰੋਮਣੀ ਕਮੇਟੀ ਦੀ ਮੈਂਬਰੀ, ਡੇਰੇ ਦੀ ਪ੍ਰਧਾਨਗੀ ਜਾਂ ਫੇਰ ਉਹਨੂੰ ਛੋਟ ਹੈ, ਕੀ ਸ਼ੇਖ ਚਿੱਲੀਆਂ ਦੀਆਂ ਬਾਤਾਂ ਕਰ ਰਹੇ ਹਨ, ਗੱਲ ਕੀ ਸੁਖਬੀਰ ਦਾ ਤਾਪ ਇਨ੍ਹਾਂ ਨੂੰ ਚੜ੍ਹਿਆ ਹੋਇਆ ਨਹੀਂ ਲਹਿੰਦਾ, ਨੰਬਰ ਦੋ ਅਕਾਲ ਤਖ਼ਤ ਵਾਲੇ ਇਨਸਾਫੀਏ ਸਭ ਨਿਉਂਦੇ ਜਾਣ ਕੀ ਉਹ ਅਕਾਲ ਤਖ਼ਤ ਨੂੰ ਮੰਨਦੇ ਨੇ ਜਾਂ ਹਵਾਰੇ ਨੂੰ? ਸਭ ਨੂੰ ਡੰਨ ਲਾਵੋ ਤਾਂ ਮੰਨੀਏ।

## ਸਿੰਘ ਸਭਾ ਸਾਊਥਾਲ ਦੀ ਜਨਰਲ ਬਾਡੀ ਮੀਟਿੰਗ

ਲੈ ਜਾ ਛੱਲੀਆਂ ਭਨਾ ਲੀ ਦਾਣੇ, ਅਸੀਂ ਜਿਮੇ ਗਏ ਪੱਲੇ ਝਾੜ ਮੁੜੇ, ਪਹਿਲੀ ਗੱਲ ਸੂਚਨਾ ਕਿਸੇ ਭੀ ਅਖ਼ਬਾਰ ਵਿੱਚ ਨਹੀਂ ਦਿੱਤੀ, ਕੀ ਲੱਖਾਂ ਦੇ ਖਰਚੇ ਵਿੱਚ ਦੋ ਸੌ ਪੌਂਡ ਫਜ਼ੂਲ ਖਰਚੀ, ਮੈਂਬਰਾਂ ਨੂੰ ਦੁਆਨੀਆਂ ਸਮਝਦੀ ਹੈ ਕਮੇਟੀ, ਫੇਰ ਮਾਰ ਕਿਤੇ ਸਕਿਊਰਿਟੀ, ਪੁਲਸ ਝੁਰਮਟ, ਰਿਪੋਰਟਾਂ ਛਪੀਆਂ ਵੰਡੀਆਂ ਗਈਆਂ, ਮੈਂਬਰਸ਼ਿੱਪ ਕਾਰਡ ਦੇਖ ਕੇ ਨਿਸ਼ਾਨ ਪੰਜਾਬੋਂ ਆਏ ਮੁੰਡੇ ਗੇਟਾਂ 'ਤੇ ਖੜੇ ਸਾਨੂੰ ਪੁੱਛਣ ਮੱਥਾ ਟੇਕਣਾ, ਉਪਰ ਹਾਲ ਵਿੱਚ ਜਾਉ ਮੈਨੂੰ ਚੜ੍ਹਿਆ ਰੋਹ ਲਾਇਨ ਸਕਿਊਰਿਟੀ ਮੁੰਡਾ ਮੈਂ ਕਿਹਾ ਓ ਕਾਕਾ ਜਿਨ੍ਹਾਂ ਨੇ ਆਹ ਦੁਆਰ ਬਣਾ ਤੁਹਾਨੂੰ ਖੜਾ ਹੋਣ ਜੋਗੇ ਕਰਤਾ ਤੇ ਤੁਸੀਂ ਅੱਜ ਧੱਕੇ ਮਾਰ ਰਹੇ ਹੋ, ਸਿੱਖੀ ਕਿਥੇ, ਤੁਸੀਂ ਮਨੁੱਖ ਹੀ ਬਣ ਲਵੋ, ਮੈਂ ਕਿਹਾ ਮੈਂ ਤਾਂ ਇਥੇ ਹੀ ਮੱਥਾ ਟੇਕਣਾ ਹੈ, ਅੱਛਾ ਜੀ ਮੁੜ ਆਇਉ ਮੈਂ ਕਾਰਡ ਦਿਖਾਤਾ ਯਾਨੀ ਵਾਤਾਵਰਣ ਮੈਂ ਕਿਹਾ ਆਹ ਗੁਰਦੁਆਰਾ ਹੈ? ਡੂਢ ਘੰਟਾ ਤਾਂ ਜਨਰਲ ਸੈਕਟਰੀ ਨੇ ਬੋਲਣ 'ਤੇ ਲਾ ਤਾ ਸੁਣੋ ਸਾਡੀਆਂ ਸਿਫ਼ਤਾਂ, ਵਿਰੋਧੀ ਝਾਕਣ ਸਟੇਜ ਸੈਕਟਰੀ ਬੈਠਾ ਲੋਕੀ ਅੱਧੇ ਪਚੱਧੇ ਤੁਰ ਗਏ ਤਾਂ ਵਿਰੋਧੀ ਧਿਰ ਦੇ ਬੁਲਾਰੇ ਹਰਜੀਤ ਸਿੰਘ ਸਰਪੰਚ ਨੇ ਠਾਰੇ, ਵਿਸ਼ੇਸ਼ ਗੱਲ ਉਹ ਕਹਿੰਦੇ ਜੀ ਦਰਬਾਰ ਵਿੱਚ ਬੈਠੇ ਮੈਂਬਰ ਹੱਥ ਖੜ੍ਹੇ ਕਰੋ ਕਿ ਜੋ ਫਰਵਰੀ ਦੀ ਮੀਟਿੰਗ ਵਿੱਚ (ਟਰੱਸਟੀ) ਥਾਪੇ ਸਭ ਠੀਕ ਸੀ, ਕੌਣ ਮਾਈ ਦਾ ਲਾਲ ਗੁਰੂ ਦੀ ਹਜ਼ੂਰੀ ਵਿੱਚ ਪਾਪ ਕਰੇ, ਪ੍ਰਬੰਧਕ ਭੀ ਨਾ ਕੁਸਕੇ ਭਾਵੇਂ ਹਾਜ਼ਰ ਨਾਜਰ ਗੁਰੂ ਸਨਮੁੱਖ ਅਸੀਂ ਕੂੜ ਤਾਂ ਵੰਡੀ ਜਾਂਦੇ ਹਾਂ, ਮੈਂ ਤਾਂ ਅੱਗੇ ਜਾਵਾਂ (ਗੁਰੂ ਗ੍ਰੰਥ) 'ਤੇ ਹੱਥ ਰੱਖਣ ਨੂੰ ਆਖਿਆ ਜਾਵੇ ਤਾਂ ਸੁਧਰਨਗੇ।

**-ਬਲਵਿੰਦਰ ਕੌਰ ਚਾਹਲ**

– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ :07417443300




## ਸਲਾਨਾ ਜੋੜ ਮੇਲੇ 'ਤੇ ਵਿਸ਼ੇਸ਼

# ਧਰਮ ਪ੍ਰਚਾਰ ਨੂੰ ਸਮਰਪਿਤ ਬਾਬਾ ਸ਼੍ਰੀਚੰਦ੍ਰ ਜੀ ਦਾ ਅਦੁੱਤੀ ਤੱਪ ਅਸਥਾਨ ਬਿਲਗਾ, ਜ਼ਿਲ੍ਹਾ ਜਲੰਧਰ

ਗੁਰੂ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਕ ਨਗਰ ਬਿਲਗਾ ਆਪਣੀ ਪਾਵਨ ਬੁੱਕਲ ਵਿੱਚ ਅਨਮੋਲ ਅਧਿਆਤਮਕ ਗੌਰਵ-ਮਈ ਵਿਰਸਾ ਸਮੋਈ ਬੈਠਾ ਹੈ। ਪੰਜਾਬ ਦਾ ਸਿੱਖ ਇਤਿਹਾਸ, ਗੁਰੂ ਖ਼ਾਲਸਾ ਤਵਾਰੀਖ ਅਤੇ ਮਹਾਨ ਕੋਸ਼ ਅਨੁਸਾਰ, ਕੁਦਰਤੀ ਸੁੰਦਰਤਾ ਨਾਲ ਭਰਪੂਰ ਅਤੇ ਸੁਭਾਗ ਭਰੀ ਧਰਤੀ ਉੱਤੇ ਇਸ ਨਗਰ ਵਿੱਚ ਸ਼ਹੀਦਾਂ ਦੇ ਸਿਰ-ਤਾਜ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਸੁਸ਼ੋਭਿਤ ਹੈ। ਇਤਿਹਾਸਕ ਸਰੋਤਾਂ ਅਨੁਸਾਰ 20 ਹਾੜ ਸੰਮਤ 1646 ਬਿ: 26 ਸਾਲ ਦੀ ਉਮਰ ਵਿੱਚ ਸਤਿਗੁਰੂ ਜੀ ਮਉ ਸਾਹਿਬ ਜੀ ਮਾਤਾ ਗੰਗਾ ਜੀ ਨੂੰ ਵਿਆਹੁਣ ਜਾ ਰਹੇ ਇਕ ਦਿਨ ਅਤੇ ਇਕ ਰਾਤ ਬਰਾਤ ਸਹਿਤ ਆਪ ਨੇ ਇਥੇ ਵਿਸ਼ਰਾਮ ਕੀਤਾ, ਉਸ ਸਮੇਂ ਦੀਆਂ ਬੇਹੱਦ ਅਨਮੋਲ ਵਸਤੂਆਂ ਅਤੇ ਸੁੰਦਰ ਬਸਤਰ ਯਾਦਗਾਰੀ ਵਜੋਂ ਗੁਰਦੁਆਰੇ ਵਿੱਚ ਸੁਸ਼ੋਭਿਤ ਹਨ।

ਇਸੇ ਹੀ ਇਤਿਹਾਸਕ ਨਗਰ ਦੇ ਨਜ਼ਦੀਕ ਪੁਆਧੜਾ ਰੋਡ 'ਤੇ ਬਾਲ ਜਤੀ ਕਰੁਣਾ ਨਿਧ ਉਦਾਸੀਨ ਭੇਖ ਦੇ ਬਾਨੀ, ਮਹਾਨ ਤਿਆਗੀ, ਮਹਾਨ ਤਪੱਸਵੀ, ਭਗਵਾਨ ਬਾਬਾ ਸ਼੍ਰੀਚੰਦ੍ਰ ਜੀ ਦੀ ਚਰਨ ਛੋਹ ਨਾਲ ਨਿਵਾਜਿਆ ਇਤਿਹਾਸਕ ਡੇਰਾ ਤੱਪ ਅਸਥਾਨ ਉਦਾਸੀਨ ਆਸ਼ਰਮ, ਜਗਤ ਗੁਰੂ ਸ਼੍ਰੀਚੰਦ੍ਰ ਭਗਵਾਨ ਬਿਲਗਾ ਸੁਭਾਇਮਾਨ ਹੈ। ਸਿੱਖ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਅੱਜ ਤੋਂ 435 ਸਾਲ ਪਹਿਲਾਂ ਇਸ ਪਵਿੱਤਰ ਅਸਥਾਨ 'ਤੇ ਭਗਵਾਨ ਸ਼੍ਰੀਚੰਦ੍ਰ ਜੀ ਨੇ ਧੂਣਾ ਲਾ ਕੇ 28 ਦਿਨ ਘੋਰ ਤਪੱਸਿਆ ਕੀਤੀ। ਉਸ ਸਮੇਂ ਤੋਂ ਇਸ ਤੱਪ ਅਸਥਾਨ 'ਤੇ ਨਿਰੰਤਰ ਧੂਣਾ ਜਾਰੀ ਹੈ। ਧੰਨ ਧੰਨ ਬਾਬਾ ਸ਼੍ਰੀਚੰਦ੍ਰ ਜੀ ਦਾ ਜਨਮ ਸੁਲਤਾਨਪੁਰ ਲੋਧੀ ਵਿਖੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਮਾਤਾ ਸੁਲੱਖਣੀ ਜੀ ਦੀ ਪਾਵਨ ਕੁੱਖ ਤੋਂ ਭਾਦਰੋਂ ਸੁਦੀ ਨੌਵੀਂ ਦਿਨ ਸ਼ੁੱਕਰਵਾਰ 10 ਅਗਸਤ 1494 ਈ: ਮੁਤਾਬਿਕ 5 ਸਾਵਣ 1551 ਬਿਕਰਮੀ ਨੂੰ ਹੋਇਆ, ਉਸ ਸਮੇਂ ਆਪ ਜੀ ਦੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਨਵਾਬ ਦੌਲਤ ਖਾਂ ਦੇ ਮੋਦੀ ਖਾਨੇ ਵਿੱਚ ਸੇਵਾ ਨਿਭਾ ਰਹੇ ਸਨ। ਸੁਲਤਾਨਪੁਰ ਲੋਧੀ, ਸੁਲਤਾਨ ਖਾਨ ਨੇ ਪੰਦਰਵੀਂ ਸਦੀ ਵਿੱਚ ਵਸਾਇਆ ਸੀ। ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਇਥੇ, ਸ੍ਰੀ ਨਨਕਾਣਾ ਸਾਹਿਬ ਜੀ ਰਾਇ ਭੋਇ ਦੀ ਤਲਵੰਡੀ ਤੋਂ ਸੰਨ 1464 ਈ: ਨੂੰ ਤਸ਼ਰੀਫ ਲਿਆਏ। ਇਨ੍ਹਾਂ ਤੋਂ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੁਲਤਾਨਪੁਰ ਦੀ ਧਰਤੀ 'ਤੇ ਚਰਨ ਪਾ ਕੇ ਅਨੇਕਾਂ ਹੀ ਪਰਉਪਕਾਰੀ ਰੂਹਾਨੀ ਕੌਤਕ ਵਰਤਾਏ। ਸਤਿਗੁਰੂ ਜੀ ਨੇ ਸੰਸਾਰਕ ਜਗਤ ਜਲੰਦੇ ਦਾ ਉਧਾਰ ਕਰਨ ਵਾਸਤੇ 1501 ਈ: ਨੂੰ ਚੜ੍ਹਿਆ ਸੋਧਣਿ ਧਰਤ ਲੋਕਾਈ ਪਹਿਲੀ ਉਦਾਸੀ ਸੁਲਤਾਨਪੁਰ ਤੋਂ ਆਰੰਭ ਕੀਤੀ। ਇਸ ਨਗਰੀ ਤੋਂ ਹੀ ਬੇਦੀ ਕੁੱਲ ਦੇ ਰੱਖਿਅਕ ਭਗਵਾਨ ਸ਼੍ਰੀਚੰਦ੍ਰ ਜੀ ਨੇ ਛੋਟੀ ਉਮਰ ਵਿੱਚ ਹੀ ਜੰਗਲਾਂ ਵਿੱਚ ਜਾ ਕੇ ਸਮਾਧੀ ਵਿੱਚ ਸਥਿਤ ਹੋ ਕੇ ਘੋਰ ਤਪੱਸਿਆ ਸ਼ੁਰੂ ਕੀਤੀ ਅਤੇ ਆਪ ਨੇ ਆਪਣੇ ਗੁਰਦੇਵ ਪਿਤਾ ਦੇ ਹੁਕਮ ਵਿੱਚ ਦੂਰ-ਦੂਰ ਤੱਕ ਦੇਸ਼ ਦਾ ਭ੍ਰਮਣ ਕੀਤਾ, ਆਪ ਦੇ ਸਮੇਂ ਅੰਦਰ ਮੁਸਲਮਾਨ ਸ਼ਾਸਕ ਹਿੰਦੂ ਪਰਜਾ ਉੱਤੇ ਜ਼ੁਲਮ ਢਾਹੁਣ ਵਿੱਚ ਸਭ ਤੋਂ ਅੱਗੇ ਸਨ, ਇਸ ਲਈ ਆਪ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਡੇਰਾ ਬਾਬਾ ਨਾਨਕ ਤੋਂ 19 ਮੀਲ ਬਾਰਠ ਪਿੰਡ ਵਿਖੇ ਧਰਮ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ। ਇਥੇ ਹੀ ਸ੍ਰੀ ਗੁਰੂ ਅਮਰਦਾਸ ਜੀ, ਪਾ: ਚੌਥੀ, ਪਾ: ਪੰਜਵੀਂ ਤੇ ਛੇਵੇਂ ਗੁਰੂ ਜੀ ਬਾਬਾ ਜੀ ਕੋਲ ਦਰਸ਼ਨਾਂ ਲਈ ਪਧਾਰੇ ਸਨ। ਇਸੇ ਤਰ੍ਹਾਂ ਦੂਜਾ ਸਥਾਨ ਸ੍ਰੀਨਗਰ (ਕਸ਼ਮੀਰ), ਤੀਜਾ ਠੱਠਾ (ਸਿੰਧ ਪ੍ਰਦੇਸ਼), ਚੌਥਾ ਪੇਸ਼ਾਵਰ (ਸੀਮਾਪ੍ਰਾਂਤ) ਅਤੇ ਪੰਜਵਾਂ ਕੇਂਦਰ ਅਸਥਾਨ ਕਾਬਲ ਅਫ਼ਗਾਨਿਸਤਾਨ ਵਿਖੇ ਸਥਾਪਿਤ ਕੀਤਾ। ਇਸ ਤੋਂ ਇਲਾਵਾ ਆਪ ਜੀ ਦੇ ਤੱਪ ਅਸਥਾਨ ਮਾਮੂਨ (ਪਠਾਨਕੋਟ), ਕਨਖਲ (ਯੂ.ਪੀ.), ਕਾਦਿਰਾਬਾਦ (ਜ਼ਿਲ੍ਹਾ ਗੁਰਦਾਸਪੁਰ), ਦਵਾਰਕਾ, ਅਚਲੇਸ਼ਵਰ, ਚੰਬਾ, ਕਾਂਗੜਾ (ਹਿਮਾਚਲ ਪ੍ਰਦੇਸ਼) ਅਤੇ ਤੱਪ ਅਸਥਾਨ ਗਦੋਰੀ ਸਾਹਿਬ (ਕੁੱਲੂ), ਗੁਰਦੁਆਰਾ ਗੁਰੂ ਨਾਨਕ ਜੋਤ ਕੁਠੰਗਲ ਜ਼ਿਲ੍ਹਾ ਕਾਂਗੜਾ, ਗੋਪਾਲ ਨਗਰ (ਜਲੰਧਰ) ਇਸੇ ਤਰ੍ਹਾਂ ਹਜ਼ਾਰਾਂ ਦੀ ਗਿਣਤੀ ਵਿੱਚ ਭਗਵਾਨ ਸ਼੍ਰੀਚੰਦ੍ਰ ਦੀ ਚਰਨ ਛੋਹ ਪ੍ਰਾਪਤ ਪਾਵਨ ਇਤਿਹਾਸਕ ਅਸਥਾਨਾਂ ਵਿੱਚੋਂ ਉਦਾਸੀਨ ਆਸ਼ਰਮ ਤੱਪ ਅਸਥਾਨ ਭਗਵਾਨ ਸ਼੍ਰੀਚੰਦ੍ਰ ਜੀ ਮਹਾਰਾਜ ਪਿੰਡ ਬਿਲਗਾ ਜ਼ਿਲ੍ਹਾ ਜਲੰਧਰ ਵਿਖੇ ਸੁਸ਼ੋਭਿਤ ਹੈ। ਅੱਜ ਇਹ ਅਸਥਾਨ ਸੇਵਾ, ਸਿਮਰਨ, ਗੁਰਮਤਿ ਪ੍ਰਚਾਰ ਅਤੇ ਉਦਾਸੀ ਸੰਪ੍ਰਦਾਇ ਦਾ ਪ੍ਰਮੁੱਖ ਕੇਂਦਰ ਬਣ ਚੁੱਕਾ ਹੈ। ਇਥੋਂ ਦੇ ਅਤੇ ਤੱਪ ਅਸਥਾਨ ਬਾਬਾ ਸੁੰਦਰ ਦਾਸ ਜੀ ਸਿਧਵਾਂ ਬੇਟ (ਜ਼ਿਲ੍ਹਾ ਲੁਧਿਆਣਾ) ਦੇ ਮੁੱਖ ਸੰਚਾਲਕ ਤੱਤ ਬੇਤੇ ਅਧਿਆਤਮਕ ਦ੍ਰਿਸ਼ਟੀ ਦੇ ਮਾਲਕ ਗੌਰਵ-ਮਈ ਧਰਮ ਵਿਰਸੇ ਦੇ ਮਕਬੂਲ ਉੱਘੇ ਬੁਲਾਰੇ ਸ੍ਰੀਮਾਨ ਮਹੰਤ ਪਿਆਰਾ ਦਾਸ ਜੀ ਤੋਂ ਵਰੋਸਾਏ ਸੁਆਮੀ ਸੁਖਦੇਵ ਸਿੰਘ ਜੀ ਪਿਛਲੇ ਸਮੇਂ ਤੋਂ ਪਹਿਲੇ ਪੰਗਤ ਪਾਛੇ ਸੰਗਤ ਦੀ ਅਧਿਆਤਮਕ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖਦਿਆਂ, ਸਭ ਧਾਰਮਿਕ ਸੰਪ੍ਰਦਾਵਾਂ, ਸਮੂਹ ਜਥੇਬੰਦੀਆਂ, ਸਮੂਹ ਨਾਨਕ ਨਾਮ, ਭੇਖਾਂ ਅਤੇ ਨਿਹੰਗ ਸਿੰਘ ਜਥੇਬੰਦੀਆਂ ਅਤੇ ਦੇਸ ਪ੍ਰਦੇਸ ਦੀਆਂ ਸੰਗਤਾਂ ਦੇ ਸਹਿਯੋਗ ਦੁਆਰਾ, ਹਰ ਸਾਲ ਮਹਾਨ ਤਪੱਸਵੀ ਬਾਬਾ ਸ਼੍ਰੀਚੰਦ੍ਰ ਜੀ ਮਹਾਰਾਜ ਦਾ, ਭਾਦਰੋਂ ਸੁਦੀ ਨੌਵੀਂ ਨੂੰ ਪ੍ਰਕਾਸ਼ ਦਿਵਸ, ਗੁਰਦੁਆਰਾ ਡੇਰਾ ਉਦਾਸੀਨ ਆਸ਼ਰਮ ਪੁਆਧੜਾ ਰੋਡ ਬਿਲਗਾ ਵਿਖੇ ਮਹੰਤ ਪਿਆਰਾ ਦਾਸ ਅਤੇ ਸ੍ਰੀਮਾਨ ਸੁਆਮੀ ਸੁਖਦੇਵ ਸਿੰਘ ਜੀ ਦੀ ਰਹਿਨੁਮਾਈ ਹੇਠ ਸਲਾਨਾ ਜੋੜ ਮੇਲਾ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ। ਸੁਆਮੀ ਸੁਖਦੇਵ ਸਿੰਘ ਅਨੁਸਾਰ ਪਾਵਨ ਤੱਪ ਅਸਥਾਨ ਉਦਾਸੀਨ ਆਸ਼ਰਮ ਵਿਖੇ 10 ਸਤੰਬਰ ਨੂੰ ਸ਼ਰਧਾਲੂਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਕੇ, ਭਾਦਰੋਂ ਸੁਦੀ ਨੌਵੀਂ ਸਮਾਪਤੀ ਉਪਰੰਤ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਗੁਰਬਾਣੀ ਕੀਰਤਨ ਅਤੇ ਸੰਤ ਸਮਾਗਮ ਢਾਡੀ ਜਥੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਸੇਵਾਦਾਰ ਡਾ: ਬਾਬਾ ਹਰਵਿੰਦਰ ਦਾਸ ਅਨੁਸਾਰ ਰੋਜ਼ਾਨਾ ਦੀ ਤਰ੍ਹਾਂ ਗੁਰੂ ਕਾ ਲੰਗਰ ਦੇਸੀ ਘਿਉ ਦੀਆਂ ਜਲੇਬੀਆਂ ਸਹਿਤ ਅਤੁੱਟ ਵਰਤਾਇਆ ਜਾਵੇਗਾ। ਇਸ ਸਾਲ ਭਗਵਾਨ ਸ਼੍ਰੀਚੰਦ੍ਰ ਜੀ ਮਹਾਰਾਜ ਦਾ 12 ਸਤੰਬਰ ਸੰਨ 2024 ਈ: ਭਾਦਰੋਂ ਸੁਦੀ ਨੌਵੀਂ ਦੇ ਪਾਵਨ ਦਿਹਾੜੇ ਮਨਾਇਆ ਜਾ ਰਿਹਾ 530ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555 ਸਾਲਾ ਅਵਤਾਰ ਪੁਰਬ ਨੂੰ ਸਮਰਪਿਤ ਕੀਤਾ ਜਾਵੇਗਾ। ਇਸ ਮਹਾਨ ਵਿਸ਼ੇਸ਼ ਸਲਾਨਾ ਸਮਾਗਮ 'ਤੇ 12 ਸਤੰਬਰ 2024 ਦਿਨ ਵੀਰਵਾਰ ਨੂੰ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਨੂੰ ਹੁੰਮ-ਹੁਮਾ ਕੇ ਪੁੱਜਣ ਲਈ ਸੁਆਮੀ ਸੁਖਦੇਵ ਸਿੰਘ ਜੀ ਨੇ ਪੁਰਜ਼ੋਰ ਸ਼ਬਦਾਂ ਵਿੱਚ ਬੇਨਤੀ ਕੀਤੀ ਹੈ।

# ਮੱਧ ਪ੍ਰਦੇਸ਼ ਵਿਚ ਫੈਲਿਆ ਭਾਜਪਾ ਦਾ ਫਿਰਕੂਵਾਦ

**✪ ਹਸਪਤਾਲਾਂ ਵਿਚ ਇਸ ਦਾ ਪ੍ਰਭਾਵ ਮਿਲਿਆ ✪ ਬਲੱਡ ਬੈਂਕ ਵਾਲੇ ਹਿੰਦੂ-ਮੁਸਲਮਾਨ ਦੇ ਖ਼ੂਨ ਵਿਚ ਵੀ ਫਰਕ ਦੇਖ ਰਹੇ ਨੇ**

ਮੱਧ ਪ੍ਰਦੇਸ਼-ਭਾਜਪਾ ਨੇ ਆਪਣੇ 10 ਸਾਲਾਂ ਦੇ ਰਾਜ ਦੌਰਾਨ ਭਾਰਤੀ ਸਮਾਜ ਵਿੱਚ ਜੋ ਫਿਰਕੂ ਨਫ਼ਰਤ ਦੇ ਬੀਜ ਬੀਜੇ ਹਨ, ਉਨ੍ਹਾਂ ਦੀ ਫ਼ਸਲ ਅੱਜ ਲਹਿਲਹਾ ਰਹੀ ਹੈ। ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਇੱਕ ਦਿਨ ਗੱਲ ਹਿੰਦੂ ਖੂਨ ਤੇ ਮੁਸਲਮਾਨ ਖੂਨ ਤੱਕ ਪੁੱਜ ਜਾਵੇਗੀ। ਮੱਧ ਪ੍ਰਦੇਸ਼ ਵਿੱਚ ਪੰਨਾ ਜ਼ਿਲ੍ਹੇ ਦੇ ਸਰਕਾਰੀ ਹਸਪਤਾਲ ਦਾ ਤਾਜ਼ਾ ਮਾਮਲਾ ਸੁੰਨ ਕਰ ਦੇਣ ਵਾਲਾ ਹੈ। ਜ਼ਿਲ੍ਹੇ ਦੇ ਪਿੰਡ ਅਜੈਗੜ੍ਹ ਦਾ ਨਿਵਾਸੀ ਪਵਨ ਸੋਨਕਰ ਆਪਣੀ ਬਿਮਾਰ ਮਾਂ ਨੂੰ ਲੈ ਕੇ ਹਸਪਤਾਲ ਜਾਂਦਾ ਹੈ। ਬਿਮਾਰ ਮਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰ ਲਿਆ ਜਾਂਦਾ ਹੈ। ਇਲਾਜ ਦੌਰਾਨ ਮਰੀਜ਼ ਨੂੰ ਖੂਨ ਦੀ ਘਾਟ ਹੋ ਜਾਂਦੀ ਹੈ। ਡਾਕਟਰ ਪਵਨ ਸੋਨਕਰ ਨੂੰ ਖੂਨ ਦਾ ਪ੍ਰਬੰਧ ਕਰਨ ਲਈ ਕਹਿੰਦੇ ਹਨ। ਪਵਨ ਆਪਣੇ ਇੱਕ ਮਿੱਤਰ, ਜੋ ਮੁਸਲਮਾਨ ਹੈ, ਨੂੰ ਲੈ ਕੇ ਹਸਪਤਾਲ ਪਹੁੰਚ ਜਾਂਦਾ ਹੈ। ਬਲੱਡ ਬੈਂਕ ਦੇ ਮੁਲਾਜ਼ਮ ਨੂੰ ਜਦੋਂ ਪਤਾ ਲਗਦਾ ਹੈ ਕਿ ਖੂਨਦਾਨੀ ਇੱਕ ਮੁਸਲਮਾਨ ਹੈ ਤੇ ਮਰੀਜ਼ ਹਿੰਦੂ ਤਾਂ ਉਹ ਖੂਨ ਲੈਣ ਤੋਂ ਇਨਕਾਰ ਕਰ ਦਿੰਦਾ ਹੈ। ਇਸ ਘਟਨਾ ਦਾ 46 ਮਿੰਟ ਦਾ ਵੀਡੀਓ ਵਾਇਰਲ ਹੋ ਚੁੱਕਾ ਹੈ।

ਇਸ ਵੀਡੀਓ ਵਿੱਚ ਪਵਨ ਸੋਨਕਰ ਬਲੱਡ ਬੈਂਕ ਦੇ ਮੁਲਾਜ਼ਮ ਸ਼ਰਮਾ ਜੀ ਨੂੰ ਪੁੱਛ ਰਿਹਾ ਹੈ ਕਿ ਕਿਸ ਨੇ ਕਿਹਾ ਹੈ ਕਿ ਇਸ ਦਾ ਖ਼ੂਨ ਨਹੀਂ ਚੜ੍ਹੇਗਾ ? ਜਵਾਬ ਵਿੱਚ ਬਲੱਡ ਬੈਂਕ ਮੁਲਾਜ਼ਮ ਕਹਿੰਦਾ ਹੈ ਕਿ ਹਾਂ ਅਸੀਂ ਕਿਹਾ ਹੈ, ਉਹ ਹਿੰਦੂ ਹੈ ਤੇ ਇਹ ਮੁਸਲਮਾਨ। ਪਵਨ ਫਿਰ ਕਹਿੰਦਾ ਹੈ ਕਿ ਇਸ ਨਾਲ ਪ੍ਰਾਬਲਮ ਕੀ ਹੈ ? ਬਲੱਡ ਬੈਂਕ ਮੁਲਾਜ਼ਮ ਫਿਰ ਕਹਿੰਦਾ ਹੈ-ਪ੍ਰਾਬਲਮ ਹੈ, ਸਾਡੇ ਲੋਕਾਂ ਦੀ ਨੌਕਰੀ ਦਾ ਸਵਾਲ ਹੈ। ਪਵਨ ਫਿਰ ਕਹਿੰਦਾ ਹੈ ਕਿ ਲਿਖ ਕਰ ਦਿਓ ਕਿ ਕਿਸੇ ਮੁਸਲਮਾਨ ਦਾ ਖੂਨ ਹਿੰਦੂ ਨੂੰ ਨਹੀਂ ਚੜ੍ਹੇਗਾ। ਬਲੱਡ ਬੈਂਕ ਮੁਲਾਜ਼ਮ ਲਿਖ ਕੇ ਦੇਣ ਦੇ ਦਬਾਅ ਵਿੱਚ ਗੱਲ ਬਦਲਦਾ ਹੈ ਤੇ ਕਹਿੰਦਾ ਹੈ, ਨਹੀਂ ਮੁਸਲਿਮ-ਹਿੰਦੂ ਦੀ ਗੱਲ ਨਹੀਂ, ਡੋਨਰ ਦੀ ਗੱਲ ਹੈ। ਇਸ ਦੇ ਜਵਾਬ ਵਿੱਚ ਪਵਨ ਕਹਿੰਦਾ ਹੈ, ਜਦੋਂ ਡੋਨਰ ਖੂਨ ਦੇਣ ਨੂੰ ਤਿਆਰ ਹੈ ਤਾਂ ਫਿਰ (ਇੱਥੇ ਵੀਡੀਓ ਖ਼ਤਮ ਹੋ ਜਾਂਦੀ ਹੈ)।

ਇਸ ਮਾਮਲੇ ਦੀ ਰਿਪੋਰਟ ਕਰਨ ਵਾਲੇ ਪੱਤਰਕਾਰ ਅਰਵਿੰਦ ਯਾਦਵ ਨੇ ਕਿਹਾ ਕਿ ਇਸ ਮਾਮਲੇ ਦੀ ਸ਼ਿਕਾਇਤ ਕੀਤੀ ਗਈ, ਪਰ ਕੋਈ ਕਾਰਵਾਈ ਨਹੀਂ ਹੋਈ. ਜਦੋਂ ਪੰਨਾ ਜ਼ਿਲ੍ਹਾ ਹਸਪਤਾਲ ਦੇ ਸੀ ਐਮ ਓ ਐਮ ਕੇ ਤ੍ਰਿਪਾਠੀ ਨੂੰ ਪੁੱਛਿਆ ਗਿਆ ਤਾਂ ਉਸ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਉਹ ਤਾਂ ਬਦਲੀ ਹੋ ਕੇ ਨਵੇਂ ਆਏ ਹਨ। ਇਹੋ ਨਹੀਂ



ਭੀੜਤੰਤਰ ਹੱਤਿਆਵਾਂ ਰਾਹੀਂ ਜਦੋਂ ਕਿਸੇ ਮੁਸਲਮਾਨ ਨੂੰ ਕਤਲ ਕੀਤੇ ਜਾਣ ਤੋਂ ਬਾਅਦ ਸਮਾਜ ਦਾ ਇੱਕ ਹਿੱਸਾ ਕਾਤਲਾਂ ਦੇ ਗੁਣਗਾਨ ਕਰਦਾ ਹੈ ਤਾਂ ਉਨ੍ਹਾਂ ਅੰਦਰਲੀ ਸੰਵੇਦਨਾ ਦਾ ਵੀ ਕਤਲ ਹੋ ਜਾਂਦਾ ਹੈ। ਬਿਲਕਿਸ ਬਾਨੋ ਨਾਲ ਬਲਾਤਕਾਰ ਕਰਨ ਵਾਲੇ ਦਰਿੰਦੇ ਜਦੋਂ ਜੇਲ੍ਹੋਂ ਬਾਹਰ ਆਉਂਦੇ ਹਨ ਤੇ ਪਰਵਾਰ ਦੀਆਂ ਔਰਤਾਂ ਉਨ੍ਹਾਂ ਦੇ ਗਲਾਂ ਵਿੱਚ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕਰਦੀਆਂ ਹਨ ਤਾਂ ਉਨ੍ਹਾਂ ਅੰਦਰਲੀ ਸੰਵੇਦਨਾ ਵੀ ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀ ਹੈ। ਸੰਵੇਦਨਹੀਣ ਮਨੁੱਖ ਜਾਨਵਰਾਂ ਤੋਂ ਵੀ ਨਖਿੱਧ ਹੁੰਦੇ ਹਨ। ਇਸ ਦੀ ਤਾਜ਼ਾ ਮਿਸਾਲ ਮੱਧ ਪ੍ਰਦੇਸ਼ ਦੇ ਉਜੈਨ ਵਿੱਚ ਵਾਪਰੀ ਘਟਨਾ ਤੋਂ ਸਾਹਮਣੇ ਆ ਜਾਂਦੀ ਹੈ। ਹਾਲੇ ਹਫ਼ਤਾ ਵੀ ਨਹੀਂ ਵਾਪਰਿਆ, ਜਦੋਂ ਦਿਨੇ 12 ਵਜੇ ਇਸ ਧਾਰਮਿਕ ਮਹੱਤਵ ਵਾਲੇ ਸ਼ਹਿਰ ਦੇ ਸਭ ਤੋਂ ਵੱਧ ਭੀੜ ਵਾਲੇ ਚੌਂਕ ਦੇ ਫੁਟਪਾਥ ਉੱਤੇ ਇੱਕ ਦਰਿੰਦਾ ਇੱਕ ਔਰਤ ਨਾਲ ਬਲਾਤਕਾਰ ਕਰਦਾ ਹੈ। ਇੱਕ ਵੀ ਮਨੁੱਖ ਨਹੀਂ ਸੀ, ਜੋ ਉਸ ਨੂੰ ਬਚਾ ਸਕਦਾ। ਇੱਕ ਤਮਾਸ਼ਬੀਨ ਉਸ ਦੀ ਵੀਡੀਓ ਬਣਾਉਂਦਾ ਰਿਹਾ, ਬਾਕੀ ਸਭ ਅੰਨ੍ਹੇ ਨਹੀਂ ਸਨ, ਅੰਨ੍ਹੇ ਕੀਤੇ ਜਾ ਚੁੱਕੇ ਹਨ। ਇੱਥੋਂ ਤੱਕ ਕਿ ਕਿਸੇ ਨੇ ਪੁਲਸ ਨੂੰ ਫੋਨ ਕਰਨ ਦੀ ਹਿੰਮਤ ਨਾ ਕੀਤੀ। ਉਹ ਔਰਤ ਖੁਦ ਪੁਲਸ ਥਾਣੇ ਪੁੱਜੀ। ਇਹ ਔਰਤ ਹਿੰਦੂ ਸੀ ਤੇ ਬਲਾਤਕਾਰੀ ਵੀ ਹਿੰਦੂ।

ਇਸੇ ਸ਼ਹਿਰ ਵਿੱਚ ਪਿਛਲੇ ਸਾਲ ਵੀ ਅਜਿਹੀ ਹੀ ਘਟਨਾ ਵਾਪਰੀ ਸੀ। ਇੱਕ 12 ਸਾਲ ਦੀ ਕੁੜੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਉਹ ਕੁੜੀ ਚਿੱਟੇ ਦਿਨ ਅੱਧਨੰਗੀ ਖੂਨ ਨਾਲ ਲੱਥਪੱਥ ਸੜਕ 'ਤੇ ਤੁਰਦੀ ਲੋਕਾਂ ਨੂੰ ਮਦਦ ਲਈ ਵਾਸਤੇ ਪਾਉਂਦੀ ਰਹੀ, ਪਰ ਲੋਕਾਂ ਨੇ ਆਪਣੇ ਘਰਾਂ ਦੇ ਬੂਹੇ ਬੰਦ ਕਰ ਲਏ, ਕੋਈ ਵੀ ਉਸ ਬਾਲੜੀ ਦੀ ਮਦਦ ਲਈ ਨਾ ਬਹੁੜਿਆ। ਉਹ 8 ਕਿਲੋਮੀਟਰ ਤੁਰ ਕੇ ਥਾਣੇ ਪੁੱਜੀ। ਇਹ ਕੁੜੀ ਵੀ ਹਿੰਦੂ ਸੀ ਤੇ ਬਲਾਤਕਾਰ ਕਰਨ ਵਾਲੇ ਵੀ ਹਿੰਦੂ ਸਨ। ਜਦੋਂ ਮਨੁੱਖ ਅੰਦਰਲੀ ਸੰਵੇਦਨਾ ਮਰ ਜਾਂਦੀ ਹੈ ਤਾਂ ਉਹ ਰਾਖਸ਼ ਬਣ ਜਾਂਦਾ ਹੈ ਜਾਂ ਤੁਰਦੀ-ਫਿਰਦੀ ਲਾਸ਼।

### 7 ਸਫ਼ੇ ਦੀ ਬਾਕੀ

ਇਹ ਸ਼ਿਕਾਇਤ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਸ਼੍ਰੋਮਣੀ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਣੇ ਕੇ, ਹਰਦੇਵ ਸਿੰਘ ਰੋਗਲਾ, ਰਾਮਪਾਲ ਸਿੰਘ ਬਹਿਣੀਵਾਲ ਤੇ ਹੋਰਾਂ ਵੱਲੋਂ ਕੀਤੀ ਗਈ ਹੈ। ਅਕਾਲ ਤਖ਼ਤ ਦੇ ਸਕੱਤਰੇਤ ਵਿੱਚ ਸੌਂਪੀ ਗਈ ਸ਼ਿਕਾਇਤ ਵਿੱਚ ਉਨ੍ਹਾਂ ਦੋਸ਼ ਲਾਇਆ ਕਿ ਬਲਵਿੰਦਰ ਸਿੰਘ ਭੂੰਦੜ ਨੇ 2014 ਵਿਚ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਖਿਲਾਫ ਜਾ ਕੇ ਆਪਣੇ ਘਰ ਵਿੱਚ ਡੇਰਾ ਸਿਰਸਾ ਤੋਂ ਆਏ ਤਿੰਨ ਸਿਆਸੀ ਵਿੰਗ ਦੇ ਆਗੂਆਂ ਰਾਮ ਸਿੰਘ, ਹਰਸ਼ ਧੂਰੀ ਅਤੇ ਇਕ ਹੋਰ ਆਦਮੀ ਨਾਲ ਬੰਦ ਕਮਰਾ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਵੀ ਸ਼ਾਮਲ ਸਨ। ਉਨ੍ਹਾਂ ਦਸਿਆ ਕਿ ਇਸ ਮੀਟਿੰਗ ਦਾ ਜ਼ਿਕਰ ਅਖ਼ਬਾਰਾਂ ਵਿੱਚ ਵੀ ਹੋਇਆ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਾ ਪੰਥ ਦੀ ਨੁਮਾਇੰਦਾ ਜਥੇਬੰਦੀ ਦਾ ਕਾਰਜਕਾਰੀ ਪ੍ਰਧਾਨ ਨਹੀਂ ਬਣ ਸਕਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਹਿਲਾਂ ਹੀ ਅਕਾਲ ਤਖਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਜੇ ਸੁਖਬੀਰ ਖ਼ਿਲਾਫ਼ ਇਸੇ ਮਾਮਲੇ ਵਿੱਚ ਸਖ਼ਤ ਫ਼ੈਸਲਾ ਲਿਆ ਜਾ ਸਕਦਾ ਹੈ ਤਾਂ ਭੂੰਦੜ 'ਤੇ ਵੀ ਉਸੇ ਮਾਮਲੇ ਤਹਿਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਇਸ ਮੀਟਿੰਗ ਦੀ ਪੜਤਾਲ ਕਰਵਾ ਕੇ ਬਲਵਿੰਦਰ ਸਿੰਘ ਭੂੰਦੜ ਖਿਲਾਫ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।

# ਐੱਮਪੀ ਤੋਂ ਹਥਿਆਰ ਲਿਆ ਕੇ ਗੈਂਗਸਟਰਾਂ ਨੂੰ ਵੇਚਣ ਵਾਲਾ ਗ੍ਰਿਫ਼ਤਾਰ

## ✪ ਸਮਗਲਰ ਕੋਲੋਂ ਪੁਲਿਸ ਨੇ ਪੰਜ ਪਿਸਤੌਲ ਤੇ ਪੰਜ ਮੈਗਜ਼ੀਨ ਫੜੇ
## ✪ ਨਾਜਾਇਜ਼ ਹਥਿਆਰ ਮੱਧ ਪ੍ਰਦੇਸ਼ ਤੋਂ ਪੰਜਾਬ ਵਿਚ ਸਪਲਾਈ ਹੋਣ ਲਗੇ




ਅੰਮ੍ਰਿਤਸਰ-ਮੱਧ ਪ੍ਰਦੇਸ਼ (ਐੱਮਪੀ) ਤੋਂ ਹਥਿਆਰ ਲਿਆ ਕੇ ਪੰਜਾਬ ਵਿਚ ਗੈਂਗਸਟਰਾਂ ਨੂੰ ਸਪਲਾਈ ਕਰਨ ਵਾਲੇ ਗਿਰੋਹ ਦੇ ਇਕ ਮੈਂਬਰ ਨੂੰ ਬੀਤੇ ਦਿਨੀਂ ਸੀਆਈ ਟੀਮ ਨੇ ਕਾਬੂ ਕੀਤਾ ਹੈ। ਮੁਲਜ਼ਮ ਦੇ ਕਬਜ਼ੇ ਵਿਚੋਂ ਪੰਜ ਪਿਸਤੌਲ ਅਤੇ ਪੰਜ ਮੈਗਜ਼ੀਨ ਬਰਾਮਦ ਹੋਏ ਹਨ।

ਇਸ ਮੌਕੇ ਜਾਣਕਾਰੀ ਦਿੰਦਿਆਂ ਡੀਐੱਸਪੀ ਬਲਬੀਰ ਸਿੰਘ ਨੇ ਦੱਸਿਆ ਕਿ ਗਰੋਹ ਦੇ ਹੋਰ ਮੈਂਬਰਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਮੁਲਜ਼ਮ ਨੇ ਪਿਸਤੌਲ ਦੀ ਇਹ ਖੇਪ ਕਿਹੜੇ ਸਮੱਗਲਰਾਂ ਨੂੰ ਸੌਂਪਣੀ ਸੀ। ਇੰਨਾ ਹੀ ਨਹੀਂ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਮੁਲਜ਼ਮ ਨੇ ਪੰਜਾਬ ਵਿਚ ਕਿੰਨੇ ਹਥਿਆਰਾਂ ਦੀ ਸਪਲਾਈ ਕੀਤੀ ਹੈ।

ਇੰਸਪੈਕਟਰ ਇੰਦਰਦੀਪ ਸਿੰਘ ਨੇ ਫੜੇ ਗਏ ਮੁਲਜ਼ਮ ਦੀ ਪਛਾਣ ਗੁਰਮੀਤ ਸਿੰਘ ਵਾਸੀ ਪਿੰਡ ਮਾਨੋਚਾਹਲ ਕਲਾਂ ਵਜੋਂ ਕੀਤੀ ਹੈ ਜੋ ਤਰਨਤਾਰਨ ਜ਼ਿਲ੍ਹੇ ਦੇ ਥਾਣਾ ਸਦਰ ਅਧੀਨ ਆਉਂਦਾ ਹੈ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਉਕਤ ਮੁਲਜ਼ਮ ਮੱਧ ਪ੍ਰਦੇਸ਼ ਤੋਂ ਪਿਸਤੌਲ ਦੀ ਖੇਪ ਲੈ ਕੇ ਬੱਸ ਸਟੈਂਡ ਨੂੰ ਜਾਂਦੇ ਰਸਤੇ ਗੋਲਡਨ ਗੇਟ ਨੇੜੇ ਰੁਕੇ ਹਨ। ਇਸ ਆਧਾਰ 'ਤੇ ਪੁਲਿਸ ਨੇ ਨਾਕਾਬੰਦੀ ਕਰਕੇ ਗੁਰਮੀਤ ਸਿੰਘ ਨੂੰ ਕਾਬੂ ਕਰ ਲਿਆ। ਜਦੋਂ ਮੁਲਜ਼ਮ ਦੇ ਕਬਜ਼ੇ ਵਿਚ ਰੱਖੇ ਬੈਗ ਦੀ ਤਲਾਸ਼ੀ ਲਈ ਗਈ ਤਾਂ ਉਸ ਵਿਚੋਂ ਪੰਜ ਪਿਸਤੌਲ ਅਤੇ ਪੰਜ ਮੈਗਜ਼ੀਨ ਬਰਾਮਦ ਹੋਏ।

ਸ਼ਨਿਚਰਵਾਰ ਦੁਪਹਿਰ ਪੁਲਿਸ ਨੇ ਗੁਰਮੀਤ ਸਿੰਘ ਨੂੰ ਅਦਾਲਤ 'ਚ ਪੇਸ਼ ਕੀਤਾ। ਅਦਾਲਤ ਨੇ ਮੁਲਜ਼ਮ ਨੂੰ ਦੋ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।

### ਪਹਿਲਾਂ ਵੀ ਰਹੇ ਹਨ ਐੱਮਪੀ ਤੋਂ ਹਥਿਆਰ

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਗੈਂਗਸਟਰਾਂ ਨੂੰ ਸਪਲਾਈ ਕੀਤੇ ਜਾਣ ਵਾਲੇ ਹਥਿਆਰ ਮੱਧ ਪ੍ਰਦੇਸ਼ ਤੋਂ ਪੰਜਾਬ ਵਿਚ ਸਪਲਾਈ ਕੀਤੇ ਜਾ ਚੁੱਕੇ ਹਨ।


ਪੰਜਾਬ ਪੁਲਿਸ ਦੀ ਇੰਟੇਲੀਜੈਂਸ ਬ੍ਰਾਂਚ ਨੇ ਪਹਿਲਾਂ ਵੀ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 50 ਪਿਸਤੌਲਾਂ ਦੀ ਖੇਪ ਬਰਾਮਦ ਕੀਤੀ ਹੈ। ਇਸ ਦੇ ਬਾਵਜੂਦ ਇਨ੍ਹਾਂ ਹਥਿਆਰਾਂ ਦੀ ਤਸਕਰੀ ਨਹੀਂ ਰੁਕ ਰਹੀ।

## -ਮਾਮਲਾ ਸਾਬਕਾ ਮੈਨੇਜਰ ਰਣਜੀਤ ਸਿੰਘ ਦੀ ਹੱਤਿਆ ਦਾ-

# ਹੱਤਿਆ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਸੌਦਾ ਸਾਧ ਤੋਂ ਚਾਰ ਹਫ਼ਤਿਆਂ ਵਿੱਚ ਮੰਗਿਆ ਜਵਾਬ

ਦਿੱਲੀ-ਸੁਪਰੀਮ ਕੋਰਟ ਵਲੋਂ ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਨੋਟਿਸ ਜਾਰੀ ਕਰਕੇ 2002 ਵਿਚ ਸਾਬਕਾ ਮੈਨੇਜਰ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਜਵਾਬ ਮੰਗਿਆ ਹੈ। ਸੁਪਰੀਮ ਕੋਰਟ ਨੇ ਬੀਤੇ ਦਿਨੀਂ ਸੁਣਵਾਈ ਦੌਰਾਨ ਸੌਦਾ ਸਾਧ ਅਤੇ ਚਾਰ ਹੋਰਾਂ ਨੂੰ ਬਰੀ ਕਰਨ ਵਾਲੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਜਾਂਚ ਕਰਨ ਲਈ ਸਹਿਮਤੀ ਪ੍ਰਗਟਾਈ। ਦਰਅਸਲ ਇਹ ਪਟੀਸ਼ਨ ਜਗਸੀਰ ਸਿੰਘ ਵੱਲੋਂ ਐਡਵੋਕੇਟ ਸੱਤਿਆ ਮਿੱਤਰਾ ਰਾਹੀਂ ਦਾਇਰ ਕੀਤੀ ਗਈ ਸੀ। ਜਿਸ ਵਿੱਚ ਹਾਈਕੋਰਟ ਦੇ ਇਸ ਸਾਲ 28 ਮਈ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਹੈ।

ਹਾਈ ਕੋਰਟ ਨੇ ਸੁਣਵਾਈ ਦੌਰਾਨ ਕਿਹਾ ਸੀ ਕਿ ਸੀਬੀਆਈ, ਜਿਸ ਨੇ ਨਵੰਬਰ 2023 ਵਿੱਚ ਜਾਂਚ ਕੀਤੀ ਸੀ, ਅਪਰਾਧ ਦੇ ਇਰਾਦੇ ਨੂੰ ਸਿਧ ਕਰਨ ਵਿੱਚ ਅਸਫਲ ਰਹੀ ਸੀ ਅਤੇ ਇਸ ਦੀ ਬਜਾਏ ਦੋਸ਼ੀ ਧਿਰਾਂ ਦਾ ਮਾਮਲਾ "ਸ਼ੱਕ ਵਿੱਚ ਘਿਰਿਆ" ਸੀ। ਸਿਰਸਾ ਡੇਰਾ ਮੁਖੀ ਜੋ ਆਪਣੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਮਾਮਲੇ ਵਿਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ, ਇਸ ਸਮੇਂ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ ਵਿਚ ਬੰਦ ਹੈ।



10 ਜੁਲਾਈ 2002 ਨੂੰ ਹਰਿਆਣਾ ਦੇ ਕੁਰੂਕਸ਼ੇਤਰ ਦੇ ਪਿੰਡ ਖਾਨਪੁਰ ਕੋਲਿਆਂ ਵਿੱਚ ਡੇਰਾ ਸਮਰਥਕ ਰਣਜੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇੱਕ ਗੁਮਨਾਮ ਪੱਤਰ ਸਾਹਮਣੇ ਆਉਣ ਤੋਂ ਬਾਅਦ ਉਸਦੀ ਸ਼ੱਕੀ ਭੂਮਿਕਾ ਲਈ ਕਥਿਤ ਤੌਰ 'ਤੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ। ਜਿਸ ਵਿੱਚ ਦੱਸਿਆ ਗਿਆ ਕਿ ਕਿਵੇਂ ਡੇਰਾ ਮੁਖੀ ਸੌਦਾ ਸਾਧ ਵੱਲੋਂ ਡੇਰਾ ਹੈੱਡਕੁਆਰਟਰ ਵਿੱਚ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਜਾ ਰਿਹਾ ਸੀ।

ਬਰੀ ਕਰਨ ਦਾ ਫੈਸਲਾ ਸੌਦਾ ਸਾਧ ਅਤੇ ਚਾਰ ਹੋਰਾਂ ਵੱਲੋਂ ਹਾਈ ਕੋਰਟ ਵਿੱਚ ਦਾਇਰ ਅਪੀਲ 'ਤੇ ਆਇਆ। ਜਿਸ ਨੂੰ ਅਕਤੂਬਰ 2021 ਵਿੱਚ ਪੰਚਕੂਲਾ, ਹਰਿਆਣਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ। ਸੀਬੀਆਈ ਅਦਾਲਤ ਨੇ ਇਸ ਮਾਮਲੇ ਵਿੱਚ ਰਾਮ ਰਹੀਮ, ਅਵਤਾਰ ਸਿੰਘ, ਕ੍ਰਿਸ਼ਨ ਲਾਲ, ਜਸਬੀਰ ਸਿੰਘ ਅਤੇ ਸਬਦਿਲ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਮੁਲਜ਼ਮਾਂ ਵਿੱਚੋਂ ਇੱਕ ਇੰਦਰ ਸੈਨ ਦੀ 2020 ਵਿੱਚ ਸੁਣਵਾਈ ਦੌਰਾਨ ਮੌਤ ਹੋ ਗਈ ਸੀ।

# ਤਰਸਿੱਕਾ ਥਾਣੇ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਕੇਸ ਦਰਜ, ਜੇਲ ਵਿਚੋਂ ਆਈ ਕਾਲ

ਅੰਮ੍ਰਿਤਸਰ-ਕਰੀਬ ਦੋ ਸਾਲ ਪਹਿਲਾਂ ਮੁਹਾਲੀ ਵਿਚ ਪੁਲਿਸ ਇੰਟੈਲੀਜੈਂਸ ਦਫ਼ਤਰ ਦੇ ਬਾਹਰ ਹੋਏ ਧਮਾਕੇ ਤੋਂ ਬਾਅਦ ਬੀਤੇ ਦਿਨੀਂ ਸ਼ਾਮ ਨੂੰ ਇਕ ਵਾਰ ਫਿਰ ਪੁਲਿਸ ਵਿਭਾਗ ਦੀ ਨੀਂਦ ਉੱਡ ਗਈ। ਜੇਲ੍ਹ ਵਿਚ ਬੰਦ ਮੁਲਜ਼ਮ ਨੇ ਅੰਮ੍ਰਿਤਸਰ (ਦਿਹਾਤੀ) ਦੇ ਤਰਸਿੱਕਾ ਥਾਣੇ ਨੂੰ ਉਡਾਉਣ ਦੀ ਧਮਕੀ ਦਿੱਤੀ ਹੈ। ਮੁਲਜ਼ਮ ਨੇ ਇਹ ਖ਼ਤਰਨਾਕ ਧਮਕੀ ਪੁਲਿਸ ਕੰਟਰੋਲ ਰੂਮ 'ਤੇ ਦਿੱਤੀ।

ਕੰਟਰੋਲ ਰੂਮ 'ਤੇ ਸੂਚਨਾ ਮਿਲਦਿਆਂ ਹੀ ਸਭ ਤੋਂ ਪਹਿਲਾਂ ਐਸਐਸਪੀ (ਦਿਹਾਤੀ) ਚਰਨਜੀਤ ਸਿੰਘ ਸੋਹਲ, ਡੀਆਈਜੀ ਸਤਿੰਦਰ ਸਿੰਘ ਸਮੇਤ ਕਈ ਉੱਚ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਗਈ। ਇਸ ਦੇ ਨਾਲ ਹੀ ਤਰਸਿੱਕਾ ਥਾਣੇ ਨੂੰ ਵੀ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਆਸਪਾਸ ਦੇ ਥਾਣਿਆਂ ਜੰਡਿਆਲਾ ਗੁਰੂ ਅਤੇ ਚਾਟੀਵਿੰਡ ਤੋਂ ਪੁਲਿਸ ਫੋਰਸ ਭੇਜੀ ਗਈ। ਥਾਣੇ ਦੇ ਬਾਹਰ ਖੜ੍ਹੇ ਬੇਲੋੜੇ ਵਾਹਨਾਂ ਨੂੰ ਤੁਰੰਤ ਹਟਾਇਆ ਗਿਆ। ਇੰਨਾ ਹੀ ਨਹੀਂ ਤਰਸਿੱਕਾ ਥਾਣੇ ਦੇ ਬਾਹਰ ਵੀ ਪੁਲਿਸ ਦੀ ਮੌਜੂਦਗੀ ਵਧਾ ਦਿੱਤੀ ਗਈ ਸੀ। ਐਸਐਸਪੀ ਚਰਨਜੀਤ ਸਿੰਘ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਜਦੋਂ ਕਾਲ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਕਾਲ ਕਰਨ ਵਾਲਾ ਜੇਲ੍ਹ ਵਿਚ ਹੈ। ਇਸ ਸਬੰਧੀ ਜਾਣਕਾਰੀ ਜੇਲ੍ਹ ਪ੍ਰਸ਼ਾਸਨ ਨਾਲ ਵੀ ਸਾਂਝੀ ਕੀਤੀ ਗਈ ਹੈ। ਜਲਦੀ ਹੀ ਐਫਆਈਆਰ ਦਰਜ ਕਰਕੇ ਮੁਲਜ਼ਮ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਜੇਲ੍ਹ ਵਿਚੋਂ ਗ੍ਰਿਫ਼ਤਾਰ ਕਰਕੇ ਪੁੱਛਗਿੱਛ ਕੀਤੀ ਜਾਵੇਗੀ।

## ਹਾਸ ਵਿਅੰਗ

# ਡਿੱਗਦਾ ਹੋਇਆ ਗ੍ਰਾਫ



ਕੇ.ਐਲ. ਗਰਗ

ਨੇਤਾ ਜੀ ਦੇ ਲਿਆਂਦੇ ਵੱਡੇ ਜਹਾਜ਼, ਤੇਜ਼ ਰਫ਼ਤਾਰ ਗੱਡੀਆਂ, ਗੁਆਂਢੀ ਮੁਲਕਾਂ ਦੀ ਯਾਤਰਾ, ਬੈਂਕਾਂ 'ਚ ਖੋਲ੍ਹੇ ਖ਼ਾਤੇ ਜਨਤਾ ਦੇ ਕਿਸੇ ਕੰਮ ਦੇ ਨਹੀਂ ਹਨ। ਲੋਕਾਂ ਨੂੰ ਤਾਂ ਸਸਤੇ ਪਿਆਜ਼, ਟਮਾਟਰ ਚਾਹੀਦੇ ਹਨ, ਰਸੋਈ ਗੈਸ ਚਾਹੀਦੀ ਹੈ ਤੇ ਸਸਤੇ ਆਲੂਆਂ ਦੀ ਲੋੜ ਹੈ।

ਸਾਡੇ ਨੇਤਾ ਮੁੰਗੇਰੀ ਲਾਲ ਜੀ ਜਿਰਾਫ਼ ਦੀ ਪਿੱਠ ਤੋਂ ਡਿੱਗਣੋਂ ਇੰਨਾ ਨਹੀਂ ਘਬਰਾਉਂਦੇ, ਜਿੰਨਾ ਆਪਣੀ ਮਸ਼ਹੂਰੀ ਦਾ ਗ੍ਰਾਫ਼ ਡਿੱਗਣੋਂ ਘਬਰਾਉਂਦੇ ਹਨ। ਉਨ੍ਹਾਂ ਦੀ ਘੰਡੀ ਦਾ ਮਣਕਾ ਟੁੱਟਦਾ ਹੈ ਤਾਂ ਟੁੱਟ ਜਾਵੇ, ਚੁੱਲ੍ਹੇ ਗਰਮ ਕਰਨ ਲਈ ਧਰਿਆ ਦੁੱਧ ਫਿੱਟਦਾ ਹੈ ਤਾਂ ਫਿੱਟ ਜਾਵੇ, ਕਿਸੇ ਗੱਲ ਦੀ ਨੇਤਾ ਜੀ ਨੂੰ ਕੋਈ ਪਰਵਾਹ ਨਹੀਂ ਹੁੰਦੀ। ਦੂਜੇ ਪਾਸੇ ਉਨ੍ਹਾਂ ਦਾ ਗ੍ਰਾਫ਼ ਭੋਰਾ ਕੁ ਹੇਠਾਂ ਵੱਲ ਸਰਕ ਜਾਵੇ ਤਾਂ ਉਨ੍ਹਾਂ ਦੀ ਆਪਣੀ ਫੂਕ ਨਿਕਲ ਜਾਂਦੀ ਹੈ। ਉਨ੍ਹਾਂ ਦੇ ਪਾਪੀ ਪੇਟ 'ਚੋਂ ਨਿਕਲੀ ਹੂਕ ਫੜਕ ਜਾਂਦੀ ਹੈ।

ਨੇਤਾ ਮੁੰਗੇਰੀ ਲਾਲ ਨੇ ਭਾਵੇਂ ਸਾਰਾ ਮੁਲਕ ਜਿੱਤ ਲਿਆ ਹੋਵੇ, ਸੱਤਾ ਦੇ ਪਾਵਿਆਂ 'ਤੇ ਪੂਰਨ ਕਬਜ਼ਾ ਕਰ ਲਿਆ ਹੋਵੇ ਤਾਂ ਵੀ ਜੇ ਕਦੇ ਟੁੱਟੀ-ਫੁੱਟੀ ਜ਼ਿਮਨੀ ਚੋਣ 'ਚ ਇੱਕ-ਅੱਧ ਜ਼ੰਗਾਲੀ ਸੀਟ ਵੀ ਹਾਰ ਜਾਣ ਤਾਂ ਉਨ੍ਹਾਂ ਦੇ ਸਰੀਰ 'ਚ ਕੜਵੱਲ ਪੈਣ ਲੱਗਦੇ ਹਨ। ਰਾਤਾਂ ਦੀ ਨੀਂਦ ਉੱਡ ਜਾਂਦੀ ਹੈ। ਸੱਤਾ ਦਾ ਸੁੱਖ ਭੋਗਣ ਦੇ ਸੁਫ਼ਨੇ ਖੱਖੜੀ-ਕਰੇਲੇ ਹੋਣ ਲੱਗਦੇ ਹਨ। ਝੱਟ ਪਾਰਟੀ ਦੇ ਜੁਮੈਟਰੀ ਬਕਸ ਨੁਮਾ ਮੈਂਬਰਾਂ ਦੀ ਹੰਗਾਮੀ ਮੀਟਿੰਗ ਸੱਦ ਕੇ ਆਪਣੀ ਚਿੰਤਾ ਜ਼ਾਹਰ ਕਰਨ ਲੱਗਦੇ ਹਨ: "ਭਰਾਵੋ, ਇੰਨੀ ਛੇਤੀ ਇਹ ਕੀ ਹੋ ਗਿਆ ਹੈ? ਪਾਰਟੀ ਦੀ ਸਾਖ਼ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਕੁਝ ਕਰੋ, ਨਹੀਂ ਤਾਂ ਸ਼ਰਮ ਨਾਲ ਡੁੱਬ ਮਰੋ।"

ਜੁਮੈਟਰੀ ਬਕਸ ਦਾ ਇੱਕ ਪਰਕਾਰਨੁਮਾ ਛੋਟਾ ਨੇਤਾ ਆਖਦਾ ਹੈ:

"ਨੇਤਾ ਜੀ, ਜਨਤਾ ਦਾ ਮਿਜਾਜ਼ ਪਾਰੇ ਦੀ ਨਿਆਈਂ ਹੁੰਦਾ ਹੈ, ਖ਼ਾਰੇ ਸੋਢੇ ਦੀ ਨਿਆਈਂ ਹੁੰਦਾ ਹੈ। ਥੋੜ੍ਹੀ ਜਿਹੀ ਗਰਮੀ-ਸਰਦੀ ਨਾਲ ਹੀ ਹੇਠਾਂ ਉਪਰ ਹੋਣ ਲੱਗਦਾ ਹੈ। ਇਸ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਇਹ ਸਭ ਕੁਝ ਤਾਂ ਇਉਂ ਹੀ ਚੱਲਦਾ ਰਹਿੰਦਾ ਹੈ।"

"ਭਾਈ ਸਾਹਿਬ, ਤੁਸੀਂ ਸਾਡੀ ਚਿੰਤਾ ਨਹੀਂ ਸਮਝੋਗੇ। ਅੱਖਾਂ ਤੋਂ ਜਿੱਤ ਦਾ ਪਰਦਾ ਉਤਾਰ ਕੇ ਵੇਖੋ। ਅੱਜ ਇੱਕ ਸੀਟ ਗਈ ਹੈ, ਕੱਲ੍ਹ ਦੋ ਜਾਣਗੀਆਂ ਅਤੇ ਪਰਸੋਂ ਤਕ ਤਾਂ ਸੰਦੂਕੜੀ ਖ਼ਾਲੀ ਹੋ ਜਾਵੇਗੀ।" ਇਹ ਸਾਰੀ ਗੱਲ ਆਖਦਿਆਂ ਨੇਤਾ ਜੀ ਦੀਆਂ ਪੁਤਲੀਆਂ ਨਮ ਹੋ ਗਈਆਂ ਸਨ।

ਇੱਕ ਹੋਰ ਡੀ-ਨੁਮਾ ਨੇਤਾ ਨੇ ਰੁਮਾਲ ਨਾਲ ਖਾਖਾਂ ਸਾਫ਼ ਕਰਦਿਆਂ ਆਖਿਆ: "ਨੇਤਾ ਜੀ, ਜਨਤਾ ਥਰਮਾਮੀਟਰ ਦੇ ਪਾਰੇ ਦੀ ਨਿਆਈਂ ਹੁੰਦੀ ਹੈ, ਜਨਤਾ ਚੰਚਲ ਔਰਤ ਦੀ ਤਰ੍ਹਾਂ ਹੁੰਦੀ ਹੈ। ਛੋਟੀ-ਛੋਟੀ ਗੱਲ ਤੋਂ ਹੀ ਘਾਬਰ ਜਾਂਦੀ ਹੈ। ਆਲੂ ਦੋ ਰੁਪਏ ਮਹਿੰਗੇ ਹੋ ਜਾਣ ਜਾਂ ਟਮਾਟਰ ਦਾ ਭਾਅ ਮਹਿਜ਼ ਇੱਕ ਰੁਪਿਆ ਵਧਣ 'ਤੇ ਹੀ ਜਨਤਾ ਦੇ ਦਿਲ ਦੀ ਧੜਕਣ ਰੁਕਣ ਲੱਗਦੀ ਹੈ, ਸਾਹ ਆਉਣਾ ਮੁਸ਼ਕਿਲ ਹੋ ਜਾਂਦਾ ਹੈ। ਹੁਣ ਆਲੂ, ਟਮਾਟਰਾਂ ਦੇ ਭਾਅ ਸਾਡੇ ਹੱਥ ਵਿੱਚ ਤਾਂ ਫੜੇ ਹੋਏ ਨਹੀਂ। ਦੱਸੋ ਕੀ ਕਰੀਏ?"

ਵੱਡੇ ਨੇਤਾ ਜੀ ਦੀ ਸਿਰਫ਼ ਇਨ੍ਹਾਂ ਗੱਲਾਂ ਨਾਲ ਸੰਤੁਸ਼ਟੀ ਨਹੀਂ ਹੋਈ। ਉਨ੍ਹਾਂ ਰੋਣ ਹਾਕੀ ਆਵਾਜ਼ ਵਿੱਚ ਕਿਹਾ:

"ਵੀਰ, ਅਸੀਂ ਦੇਸ਼ ਨੂੰ ਵੱਡਾ ਸਮੁੰਦਰੀ ਜਹਾਜ਼ ਲਿਆ ਕੇ ਦਿੱਤਾ। ਅਸੀਂ ਵੱਡੀਆਂ-ਵੱਡੀਆਂ ਰੇਲਵੇ ਲਾਈਨਾਂ ਬਣਵਾਈਆਂ, ਬੁਲੇਟ ਟਰੇਨ ਵਾਸਤੇ ਕੋਸ਼ਿਸ਼ ਕਰ ਰਹੇ ਹਾਂ, ਜਨਤਾ ਦੇ ਬੈਂਕ ਖਾਤੇ ਖੁੱਲ੍ਹਵਾਏ, ਅਸੀਂ ਆਪਣੇ ਗੁਆਂਢੀਆਂ ਨਾਲ ਚੰਗੇ ਸਬੰਧ ਬਣਾਏ ਅਤੇ ਅੱਗੋਂ ਵੀ ਇਸ ਲਈ ਯਤਨਸ਼ੀਲ ਹਾਂ ਪਰ ਸਾਡੀ ਪ੍ਰਸਿੱਧੀ ਦਾ ਗ੍ਰਾਫ਼ ਫਿਰ ਵੀ ਡਿੱਗ ਗਿਆ। ਕੁਝ ਸੋਚੋ ਭਾਈ ਨਹੀਂ ਤਾਂ ਨਹੀਂ ਤਾਂ।"

ਇਉਂ ਆਖ ਨੇਤਾ ਜੀ ਖਾਲੀ ਹੱਥ ਹੀ ਹਵਾ ਵਿੱਚ ਮਾਰਨ ਲੱਗ ਪਏ ਸਨ, ਜਿਵੇਂ ਆਲੇ-ਦੁਆਲੇ ਇਕੱਠੀਆਂ ਹੋਈਆਂ ਮੱਖੀਆਂ ਭਜਾ ਰਹੇ ਹੋਣ। ਨੇਤਾ ਜੀ ਦੀਆਂ ਗੱਲਾਂ ਤੋਂ ਸਾਨੂੰ ਬਾਬੂ ਮੱਖਣ ਲਾਲ ਚੇਤੇ ਆ ਗਏ ਹਨ। ਗੰਢੇ, ਟਮਾਟਰਾਂ ਤੇ ਹੋਰ ਸਬਜ਼ੀਆਂ ਦੀ ਮਹਿੰਗਾਈ ਦੇ ਦਿਨਾਂ 'ਚ ਉਹ ਇੱਕ ਦਿਨ ਪੂਰੀ ਹਿੰਮਤ ਨਾਲ ਇੱਕ ਕਿਲੋ ਸੇਬ ਲੈ ਕੇ ਘਰ ਆਏ ਤਾਂ ਪਤਨੀ ਨੇ ਲਿਫ਼ਾਫ਼ਾ ਫੋਲਦਿਆਂ ਪੁੱਛਿਆ:

"ਪਿਆਜ਼ ਕਿੱਥੇ ਨੇ? ਟਮਾਟਰ ਨੀਂ ਲਿਆਏ?"

"ਸੇਬ ਸੇਬ।" ਮੱਖਣ ਲਾਲ ਨੇ ਚੂਹਾਨੁਮਾ ਮੁੱਛਾਂ ਫਰਕਾਉਂਦਿਆਂ ਕਹਿ ਦਿੱਤਾ।

"ਸ੍ਰੀਮਾਨ ਜੀ, ਦਾਲ ਨੂੰ ਤੜਕਾ ਸੇਬਾਂ ਦਾ ਨੀਂ, ਪਿਆਜ਼ ਨਾਲ ਹੀ ਲੱਗਦਾ ਐ। ਸਲਾਦ ਸੇਬਾਂ ਦਾ ਨੀਂ, ਟਮਾਟਰਾਂ ਦਾ ਹੀ ਬਣਦਾ ਹੁੰਦਾ ਐ। ਮੈਨੂੰ ਤਾਂ ਪਿਆਜ਼ ਚਾਹੀਦੇ ਨੇ, ਟਮਾਟਰਾਂ ਦੀ ਲੋੜ ਐ।" ਇੰਨਾ ਆਖ ਉਸ ਨੇ ਲਿਫ਼ਾਫ਼ਾ ਵਗਾਹ ਕੇ ਪਰ੍ਹਾਂ ਪਈ ਪੀੜ੍ਹੀ 'ਤੇ ਸੁੱਟ ਦਿੱਤਾ ਸੀ।

ਕਹਿਣ ਤੋਂ ਭਾਵ ਇਹ ਹੈ ਕਿ ਨੇਤਾ ਜੀ ਦੇ ਲਿਆਂਦੇ ਵੱਡੇ ਜਹਾਜ਼, ਤੇਜ਼ ਰਫ਼ਤਾਰ ਗੱਡੀਆਂ, ਗੁਆਂਢੀ ਮੁਲਕਾਂ ਦੀ ਯਾਤਰਾ, ਬੈਂਕਾਂ 'ਚ ਖੋਲ੍ਹੇ ਖ਼ਾਤੇ ਜਨਤਾ ਦੇ ਕਿਸੇ ਕੰਮ ਦੇ ਨਹੀਂ ਹਨ। ਲੋਕਾਂ ਨੂੰ ਤਾਂ ਸਸਤੇ ਪਿਆਜ਼, ਟਮਾਟਰ ਚਾਹੀਦੇ ਹਨ, ਰਸੋਈ ਗੈਸ ਚਾਹੀਦੀ ਹੈ ਤੇ ਸਸਤੇ ਆਲੂਆਂ ਦੀ ਲੋੜ ਹੈ।

ਨੇਤਾ ਜੀ ਜਨਤਾ ਦੀਆਂ ਅਜਿਹੀਆਂ ਛੋਟੀਆਂ-ਛੋਟੀਆਂ ਹਰਕਤਾਂ ਤੋਂ ਔਖੇ ਹੋ ਕੇ ਕਹਿ ਦਿੰਦੇ ਹਨ:

"ਵੀਰੋ, ਅਸੀਂ ਜਨਤਾ ਨੂੰ ਉੱਚਾ ਚੁੱਕਣਾ ਚਾਹੁੰਦੇ ਹਾਂ। ਆਕਾਸ਼ 'ਤੇ ਪਹੁੰਚਾਉਣਾ ਚਾਹੁੰਦੇ ਹਾਂ, ਮੰਗਲ ਗ੍ਰਹਿ ਤਕ ਲਿਜਾਣਾ ਚਾਹੁੰਦੇ ਹਾਂ ਪਰ ਇਹ ਨਿੱਕੀਆਂ-ਨਿੱਕੀਆਂ ਚੀਜ਼ਾਂ 'ਚ ਹੀ ਫਸੀ ਰਹਿਣਾ ਚਾਹੁੰਦੀ ਹੈ। ਇਹ ਆਲੂ-ਪਿਆਜ਼ਾਂ 'ਚੋਂ ਹੀ ਨਹੀਂ ਨਿਕਲ ਰਹੀ। ਵੱਡੇ ਸੁਫ਼ਨੇ ਦੇਖਣ ਵਾਲਾ ਹੀ ਵੱਡੀਆਂ ਛਲਾਂਗਾਂ ਮਾਰ ਸਕਦਾ ਹੈ। ਸਾਡੀ ਜਨਤਾ ਜ਼ਮੀਨ ਨਾਲ ਹੀ ਚਿੰਬੜੀ ਰਹਿਣਾ ਚਾਹੁੰਦੀ ਹੈ, ਇਹ ਮੰਗਲ-ਗ੍ਰਹਿ ਤਕ ਕਦ ਪਹੁੰਚੀ?"

ਹਾਲ ਦੀ ਘੜੀ ਨੇਤਾ ਜੀ ਨੂੰ ਆਪਣੀ ਪ੍ਰਸਿੱਧੀ ਦੇ ਤੇਜ਼ੀ ਨਾਲ ਡਿੱਗ ਰਹੇ ਗ੍ਰਾਫ਼ ਦੀ ਚਿੰਤਾ ਹੈ। ਇੱਕ ਸਾਲ 'ਚ ਚਾਰ-ਚਾਰ ਸੌ ਰੈਲੀਆਂ ਕਰਨ ਵਾਲੇ ਨੇਤਾ ਜੀ ਅੱਜਕੱਲ੍ਹ ਬਿਲਕੁਲ ਖ਼ਾਮੋਸ਼ ਹੋ ਗਏ ਹਨ।

ਹਰ ਵੇਲੇ ਚਿੰਤਾ 'ਚ ਡੁੱਬੇ ਰਹਿੰਦੇ ਹਨ। ਹਵਾ ਵਿੱਚ ਲਹਿਰਾਉਣ ਵਾਲੀ ਪਹਿਲੀ ਉਂਗਲੀ ਹੁਣ ਪੱਕੇ ਤੌਰ 'ਤੇ ਉਨ੍ਹਾਂ ਦੀ ਸੱਜੀ ਗੱਲ੍ਹ 'ਤੇ ਟਿਕ ਗਈ ਹੈ। ਕਿਸੇ ਮਿੱਤਰ ਨੇ ਪੁੱਛਿਆ:

"ਨੇਤਾ ਜੀ, ਕਿਹੜੀ ਸੋਚ ਵਿੱਚ ਡੁੱਬੇ ਹੋਏ ਹੋ, ਕਿਸ ਗੱਲ ਦੀ ਚਿੰਤਾ ਹੈ?"

ਨੇਤਾ ਜੀ ਨੇ ਹਉਕਾ ਭਰ ਕੇ ਆਖਿਆ:

"ਭਰਾਵਾ, ਮੈਨੂੰ ਚੋਣਾਂ ਤੋਂ ਪਹਿਲਾਂ ਪ੍ਰਸਿੱਧ ਹੋਣ ਦੀ ਫ਼ਿਕਰ ਸੀ। ਸਾਰਾ ਮੁਲਕ ਜਿੱਤ ਕੇ ਹੁਣ ਉਸ ਪ੍ਰਸਿੱਧੀ ਨੂੰ ਬਚਾਈ ਰੱਖਣ ਦਾ ਫ਼ਿਕਰ ਲੱਗਿਆ ਹੋਇਆ ਹੈ। ਅੱਜ-ਕੱਲ੍ਹ ਦੇ ਜ਼ਮਾਨੇ ਵਿੱਚ ਪ੍ਰਸਿੱਧ ਹੋਣਾ ਬਹੁਤ ਮੁਸ਼ਕਿਲ ਹੈ, ਇਸ ਮਗਰੋਂ ਪ੍ਰਸਿੱਧ ਬਣੇ ਰਹਿਣਾ ਉਸ ਤੋਂ ਵੀ ਵਧੇਰੇ ਮੁਸ਼ਕਿਲ ਹੁੰਦਾ ਹੈ। ਸਮਝ ਗਿਆ? ਕੀ ਸਮਝਿਆ?"

ਨੇਤਾ ਜੀ ਦੀ ਫ਼ਿਕਰਮੰਦੀ ਤੁਹਾਨੂੰ ਸਮਝ ਆ ਜਾਣੀ ਚਾਹੀਦੀ ਹੈ। ਕੋਈ ਚੀਜ਼ ਨਾ ਮਿਲ ਰਹੀ ਹੋਵੇ ਤਾਂ ਮਨੁੱਖ ਸਬਰ ਕਰ ਲੈਂਦਾ ਹੈ ਪਰ ਕਈ ਵਰ੍ਹਿਆਂ ਬਾਅਦ ਹੱਥ ਵਿੱਚ ਆਈ ਚੀਜ਼ ਖੁੱਸਣ ਲੱਗੇ ਤਾਂ ਬੰਦੇ ਦਾ ਕਾਲਜਾ ਮੂੰਹ ਨੂੰ ਆਉਣ ਲੱਗਦਾ ਹੈ।

ਨੇਤਾ ਜੀ ਵੀ ਮਨ ਹੀ ਮਨ ਰੱਬ ਨੂੰ ਪ੍ਰਾਰਥਨਾ ਕਰਦੇ ਹਨ: "ਹੇ ਪ੍ਰਭੂ, ਜੋ ਚੜ੍ਹਾਵਾ ਤੁਸੀਂ ਆਖੋ ਅਸੀਂ ਚੜ੍ਹਾਉਣ ਲਈ ਤਿਆਰ ਹਾਂ, ਜੋ ਸੇਵਾ ਕਹੋ, ਅਸੀਂ ਕਰਨ ਲਈ ਤਿਆਰ ਹਾਂ ਪਰ ਸਾਨੂੰ ਜਿਉਂਦੇ ਜੀਅ ਅਜਿਹਾ ਦਿਨ ਨਾ ਦਿਖਾਉਣਾ ਕਿ ਸਾਡੀ ਪ੍ਰਸਿੱਧੀ ਦਾ ਗ੍ਰਾਫ਼ ਡਿੱਗ ਜਾਵੇ।

ਗ੍ਰਾਫ਼ ਡਿੱਗਣ ਤੋਂ ਪਹਿਲਾਂ ਸਾਡੀ ਜਾਨ ਕਿਉਂ ਨਾ ਨਿਕਲ ਜਾਵੇ।" ਪ੍ਰਾਰਥਨਾ ਕਰਨ ਤੋਂ ਬਾਅਦ ਨੇਤਾ ਜੀ ਆਪਣੇ ਕੰਬਦੇ ਗੋਡਿਆਂ 'ਤੇ ਹੱਥ ਧਰ ਕੇ ਆਪਣੀ ਭਾਰੀ ਤੇ ਹਾਰੀ ਦੇਹ ਨੂੰ ਉੱਪਰ ਉਠਾਉਣ ਲਈ ਪੂਰਾ ਜ਼ੋਰ ਲਗਾਉਣ ਲੱਗੇ ਸਨ। ਗ੍ਰਾਫ਼ ਤੇ ਦੇਹ ਦੋਵਾਂ ਦਾ ਉੱਪਰ ਉੱਠਣਾ ਨੇਤਾ ਜੀ ਲਈ ਜ਼ਰੂਰੀ ਹੁੰਦਾ ਹੈ।


**ਗੁਰੂ ਤੇਗ ਬਹਾਦਰ ਗੁਰਦਵਾਰਾ ਲੈਸਟਰ 106 ਈਸਟ ਪਾਰਕ ਰੋਡ ਲੈਸਟਰ ਵਿਖੇ**

**ਕੀਰਤਨੀ ਅਤੇ ਢਾਡੀ ਜਥੇ ਦੀ ਤੁਰੰਤ ਲੋੜ ਹੈ**

ਗੁਰੂ ਤੇਗ ਬਹਾਦਰ ਗੁਰਦੁਆਰਾ ਲੈਸਟਰ ਵਿਖੇ ਕੀਰਤਨੀ ਅਤੇ ਢਾਡੀ ਜਥੇ ਦੀ ਤੁਰੰਤ ਲੋੜ ਹੈ। ਉਹ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਕੀਰਤਨ ਅਤੇ ਸਿੱਖ ਮਰਯਾਦਾ ਅਨੁਸਾਰ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਣ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੋਵੇਗਾ। ਤਨਖਾਹ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਅਨੁਸਾਰ ਹੋਵੇਗੀ। ਚਾਹਵਾਨ ਸੱਜਣ ਪੂਰੇ ਵੇਰਵੇ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਈਮੇਲ ਐਡਰੈਸ 'ਤੇ ਭੇਜ ਸਕਦੇ ਹਨ। ਉਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

ਆਪਣੀਆਂ ਅਰਜ਼ੀਆਂ 4 ਹਫਤਿਆਂ ਦੇ ਅੰਦਰ 11 ਅਕਤੂਬਰ 2024 ਤੋਂ ਪਹਿਲਾਂ ਭੇਜੋ ਜੀ।

**Vacancies of Religious Workers available @**
**Guru Tegh Bahadur Gurdwara, East Park Road, Leicester, LE5 4QB**
**Kirtani and Dhadi jatha**

The Guru Tegh Bahadur Gurdwara, in Leicester requires a Kirtani and Dhadi jatha to undertake duties and responsibilities for the Sikh Temple at 106 East Park Road Leicester. Successful candidates must be prepared to represent the GTB Gurdwara at Religious workshops, Kirtan Darbars, as and when required. Job related accommodation and amenities would be provided. Wages starts from minimum rate as employment law in U.K. Candidates must have right to work in U.K.

Please forward your application with CV via Email
to:gtb_Gurdwara@hotmail.co.uk
or Contact: Mr Raj Manvinder Singh (President)
*Closing date 11th October 2024*

**GURU TEGH BAHADUR GURDWARA LEICESTER**
**106 East Park Road, Leicester, LE5 4QB**

# ਸਿਨੇ ਜਗਤ ਵਿਚ ਵਾਪਸੀ ਕਰੇਗੀ ਸੋਨਮ ਕਪੂਰ

ਬੌਲੀਵੁਡ ਅਦਾਕਾਰਾ ਸੋਨਮ ਕਪੂਰ ਪਰਦੇ 'ਤੇ ਵਾਪਸੀ ਕਰਨ ਲਈ ਉਤਸ਼ਾਹਿਤ ਹੈ। ਉਸ ਨੇ ਗਰਭਵਤੀ ਹੋਣ ਤੋਂ ਬਾਅਦ ਫਿਲਮਾਂ ਤੇ ਓਟੀਟੀ ਪਲੇਟਫਾਰਮ ਤੋਂ ਦੂਰੀ ਬਣਾਈ ਸੀ ਪਰ ਉਹ ਅਗਲੇ ਸਾਲ ਦੇ ਸ਼ੁਰੂ ਵਿੱਚ ਨਵੇਂ ਪ੍ਰਾਜੈਕਟ ਦੀ ਸ਼ੂਟਿੰਗ ਸ਼ੁਰੂ ਕਰਨ ਜਾ ਰਹੀ ਹੈ। ਸੋਨਮ ਨੇ ਕਿਹਾ ਕਿ ਉਹ ਫਿਲਮਾਂ ਜ਼ਰੀਏ ਬਹੁਤ ਸਾਰੇ ਦਿਲਚਸਪ ਕਿਰਦਾਰਾਂ ਬਾਰੇ ਕੰਮ ਕਰਨਾ ਪਸੰਦ ਕਰਦੀ ਹੈ। ਸੋਨਮ ਨੇ ਪੁਸ਼ਟੀ ਕਰਦਿਆਂ ਕਿਹਾ,'ਮੈਂ ਬੱਚੇ ਦੇ ਜਨਮ ਤੋਂ ਬਾਅਦ ਕੈਮਰੇ ਦਾ ਸਾਹਮਣਾ ਕਰਨ ਲਈ ਬਹੁਤ ਉਤਸ਼ਾਹਿਤ ਹਾਂ। ਮੈਨੂੰ ਅਦਾਕਾਰਾ ਬਣਨਾ ਪਸੰਦ ਹੈ ਅਤੇ ਮੈਂ ਆਪਣੇ ਪੇਸ਼ੇ ਰਾਹੀਂ ਦਿਲਚਸਪ ਕਿਰਦਾਰਾਂ ਨੂੰ ਜਿਉਣਾ ਚਾਹੁੰਦੀ ਹਾਂ ਅਤੇ ਮੈਨੂੰ ਵੱਖ-ਵੱਖ ਕਿਰਦਾਰ ਨਿਭਾਉਣਾ ਪਸੰਦ ਹੈ। ਮੈਂ ਆਪਣੇ ਅਗਲੇ ਪ੍ਰਾਜੈਕਟ ਦੀ ਉਡੀਕ ਕਰ ਰਹੀ ਹਾਂ।' ਸੋਨਮ ਨੇ ਆਪਣੇ ਪ੍ਰਾਜੈਕਟ ਬਾਰੇ ਹੋਰ ਵੇਰਵੇ ਨਹੀਂ ਦਿੱਤੇ ਕਿ ਇਹ ਫਿਲਮ ਹੋਵੇਗੀ ਜਾਂ ਕੁਝ ਹੋਰ। ਪਰ ਇਹ ਕਿਆਸ ਲਾਏ ਜਾ ਰਹੇ ਹਨ ਕਿ ਉਹ ਵੱਡੇ ਬਜਟ ਵਾਲੀ ਓਟੀਟੀ ਸੀਰੀਜ਼ ਵਿਚ ਨਜ਼ਰ ਆਵੇਗੀ।



ਜ਼ਿਕਰਯੋਗ ਹੈ ਕਿ ਸੋਨਮ ਨੇ ਸੋਸ਼ਲ ਮੀਡੀਆ 'ਤੇ ਹਾਲ ਹੀ ਵਿੱਚ ਆਪਣੀ ਭੈਣ ਰੀਆ ਕਪੂਰ ਅਤੇ ਉਸ ਦੇ ਦੋਸਤਾਂ ਨਾਲ ਭਾਰਤੀ ਰੇਸਤਰਾਂ ਵਿੱਚ ਖਾਣਾ ਖਾਂਦਿਆਂ ਦੀ ਤਸਵੀਰ ਸਾਂਝੀ ਕੀਤੀ ਸੀ, ਜਿਥੋਂ ਤੱਕ ਕੰਮ ਦਾ ਸਵਾਲ ਹੈ ਤਾਂ ਸੋਨਮ ਨੇ ਫਿਲਮ ਨਿਰਮਾਤਾ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਬਲੈਕ' ਨਾਲ ਸਹਾਇਕ ਨਿਰਦੇਸ਼ਕ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਸ ਨੇ ਰਣਬੀਰ ਕਪੂਰ ਨਾਲ 2007 ਵਿੱਚ ਰੋਮਾਂਟਿਕ ਡਰਾਮਾ 'ਸਾਂਵਰੀਆ' ਨਾਲ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ।

# '120 ਬਹਾਦਰ' ਵਿਚ ਮੇਜਰ ਸ਼ੈਤਾਨ ਸਿੰਘ ਦੀ ਭੂਮਿਕਾ ਨਿਭਾਉਣਗੇ ਫ਼ਰਹਾਨ ਅਖ਼ਤਰ




ਅਦਾਕਾਰ ਤੇ ਨਿਰਦੇਸ਼ਕ ਫ਼ਰਹਾਨ ਅਖ਼ਤਰ ਨੇ ਬੀਤੇ ਦਿਨੀ ਆਪਣੇ ਨਵੇਂ ਫਿਲਮ ਦੇ ਪ੍ਰਾਜੈਕਟ '120 ਬਹਾਦਰ' ਦਾ ਐਲਾਨ ਕੀਤਾ ਹੈ। ਇਹ ਫਿਲਮ ਰੇਜ਼ਾਂਗ ਲਾ ਦੀ ਲੜਾਈ 'ਤੇ ਅਧਾਰਿਤ ਹੈ, ਜੋ 1962 ਵਿੱਚ ਭਾਰਤ ਨੇ ਚੀਨ ਨਾਲ ਲੜੀ ਸੀ ਤੇ ਇਸ ਵਿਚ ਭਾਰਤੀ ਫੌਜ ਦੇ ਜਵਾਨਾਂ ਨੇ ਬਹਾਦਰੀ ਨਾਲ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕੀਤਾ ਸੀ। ਇਸ ਫਿਲਮ ਵਿਚ ਫ਼ਰਹਾਨ ਨੇ ਫੌਜੀ ਅਫਸਰ ਮੇਜਰ ਸ਼ੈਤਾਨ ਸਿੰਘ ਦਾ ਕਿਰਦਾਰ ਨਿਭਾਇਆ ਹੈ। ਫ਼ਰਹਾਨ ਨੇ ਇਸ ਫਿਲਮ ਦਾ ਇੰਸਟਾਗ੍ਰਾਮ 'ਤੇ ਪਹਿਲਾ ਪੋਸਟਰ ਸ਼ੇਅਰ ਕੀਤਾ ਹੈ। ਇਸ ਪੋਸਟਰ ਵਿੱਚ ਮੇਜਰ ਸ਼ੈਤਾਨ ਸਿੰਘ ਲੱਦਾਖ ਦੀ ਬਰਫ਼ ਨਾਲ ਲੱਦੀ ਪਹਾੜੀ 'ਤੇ ਖੜ੍ਹਾ ਦਿਖਾਈ ਦੇ ਰਿਹਾ ਹੈ। ਇਸ ਪੋਸਟਰ ਦੀ ਕੈਪਸ਼ਨ ਵਿੱਚ ਉਸ ਨੇ ਭਾਰਤੀ ਫੌਜ ਦਾ ਧੰਨਵਾਦ ਕਰਦਿਆਂ ਕਿਹਾ, 'ਉਨ੍ਹਾਂ ਨੇ ਜੋ ਹਾਸਲ ਕੀਤਾ ਉਹ ਕਦੇ ਵੀ ਭੁਲਾਇਆ ਨਹੀਂ ਜਾਵੇਗਾ। ਮੇਰੇ ਲਈ ਇਹ ਬਹੁਤ ਸਨਮਾਨ ਵਾਲੀ ਗੱਲ ਹੈ ਕਿ ਮੈਂ ਪਰਮਵੀਰ ਚੱਕਰ ਨਾਲ ਸਨਮਾਨਿਤ ਮੇਜਰ ਸ਼ੈਤਾਨ ਸਿੰਘ ਤੇ ਚਾਰਲੀ ਕੰਪਨੀ, 13 ਕੁਮਾਉਂ ਰੈਜੀਮੈਂਟ ਦੇ ਜਵਾਨਾਂ ਦੀ ਕਹਾਣੀ ਪੇਸ਼ ਕਰ ਰਿਹਾ ਹਾਂ।' ਇਸ ਫਿਲਮ ਦੀ ਸ਼ੂਟਿੰਗ ਵੀ ਲੱਦਾਖ ਵਿਚ ਸ਼ੁਰੂ ਹੋ ਗਈ ਹੈ, ਜਿਸ ਦਾ ਪੋਸਟਰ ਵੀ ਐਕਸਲ ਐਂਟਰਟੇਨਮੈਂਟ ਤੇ ਟ੍ਰਿਗਰ ਹੈਪੀ ਸਟੂਡੀਓਜ਼ ਨੇ ਜਾਰੀ ਕੀਤਾ।

# ★ ਮਿੰਨੀ ਕਹਾਣੀਆਂ ★

## ਦੂੱਗਣੀ ਪੀੜ੍ਹ

ਪਾਲੋ ਚੌਂਕੇ ਵਿੱਚ ਚੁੱਲੇ ਤੇ ਪਾਣੀ ਦਾ ਪਤੀਲਾ ਗਰਮ ਕਰ ਰਹੀ ਸੀ। ਕੋਲ ਹੀ ਉਸਦੀ ਨਨਾਣ ਰਾਣੀ ਅੱਗ ਸੇਕ ਰਹੀ ਸੀ। ਉਸਦੀ ਸੱਸ ਬਾਹਰ ਬੈਠੀ ਅਪਣੇ ਪੋਤੇ ਨੂੰ ਖਿਡਾ ਰਹੀ ਸੀ ਜ਼ਦ ਪਾਲੋ ਬਾਲਟੀ ਵਿੱਚ ਗਰਮ ਪਾਣੀ ਦਾ ਪਤੀਲਾ ਉਲਟਾਉਣ ਲੱਗੀ ਤਾਂ ਗਰਮ ਪਾਣੀ ਦੀ ਛੱਲ ਉਸਦੇ ਪੈਰਾਂ ਤੇ ਪੈ ਗਈ।ਉਸਨੇ ਚੀਕ ਕੇ ਕਿਹਾ, "ਹਾਏ ਮਾਂ! ਮਰ ਗਈ! ਗਰਮ ਪਾਣੀ ਪੈਰਾਂ ਤੇ ਪੈ ਗਿਆ।" ਇਹ ਸੁਣਕੇ ਉਸਦੀ ਸੱਸ ਰਸੋਈ ਵਿੱਚ ਭੱਜੀ-ਭੱਜੀ ਆਈ ਤੇ ਕਹਿਣ ਲੱਗੀ, "ਕੁੜੇ ਕੀ ਹੋ ਗਿਆ, ਪਾਣੀ ਕੀਹਦੇ ਤੇ ਪੈ ਗਿਆ?" ਉਸਨੂੰ ਦੇਖਕੇ ਪਾਲੋ ਨੇ ਕਿਹਾ, "ਇਹ ਤਾਂ ਬੇਬੇ ਮੈ ਆਂ, ਮੇਰੇ ਪੈਰਾਂ ਤੇ ਗਰਮ ਪਾਣੀ ਪੈ ਗਿਆ।" ਉਸਦੀ ਗੱਲ ਸੁਣਕੇ ਬੇਬੇ ਨੇ ਸਿਰਫ ਇੰਨਾਂ ਹੀ ਕਿਹਾ, "ਅੱਛਾ! ਮੈ ਤਾਂ ਕਿਹਾ ਕਿਤੇ ਰਾਣੀ ਐ।" ਤੇ ਰਸੋਈ ਵਿੱਚੋਂ ਬਾਹਰ ਆ ਗਈ।

ਪਾਲੋ ਨੂੰ ਪੈਰ ਜਲ ਜਾਣ ਕਾਰਨ ਬਹੁਤ ਪੀੜ ਹੋ ਰਹੀ ਸੀ, ਪਰ ਅਪਣੀ ਸੱਸ ਦੇ ਇਹ ਬੋਲ ਸੁਣਕੇ ਉਸਦੀ ਪੀੜ ਦੁੱਗਣੀ ਹੋ ਗਈ।

-ਰਾਜ ਕੌਰ ਕਮਾਲਪੁਰ

## ਪਸੰਦ-ਨਾਪਸੰਦ ਕਰਨ ਦਾ ਹੱਕ

ਨਿੱਤ ਦਿਹਾੜੀ ਹੀ ਵੇਖਣ-ਵਿਖਾਉਣ ਦੀ ਚੱਕਰਾਂ ਤੋਂ ਤੰਗ ਆਈ ਨੇ ਕਾਲਰ ਆਈਡੀ ਤੋਂ ਨੰਬਰ ਪੜ੍ਹਿਆ ਅਤੇ ਅਗਲੇ ਦਿਨ ਵੇਖਣ ਆਉਣ ਵਾਲਿਆਂ ਦੇ ਘਰ ਨੰਬਰ ਮਿਲਾ ਦਿੱਤਾ!

ਕਿਸੇ ਨੇ ਅੱਗੋਂ ਫੋਨ ਚੁੱਕਿਆ ਤਾਂ ਸਿੱਧਾ ਪੁੱਛ ਲਿਆ ਜੀ ਜਸਦੀਪ ਜੀ ਨਾਲ ਗੱਲ ਹੋ ਸਕਦੀ ਏ?

"ਹਾਂ ਜੀ ਮੈਂ ਜਸਦੀਪ..ਜਸਦੀਪ ਹੀ ਬੋਲ ਰਿਹਾ ਹਾਂ..ਪਰ ਤੁਸੀਂ ਕੌਣ"?

"ਜੀ ਮੈਂ ਨਵਪ੍ਰੀਤ..ਨਵਪ੍ਰੀਤ ਕੌਰ ਤੁਸੀਂ ਕੱਲ ਮੈਨੂੰ ਮੇਰੇ ਘਰ ਵੇਖਣ ਆ ਰਹੇ ਓ..ਇਸਤੋਂ ਪਹਿਲਾਂ ਕੇ ਤੁਸੀਂ ਸਾਡੇ ਘਰੇ ਆ ਮੇਰੇ ਮਾਪਿਆਂ ਨੂੰ ਖੇਚਲ ਪਾਵੋ..ਕੁਝ ਗੱਲਾਂ ਫੋਨ ਤੇ ਹੀ ਦੱਸ ਦੇਣੀਆਂ ਜਰੂਰੀ ਸਮਝਦੀ ਹਾਂ"

"ਰੰਗ ਬਹੁਤ ਗੋਰਾ ਨਹੀਂ..ਬੱਸ ਕਣਕ-ਵੰਨਾ ਏ..ਕਦ ਪੰਜ ਫੁੱਟ ਦੋ ਇੰਚ..ਅਗਲੇ ਮਹੀਨੇ ਅਠਾਈਆਂ ਦੀ ਹੋ ਜਾਵਾਂਗੀ..ਡੀ.ਸੀ ਆਫਿਸ ਜੂਨੀਅਰ ਡਿਵੀਜਨ ਕਲਰਕ ਦੀ ਨੌ ਤੋਂ ਪੰਜ ਵਾਲੀ ਪੋਸਟ...ਬਾਈ ਹਜਾਰ ਤਨਖਾਹ ਏ..ਐਮ.ਏ ਪੰਜਾਬੀ..ਦਰਮਿਆਨਾ ਕਿਰਸਾਨੀ ਪਰਿਵਾਰ...ਦੋ ਨਿੱਕੀਆਂ ਭੈਣਾਂ..ਕੱਲ ਜਾਮਨੀ ਰੰਗ ਦੇ ਸੂਟ ਵਿਚ ਤਿੰਨ ਨੰਬਰ ਕਾਊਂਟਰ ਤੇ ਬੈਠੀ ਹੋਵਾਂਗੀ..

ਆ ਕੇ ਦੂਰੋਂ ਝਾਤੀ ਮਾਰ ਲੈਣਾ ਤੇ ਫੇਰ ਸਲਾਹ ਕਰ ਲੈਣੀ ਕੇ ਸਾਡੇ ਘਰੇ ਆਉਣਾ ਕੇ ਨਹੀਂ..ਤੁਹਾਡੇ ਜਾਣ ਮਗਰੋਂ ਤੁਹਾਡਾ ਜੁਆਬ ਉਡੀਕਦੇ ਮੇਰੇ ਮਾਪੇ ਹਰੇਕ ਐਰੇ-ਗੈਰੇ ਨੂੰ ਸਫਾਈਆਂ ਦਿੰਦੇ ਫਿਰਨ..ਇਹ ਮੈਥੋਂ ਸਹਿਣ ਨਹੀਂ ਹੁੰਦਾ"

"ਹਾਂ ਇੱਕ ਹੋਰ ਗੱਲ..ਅਵਵਲ ਤੇ ਮੈਨੂੰ ਪੱਕਾ ਪਤਾ ਕੇ ਏਨਾ ਕੁਝ ਸੁਣਨ ਮਗਰੋਂ ਤੁਸੀਂ ਕੱਲ ਆਵੋਗੇ ਹੀ ਨਹੀਂ..ਜੇ ਆ ਵੀ ਗਏ ਤੇ ਪਸੰਦ ਨਾਪਸੰਦ ਦੀਂ ਚੋਇਸ ਸਿਰਫ ਤੁਹਾਡੀ ਹੀ ਨਹੀਂ ਹੋਵੇਗੀ..ਦੋਵੇਂ ਧਿਰਾਂ ਨੂੰ ਫੈਸਲਾ... ਲੈਣ ਦਾ ਬਰੋਬਰ ਦਾ ਹੱਕ ਹੋਵੇਗਾ"

ਮਗਰੋਂ ਲੰਮਾ ਸਾਰਾ ਸਾਹ ਲਿਆ ਤੇ ਠਾਹ ਕਰਦਾ ਫੋਨ ਥੱਲੇ ਪਟਕ ਦਿਤਾ!

ਅਗਲੇ ਦਿਨ ਸ਼ਾਮੀਂ ਕੰਮ ਤੋਂ ਘਰ ਮੁੜੀ ਤਾਂ ਮਾਂ ਆਖਣ ਲੱਗੀ ਕੇ ਜੁਆਬ ਆ ਗਿਆ ਕੇ ਕਿਸੇ ਨੇ ਨਹੀਂ ਆਉਣਾ..ਪਰ ਕੁੜੀ ਸਾਨੂੰ ਪਸੰਦ ਏ..ਜੇ ਤੁਹਾਡੀ ਹਾਂ ਏ ਤਾਂ ਸਿੱਧਾ ਮੰਗਣੀ ਦੀਂ ਤਰੀਕ ਪੱਕੀ ਕਰ ਲਵਾਂਗੇ"

ਮਾਂ ਹੈਰਾਨ ਸੀ ਪਰ ਮੈਂ ਅੰਦਰੋਂ ਅੰਦਰ ਮੁਸਕੁਰਾ ਰਹੀ ਸੀ ਤੇ ਯਾਦ ਕਰ ਰਹੀ ਸੀ ਕੇ ਕਿੰਦਾਂ ਕਿਸੇ ਨੇ ਦੁਪਹਿਰ ਕੁ ਵੇਲੇ ਕਾਊਂਟਰ ਤੇ ਕੰਮ ਕਰਦੀ ਕੋਲ ਆ ਕੇ ਖੰਗੂਰਾ ਮਾਰਿਆਂ..ਜਦੋਂ ਪੁੱਛਿਆ ਕੇ ਕੀ ਕੰਮ ਏ ਤਾਂ ਗਾਜਰੀ ਰੰਗੀ ਪੱਗ ਬੰਨੀ ਉਹ ਅੱਗੋਂ ਆਖਣ ਲੱਗਾ ਕੇ ਮੈਂ ਜਸਦੀਪ"

"ਅੱਛਾ ਤੇ ਮੈਨੂੰ ਦੇਖਣ ਆਏ ਹੋ?..ਮੈਂ ਠਾਹ ਕਰਦਾ ਸਵਾਲ ਪੁੱਛ ਮਾਰਿਆ!

"ਨਹੀਂ ਜੀ ਆਪਣੇ ਆਪ ਨੂੰ ਦਿਖਾਉਣ ਆਇਆ ਹਾਂ..ਕਿਸੇ ਸੁਨੇਹਾ ਦਿੱਤਾ ਸੀ ਕੇ ਪਸੰਦ-ਨਾਪਸੰਦ ਕਰਨ ਦਾ ਹੱਕ ਦੋਨੋ ਪਾਸਿਆਂ ਨੂੰ ਬਰੋਬਰ ਦਾ ਹੋਣਾ ਚਾਹੀਦਾ ਏ"

ਮਗਰੋਂ ਅੱਧੇ ਦਿਨ ਦੀ ਛੁੱਟੀ ਲੈ ਲਈ.. ਫੇਰ ਕੰਟੀਨ ਵਿਚ ਪਤਾ ਹੀ ਨਹੀਂ ਲੱਗਾ ਕਦੋਂ ਗਾਜਰੀ ਰੰਗ ਦੀ ਪੱਗ ਬੰਨੀ ਸਾਮਣੇ ਬੈਠਾ "ਜਸਦੀਪ ਸਿੰਘ" ਤੁਸੀਂ ਤੋਂ "ਤੂੰ" ਹੋ ਗਿਆ..!

-ਹਰਪ੍ਰੀਤ ਸਿੰਘ ਜਵੰਦਾ

## ਲਾਠੀਆਂ ਬਨਾਮ ਆਈਲੈਟਸ

ਮੇਰੀ ਬੇਟੀ ਹਰਸ਼ ਸਵੇਰੇ ਦੀ ਹੋਲੀ ਖੇਡ ਰਹੀ ਸੀ, ਮਖਿਆਂ ਪੁੱਤ ਪੜ ਲੈ ਹੁਣ ਬਹੁਤ ਖੇਡ ਲਿਆ। ਹਰਸ਼ ਕਹਿੰਦੀ ਪਾਪਾ, ਪੜਾਈ ਕਿਸ ਕੰਮ ਲਈ, ਬਹੁਤਾ ਪੜ ਕੇ ਵੀ ਬੱਚੇ ਕੀ ਬਣਦੇ ਨੇ ਪਾਪਾ। ਮਖਿਆਂ ਪੁੱਤ ਪੜ ਕੇ ਤੂੰ ਅਧਿਆਪਕ ਵੀ ਬਣ ਸਕਦੀ ਆਂ। ਹਰਸ਼ ਕਹਿੰਦੀ ਪਾਪਾ ਮੈਂ ਨਹੀਂ ਪੜਦੀ ਫਿਰ, ਨਾ ਮੈਂ ਅਧਿਆਪਕ ਬਣਾਂ। ਮਖਿਆਂ ਕਿਉਂ ਪੁੱਤ ਅਧਿਆਪਕਾਂ ਨੂੰ ਤਾਂ ਮੌਜ ਹੀ ਬਹੁਤ ਹੁੰਦੀ ਆ, ਅੱਠ ਘੰਟੇ ਡਿਊਟੀ ਦੌਰਾਨ ਪੜਾਉਣਾ ਸਿਰਫ ਦੋ ਕੁ ਘੰਟੇ, ਤਨਖਾਹਾਂ 70000 ਤੋਂ ਵੀ ਜਿਆਦਾ।

ਕਹਿੰਦੀ ਪਾਪਾ ਤੁਸੀਂ ਇਕੱਲੀਆਂ ਤਨਖਾਹਾਂ ਹੀ ਵੇਖੀਆਂ ਹਨ ਕਿ ਪਟਿਆਲੇ ਲਾਠੀਆਂ ਪੈਂਦੀਆਂ ਵੀ ਵੇਖੀਆਂ ਨੇ ਅਧਿਆਪਕਾਂ ਦੇ। ਇੰਨਾਂ ਪੜ ਲਿਖ ਕੇ ਤੇ ਡਿਗਰੀਆਂ ਹਾਸਲ ਕਰਕੇ, ਮੈਥੋਂ ਨਹੀਂ ਖਾ ਹੋਣੀਆਂ ਲਾਠੀਆਂ, ਇਹ ਮਾੜੀਆਂ ਸਰਕਾਰਾਂ ਤੋਂ। ਆਈਲੈਟਸ ਕਰਕੇ ਮੈਂ ਤਾਂ ਵਿਦੇਸ਼ ਹੀ ਚਲੀ ਜਾਵਾਂਗੀ।

ਮੈਂ ਹਰਸ਼ ਦਾ ਜੁਆਬ ਸੁਣ ਕੇ ਸੁੰਨ ਜਿਹਾ ਹੋ ਗਿਆ। ਆਈਲੈਟਸ ਸੈਂਟਰਾਂ 'ਚ ਲੱਗੀ ਭੀੜ ਦੇ ਅਰਥ ਹਰਸ਼ ਨੇ ਥੋੜੇ ਸ਼ਬਦਾਂ ਵਿਚ ਹੀ ਬਿਆਨ ਕਰ ਦਿੱਤੇ ਅਤੇ ਸਰਕਾਰਾਂ ਦੀਆਂ ਇਨ੍ਹਾਂ ਲਾਠੀਆਂ ਨੇ ਕਿੰਨੇ ਘਰਾਂ ਦੇ ਵਿਹੜੇ ਅੱਜ ਬੱਚਿਆਂ ਬਾਝੋਂ ਸੁੰਨਸਾਨ ਕਰ ਦਿੱਤੇ, ਇਹ ਵੀ ਸਮਝ ਆ ਗਿਆ।

-ਮੱਖਣ ਸਿੰਘ ਸ਼ਾਹਪੁਰ

# ਕਾਵਿ-ਕਿਆਰੀ

## ਪਿਆਰ ਦੀ ਨਜ਼ਰ

ਇੱਕ ਨਜ਼ਰ ਜੇ ਇਧਰ ਵੀ,
ਕੋਈ ਮੇਰੀ ਨਜ਼ਰੇ ਕਰ ਦੇਵੇ,
ਮਿਹਰਬਾਨੀਆਂ ਦੇ ਲਾ ਕੇ ਢੇਰ,
ਮੇਰਾ ਵਿਹੜਾ ਭਰ ਦੇਵੇ।

ਮਸਤੀਆਂ ਦੇ ਵੇਗ ਵਿੱਚ,
ਗੁਜ਼ਰੇ ਮੇਰਾ ਦਿਨ 'ਤੇ ਰਾਤ,
ਨੈਣਾਂ ਦੇ ਦੋ ਪਿਆਲੇ ਭਰ,
ਕੋਈ ਮੇਰੇ ਅੱਗੇ ਧਰ ਦੇਵੇ।

ਪੱਤਝੜਾਂ ਤੋਂ ਬਹਾਰਾਂ ਦਾ,
ਵਕਫ਼ਾ ਪਲਾਂ ਵਿੱਚ ਹੋਵੇ ਖ਼ਤਮ,
ਮਹਿਕਾਂ ਭਰਿਆ ਗੁਲਸ਼ਨ ਕੋਈ,
ਨਾਮ ਮੇਰੇ ਜੇ ਕਰ ਦੇਵੇ।

ਰੰਗੀਨੀਆਂ ਹਰਿਆਲੀਆਂ 'ਚ,
ਮੇਲ੍ਹਦੀ ਰਹੇ ਰੂਹ ਮੇਰੀ,
ਦਸਤਕ ਜੇ ਕੋਈ ਆਣ ਕਦੇ,
ਉਡੀਕਾਂ ਦੇ ਮੇਰੇ ਦਰ ਦੇਵੇ।

ਰਿਸ਼ਤਿਆਂ ਦੀ ਦੁਨੀਆ ਵਿੱਚ,
ਕਮੀ ਨਹੀਂ ਹੈ ਚੀਜ਼ਾਂ ਦੀ,
ਹਰ ਚੀਜ਼ ਫਿੱਕੀ ਪੈ ਜਾਵੇਗੀ,
ਜੇ ਰੱਬ ਇਸ਼ਕ ਦਾ ਵਰ ਦੇਵੇ।

ਤਸੱਵਰ ਦੀ ਇਸ ਦੁਨੀਆ ਵਿੱਚ,
ਤਸਵੀਰ ਅਨੋਖੀ ਬਣ ਜਾਵੇ,
ਜੇਕਰ ਕੋਈ ਸੁਪਨਿਆਂ ਦਾ,
ਕਟੋਰਾ ਮੇਰਾ ਭਰ ਦੇਵੇ।


ਤਮੰਨਾ ਹੈ ਕਿਸੇ ਦਾ ਬਣਨੇ ਦੀ,
ਕਿਸੇ ਨੂੰ ਆਪਣਾ ਕਹਿਣੇ ਦੀ,
ਕਾਸ਼ ਕੋਈ ਹੁਸੀਨ ਜਿਹਾ ਦਿਲ,
ਵਸੀਹਤ ਮੇਰੇ ਨਾਂ ਕਰ ਦੇਵੇ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

## ਲੋਕ ਸਚਾਈ

ਚੋਣਾਂ ਵਿਚ ਜੇ ਲੀਡਰ ਨੂੰ ਹਾਰ ਮਿਲਜੇ,
ਕੁਰਸੀ ਵੱਲ ਵੇਖਕੇ ਰਹਿੰਦਾ ਝੂਰਦਾ ਏ।
ਚੇਲਾ ਉਸਤਾਦ ਤੋਂ ਵੱਧ ਜੇ ਕਲਾ ਕਰਜੇ,
ਫਿਰ ਉਸਤਾਦ ਰਹੇ ਚੇਲੇ ਨੂੰ ਘੂਰ ਦਾ ਏ।
ਸਰੋਤੇ ਵਾਹ ਵਾਹ ਨੇ ਜਦੋਂ ਕਰਨ ਲਗਦੇ,
ਕਵਿਤਾ ਪੜ੍ਹਦਾ ਕਵੀ ਪੂਰਾ ਝੂਲਦਾ ਏ।
ਮੁੱਲਾਂਪੁਰ ਵਿਆਜ਼ ਨੂੰ ਹਰੇਕ ਟੁੱਟ ਪੈਂਦਾ,
ਪਿਆਰ ਕਰਦਾ ਨਈਂ ਓਨਾ ਮੂਲ ਦਾ ਏ।



ਸੁਖਵਿੰਦਰ ਸਿੰਘ ਮੁੱਲਾਂਪੁਰ
+91 9914184794
* * * * * *

## ਦੇਖ ਸੁਲੱਖਣੀਏ



ਆਹ ਦੇਖ ਸੁਲੱਖਣੀਏ !
ਨੀਂ ਆ ਗਈ ਤੇਰੀ ਕੁੜੀ ਬਰਾਤ !
ਵੀਰਾ ਬੇਬੇ ਨਾਨਕੀ ਦਾ ਨਾਨਕ,
ਤੈਨੂੰ ਮਿਲ ਗਿਆ ਰੱਬੀ ਦਾਤ !!
ਸਾਡੀ ਸੁਰਤ 'ਚ ਆਈਆਂ,
ਬਹੁਤ ਬਰਾਤਾਂ ਏਸ ਬਟਾਲੇ।
ਏਸ ਬਰਾਤ ਦੇ ਰੱਬੀ ਲੇਖੇ,
ਜਾਂਵੀ ਕਰਮਾਂ ਵਾਲੇ।
ਮਾਂ ਚੰਦੋ ਪਿਤਾ ਮੂਲਾ ਚੋਣਾ, ਸਾਂਭਣ ਸ਼ਗਨਾਂ ਭਰੀ ਪਰਾਤ !
ਵੀਰਾ ਬੇਬੇ ਨਾਨਕੀ ਦਾ ਨਾਨਕ, ਤੈਨੂੰ ਮਿਲ ਗਿਆ ਰੱਬ ਦਾਤ !!

ਸਤਿਨਾਮ ਸ੍ਰੀ ਵਾਹਿਗੁਰੂ ਸਤਿਨਾਮ ਸ੍ਰੀ ਵਾਹਿਗੁਰੂ,
ਕਹਿਣੋਂ ਪਲ ਨਾ ਰੁਕਦਾ।
ਜਿਦਾਂ ਜਿਦਾਂ ਕਰਮ ਟਿਕਾਉਂਦਾ,
ਸਭ ਦਾ ਸੀਸ ਹੈ ਝੁਕਦਾ।
ਮਿਟੀ ਧੁੰਦ ਜਗ ਚਾਨਣ ਹੋਆ ਚੜ੍ਹੀ ਨਵੀਂ ਪ੍ਰਭਾਤ !
ਵੀਰਾ ਬੇਬੇ ਨਾਨਕੀ ਦਾ ਨਾਨਕ, ਤੈਨੂੰ ਮਿਲ ਗਿਆ ਰੱਬੀ ਦਾਤ !!

ਪਹਿਲਾਂ ਜਾਏਂਗੀ ਤੂੰ ਸੁਲਤਾਨਪੁਰੇ,
ਫਿਰ ਸਾਬੋ ਕੀ ਤਲਵੰਡੀ।
ਸਾਰਾ ਪਿੰਡ ਧਮਾਲਾਂ ਪਾਊ,
ਸਹੁਰਾ ਮਹਿਤਾ ਕਾਲੂ, ਜਾਣਗੇ ਲੱਡੂ ਵੰਡੀ।
ਮਾਤਾ ਤ੍ਰਿਪਤਾ ਜੀ ਚੋ ਕੇ ਤੇਲ, ਲਾ ਦਊ ਜਸ਼ਨਾਂ ਦੀ ਬਰਸਾਤ !
ਵੀਰਾ ਬੇਬੇ ਨਾਨਕੀ ਦਾ ਨਾਨਕ, ਤੈਨੂੰ ਮਿਲ ਗਿਆ ਰੱਬੀ ਦਾਤ !!

ਫੇਰਿਆਂ ਵੇਲੇ ਰੰਗ ਤਾਂ ਬੰਨ੍ਹੂਗੀ,
ਭਾਈ ਮਰਦਾਨੇ ਦੀ ਰਬਾਬ ਕੁੜੇ।
ਚੰਨ ਜੰਡਿਆਲਵੀ ਵਰਗਿਆਂ ਕਰਨੀ,
ਸਦਾ ਉਪਮਾ ਬੇਹਿਸਾਬ ਕੁੜੇ।
ਤੇਰੇ ਪਿਤਾ ਜਿਹਾ ਪ੍ਰਮੇਸ਼ਰ ਸਾਨੂੰ ਜੇ ਮਿਲਦਾ ਹੁੰਦੀ ਸਾਡੀ ਔਕਾਤ।
ਵੀਰਾ ਬੇਬੇ ਨਾਨਕੀ ਦਾ ਨਾਨਕ, ਤੈਨੂੰ ਮਿਲ ਗਿਆ ਰੱਬੀ ਦਾਤ !!
**ਤਰਲੋਚਨ ਸਿੰਘ ਚੰਨ ਜੰਡਿਆਲਵੀ**


## ਪੈਤੀਂ ਅੱਖਰ



**ਪਰਮਿੰਦਰ ਸਿੰਘ ਸਿੱਧੂ**

ਦਿੱਤੇ ਦੁੱਖ ਸਹਾਰ ਲਈਏ, ਦੱਸੋ ਕਿੰਝ ਮਨ ਮਾਰ ਲਈਏ
ਦੇਣ ਦਿਲਾਸੇ ਆਏ ਅੱਜ, ਹੱਥੀਂ ਜਿਨ੍ਹਾਂ ਵਿਛਾਏ ਸੱਥਰ !
ਕਿੰਝ ਕਰੀਏ ਗੁੱਸਾ ਗੈਰਾਂ ਦਾ, ਲਹੂ-ਲੁਹਾਨ ਜਖ਼ਮੀਂ ਪੈਰਾਂ ਦਾ
ਆਪਣਿਆਂ ਹੀ ਜਦ ਫੁੱਲਾਂ ਹੇਠਾਂ, ਰਾਹਾਂ ਵਿੱਚ ਲੁਕਾਏ ਪੱਥਰ !
ਤੂੰ ਜਾਣਦਾ ਸੀ ਸਚਾਈ ਮੇਰੀ, ਫਿਰ ਵੀ ਰੂਹ ਤੜਫਾਈ ਮੇਰੀ
ਜਦ ਜਖ਼ਮੀਂ ਕੀਤਾ ਤੇਰੇ ਫੁੱਲਾਂ ਨੇ, ਲੋਕਾਂ ਦੇ ਸ਼ਰਮਾਏ ਪੱਥਰ !
ਦਿਲ ਮੈਲੇ ਪਰ ਸਾਫ਼ ਨੇ ਚਿਹਰੇ, ਪੰਜ ਤਾਰੇ ਤੋਂ ਸੋਹਣੇ ਡੇਰੇ
ਸਿੱਧੇ-ਸਾਧੇ ਸਾਧ ਸਮਝ ਕੇ, ਕਿਤੇ ਛੇੜ ਨਾ ਬੈਠੀ ਖੱਖਰ !
ਹੱਥੀਂ ਇਤਿਹਾਸ ਮਿਟਾਈ ਜਾਂਦੇ, ਵਿਰਾਸਤ ਮਿੱਟੀ ਮਿਲਾਈ ਜਾਂਦੇ
ਜਾਣੇ-ਅਣਜਾਣੇ ਕੁੱਝ ਬਾਬਿਆਂ ਨੇ, ਬੜੇ ਹੀ ਲਿਸ਼ਕਾਏ ਪੱਥਰ !
ਕੀਹਨੇ ਖੇਡੀ ਖੇਡ ਸਿਆਸੀ, ਸੰਨ ਸੰਤਾਲੀ ਕਦੇ ਆਈ ਚੁਰਾਸੀ
ਡੋਬਣ ਲਈ ਬੇੜੀ ਭਾਈਚਾਰੇ ਦੀ, ਹੱਥੀਂ ਅਸੀਂ ਪਾਏ ਪੱਥਰ !
ਪਾਖੰਡੀ ਸਭ ਦੇਖਦੇ ਰਹਿਗੇ, ਪਾਪੀ ਸੱਭ ਸੋਚੀਂ ਪੈ ਗਏ
ਰਵੀਦਾਸ ਗੁਰੂ ਜਦ ਵਿੱਚ ਪਾਣੀ, ਫੁੱਲਾਂ ਵਾਂਗ ਤਰਾਏ ਪੱਥਰ !
ਕਵਿਤਾ ਗੀਤਾਂ ਗਜ਼ਲਾਂ ਦੀ ਗੱਲ, ਛੱਡ ਬਿਰਹੋਂ ਪ੍ਰੀਤਾਂ ਦੀ ਗੱਲ
ਪਰਮਿੰਦਰਾ ਜੇ ਯਾਦ ਨਹੀਂ ਤੈਨੂੰ, ਮਾਂ ਬੋਲੀ ਦੇ ਪੈਤੀਂ ਅੱਖਰ
* * * * * *

## ਮਿਲੋ ਨਿਮਾਣਿਆਂ ਨੂੰ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਵਾਂਗੂੰ 'ਦਰਸ਼ਕਾਂ' ਦੇਖਿਆ ਚੁੱਪ ਰਹਿਕੇ
ਰਾਜ-ਭਾਗ ਦੇ ਜਲਵਿਆਂ ਮਾਣਿਆਂ ਨੂੰ।
ਤਖਤ ਸਾਹਬ ਨੂੰ ਸਮਝਦੇ ਖੇਡ੍ਹ ਜਿਹੜੇ
ਹੁੰਦੀ ਮੱਤ ਨਹੀਂ ਵਿਗੜਿਆਂ ਲਾਣਿਆਂ ਨੂੰ।
ਅੰਦਰਖਾਤੇ ਫਿਰ ਖੇਡ੍ਹਣੀ 'ਗੇਮ' ਚਾਹੁੰਦੇ
ਜਿੱਦਾਂ 'ਵਰਤਦੇ' ਰਹੇ 'ਪੁਰਾਣਿਆਂ' ਨੂੰ।
ਕਿੱਲਾ ਧੌਣ ਵਿਚ ਅੜਿਆ ਹੰਕਾਰ ਵਾਲ਼ਾ
ਕਿੱਥੇ ਮੰਨਣਾ ਆਉਂਦਾ ਫਿਰ ਭਾਣਿਆਂ ਨੂੰ।
ਹੁਣ ਨਹੀਂ ਜਾਪਦਾ ਕਿਸੇ ਪ੍ਰਵਾਨ ਕਰਨਾਂ
ਹੋਏ ਲੋਕਾਂ ਦੀ ਨਜ਼ਰ ਵਿਚ 'ਕਾਣਿਆਂ' ਨੂੰ।
ਹੁਣ ਚਿੱਠੀਆਂ ਲਿਖ ਲਿਖ ਕੇ ਦੱਸਦੇ ਐ
ਪੰਥ 'ਜਾਣਦਾ' ਇਨ੍ਹਾਂ 'ਨਿਮਾਣਿਆਂ' ਨੂੰ !
-ਤਰਲੋਚਨ ਸਿੰਘ 'ਦੁਪਾਲ ਪੁਰ'

## ਤੱਕੜੀ ਬਾਬੇ ਨਾਨਕ ਦੀ



**ਤੱਕੜੀ ਬਾਬੇ ਨਾਨਕ ਦੀ, ਅੱਜ ਚੋਰਾਂ ਹੱਥ ਫੜਾਈ ਏ,**
**ਸੱਚ ਨੇ ਜਿਥੇ ਤੁਲਣਾ ਸੀ, ਉਥੇ ਝੂਠ ਦੀ ਹੋਈ ਤੁਲਾਈ ਏ**
**ਤੱਕੜੀ ਬਾਬੇ ਨਾਨਕ ਦੀ........**


**ਅੱਜ ਧਰਮ ਵਿੱਚ ਪੱਕੇ ਯੋਧੇ, ਇਨ੍ਹਾਂ ਜੇਲ੍ਹਾਂ ਵਿੱਚ ਬੈਠਾਏ ਨੇ,**
**ਕੱਚਿਆਂ ਪਿਲਿਆਂ ਦੇ ਹੱਥ, ਨਿਸ਼ਾਨ ਸਾਹਿਬ ਫੜਾਏ ਨੇ,**
**ਸਮਾਂ ਆਉਣ 'ਤੇ ਵਿੱਕ ਜਾਂਦੇ, ਤੱਕੜੀ ਨੂੰ ਪਿੱਠ ਵਿਖਾਈ ਏ**
**....ਸੱਚ ਨੇ ਜਿਥੇ ਤੁਲਣਾ ਸੀ,**
**ਉਥੇ ਝੂਠ ਦੀ ਹੋਈ ਤੁਲਾਈ ਏ, ਤੱਕੜੀ ਬਾਬੇ ਨਾਨਕ ਦੀ,**
**ਅੱਜ ਚੋਰਾਂ ਹੱਥ ਫੜਾਈ ਏ....**

**ਅੱਜ ਧਰਮ ਦੇ ਬੁਰਕੇ ਪਾ ਕੇ, ਇਨ੍ਹਾਂ ਮਸੰਦ ਬੈਠਾਏ ਨੇ,**
**ਸਿੱਖ ਮਰਿਯਾਦਾ ਭੰਗ ਕਰਨ ਲਈ, ਦਿੱਲੀਓਂ ਆਡਰ ਆਏ ਨੇ,**
**ਸੱਚੇ ਧਰਮੀ ਨਹੀਂ ਉੱਠਣ ਦੇਣੇ, ਟਾਸਕ ਫੋਰਸ ਬਣਾਈ ਏ**
**....ਸੱਚ ਨੇ ਜਿਥੇ ਤੁਲਣਾ ਸੀ,**
**ਉਥੇ ਝੂਠ ਦੀ ਹੋਈ ਤੁਲਾਈ ਏ, ਤੱਕੜੀ ਬਾਬੇ ਨਾਨਕ ਦੀ,**
**ਅੱਜ ਚੋਰਾਂ ਹੱਥ ਫੜਾਈ ਏ....**

**ਰਾਮ ਰਹੀਮ ਜਿਹੇ ਗੰਦੇ ਬਾਬੇ, ਇਨ੍ਹਾਂ ਵੋਟਾਂ ਲਈ ਚਮਲਾਏ ਨੇ,**
**ਸੱਚ ਪੰਥ ਲਈ ਬੋਲਣ ਵਾਲੇ, ਇਨ੍ਹਾਂ ਆਪ ਸ਼ਹੀਦ ਕਰਾਏ ਨੇ,**
**ਪੰਥ ਦਾ ਦਰਦੀ ਜਥੇਦਾਰ ਜੀ, ਕਾਉਂਕੇ ਸਾਹਿਬ ਸ਼ਹੀਦੀ ਪਾਈ ਏ.**
**...ਸੱਚ ਨੇ ਜਿਥੇ ਤੁਲਣਾ ਸੀ,**
**ਉਥੇ ਝੂਠ ਦੀ ਹੋਈ ਤੁਲਾਈ ਏ, ਤ**
**ੱਕੜੀ ਬਾਬੇ ਨਾਨਕ ਦੀ, ਅੱਜ ਚੋਰਾਂ ਹੱਥ ਫੜਾਈ ਏ....**

**ਸਰਬੱਤ ਖ਼ਾਲਸੇ ਚੁਣਕੇ ਸਿੰਘ, ਤਖ਼ਤਾਂ ਉੱਪਰ ਬੈਠਾਏ ਨੇ,**
**ਕੁਝ ਜੇਲ੍ਹਾਂ ਵਿੱਚ ਡੱਕਤੇ, ਮਾਨੋ ਚਾਹਲ ਸ਼ਹੀਦ ਕਰਾਏ ਨੇ,**
**ਰਹਿਤ ਤਖ਼ਤ ਦੀ ਭੰਗ ਕਰਨ ਲਈ, ਬਾਦਲਾਂ ਵਿਉਂਤ ਬਣਾਈ ਏ**
**....ਸੱਚ ਨੇ ਜਿਥੇ ਤੁਲਣਾ ਸੀ,**
**ਉਥੇ ਝੂਠ ਦੀ ਹੋਈ ਤੁਲਾਈ ਏ, ਤੱਕੜੀ ਬਾਬੇ ਨਾਨਕ ਦੀ,**
**ਅੱਜ ਚੋਰਾਂ ਹੱਥ ਫੜਾਈ ਏ....**

**ਤੇਰਾ, ਤੇਰਾ ਤੋਲਣਾ ਛੱਡਕੇ, ਸਾਨੂੰ ਦਿੱਲੀ ਦੇ ਪਾਠ ਪੜਾਏ ਨੇ,**
**ਆਪਣੇ ਘਰ ਤਾਂ ਭਰ ਲਏ ਬਾਦਲਾਂ, ਬਾਕੀਆਂ ਠੂਠੇ ਹੱਥ ਫੜਾਏ ਨੇ,**
**ਬਾਸੀ, ਅਕਾਲੀ ਅਕਾਲ ਪੁਜਾਰੀ ਹੁੰਦਾ, ਬਾਦਲਾਂ ਲਾਹਕੇ ਸ਼ਰਮ ਵਿਖਾਈ ਏ**
**....ਸੱਚ ਨੇ ਜਿਥੇ ਤੁਲਣਾ ਸੀ,**
**ਉਥੇ ਝੂਠ ਦੀ ਹੋਈ ਤੁਲਾਈ ਏ,**
**ਤੱਕੜੀ ਬਾਬੇ ਨਾਨਕ ਦੀ, ਅੱਜ ਚੋਰਾਂ ਹੱਥ ਫੜਾਈ ਏ....**
**ਲੇਖਕ-ਪ੍ਰਦੀਪ ਸਿੰਘ ਬਾਸੀ**
**ਵੁਲਵਰਹੈਂਪਟਨ, ਯੂ.ਕੇ.**



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)

## CHANGE OF NAME

I, ANU WIFE OF MR RANJIT SINGH WHOSE PERMANENT ADDRESS IN INDIA IS 92/3 SHAHID BABA DEEP SINGH NAGAR, DIST: JALANDHAR, PIN: 144001, PUNJAB AND NOW LIVING AT 76 NEWHOME WAY, WALSALL, WS3 1JH, U.K. HEREBY GIVE NOTICE OF MY INTENTION TO CHANGE MY NAME TO ANU ANU. (U/I)

I, MISS SONIA D/O MR KASHMIR SINGH WHOSE PERMANENT ADDRESS IN INDIA IS VPO. MAILI, TEH: GARHSHANKAR, DIST: HOSHIARPUR, PIN: 146102, PUNJAB, AND NOW LIVING AT 68 SIGNAL HAYES ROAD, SUTTON COLDFIELD, B76 2RP, U.K. HEREBY GIVE NOTICE OF MY INTENTION TO CHANGE MY NAME TO SONIA KAUR GILL. (U/I)

I, MRS BIMLO WIFE OF MR JAGTAR SINGH WHOSE PERMANENT ADDRESS IN INDIA IS VPO. MALPUR ARK, DIST: SHAHEED BHAGAT SINGH NAGAR, PUNJAB AND NOW LIVING AT 72 QUEENSFERRY GARDENS, SHELTON LOCK, DERBY, DE24 9JS U.K. HEREBY GIVE NOTICE OF MY INTENTION TO CHANGE MY NAME TO BIMLO KAUR ARK. (U/I)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**

# ਸੋਸ਼ਲ ਮੀਡੀਆ ’ਤੇ ਗੈਂਗਸਟਰਾਂ ਵਿਰੁੱਧ ਕਾਰਵਾਈ, ਪੰਜਾਬ ਪੁਲਿਸ ਨੇ 203 ਖਾਤੇ ਕੀਤੇ ਬਲਾਕ



ਚੰਡੀਗੜ੍ਹ-ਪੰਜਾਬ ਪੁਲਿਸ ਨੇ ਸੋਸ਼ਲ ਮੀਡੀਆ ’ਤੇ ਗੈਂਗਸਟਰਾਂ ਅਤੇ ਉਨ੍ਹਾਂ ਦੇ ਸਰਗਣਿਆਂ ’ਤੇ ਡਿਜੀਟਲ ਸਟਰਾਈਕ ਕੀਤੀ ਹੈ। ਪੁਲਿਸ ਨੇ ਕਰੀਬ 203 ਸੋਸ਼ਲ ਮੀਡੀਆ ਖਾਤਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਬਲਾਕ ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਖਾਤੇ ਉਹ ਹਨ ਜੋ ਗੈਂਗਸਟਰਾਂ ਦੀ ਵਡਿਆਈ ਕਰਦੇ ਹਨ। ਇਸ ਦੇ ਨਾਲ ਹੀ ਗੈਂਗਸਟਰਾਂ ਦੇ ਸਾਥੀ ਗੈਂਗ ਦੇ ਮੈਂਬਰਾਂ ਨੂੰ ਮਾਰਨ ਆਦਿ ਦੀ ਜ਼ਿੰਮੇਵਾਰੀ ਵੀ ਲੈਂਦੇ ਸਨ।

ਇਸ ਤੋਂ ਇਲਾਵਾ ਕੁਝ ਖਾਤਿਆਂ ਰਾਹੀਂ ਬੰਦੂਕਾਂ ਅਤੇ ਹਥਿਆਰਾਂ ਦਾ ਪ੍ਰਚਾਰ ਕੀਤਾ ਗਿਆ। ਇਸ ਦੇ ਨਾਲ ਹੀ ਅਜਿਹੇ ਖਾਤਿਆਂ ਤੋਂ ਪੁਲਿਸ ਅਧਿਕਾਰੀਆਂ ਨੂੰ ਜਬਰੀ ਵਸੂਲੀ ਅਤੇ ਧਮਕੀਆਂ ਵੀ ਦਿੱਤੀਆਂ ਗਈਆਂ। ਇਹ ਸਾਰੀ ਕਾਰਵਾਈ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਵੱਲੋਂ ਕੀਤੀ ਗਈ। ਇਸ ਦੌਰਾਨ 133 ਫੇਸਬੁੱਕ ਖਾਤਿਆਂ ਅਤੇ 71 ਇੰਸਟਾਗ੍ਰਾਮ ਖਾਤਿਆਂ ‘ਤੇ ਕਾਰਵਾਈ ਕੀਤੀ ਗਈ ਹੈ। ਇਸ ਤੋਂ ਇਲਾਵਾ ਹੋਰ ਖਾਤਿਆਂ ਦੀ ਪਛਾਣ ਕੀਤੀ ਜਾ ਰਹੀ ਹੈ। ਜਲਦੀ ਹੀ ਉਨ੍ਹਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ।

### ਬੇਰੁਜ਼ਗਾਰ ਨੌਜਵਾਨਾਂ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ

ਏਜੀਟੀਐਫ ਦੇ ਏਆਈਜੀ ਸੰਦੀਪ ਗੋਇਲ ਨੇ ਕਿਹਾ ਕਿ ਹਰ ਵਿਅਕਤੀ ਦੀ ਸੋਸ਼ਲ ਮੀਡੀਆ ਤੱਕ ਪਹੁੰਚ ਹੈ। ਇਸ ਦੇ ਨਾਲ ਹੀ ਗੈਂਗਸਟਰ ਵੀ ਇਸ ਦਾ ਫਾਇਦਾ ਉਠਾ ਰਹੇ ਹਨ। ਉਹ ਖਾਸ ਕਰਕੇ ਨੌਜਵਾਨਾਂ ਨੂੰ ਲਾਲਚ ਦੇ ਕੇ ਆਪਣੇ ਨਾਲ ਜੋੜਦਾ ਹੈ। ਉਨ੍ਹਾਂ ਨੂੰ ਵੀ ਅਜਿਹੇ ਕੰਮਾਂ ਵਿੱਚ ਸ਼ਾਮਲ ਕਰਦੇ ਹਨ।

### ਜੇਲ੍ਹਾਂ ਵਿੱਚ ਗੈਂਗਸਟਰ, ਖਾਤੇ ਅੱਪਡੇਟ ਕੀਤੇ ਜਾਂਦੇ ਹਨ

ਪੰਜਾਬ ’ਚ ਸਰਗਰਮ ਹਰ ਗੈਂਗਸਟਰ ਦੇ ਨਾਂ ’ਤੇ ਕਈ ਸੋਸ਼ਲ ਮੀਡੀਆ ਅਕਾਊਂਟ ਹਨ। ਭਾਵੇਂ ਗੈਂਗਸਟਰ ਸਲਾਖਾਂ ਪਿੱਛੇ ਹਨ। ਪਰ ਸਮੇਂ-ਸਮੇਂ ’ਤੇ ਉਸ ਦੇ ਨਾਂ ’ਤੇ ਬਣੇ ਖਾਤੇ ਅਪਡੇਟ ਕੀਤੇ ਜਾਂਦੇ ਹਨ। ਕੁਝ ਖਾਤੇ ਵਿਦੇਸ਼ ਤੋਂ ਚਲਾਏ ਜਾਂਦੇ ਹਨ। ਜਦੋਂ ਕਿ ਕੁਝ ਇੱਥੋਂ ਕੰਮ ਕਰਦੇ ਹਨ। ਇਨ੍ਹਾਂ ਖਾਤਿਆਂ ਨੂੰ ਅਪਡੇਟ ਕਰਨ ਵਾਲੇ ਕਈ ਲੋਕ ਫੜੇ ਵੀ ਗਏ ਹਨ। ਇਨ੍ਹਾਂ ਗੈਂਗਸਟਰਾਂ ਵਿੱਚ ਲਾਰੈਂਸ ਗੈਂਗ, ਦਵਿੰਦਰ ਬੰਬੀਹਾ ਗੈਂਗ, ਕੌਸ਼ਲ ਚੌਧਰੀ ਗੈਂਗ, ਕਾਲਾ ਜਥੇੜੀ ਗੈਂਗ, ਲਖਵੀਰ ਲੰਡਾ ਅਤੇ ਜੱਗੂ ਭਗਵਾਨਪੁਰੀਆ ਦੇ ਨਾਂ ਸ਼ਾਮਲ ਹਨ।

### 1408 ਗੈਂਗਸਟਰ ਜੇਲ ਭੇਜੇ

ਏਜੀਟੀਐਫ ਦਾ ਗਠਨ 6 ਅਪ੍ਰੈਲ 2022 ਨੂੰ ਕੀਤਾ ਗਿਆ ਸੀ। ਇਸ ਤੋਂ ਬਾਅਦ ਸੰਸਥਾ ਲਗਾਤਾਰ ਚੰਗਾ ਕੰਮ ਕਰ ਰਹੀ ਹੈ। ਦੋ ਸਾਲਾਂ ਵਿੱਚ 1408 ਗੈਂਗਸਟਰ ਅਤੇ ਅਪਰਾਧੀ ਗ੍ਰਿਫ਼ਤਾਰ ਕੀਤੇ ਗਏ ਹਨ। ਇਸ ਦੇ ਨਾਲ ਹੀ ਪੁਲਿਸ ਨੇ 505 ਖਾੜਕੂ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਹੁਣ ਤੱਕ ਗੈਂਗਸਟਰਾਂ ਕੋਲੋਂ 1332 ਹਥਿਆਰ ਬਰਾਮਦ ਕੀਤੇ ਹਨ। ਇਨ੍ਹਾਂ ਹਥਿਆਰਾਂ ਵਿੱਚ ਵਿਦੇਸ਼ੀ ਰਿਵਾਲਵਰ, ਪਿਸਤੌਲ, ਅਸਾਲਟ ਰਾਈਫਲਾਂ ਅਤੇ ਇੱਥੋਂ ਤੱਕ ਕਿ ਆਟੋਮੈਟਿਕ ਹਥਿਆਰ ਵੀ ਸ਼ਾਮਲ ਹਨ। ਇਹ ਹਥਿਆਰ ਮੱਧ ਪ੍ਰਦੇਸ਼, ਬਿਹਾਰ ਅਤੇ ਸਰਹੱਦ ਪਾਰ ਤੋਂ ਡਰੋਨ ਜਾਂ ਸਮੁੰਦਰੀ ਰਸਤੇ ਰਾਹੀਂ ਆ ਰਹੇ ਹਨ। ਪੁਲਿਸ ਨੇ 292 ਵਾਹਨ ਜ਼ਬਤ ਕੀਤੇ ਹਨ। ਜਦਕਿ ਇਹ ਕਾਰਵਾਈ ਵੀ ਲਗਾਤਾਰ ਜਾਰੀ ਹੈ।

# ਕ੍ਰਿਕਟਰ ਰਵਿੰਦਰ ਜਡੇਜਾ ਭਾਜਪਾ ਚ ਸ਼ਾਮਲ

ਜਾਮਨਗਰ: ਭਾਜਪਾ ਵੱਲੋਂ ਚਲਾਈ ਮੈਂਬਰਸ਼ਿਪ ਮੁਹਿੰਮ ਦੌਰਾਨ ਕ੍ਰਿਕਟਰ ਰਵਿੰਦਰ ਜਡੇਜਾ ਪਾਰਟੀ ਵਿਚ ਸ਼ਾਮਲ ਹੋ ਗਏ। ਜਡੇਜਾ ਦੀ ਪਤਨੀ ਤੇ ਭਾਜਪਾ ਵਿਧਾਇਕ ਰਿਵਾਬਾ ਜਡੇਜਾ ਨੇ ਇਹ ਜਾਣਕਾਰੀ ਦਿੱਤੀ। ਰਿਵਾਬਾ ਨੇ ਅੱਜ ਐਕਸ ਪੋਸਟ ਵਿਚ ਹੈਸ਼ਟੈਗ ਸਦੱਸਿਅਤਾ ਅਭਿਆਨ 2024 ਨਾਲ ਜਡੇਜਾ ਦੇ ਮੈਂਬਰਸ਼ਿਪ ਕਾਰਡ ਤੇ ਆਪਣੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਿਵਾਬਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ੁਰੂ ਕੀਤੀ ਤੇ ਪੂਰੇ ਦੇਸ਼ ਵਿਚ ਚੱਲ ਰਹੀ ਮੈਂਬਰਸ਼ਿਪ ਮੁਹਿੰਮ ਦੌਰਾਨ ਕ੍ਰਿਕਟਰ ਰਵਿੰਦਰ ਜਡੇਜਾ ਪਾਰਟੀ ਮੈਂਬਰ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਜਡੇਜਾ ਨੇ 2 ਸਤੰਬਰ ਨੂੰ ਨਵੀਂ ਦਿੱਲੀ ਫ਼ਰਸਤੋਂਚ ਆਪਣੀ ਮੈਂਬਰਸ਼ਿਪ ਨਵਿਆਈ ਸੀ। ਚੇਤੇ ਰਹੇ ਕਿ ਭਾਰਤ ਦੇ ਇਸ ਹਰਫ਼ਨਮੌਲਾ ਕ੍ਰਿਕਟਰ ਨੇ ਇਸ ਸਾਲ ਜੂਨ ਵਿਚ ਟੀ-20 ਵਿਸ਼ਵ ਕੱਪ ਜਿੱਤਣ ਤੋਂ ਬਾਅਦ ਟੀ-20 ਕ੍ਰਿਕਟ ਨੂੰ ਅਲਵਿਦਾ ਆਖ ਦਿੱਤੀ ਸੀ। ਰਿਵਾਬਾ 2019 ਵਿਚ ਭਾਜਪਾ ਫ਼ਰਸਤੋਂਚ ਸ਼ਾਮਲ ਹੋਈ ਸੀ ਤੇ ਉਸ ਨੇ 2022 ਵਿਚ ਗੁਜਰਾਤ ਅਸੈਂਬਲੀ ਦੀਆਂ ਚੋਣਾਂ ਫ਼ਰਸਤੋਂਚ ਜਾਮਨਗਰ ਉੱਤਰੀ ਸੀਟ ਤੋਂ ਆਪ ਉਮੀਦਵਾਰ ਨੂੰ 55000 ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ।

MANAK
SOLICITORS

**Nosheen Bukhari**
Wills & Probate Director

Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.



Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS


Lexcel
Legal Practice Quality Mark
Law Society Accredited



**Rajbir Singh Manak MA (Hons)** **Surinder Singh Manak LLB (Hons)**

# ਇੰਗਲੈਂਡ ਦੇ ਉਘੇ ਬਿਜਨੈਸਮੈਨ, ਯੌਰਕਸ਼ਾਇਰ ਸਿੱਖ ਫੋਰਮ ਦੇ ਚੇਅਰਮੈਨ (ਐਮ ਬੀ ਈ) ਸ: ਨਿਰਮਲ ਸਿੰਘ ਸੇਖੋਂ (Phd) ਦਾ ਬ੍ਰੈਡਫੋਰਡ ਦੇ ਮੁਸਲਿਮ ਭਾਈਚਾਰੇ ਵੱਲੋਂ ਮਾਣ ਸਨਮਾਨ

## ਸਮੁੱਚੇ ਭਾਈਚਾਰੇ ਦੀਆਂ ਵਡਮੁੱਲੀਆਂ ਸੇਵਾਵਾਂ ਕਰਨ ਲਈ ਸ: ਨਿਰਮਲ ਸਿੰਘ ਸੇਖੋਂ ਦਾ ਵੱਖ ਵੱਖ ਭਾਈਚਾਰਿਆਂ ਅਤੇ ਸਭਾ ਸੰਸਥਾਵਾਂ ਵੱਲੋਂ ਕੀਤਾ ਜਾ ਰਿਹਾ ਹੈ ਸਨਮਾਨ



Nirmal Singh Sekhon Phd.
Chairman YSF, (MBE), FRSA

ਇੰਗਲੈਂਡ ਦੇ ਉੱਘੇ ਬਿਜਨੈਸਮੈਨ, ਬਹੁਤ ਸਾਰੀਆਂ ਸੰਸਥਾਵਾਂ ਦੇ ਮੈਂਬਰ ਤੇ ਸਮਾਜ ਸੇਵੀ ਸ: ਨਿਰਮਲ ਸਿੰਘ ਸੇਖੋਂ ਦਾ ਭਾਈਚਾਰੇ ਦੀਆਂ ਸੇਵਾਵਾਂ ਲਈ ਵੱਖ-ਵੱਖ ਭਾਈਚਾਰਿਆਂ ਤੇ ਸਭਾ ਸੰਸਥਾਵਾਂ ਵੱਲੋਂ ਮਾਣ ਸਨਮਾਨ ਕੀਤਾ ਜਾ ਰਿਹਾ ਹੈ। ਇਸ ਤਹਿਤ ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦੇ ਕੇ ਨਿਵਾਜਿਆ ਗਿਆ।

ਸ: ਨਿਰਮਲ ਸਿੰਘ ਸੇਖੋਂ ਜਨਵਰੀ 1952 ਨੂੰ ਪੰਜਾਬ ਵਿੱਚ ਪੈਦਾ ਹੋਏ ਅਤੇ 15 ਸਾਲ ਦੀ ਉਮਰ ਵਿੱਚ 1967 ਨੂੰ ਇੰਗਲੈਂਡ ਆ ਗਏ। ਇਥੇ ਆ ਕੇ ਉਹਨਾਂ ਨੇ ਬੜੀ ਸਖਤ ਮਿਹਨਤ ਨਾਲ ਕਾਰੋਬਾਰ ਸਥਾਪਤ ਕੀਤਾ ਤੇ ਅੱਗੇ ਹੀ ਅੱਗੇ ਵਧਦੇ ਗਏ। ਉਹ ਇੱਕ ਵਧੀਆ ਕਾਰੋਬਾਰੀ ਸਾਬਤ ਹੋਏ ਤੇ ਯੂ ਕੇ ਦੇ ਸਰਕਾਰੀ, ਗੈਰ ਸਰਕਾਰੀ ਅਦਾਰਿਆਂ, ਕੌਂਸਲ, ਚਰਚ, ਪੁਲਿਸ, ਭਾਰਤ ਦੇ ਸਰਕਾਰੀ ਅਦਾਰਿਆਂ ਹੋਮ ਆਫਿਸ ਅਤੇ ਹਾਈ ਕਮਿਸ਼ਨ ਤੱਕ ਸੰਪਰਕ ਰੱਖਦੇ ਹੋਏ ਸਮਾਜ ਦੇ ਲੋੜਵੰਦ ਲੋਕਾਂ ਦੀ ਹਮੇਸ਼ਾਂ ਮਦਦ ਕਰਨ ਲਈ ਤਤਪਰ ਰਹਿੰਦੇ ਹਨ। ਸ: ਸੇਖੋਂ ਵੱਲੋਂ ਸਥਾਪਿਤ ਕੀਤੀ ਗਈ ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਵੱਖ-ਵੱਖ ਭਾਈਚਾਰਿਆਂ ਵਧੀਆ ਸਬੰਧ ਬਣਾ ਕੇ ਸੰਸਾਰ ਦੀ ਖੁਸ਼ਹਾਲੀ ਤੇ ਸ਼ਾਂਤੀ ਲਈ ਹਰ ਸਾਲ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਅਤੇ ਯੂ ਕੇ ਦੀਆਂ ਸਰਕਾਰੀ ਅਥਾਰਟੀਆਂ, ਸੰਸਦ ਮੈਂਬਰਾਂ, ਕੌਂਸਲਰਾਂ, ਸਿਆਸੀ ਆਗੂਆਂ ਅਤੇ ਭਾਰਤੀ ਦੂਤਘਰ ਨਾਲ ਰਾਬਤਾ ਕਰਕੇ ਭਾਈਚਾਰੇ ਦੀ ਮਦਦ ਕੀਤੀ ਜਾਂਦੀ। ਉਹਨਾਂ ਦਾ ਯੂ ਕੇ ਵਿੱਚ ਪੰਜਾਬੀ ਮੀਡੀਏ ਨੂੰ ਵੀ ਬਹੁਤ ਸਹਿਯੋਗ ਪ੍ਰਾਪਤ ਹੈ।

ਉਹਨਾਂ ਦੇ ਸਮਾਜਿਕ ਕੰਮਾਂ ਵਿੱਚ ਯੋਗਦਾਨ ਨੂੰ ਦੇਖਦਿਆਂ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਉਹਨਾਂ ਦਾ ਮਾਣ ਸਨਮਾਨ ਕੀਤਾ ਗਿਆ ਅਤੇ ਉਹਨਾਂ ਅੱਗੇ ਲਿਖੇ ਅਨੁਸਾਰ ਮਨੁੱਖਤਾ ਲਈ ਸੇਵਾਵਾਂ ਨਿਭਾਈਆਂ:

* ਯੂਨਾਈਟਿਡ ਸਿੱਖ ਐਸੋਸੀਏਸ਼ਨ ਸਿੱਖ ਟੈਂਪਲ ਬ੍ਰੈਡਫੋਰਡ ਦੀ 1978 ਤੋਂ 1991 ਤੱਕ ਸੇਵਾ ਨਿਭਾਈ
* ਚੇਅਰਮੈਨ/ਟਰੱਸਟੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ
* ਬਟਰਸ਼ਾਅ ਅੱਪਰ ਸਕੂਲ ਦੇ ਗਵਰਨਰ
* ਚੇਅਰਮੈਨ ਬ੍ਰੈਡਫੋਰਡ ਸਿੱਖ ਪੇਅਰੈਂਟਸ ਐਸੋਸੀਏਸ਼ਨ
* ਚੇਅਰਮੈਨ ਵੈਸਟ ਯੌਰਕਸ਼ਾਇਰ ਪੁਲਿਸ ਫੋਰਮ
* ਗਵਰਨਰ ਸ਼ਿੱਪਲੀ ਕਾਲਜ
* ਖਜ਼ਾਨਚੀ ਬ੍ਰੈਡਫੋਰਡ ਸਿੱਖ ਆਰਗੇਨਾਈਜੇਸ਼ਨ
* ਚੇਅਰਮੈਨ ਯੌਰਕਸ਼ਾਇਰ ਬਿਜਨੈਸ ਫੋਰਮ
* ਚੇਅਰਮੈਨ ਬ੍ਰੈਡਫੋਰਡ ਵੈਸਟ ਕ੍ਰਾਈਮ ਪ੍ਰਵੈਨਸ਼ਨ ਪੈਨਲ
* ਚੇਅਰਮੈਨ ਤੇ ਪੇਟਰਨ ਯੌਰਕਸ਼ਾਇਰ ਸਿੱਖ ਫੋਰਮ
* ਪ੍ਰਮੋਟਰ ਤੇ ਡਾਇਰੈਕਟਰ ਖਾਲਸਾ ਕ੍ਰੈਡਿਟ ਯੂਨੀਅਨ

ਇਹਨਾਂ ਦੇ ਇਲਾਵਾ ਉਹਨਾਂ ਬ੍ਰੈਡਫੋਰਡ ਕੰਨਜ਼ਰਵੇਟਿਵ ਪਾਰਟੀ ਦੇ (ਹਾਊਸ ਆਫ ਕੌਮਨਜ਼) ਦੇ ਵੰਨ ਨੇਸ਼ਨ ਫੋਰਮ ਦੇ ਮੈਂਬਰ, ਏਸ਼ੀਅਨ ਬਿਜਨੈਸ ਫੋਰਮ ਬ੍ਰੈਡਫੋਰਡ ਕੌਂਸਲ ਦੇ ਮੈਂਬਰ, ਡਾਇਰੈਕਟਰ ਤੇ ਫਾਊਂਡਰ ਮੈਂਬਰ ਬ੍ਰੈਡਫੋਰਡ ਏਸ਼ੀਅਨ ਬਿਜਨੈਸ, ਬ੍ਰੈਡਫੋਰਡ ਰੇਸ਼ਲ ਈਕੁਐਲਟੀ ਕੌਂਸਲ ਦੇ ਮੈਂਬਰ, ਬ੍ਰੈਡਫੋਰਡ ਡਿਊਕ ਆਫ਼ ਐਡਨਬਰਾ ਐਵਾਰਡ ਸੈਂਟਰ ਦੇ ਟਰੱਸਟੀ, ਬ੍ਰੈਡਫੋਰਡ ਰੋਟਰੀ ਕਲੱਬ ਦੇ ਮੈਂਬਰ, ਚੇਅਰਮੈਨ ਓਵਰਸੀਜ਼ ਕੌਂਗਰਸ ਪਾਰਟੀ ਯੂ ਕੇ, ਚੇਅਰਮੈਨ ਕ੍ਰਾਈਮ ਪ੍ਰੀਵੈਨਸ਼ਨ ਪੈਨਲ, ਨੈਸ਼ਨਲ ਹੈਲਥ ਕਮਿਊਨਿਟੀ ਦੇ ਪ੍ਰਤੀਨਿੱਧ, ਘੱਟ ਗਿਣਤੀਆਂ ਲਈ ਪੁਲਿਸ ਲੇਜ਼ਨ ਕਮੇਟੀ ਦੇ ਫਾਊਂਡਰ, ਵਾਈਸ ਚੇਅਰਮੈਨ ਅਤੇ ਚੇਅਰਮੈਨ ਵਜੋਂ ਸੇਵਾਵਾਂ ਨਿਭਾਈਆਂ। 1999 ਵਿੱਚ ਉਹਨਾਂ ਨੂੰ ਬਰਤਾਨੀਆ ਦੀ ਮਹਾਰਾਣੀ ਵੱਲੋਂ ਐਮ ਬੀ ਈ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੇ ਇਲਾਵਾ ਹੁਣ ਤੱਕ ਉਹ ਹੇਠ ਲਿਖੀਆਂ ਸੰਸਥਾਵਾਂ ਦੇ ਮੈਂਬਰ ਤੇ ਸੰਸਥਾਪਕ ਵਜੋਂ ਸਰਗਰਮ ਰਹੇ ਹਨ:

* ਮੈਂਬਰ ਆਫ਼ ਹਾਰਟ ਗਰੁੱਪ ਟੀਮ
* ਐਗਜ਼ੈਕਟਿਵ ਮੈਂਬਰ ਚੈਂਬਰ ਆਫ ਕਮਰਸ
* ਚੇਅਰਮੈਨ, ਬ੍ਰੈਡਫੋਰਡ ਅਤੇ ਜਲੰਧਰ ਟਵਿੰਨਿੰਗ ਬੋਰਡ
* ਡਾਇਰੈਕਟਰ ਰੀਅਲ ਰੇਡੀਓ ਯੌਰਕਸ਼ਾਇਰ
* ਮੈਂਬਰ ਫੰਡਰੇਜ਼ਿੰਗ ਬ੍ਰੈਡਫੋਰਡ ਗਰਾਮਰ ਸਕੂਲ
* ਮੈਂਬਰ ਬ੍ਰੈਡਫੋਰਡ ਚਾਨ ਅਪੀਲ ਕੈਂਸਰ ਰਿਸਰਚ
* ਡਾਇਰੈਕਟਰ ਟਰਾਈ ਮਿਲਜ਼ ਲਿਮ: ਬ੍ਰੈਡਫੋਰਡ
* ਐਵਾਰਡ - ਏਸ਼ੀਅਨ ਟਰੇਡ ਲਿੰਕ
* ਬ੍ਰੈਡਫੋਰਡ ਸਿਟੀ ਕੌਂਸਲ ਵੱਲੋਂ ਜੀਵਨ ਭਰ ਦੀਆਂ ਪ੍ਰਾਪਤੀਆਂ ਐਵਾਰਡ
* ਪੇਟਰਨ ਏਸ਼ੀਅਨ ਬਿਜ਼ਨੈਸ ਐਸੋਸੀਏਸ਼ਨ
* ਪੇਟਰਨ ਬ੍ਰੈਡਫੋਰਡ ਪੁਲਿਸ ਲੀਏਜ਼ਨ
* ਸੈਂਟ ਜੇਮਜ਼ ਹੌਸਪੀਟਲ ਕੈਂਸਰ ਅਪੀਲ ਦੇ ਮੈਂਬਰ
* ਅੰਬੈਸਡਰ ਯੌਰਕਸ਼ਾਇਰ ਸੋਸਾਇਟੀ
* ਫੈਲੋਸ਼ਿੱਪ ਦਾ ਰੌਇਲ ਸੋਸਾਇਟੀ ਆਫ਼ ਆਰਟਸ
* ਏਸ਼ੀਅਨ ਜਿਊਲ ਐਵਾਰਡ (ਮਾਨਚੈਸਟਰ)
* ਅਲਫ਼ਾ ਐਵਾਰਡ
* 2007 ਵਿੱਚ ਭਾਰਤ ਤੇ ਪਾਕਿਸਤਾਨ ਲਈ ਵਿਸ਼ੇਸ਼ ਡੈਲੀਗੇਸ਼ਨ ਲਈ ਕੰਮ ਕੀਤਾ, ਜਿਸ ਤਹਿਤ ਪੁਲਿਸ, ਕਾਲਜਾਂ ਤੇ ਯੂਨੀਵਸਿਟੀਆਂ ਨਾਲ ਸਬੰਧ ਸਥਾਪਤ ਕੀਤੇ ਗਏ। ਭਾਰਤ ਦੇ ਪ੍ਰਧਾਨ ਮੰਤਰੀ ਸ: ਮਨਮੋਹਨ ਸਿੰਘ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮਿ: ਅਜ਼ੀਜ਼ ਨੂੰ ਮਿਲੇ।
* ਯੂਨੀਸੈਫ਼ ਦੇ ਇੱਕ ਪ੍ਰੋਗਰਾਮ ਤਹਿਤ ਵਰਲਡ ਏਡ ਡੇਅ ਲਈ ਹਾਊਸ ਆਫ਼ ਲੌਰਡਜ਼ ਵਿਖੇ ਲੌਰਡ ਪਟੇਲ ਅਤੇ ਚੈਰੀ ਬੂਥ ਨੂੰ ਮਿਲੇ।
* ਕੰਨਜ਼ਰਵੇਟਿਵ ਪਾਰਟੀ ਦੇ ਪੇਟਰਨ
* ਏਸ਼ੀਅਨ ਭਾਈਚਾਰੇ ਦੇ ਬਜ਼ੁਰਗਾਂ ਲਈ ਯਾਤਰਾ ਦਾ ਪ੍ਰਬੰਧ ਕੀਤਾ
* ਹਾਰਟ ਸੁਪੋਰਟ ਦੇ ਟਰੱਸਟੀ ਵਜੋਂ ਬੇਘਰੇ ਲੋਕਾਂ ਲਈ ਫੰਡ ਇਕੱਠੇ ਕੀਤੇ।
* 2012 ਵਿੱਚ ਵਿਸਾਖੀ ਸਮਾਗਮ ਦਾ ਪ੍ਰਬੰਧ ਕੀਤਾ ਜਿਸ ਵਿੱਚ ਭਾਰਤ ਤੇ ਯੂ ਕੇ ਦੀਆਂ ਸੇਵਾ ਸੰਸਥਾਵਾਂ ਦੀ ਮਦਦ ਲਈ ਅਹਿਮ ਸ਼ਖਸੀਅਤਾਂ ਸ਼ਾਮਿਲ ਹੋਈਆਂ
* ਦੋ ਵਿਸ਼ਵ ਯੁੱਧਾਂ ਵਿੱਚ ਜਾਨਾਂ ਵਾਰਨ ਵਾਲੇ ਫੌਜੀਆਂ ਦੀ ਯਾਦ ਵਿੱਚ ਬੁੱਤ ਸਥਾਪਤ ਕਰਨ ਲਈ ਫੰਡ ਇਕੱਠਾ ਕੀਤਾ।
* 2017 - ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਫੈਲੋਸ਼ਿੱਪ ਦੇ ਕੇ ਸਨਮਾਨ ਕੀਤਾ ਗਿਆ
* 2018 - ਬ੍ਰੈਡਫੋਰਡ ਯੂਨੀਵਰਸਿਟੀ ਦੇ ਇੱਕ ਡੈਲੀਗੇਸ਼ਨ ਦੇ ਮੈਂਬਰ ਵਜੋਂ ਭਾਰਤ ਨੂੰ ਗਏ, ਜਿਸ ਵਿੱਚ ਵਾਈਸ ਚਾਂਸਲਰ ਸ਼ਾਮਿਲ ਸਨ।
* 2019 - ਪੁਲਿਸ ਮਿਊਜ਼ੀਅਮ ਦੇ ਟਰੱਸਟੀ ਵਜੋਂ ਸੇਵਾਵਾਂ ਨਿਭਾਈਆਂ।

## ਸ: ਨਿਰਮਲ ਸਿੰਘ ਸੇਖੋਂ M B E ਐਮ.ਬੀ.ਈ. ਦੀਆਂ ਸੇਵਾਵਾਂ ਲਈ ਮੁਸਲਿਮ ਭਾਈਚਾਰੇ ਵੱਲੋਂ ਮਾਣ ਸਨਮਾਨ





ਸ: ਨਿਰਮਲ ਸਿੰਘ ਸੇਖੋਂ ਐਮ ਬੀ ਈ (ਪੀ ਐਚ ਡੀ), ਮੁਸਲਿਮ ਭਾਈਚਾਰੇ ਨਾਲ ਇੱਕ ਮੀਟਿੰਗ ਦੌਰਾਨ ਗੱਲਬਾਤ ਕਰਦੇ ਹੋਏ

ਮੁਸਲਿਮ ਭਾਈਚਾਰੇ ਦੀਆਂ ਉੱਘੀਆਂ ਸ਼ਖਸੀਅਤਾਂ ਵਿੱਚੋਂ ਫ਼ਜ਼ਲ ਹੁਸੈਨ ਐਮ.ਬੀ.ਈ. ਵੱਲੋਂ ਸ: ਨਿਰਮਲ ਸਿੰਘ ਸੇਖੋਂ ਐਮ.ਬੀ.ਈ. ਦਾ ਸ਼ੀਸ਼ ਮਹਿਲ ਰੈਸਟੋਰੈਂਟ ਬ੍ਰੈਡਫੋਰਡ ਵਿਚ ਬੜੀ ਧੂਮਧਾਮ ਨਾਲ ਸਵਾਗਤ ਅਤੇ ਮਾਣ ਸਨਮਾਨ ਕੀਤਾ ਗਿਆ। ਇਸ ਮੌਕੇ ਓਥੇ ਖਾਣ ਪੀਣ ਦਾ ਵੀ ਬਹੁਤ ਵਧੀਆ ਇੰਤਜ਼ਾਮ ਕੀਤਾ ਗਿਆ ਸੀ। ਸ: ਨਿਰਮਲ ਸਿੰਘ ਨੇ ਮੁਸਲਿਮ ਭਾਈਚਾਰੇ ਵਾਸਤੇ ਜੋ ਸੇਵਾਵਾਂ ਕੀਤੀਆਂ ਉਹਨਾਂ ਦੀ ਮਸਜਿਦ ਲਈ ਜੋ ਉਪਰਾਲਾ ਕੀਤਾ, ਇਸ ਮੀਟਿੰਗ ਵਿਚ ਮੁਸਲਮਾਨ ਆਗੂਆਂ ਨੇ ਉਹਨਾਂ ਸਾਰੇ ਕੰਮਾਂ ਬਾਰੇ ਆਪਣੇ ਭਾਸ਼ਨ ਵਿਚ ਜ਼ਿਕਰ ਕੀਤਾ। ਸ: ਨਿਰਮਲ ਸਿੰਘ ਨੇ ਪੁਲਿਸ ਲੇਇਜ਼ਨ ਕਮੇਟੀ ਦੇ ਚੇਅਰਮੈਨ ਵਜੋਂ ਬਹੁਤ ਸਾਰੀਆਂ ਬੱਚੀਆਂ ਜਿਨ੍ਹਾਂ ਨੂੰ ਵਰਗਲਾ ਕੇ ਤੰਗ ਕੀਤਾ ਜਾ ਰਿਹਾ ਸੀ ਉਹਨਾਂ ਨੂੰ ਪੁਲਿਸ ਦੇ ਸਹਿਯੋਗ ਨਾਲ ਉਹਨਾਂ ਦੇ ਮਾਤਾ ਪਿਤਾ ਕੋਲ ਪਹੁੰਚਾਇਆ।

ਇਸ ਦੇ ਇਲਾਵਾ ਸ: ਨਿਰਮਲ ਸਿੰਘ ਨੇ ਬ੍ਰੈਡਫੋਰਡ ਹਸਪਤਾਲ ਲਈ ਵੀ ਸਕੈਨਿੰਗ ਮਸ਼ੀਨ ਦਾ ਉਪਰਾਲਾ ਕੀਤਾ ਜਿਸਦੀ ਲਾਗਤ 1.2 ਮਿਲੀਅਨ ਪੌਂਡ ਸੀ ਜਿਸ ਵਿਚ ਬ੍ਰੈਡਫੋਰਡ ਦੇ ਨਾਮੀ ਬੈਂਕ ਵਪਾਰੀਆਂ ਅਤੇ ਕਮਿਊਨਿਟੀ ਆਗੂਆਂ ਨੇ ਵੀ ਆਪਣਾ ਸਾਥ ਦਿੱਤਾ। ਉਹਨਾਂ ਨੇ £9000 ਪੌਂਡ ਇਕੱਠਾ ਕਰਕੇ ਲੀਡਜ਼ ਹਸਪਤਾਲ ਦੇ ਲਿਵਰ ਡਿਪਾਰਟਮੈਂਟ ਨੂੰ ਵੀ ਦਿੱਤਾ। ਉਹਨਾਂ ਨੇ ਲੀਡਜ਼, ਬ੍ਰੈਡਫੋਰਡ ਤੇ ਹਡਰਸਫ਼ੀਲਡ ਦੇ ਹਸਪਤਾਲਾਂ ਦੀ ਵੀ ਬਹੁਤ ਮਦਦ ਕੀਤੀ। ਉਹਨਾਂ ਨੇ ਇੰਡੀਆ ਤੋਂ ਆਏ ਵਿਦਿਆਰਥੀਆਂ ਨੂੰ ਬ੍ਰੈਡਫੋਰਡ ਯੂਨੀਵਰਸਿਟੀ ਵਿਚ ਦਾਖਲਾ ਦਿਵਾ ਕੇ ਯੂਨੀਵਰਸਿਟੀ ਦੇ ਖਜ਼ਾਨੇ ਵਿਚ ਇਜ਼ਾਫਾ ਕੀਤਾ। ਉਹਨਾਂ ਨੇ ਬ੍ਰੈਡਫੋਰਡ ਦੇ ਨਾਮੀ ਕਬੱਡੀ ਤੇ ਫੁੱਟਬਾਲ ਕਲੱਬਾਂ ਨੂੰ ਵੀ ਪੈਸੇ ਦੇ ਕੇ ਉਹਨਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਖਿਡਾਰੀਆਂ ਦੇ ਹੌਂਸਲੇ ਬੁਲੰਦ ਕੀਤੇ। ਸ: ਨਿਰਮਲ ਸਿੰਘ ਸੇਖੋਂ ਦਾ ਪੁੱਤਰ ਇਕਬਾਲ ਸਿੰਘ ਸੇਖੋਂ (ਸਿੰਮੀ) ਆਪਣੇ ਪਿਤਾ ਸ: ਨਿਰਮਲ ਸਿੰਘ ਸੇਖੋਂ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਹੋਇਆਂ 65 ਤੋਂ ਉਪਰ ਬੱਚਿਆਂ ਨੂੰ ਗੋਦ ਲੈ ਕੇ ਉਹਨਾਂ ਦੀ ਪੜ੍ਹਾਈ, ਖਾਣ-ਪੀਣ, ਉਹਨਾਂ ਦੇ ਰਹਿਣ ਅਤੇ ਕੱਪੜਿਆਂ ਦਾ ਵੀ ਇੰਤਜ਼ਾਮ ਕਰਦਾ ਹੈ। ਇਸ ਮੀਟਿੰਗ ਵਿਚ ਮੁਸਲਿਮ ਭਾਇਚਾਰੇ ਦੇ ਫ਼ਜ਼ਲ ਹੁਸੈਨ ਐਮ.ਬੀ.ਈ. ਵੱਲੋਂ ਡਾਕਟਰ ਨਿਰਮਲ ਸਿੰਘ ਸੇਖੋਂ ਐਮ.ਬੀ.ਈ. ਨੂੰ ਉਹਨਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।


**YORKSHIRE SIKH FORUM**

For more Information Contact: CHAIRMAN - Dr. Nirmal Singh Sekhon MBE, FRSA, Phd. - 07890 735123
GEN. SEC. - Hardev Singh Sidhu - 07518 882887, TREASURER - Dalbir Singh Kundi - 07971 192812



Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਬਿਧੀ ਚੰਦ ਛੀਨਾ

ਰਮੇਸ਼ ਬੱਗਾ ਚੋਹਲਾ
ਮੋਬ:9463132719



ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ
ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥

ਇਨ੍ਹਾਂ ਪਾਵਨ ਪੰਕਤੀਆਂ ਵਿਚ ਕਬੀਰ ਸਾਹਿਬ ਨੇ ਜਿਥੇ ਮਾਨਵ-ਜੀਵਨ ਦੀ ਵੱਡਮੁੱਲਤਾ ਦੀ ਗੱਲ ਕੀਤੀ ਹੈ,ਉਥੇ ਨਾਲ ਹੀ ਇਸ ਦੀ ਮੁੜ-ਪ੍ਰਾਪਤੀ ਦੀ ਆਸਵੰਦਤਾ ਨੂੰ ਵੀ ਰੱਦ ਕਰ ਦਿੱਤਾ ਹੈ।ਆਪਣੇ ਖਿਆਲ ਨੂੰ ਦ੍ਰਿੜ ਕਰਵਾਉਂਦਿਆਂ ਭਗਤ ਸਾਹਿਬ ਨੇ ਉਸ ਪੱਕੇ ਹੋਏ ਫ਼ਲ ਦੀ ਉਦ-ਾਹਰਣ ਵੀ ਦਿੱਤੀ ਹੈ ਜਿਹੜਾ ਇੱਕ ਵਾਰ ਦਰਖਤ ਦੀ ਟਹਿਣੀ ਨਾਲੋਂ ਟੁੱਟ ਜਾਵੇ ਤਾਂ ਦੁਬਾਰਾ ਉਸ ਨਾਲ ਨਹੀਂ ਜੁੜ ਸਕਦਾ।

*ਸੱਚਮੁੱਚ ਮਨੁੱਖੀ ਜੀਵਨ ਬੇਸ਼ਕੀਮਤੀ ਹੈ ਪਰ ਕਈ ਵਿਅਕਤੀ ਇਸ ਦੀ ਸਹੀ ਅਤੇ ਸਾਰਥਿਕ ਕੀਮਤ ਨਾ ਪਾ ਕੇ ਇਸ ਨੂੰ ਕੌਡੀਆਂ ਦੇ ਭਾਅ ਹੀ ਗੁਆ ਦਿੰਦੇ ਹਨ।ਭੰਗ ਦੇ ਭਾੜੇ ਗੁਆਏ ਜਾ ਰਹੇ ਹੀਰੇ ਜਨਮ ਤੋਂ ਬੇਖ਼ਬਰ ਇਹ ਪ੍ਰਾਣੀ ਜੀਵਨ ਦੇ ਅਸਲ ਮਨੋਰਥ ਤੋਂ ਭਟਕ ਜਾਂਦੇ ਹਨ।ਇਸ ਭਟਕਣ ਦੇ ਕਾਰਨ ਕਈ ਵਾਰ ਉਹ ਕਿਸੇ (ਸਮਾਜਿਕ ਤੌਰ 'ਤੇ) ਅਸਵੀਕਾਰਨ ਯੋਗ ਕਾਰ ਵਿਚ ਗ਼ਲਤਾਨ ਹੋਣ ਕਰਕੇ ਜਿਥੇ ਕਿਸੇ ਬਦਨਾਮੀ ਦੇ ਭਾਗੀਦਾਰ ਬਣ ਜਾਂਦੇ ਹਨ ਉਥੇ ਆਪਣੀ ਭਰੋਸੇਯੋਗਤਾ ਨੂੰ ਖ਼ੋਰਾ ਵੀ ਲਗਾ ਲੈਂਦੇ ਹਨ।ਸਮਾਜ ਦੀਆਂ ਸਨਮਾਨਜਨਕ ਸੱਥਾਂ ਵਿਚ ਇਨ੍ਹਾਂ ਵਿਅਕਤੀਆਂ ਦੀ ਕਦੇ ਸਤਿਕਾਰਤ ਨਾਮ-ਚਰਚਾ ਨਹੀਂ ਹੁੰਦੀ ਸਗੋਂ ਲੋਕ ਇਨ੍ਹਾਂ ਨੂੰ ਨਿੰਦਦੇ, ਭੰਡਦੇ ਅਤੇ ਕੋਸਦੇ ਰਹਿੰਦੇ ਹਨ।ਪਰ ਕਈ ਵਾਰ ਇਨ੍ਹਾਂ ਅਸਤਿਕਾਰੇ ਮਨੁੱਖਾਂ ਦੇ ਜੀਵਨ ਵਿਚ ਕੋਈ ਅਜਿਹਾ ਮੋੜ ਵੀ ਆ ਜਾਂਦਾ ਹੈ ਜਿਹੜਾ ਉਨ੍ਹਾਂ ਦੇ ਲੀਹੋਂ ਲੱਥੇ ਜੀਵਨ ਨੂੰ ਨਾ ਸਿਰਫ ਲੀਹ ਉੱਪਰ ਪਾ ਦਿੰਦਾ ਹੈ ਸਗੋਂ ਉਨ੍ਹਾਂ ਦੀ ਵੱਖਰੀ ਤੇ ਇਤਿਹਾਸਕ ਪਹਿਚਾਣ ਵੀ ਕਾਇਮ ਦਿੰਦਾ ਹੈ।ਇਸੇ ਤਰ੍ਹਾਂ ਦੀ ਪਹਿਚਾਣ ਕਾਇਮ ਕਰਨ ਵਿਚ ਹੀ ਸ਼ਾਮਿਲ ਹੈ ਭਾਈ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ ਦਾ ਨਾਮ।

. ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਮੇਂ ਗੁਰ-ਘਰ ਲਈ ਵੱਡੀਆਂ ਮੱਲਾਂ ਮਾਰਨ ਵਾਲੇ ਭਾਈ ਬਿਧੀ ਚੰਦ ਦਾ ਜਨਮ ਪਿੰਡ ਸੁਰ ਸਿੰਘ ਦੇ ਵਸਨੀਕ ਭਾਈ ਵੱਸਣ ਸਿੰਘ ਦੇ ਘਰ ਹੋਇਆ।ਮਹਾਨਕੋਸ਼ ਦੇ ਹਵਾਲੇ ਨਾਲ ਭਾਈ ਬਿਧੀ ਚੰਦ ਭਾਈ ਭਿਖੀ ਦੇ ਪੋਤੇ ਸਨ ਅਤੇ ਇਨ੍ਹਾਂ ਦਾ ਪਹਿਲਾਂ ਨਾਮ ਬਿਧੀਆ ਸੀ।ਬਿਧੀਆ ਸਿਰਫ ਕੱਦ-ਕਾਠ ਪੱਖੋਂ ਹੀ ਵੱਡਾ ਨਹੀਂ ਸਗੋਂ ਉਸ ਦਾ ਦਿਲ (ਦਲੇਰੀ ਪੱਖੋਂ) ਵੀ ਬਹੁਤ ਵੱਡਾ ਸੀ।

. ਭਾਈ ਬਿਧੀ ਚੰਦ ਦੇ ਨਾਨਕੇ ਮਾਝੇ ਦੇ ਪਿੰਡ ਸਰਹਾਲੀ ਕਲਾਂ (ਤਰਨ ਤਾਰਨ) ਵਿਚ ਸਨ।ਉਸ ਸਮੇਂ 'ਸਰਹਾਲੀ ਚੋਰਾਂ ਵਾਲੀ' ਕਰਕੇ ਜਾਣੀ ਜਾਂਦੀ ਸੀ।ਬਿਧੀ ਚੰਦ ਦੇ ਬਚਪਨ ਦਾ ਵਧੇਰੇ ਸਮਾਂ ਇਸ ਪਿੰਡ (ਨਾਨਕੇ) ਵਿਚ ਬਤੀਤ ਹੋਣ ਕਰਕੇ ਉਹ ਵੀ ਇਸ ਬਾਣ ਦਾ ਸ਼ਿਕਾਰ ਹੋ ਗਿਆ ਅਤੇ ਆਸ-ਪਾਸ ਦੇ ਪਿੰਡਾਂ ਵਿਚ ਹੱਥ-ਪੱਲਾ ਮਾਰਨ ਲੱਗਾ।ਜਿਵੇਂ-ਜਿਵੇਂ ਉਹ ਜਵਾਨ ਹੋਣ ਲੱਗਾ ਤਿਵੇਂ-ਤਿਵੇਂ ਉਸ ਦਾ ਰੁਝਾਨ ਚੋਰੀਆਂ ਵੱਲ ਵੱਧਣ ਲੱਗਾ।ਇਸ ਵਧੇ ਹੋਏ ਰੁਝਾਨ ਕਰਕੇ ਇੱਕ ਦਿਨ ਉਸ ਨੇ ਦੁਆਬੇ ਦੇ ਪਿੰਡ ਆਲੀ ਤੋਂ ਕਿਸੇ ਦੀਆਂ ਮੱਝਾਂ ਖੋਲ੍ਹ ਲਈਆਂ।ਜਦੋਂ ਮੱਝਾਂ ਦੇ ਮਾਲਿਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਪੈੜ ਨੱਪ ਲਈ।ਇਹ ਨੱਪੀ ਹੋਈ ਪੈੜ ਉਨ੍ਹਾਂ ਨੂੰ ਪਿੰਡ ਭੈਣੀ ( ਚੋਹਲਾ ਸਾਹਿਬ) ਤੱਕ ਲੈ ਆਈ ਜਿਥੋਂ ਦੇ ਇੱਕ ਛੱਪੜ ਵਿਚ ਉਨ੍ਹਾਂ ਦੀਆਂ ਮੱਝਾ ਵੜੀਆਂ ਹੋਈਆਂ ਸਨ।ਇਸ ਛੱਪੜ ਤੋਂ ਥੋੜ੍ਹੀ ਦੂਰ ਗੁਰੂ ਰਾਮਦਾਸ ਪਾਤਸ਼ਾਹ ਦਾ ਇੱਕ ਸ਼ਰਧਾਲੂ ਬਾਬਾ ਅਦਲੀ ਰਹਿੰਦਾ ਸੀ ਜਿਸ ਨੇ ਬਿਧੀ ਚੰਦ ਨੂੰ ਮੱਝਾਂ ਦੇ ਮਾਲਕਾਂ ਦੀ ਮਾਰ ਤੋਂ ਬਚਾ ਲਿਆ।ਸਿੱਟੇ ਵਜੋਂ ਸਾਧੂ ਸੁਭਾਅ ਵਾਲੇ ਬਾਬਾ ਅਦਲੀ ਦੇ ਮਿਲਾਪ/ਪ੍ਰਭਾਵ ਕਾਰਨ ਬਿਧੀ ਚੰਦ ਨੇ ਚੋਰੀ ਤੋਂ ਤੋਬਾ ਕਰ ਲਈ।

.ਭਾਈ ਬਿਧੀ ਚੰਦ ਵਿਚ ਆਏ ਇਸ ਬਦਲਾਵ ਨੂੰ ਦੇਖ ਕੇ ਬਾਬਾ ਅਦਲੀ ਜੀ ਨੇ ਉਸਨੂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸਨਮੁੱਖ ਕੀਤਾ।ਜਦੋਂ ਗੁਰੂ ਸਾਹਿਬ ਨੇ ਉਸ ਨੂੰ ਕੰਮ-ਕਾਰ ਬਾਰੇ ਪੁੱਛਿਆ ਤਾਂ ਉਸ (ਬਿਧੀ ਚੰਦ) ਨੇ ਆਪਣਾ ਧੰਦਾ ਡਾਕੇ ਮਰਨਾ ਅਤੇ ਚੋਰੀਆਂ ਕਰਨ ਦੱਸਿਆ।ਨਾਲ ਹੀ ਬਿਧੀ ਚੰਦ ਕਹਿਣ ਲੱਗਾ ਕਿ ਤੁਸੀਂ ਮੈਨੂੰ ਆਪਣੇ ਘਰ ਦਾ ਚੋਰ-ਸਿੱਖ ਹੀ ਬਣਾ ਲਉ।ਉਸ ਦੀ ਗੱਲ ਸੁਣ ਕੇ ਗੁਰੂ ਅਰਜਨ ਦੇਵ ਜੀ ਮੁਸਕਰਾ ਪਏ ਅਤੇ ਪਰਉਪਕਾਰੀ ਤੇ ਸੱਚਾ-ਸੁੱਚਾ ਜੀਵਨ ਜਿਉਣ ਦਾ ਉਪਦੇਸ਼ ਦੇਣ ਲੱਗੇ।ਇਸ ਉਪਦੇਸ ਨਾਲ ਭਾਈ ਬਿਧੀ ਚੰਦ ਦੇ ਜੀਵਨ ਦਾ ਉਦੇਸ਼ ਹੀ ਬਦਲ ਗਿਆ ਅਤੇ ਉਹ ਗੁਰੂ-ਘਰ ਨੂੰ ਪੂਰਨ ਰੂਪ ਵਿਚ ਸਪਰਪਿਤ ਹੋ ਗਿਆ।

.ਪੰਚਮ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਜਦੋ ਗੁਰੂ ਹਰਗੋਬਿੰਦ ਸਾਹਿਬ ਨੇ ਨੌਜਵਾਨ ਗੁਰਸਿੱਖਾਂ ਦੀ ਮੰਗ ਕੀਤੀ ਤਾਂ ਉਸ ਸਮੇਂ ਭਾਈ ਬਿਧੀ ਚੰਦ ਵੀ ਪਿੰਡ ਸੁਰ ਸਿੰਘ ਦੇ ਕੁੱਝ ਨੌਜਵਾਨਾਂ ਨੂੰ ਨਾਲ ਲੈ ਕੇ ਪਹੁੰਚ ਗਿਆ।ਇਨ੍ਹਾਂ ਵਿਚ ਦੋ ਢਾਡੀ ਵੀ ਸਨ।ਜਦੋਂ ਨੌਜਵਾਨਾਂ ਦੀ ਤਦਾਦ ਵੱਧ ਗਈ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ।ਇਨ੍ਹਾਂ ਜਥਿਆਂ ਦੇ ਪੰਜ ਜਥੇਦਾਰ ਵੀ ਨਿਯੁਕੱਤ ਕੀਤੇ ਗਏ।ਪਹਿਲੇ ਜਥੇ ਦੀ ਜ਼ਿੰਮੀਵਾਰੀ ਭਾਈ ਲੰਗਾਹ ਨੂੰ ਅਤੇ ਦੂਸਰੇ ਦੀ ਭਾਈ ਬਿਧੀ ਚੰਦ ਨੂੰ ਸੰਭਾਲੀ ਗਈ।ਇਸ (ਦੂਜੇ) ਜਥੇ ਦਾ ਕੰਮ ਗੁਰੀਲਾ ਯੁੱਧ ਕਰਨਾ ਅਤੇ ਵੈਰੀਆਂ ਨੂੰ ਭਾਜੜਾਂ ਪਾਉਣਾ ਸੀ।

.ਜਦੋਂ ਛੇਵੇਂ ਪਾਤਸ਼ਾਹ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ ਤਾਂ ਉਸ ਸਮੇਂ ਭਾਈ ਬਿਧੀ ਚੰਦ ਦੇ ਜਥੇ ਨੇ ਬੜੀ ਅਹਿਮਤਰੀਨ ਭੂਮਿਕਾ ਨਿਭਾਈ।ਜਿਥੇ ਬਾਬਾ ਬੁੱਢਾ ਜੀ ਅਤੇ ਭਾਈ ਗੁਰ-ਦਾਸ ਜੀ ਆਪਣੀ ਸੂਝ-ਬੂਝ ਨਾਲ ਸੰਗਤ ਨੂੰ ਸਮੇਂ ਦਾ ਸੱਚ ਬਿਆਨ ਕਰਦੇ ਉੱਥੇ ਭਾਈ ਬਿਧੀ ਚੰਦ (ਆਪਣੇ ਢਾਡੀਆਂ ਸਮੇਤ) ਪਹਿਲਾਂ ਹੀ ਪਹੁੰਚ ਜਾਂਦੇ ਅਤੇ ਵਿਸ਼ੇਸ਼ ਵਾਤਾਵਰਣ ਦੀ ਸਿਰਜਣਾ ਕਰ ਦਿੰਦੇ।ਇਨ੍ਹਾਂ ਗੁਰਮੁੱਖ ਪਿਆਰਿਆਂ ਦੀ ਘਾਲਣਾ ਨਾਲ ਵੱਡੀ ਗਿਣਤੀ ਵਿਚ ਸੰਗਤ ਗਵਾਲੀਅਰ ਪਹੁੰਚ ਲੱਗੀ ਅਤੇ ਕਿਲ੍ਹੇ ਦੀ ਪ੍ਰਕਰਮਾ ਕਰਨ ਲੱਗੀ।ਸੰਗਤ ਦੀ ਆਮਦ ਅਤੇ ਸਮੇਂ ਦੀ ਨਜ਼ਾਕਤ ਨੂੰ ਦੇਖ ਵਕਤ ਦੇ ਹਾਕਮ ਨੇ ਗੁਰੂ ਸਾਹਿਬ ਨੂੰ ਕਿਲ੍ਹੇ 'ਚੋ ਰਿਹਾਅ ਕਰ ਦਿੱਤਾ।

.ਰਿਹਾਈ ਤੋਂ ਬਾਅਦ ਭਾਈ ਬਿਧੀ ਚੰਦ ਜੀ ਗੁਰੂ ਸਾਹਿਬ ਦੇ ਪੱਕੇ ਅੰਗ-ਰੱਖਿਅਕ ਬਣ ਗਏ।ਜਦੋਂ ਬੀਬੀ ਕੌਲਾਂ ਗੁਰੂ ਸਾਹਿਬ ਦੀ ਸ਼ਰਨ ਆਈ ਤਾਂ ਉਸ ਦੇ ਭਾਈਚਾਰੇ ਵੱਲੋਂ ਹਮਲੇ ਦੀਆਂ ਸੰਭਾਵਨਾਵਾਂ ਵੱਧ ਗਈਆਂ।ਇਨ੍ਹਾਂ ਸੰਭਾਵਨਾਵਾਂ ਨੂੰ ਸਨਮੁੱਖ ਰੱਖ ਕੇ ਭਾਈ ਸਾਹਿਬ ਨੇ ਆਪਣਾ ਸਥਾਈ ਡੇਰਾ ਪਿਪਲੀ ਸਾਹਿਬ ਵਿਖੇ ਲਗਾ ਲਿਆ।ਇਸ ਡੇਰੇ ਕਾਰਨ ਹੋਣ ਵਾਲੇ ਹਮਲਿਆਂ ਦਾ ਖ਼ਤਰਾ ਟਲ ਗਿਆ।

.ਜਹਾਂਗੀਰ ਦੇ ਅਕਾਲ ਚਲਾਣੇ ਤੋਂ ਬਾਅਦ ਲਾਹੌਰ ਦਰਬਾਰ ਨੇ ਸਿੱਖਾਂ ਦੁਆਰਾ ਸ਼ਾਹੀ ਬਾਜ਼ ਦੇ ਪਕੜਨ ਨੂੰ 'ਸ਼ਾਹੀ ਤਾਜ਼ ਨੂੰ ਹੱਥ ਪਾਉਣ ਦੇ ਬਰਾਬਰ ਜਾਣ ਕੇ ਮੁਖਲਿਸ ਖਾਨ ਦੀ ਕਮਾਂਡ ਹੇਠ ਸੱਤ ਹਜ਼ਾਰ ਫੋਜ ਭੇਜ ਦਿੱਤੀ।ਇਧਰ ਸਿੱਖ ਵੀ ਪੂਰੀ ਚੜ੍ਹਦੀਕਲਾ ਵਿਚ ਸਨ ਜਿਸ ਦਾ ਪ੍ਰਗਟਾਵਾ ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ:-

**ਤਿਨ ਕੋ ਬਾਜ ਨਹੀਂ ਹਮ ਦੇਨਾ।**
**ਤਾਜ ਬਾਜ ਤਿਨ ਤੇ ਸਭ ਲੇਨਾ।**

.ਇਸ ਫੌਜ ਦਾ ਮੁਕਾਬਲਾ ਭਾਈ ਬਿਧੀ ਚੰਦ ਦੇ ਜਥੇ ਨਾਲ ਹੋ ਗਿਆ।ਜਤੀ ਮੱਲ ਦੇ ਸਹਿਯੋਗ ਨਾਲ ਭਾਈ ਸਾਹਿਬ ਨੇ ਸ਼ਾਹੀ ਫੌਜ ਨੂੰ ਭਾਜੜਾਂ ਪਾ ਦਿੱਤੀਆਂ।ਮੁਖਲਿਸ ਖਾਨ ਨੇ ਆਪਣੀ ਫੌਜ ਨੂੰ ਬਹੁਤ ਹੱਲਸ਼ੇਰੀ ਦਿੱਤੀ ਪਰ ਉਹ ਸਿੱਖਾਂ ਦਾ ਟਾਕਰਾ ਨਾ ਕਰ ਸਕੀ।ਜੰਗ ਦੇ ਦੂਸਰੇ ਦਿਨ ਭਾਈ ਬਿਧੀ ਚੰਦ ਨੇ ਸੁਲਤਾਨ ਬੇਗ ਨੂੰ ਜਾ ਵੰਗਾਰਿਆ।ਗੁੱਸੇ ਵਿਚ ਆ ਕੇ ਬੇਗ ਨੇ ਇੱਕ ਨੇਜ਼ਾ ਭਾਈ ਸਾਹਿਬ ਵੱਲ ਚਲਾ ਦਿੱਤਾ ਪਰ ਉਹ ਉਸ ਤੱਕ ਨਹੀਂ ਪਹੁੰਚ ਸਕਿਆ।ਜਦੋਂ ਭਾਈ ਬਿਧੀ ਚੰਦ ਨੇ ਪਲਟਵਾਂ ਵਾਰ ਕੀਤਾ ਤਾਂ ਬੇਗ ਭਗੌੜਾ ਹੋ ਗਿਆ।ਜਦੋਂ ਉਸ ਦੇ ਕੰਨਾਂ ਵਿਚ ਬੁਜ਼ਦਿਲ ਦੀ ਆਵਾਜ ਪਈ ਤਾਂ ਉਹ ਮੁੜ ਵਾਰ ਕਰਨ ਲੱਗਾ ਪਰ ਜਦੋ ਭਾਈ ਬਿਧੀ ਚੰਦ ਨੇ ਉਸ ਵੱਲ ਤੀਰ ਚਲਾਇਆ ਤਾਂ ਉਹ ਉਸ ਦੀ ਛਾਤੀ ਨੂੰ ਵਿੰਨ ਗਿਆ।ਤੀਰ ਲੱਗਦੇ ਸਾਰ ਹੀ ਬੇਗ ਹੇਠਾਂ ਡਿੱਗ ਪਿਆ ਅਤੇ ਦੁਨੀਆਂ ਤੋਂ ਰੁਖ਼ਸਤ ਹੋ ਗਿਆ।

.ਇਸ ਤਰ੍ਹਾਂ ਦੂਸਰੀ ਜੰਗ ਦੇ ਸਮੇਂ ਭਾਈ ਬਿਧੀ ਚੰਦ ਦੀ ਸਿੱਧੀ ਟੱਕਰ ਕਰਮ ਚੰਦ ਨਾਲ ਹੋ ਗਈ ਅਤੇ ਉਹ ਮੈਦਾਨ ਛੱਡ ਕੇ ਭੱਜ ਗਿਆ।ਉਹ ਆਪ ਤਾਂ ਬਚ ਗਿਆ ਪਰ ਉਸ ਦੇ ਉਕਸਾਉਣ 'ਤੇ ਨਵਾਬ ਨੇ ਸਿੱਖਾਂ ਉਪਰ ਜੋਰਦਾਰ ਹਮਲਾ ਕਰ ਦਿੱਤਾ।ਨਤੀਜੇ ਵਜੋਂ ਨਵਾਬ,ਉਸ ਦਾ ਪੁੱਤਰ ਅਤੇ ਸਾਥੀ ਇਸ ਜੰਗ ਵਿਚ ਮਾਰੇ ਗਏ।ਇਸ ਤਰ੍ਹਾਂ ਗੁਰੂ ਕਿਆਂ ਦਾ ਪੱਲਾ ਭਾਰੀ ਰਿਹਾ।

.ਜਦੋਂ ਕਾਬਲ ਤੋਂ ਆ ਰਹੇ ਭਾਈ ਕਰੋੜੀ ਮੱਲ ਦੇ ਦੋ ਘੋੜੇ ਦਿਲਬਾਗ ਤੇ ਗੁਲਬਾਗ ਲਾਹੌਰ ਵਿਖੇ ਅਨਾਇਤ ਉੱਲਾ ਨੇ ਖੋਹ ਲਏ ਤਾਂ ਸੰਗਤ ਵੱਲੋਂ ਇਸ ਗੱਲ ਦਾ ਜ਼ਿਕਰ ਗੁਰੂ ਹਰਗੋਬਿੰਦ ਸਾਹਿਬ ਕੋਲ ਕੀਤਾ।ਗੁਰੂ ਸਾਹਿਬ ਨੇ ਸੰਗਤ ਨੂੰ ਧਰਵਾਸ ਦਿੰਦਿਆਂ ਕਿਹਾ,

'ਕਰੋੜੀ ਮੱਲ ਦੀ ਭੇਟਾ ਬਿਧੀ ਚੰਦ ਆਪੇ ਹੀ ਲੈ ਆਵੇਗਾ।'

. ਇਹ ਕਾਰਜ ਭਾਵੇਂ ਕਠਿਨ ਸੀ ਪਰ ਗੁਰੂ ਸਾਹਿਬ ਨੂੰ ਆਪਣੇ ਅੰਗ-ਸੰਗ ਜਾਣ ਕੇ ਭਾਈ ਬਿਧੀ ਚੰਦ ਨੇ ਹਾਮੀ ਭਰ ਦਿੱਤੀ।ਇਹ ਕਾਰਜ ਭਾਈ ਸਾਹਿਬ ਨੂੰ ਬਹੁਤ ਹੀ ਬਿਧੀ (ਵਿਧੀ) ਪੂਰਵਕ ਢੰਗ ਨਾਲ ਕਰਨਾ ਪਿਆ।ਜੋਸ਼ ਤੇ ਹੋਸ਼ ਦਾ ਸਮਤੋਲ ਬਣਾ ਕੇ ਉਹ ਲਾਹੌਰ ਪਹੁੰਚ ਗਏ ਅਤੇ ਭਾਈ ਜੀਵਨ ਦੇ ਘਰ ਜਾ ਟਿਕਾਣਾ ਕੀਤਾ।ਇਥੇ ਰਹਿ ਕੇ ਉਨ੍ਹਾਂ ਨੇ ਇੱਕ ਘਾਹੀ ਦਾ ਭੇਸ ਧਾਰਨ ਕੀਤਾ ਅਤੇ ਆਪਣੇ ਮਨੋਰਥ (ਘੋੜਾ ਲਿਆਉਣ ਦਾ) ਵਿਚ ਸਫਲ ਹੋ ਗਏ।

.ਆਪਣੇ ਅਧੂਰੇ ਕਾਰਜ (ਦੂਸਰਾ ਘੋੜਾ ਲਿਆਉਣ ਵਾਲੇ) ਨੂੰ ਪੂਰਾ ਕਰਨ ਹਿੱਤ ਭਾਈ ਬਿਧੀ ਚੰਦ ਨੇ ਲਾਹੌਰ ਵੱਲ ਨੂੰ ਮੁੜ ਚਾਲੇ ਪਾ ਦਿੱਤੇ।ਇਸ ਵਾਰੀ ਦਾ ਪੜਾਅ ਉਨ੍ਹਾਂ ਵੱਲੋਂ ਭਾਈ ਬੋਹੜੂ ਦੇ ਗ੍ਰਹਿ ਵਿਖੇ ਕੀਤਾ ਗਿਆ।ਭਾਈ ਬੋਹੜੂ ਕੋਲੋਂ ਸਾਰੀ ਜਾਣਕਾਰੀ ਲੈ ਕੇ ਉਨ੍ਹਾਂ ਨੇ ਇੱਕ ਨਜ਼ੂਮੀ ਦਾ ਭੇਸ ਧਾਰਨ ਕੀਤਾ ਅਤੇ ਗੁਰੂ-ਘਰ ਦੇ ਦੋਖੀਆਂ ਦੀ ਅਕਲ 'ਤੇ ਪਰਦਾ ਪਾ ਕੇ ਦੂਸਰਾ ਘੋੜਾ ਵੀ ਲੈ ਆਏ।

.ਭਾਈ ਬਿਧੀ ਚੰਦ ਦੇ ਇਸ ਦਲੇਰਾਨਾ ਅਤੇ ਯੁਗਤੀ ਪੂਰਵਕ ਢੰਗ ਨਾਲ ਘੋੜੇ ਕੱਢ ਲਿਆਉਣ ਨਾਲ ਤੀਸਰੀ ਜੰਗ ਦਾ ਮੁੱਢ ਵੀ ਬੱਝਦਾ ਹੈ।ਇਸ ਜੰਗ ਲਈ ਅਨਾਇਤ ਉੱਲਾ ਨੇ ਲੱਲਾ ਬੇਗ, ਉਸ ਦੇ ਭਰਾ ਕਮਰਬੇਗ, ਮੁੱਗਲੀ ਬੇਗ ਅਤੇ ਬਹਿਲੋਲ ਖਾਂ ਨੂੰ ਦਸ ਹਜ਼ਾਰ ਫ਼ੌਜ ਦੇ ਕੇ ਭੇਜਿਆ ਪਰ ਉਹ ਨਥਾਣੇ ਦੇ ਸਥਾਨ 'ਤੇ ਹਾਰ ਗਏ।

.ਗੁਰੂ-ਘਰ ਦੀ ਸੇਵਾ ਹਿੱਤ ਕੀਤਾ ਗਿਆ ਭਾਈ ਬਿਧੀ ਚੰਦ ਦਾ ਹਰੇਕ ਕਰਮ ਜਿਥੇ ਉਨ੍ਹਾਂ ਦੀ ਸੂਝ-ਬੂਝ ਅਤੇ ਹਿੰਮਤ ਦਾ ਸੁਮੇਲ ਹੁੰਦਾ ਸੀ, ਉਥੇ ਨਾਲ ਉਨ੍ਹਾਂ ਦਾ ਗੁਰਬਾਣੀ ਪ੍ਰਤੀ ਸਤਿਕਾਰ ਵੀ ਦਰਸਾਉਂਦਾ ਸੀ।ਉਹ ਜਦੋਂ ਵੀ ਕਿਸੇ ਕਾਰਜ ਲਈ ਜਾਂਦੇ ਸਨ ਤਾਂ ਰਸਤੇ ਵਿਚ ਗੁਰੂ ਤੇ ਗੁਰਬਾਣੀ ਦੀ ਓਟ ਜ਼ਰੂਰ ਲੈਂਦੇ ਸਨ।ਇਸ ਦੀ ਗਵਾਹੀ ਗੁਰੂ-ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਦਿੱਤੀ ਗਈ ਹੈ:-

ਚਲਤ ਪੰਥ ਗੁਰਬਾਣੀ ਗਾਵੈ।

.ਭਾਈ ਬਿਧੀ ਚੰਦ ਅਜਿਹੇ ਮਹਾਨ ਮਨੁੱਖ ਸਨ ਜਿਨ੍ਹਾਂ ਨੂੰ ਛੇਵੇਂ ਪਾਤਸ਼ਾਹ ਨੇ ਰੱਜਵਾਂ ਪਿਆਰ ਕੀਤਾ ਹੈ।ਉਨ੍ਹਾਂ ਦੇ ਬਚਨ ਹਨ:- ਬਿਧੀ ਚੰਦ ਛੀਨਾ। ਗੁਰੂ ਕਾ ਸੀਨਾ।

.ਗੁਰੂ ਸਾਹਿਬ ਵੱਲੋਂ ਭਾਈ ਬਿਧੀ ਚੰਦ ਨੂੰ ਆਪਣਾ 'ਸੀਨਾ' ਕਹਿਣਾ ਇਸ ਪਿਆਰ ਦਾ ਹੀ ਸਬੂਤ ਹੈ,ਜਿਸ ਦੀ ਹਾਮੀ ਸਿੱਖ-ਇਤਿਹਾਸ ਹਮੇਸ਼ਾਂ ਹੀ ਭਰਦਾ ਰਹੇਗਾ।

.ਆਪਣੀ ਹਯਾਤੀ ਦਾ ਵੱਡਾ ਹਿੱਸਾ ਗੁਰੂ-ਘਰ ਦੀ ਸੇਵਾ ਵਿਚ ਲਗਾਉਣਾ ਵਾਲਾ ਇਹ ਸੂਰਮਾ ਸਿੱਖ 15 ਅਗਸਤ 1638 ਈ. (ਸੰਮਤ 1695) ਨੂੰ ਦੇਉ ਨਗਰ (ਅਯੁਧਿਆ) ਵਿਖੇ ਆਪਣਾ ਸਰੀਰਕ ਚੋਲਾ ਤਿਆਗ ਗਿਆ।

-ਮੋਬ:9463132719

# ਚੀਨ ਦੇ ਫਰ ਵਾਲੇ ਜਾਨਵਰ ਮਨੁੱਖਾਂ ਲਈ ਖਤਰਨਾਕ

## ✪ ਪਾਏ ਗਏ 100 ਤੋਂ ਵੱਧ ਖਤਰਨਾਕ ਵਾਇਰਸ



ਸ਼ਿੰਘਾਈ-ਹਾਲ ਹੀ ਦੀ ਇਕ ਰਿਸਰਚ ਰਿਪੋਰਟ ਮੁਤਾਬਕ ਚੀਨ 'ਚ ਮੌਜੂਦ ਫਰ ਜਾਨਵਰਾਂ 'ਚ ਖਤਰਨਾਕ ਵਾਇਰਸ ਪਾਏ ਗਏ ਹਨ। ਖੋਜ ਵਿੱਚ ਲਗਭਗ 125 ਵਾਇਰਸਾਂ ਦੀ ਪਛਾਣ ਕੀਤੀ ਗਈ ਹੈ ਜੋ ਮਨੁੱਖਤਾ ਲਈ ਬਹੁਤ ਖਤਰਨਾਕ ਹਨ। ਇਨ੍ਹਾਂ ਵਾਇਰਸਾਂ ਦੇ ਮਨੁੱਖੀ ਆਬਾਦੀ ਵਿੱਚ ਫੈਲਣ ਦੇ ਜੋਖਮ ਬਾਰੇ ਚਿੰਤਾ ਵਧ ਗਈ ਹੈ।

ਅਧਿਐਨ, ਚੀਨੀ ਖੋਜਕਰਤਾਵਾਂ ਦੀ ਅਗਵਾਈ ਵਿੱਚ ਅਤੇ ਵਾਇਰਲੋਜਿਸਟ ਐਡਵਰਡ ਹੋਮਜ਼ ਦੁਆਰਾ ਸਹਿ-ਲੇਖਕ, ਫਰ ਫਾਰਮਾਂ 'ਤੇ ਬਿਹਤਰ ਵਾਇਰਸ ਨਿਗਰਾਨੀ ਦੀ ਤੁਰੰਤ ਲੋੜ ਨੂੰ ਉਜਾਗਰ ਕਰਦਾ ਹੈ।

ਖਾਸ ਤੌਰ 'ਤੇ, ਖੋਜ ਵਿੱਚ 36 ਪਹਿਲਾਂ ਅਣਜਾਣ ਵਾਇਰਸ ਸ਼ਾਮਲ ਹਨ, ਜਿਨ੍ਹਾਂ ਵਿੱਚੋਂ 39 ਦੀ ਪਛਾਣ ਸਪੀਸੀਜ਼ ਨੂੰ ਪਾਰ ਕਰਨ ਦੇ "ਉੱਚ ਜੋਖਮ" ਵਜੋਂ ਕੀਤੀ ਗਈ ਹੈ, ਸੰਭਾਵੀ ਤੌਰ 'ਤੇ ਮਨੁੱਖੀ ਲਾਗ ਦਾ ਕਾਰਨ ਬਣਦੇ ਹਨ।

ਨੇਚਰ ਜਰਨਲ ਵਿਚ ਪ੍ਰਕਾਸ਼ਿਤ ਖੋਜ 2021 ਅਤੇ 2024 ਦੇ ਵਿਚਕਾਰ ਕੀਤੀ ਗਈ ਸੀ ਅਤੇ ਇਸ ਬਿਮਾਰੀ ਨਾਲ ਮਰਨ ਵਾਲੇ 461 ਜਾਨਵਰਾਂ 'ਤੇ ਕੇਂਦਰਿਤ ਕੀਤੀ ਗਈ ਸੀ। ਇਹਨਾਂ ਵਿੱਚੋਂ ਬਹੁਤੇ ਜਾਨਵਰ, ਜਿਨ੍ਹਾਂ ਵਿੱਚ ਮਿੰਕ, ਲੂੰਬੜੀ, ਰੈਕੂਨ ਕੁੱਤੇ, ਖਰਗੋਸ਼ ਅਤੇ ਮਸਕਰੈਟ ਸ਼ਾਮਲ ਹਨ, ਫਰ ਫਾਰਮਾਂ ਤੋਂ ਆਏ ਸਨ, ਕੁਝ ਭੋਜਨ ਜਾਂ ਰਵਾਇਤੀ ਦਵਾਈ ਲਈ ਖੇਤੀ ਕਰਦੇ ਸਨ।

ਅਧਿਐਨ ਵਿੱਚ ਲਗਭਗ 50 ਜੰਗਲੀ ਜਾਨਵਰਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਲੱਭੇ ਗਏ ਵਾਇਰਸਾਂ ਵਿੱਚ ਹੈਪੇਟਾਈਟਸ ਈ ਅਤੇ ਜਾਪਾਨੀ ਇਨਸੇਫਲਾਈਟਿਸ ਵਰਗੇ ਜਾਣੇ-ਪਛਾਣੇ ਜਰਾਸੀਮ ਸ਼ਾਮਲ ਹਨ, ਨਾਲ ਹੀ 13 ਨਵੇਂ ਵਾਇਰਸ, ਸੰਭਾਵੀ ਵਾਇਰਸ ਟ੍ਰਾਂਸਮਿਸ਼ਨ ਹੱਬ ਵਜੋਂ ਫਰ ਫਾਰਮਾਂ ਦੀ ਭੂਮਿਕਾ ਨੂੰ ਉਜਾਗਰ ਕਰਦੇ ਹਨ।

ਟੀਮ ਨੇ ਇਹਨਾਂ ਜਾਨਵਰਾਂ ਵਿੱਚ ਸੱਤ ਕਿਸਮਾਂ ਦੇ ਕੋਰੋਨਵਾਇਰਸ ਦਾ ਵੀ ਪਤਾ ਲਗਾਇਆ, ਹਾਲਾਂਕਿ ਇਹਨਾਂ ਵਿੱਚੋਂ ਕੋਈ ਵੀਐਸ ਏ ਆਰ ਐਸ-ਸੀਓਵੀ-2, ਕੋਵਿਡ - 19 ਲਈ ਜ਼ਿੰਮੇਵਾਰ ਵਾਇਰਸ ਨਾਲ ਨੇੜਿਓਂ ਸਬੰਧਤ ਨਹੀਂ ਸੀ।

ਰੈਕੂਨ ਕੁੱਤਿਆਂ ਅਤੇ ਮਿੰਕ ਦੀ ਪਛਾਣ ਸਭ ਤੋਂ ਵੱਧ ਸੰਭਾਵੀ ਤੌਰ 'ਤੇ ਖ਼ਤਰਨਾਕ ਵਾਇਰਸਾਂ ਨੂੰ ਲੈ ਕੇ ਜਾਣ ਵਾਲੇ ਵਜੋਂ ਕੀਤੀ ਗਈ ਸੀ, ਜਿਸ ਨਾਲ ਉਨ੍ਹਾਂ ਨੂੰ ਚਿੰਤਾ ਦਾ ਮੁੱਖ ਸਪੀਸੀਜ਼ ਬਣਾਇਆ ਗਿਆ ਸੀ। ਅਧਿਐਨ ਦੇ ਅਨੁਸਾਰ, ਇਹ ਸਪੀਸੀਜ਼ ਵਾਇਰਸ ਲੈ ਕੇ ਜਾਂਦੇ ਹਨ ਜੋ ਪ੍ਰਜਾਤੀ ਦੀਆਂ ਰੁਕਾਵਟਾਂ ਨੂੰ ਪਾਰ ਕਰਨ ਲਈ ਖਾਸ ਤੌਰ 'ਤੇ ਉੱਚ ਜੋਖਮ 'ਤੇ ਹੁੰਦੇ ਹਨ।

ਜਿਸ ਨਾਲ ਇਨਸਾਨ ਨੂੰ ਇਨਫੈਕਸ਼ਨ ਹੋ ਸਕਦੀ ਹੈ। ਖੋਜਕਰਤਾਵਾਂ ਨੇ ਕਿਹਾ, "ਫਾਰਮ ਕੀਤੇ ਜਾਨਵਰਾਂ ਦਾ ਤੀਬਰ ਪ੍ਰਜਨਨ ਵਾਤਾਵਰਣ ਵਾਇਰਸ ਦੇ ਫੈਲਣ ਲਈ ਇੱਕ ਸੰਭਾਵੀ ਪੁਲ ਦਾ ਕੰਮ ਕਰਦਾ ਹੈ।"

ਉੱਤਰ-ਪੂਰਬੀ ਚੀਨੀ ਪ੍ਰਾਂਤ ਸ਼ਾਨਡੋਂਗ, ਜਿਸ ਵਿੱਚ ਬਹੁਤ ਸਾਰੇ ਫਰ ਫਾਰਮ ਹਨ, ਨੂੰ ਵਾਇਰਸ ਦੀ ਉੱਚ ਤਵੱਜੋ ਵਾਲੇ ਖਾਸ ਤੌਰ 'ਤੇ ਉੱਚ ਜੋਖਮ ਵਾਲੇ ਖੇਤਰ ਵਜੋਂ ਪਛਾਣਿਆ ਗਿਆ ਸੀ।

ਜੰਗਲੀ ਜੀਵ ਵਪਾਰ ਅਤੇ ਵਾਇਰਸ ਦੀ ਉਤਪੱਤੀ ਅਧਿਐਨ ਦੀਆਂ ਖੋਜਾਂ ਜੰਗਲੀ ਜੀਵ ਵਪਾਰ ਨਾਲ ਜੁੜੇ ਵਾਇਰਸ ਸੰਚਾਰ ਦੇ ਵਿਆਪਕ ਮੁੱਦੇ ਵੱਲ ਧਿਆਨ ਖਿੱਚਦੀਆਂ ਹਨ। ਬਹੁਤ ਸਾਰੇ ਵਿਗਿਆਨੀ ਮੰਨਦੇ ਹਨ ਕਿ ਕੋਵਿਡ -19 ਮਹਾਂਮਾਰੀ ਜੰਗਲੀ ਜੀਵਣ ਦੇ ਵਪਾਰ ਤੋਂ ਪੈਦਾ ਹੋਈ ਹੈ, ਚਮਗਿੱਦੜ ਵਾਇਰਸ ਦਾ ਸੰਭਾਵਿਤ ਸਰੋਤ ਹਨ।

# ਇਟਲੀ ਦੇ ਤੇਰਾਚੀਨਾ ਵਿਖੇ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ





ਰੋਮ (ਗੁਰਸ਼ਰਨ ਸਿੰਘ ਸੋਨੀ) ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ 420ਵੇਂ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅੱਜ ਦੁਨੀਆਂ ਭਰ ਵਿੱਚ ਵਿਸ਼ਾਲ ਧਾਰਮਿਕ ਸਮਾਗਮ ਤੇ ਨਗਰ ਕੀਰਤਨ ਸਿੱਖ ਸੰਗਤਾਂ ਵੱਲੋਂ ਬਹੁਤ ਹੀ ਜੋਸ਼ੋ-ਖਰੋਸ਼ ਤੇ ਸ਼ਰਧਾ ਭਾਵਨਾ ਨਾਲ ਸਜਾਏ ਜਾ ਰਹੇ ਹਨ ਜਿਹਨਾਂ ਵਿੱਚ ਸੰਗਤਾਂ ਦੇ ਵਿਸ਼ਾਲ ਇਕੱਠ ਹਾਜ਼ਰੀ ਭਰਦਿਆਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਨਤਮਸਤਕ ਹੋ ਰਹੀਆਂ ਹਨ।ਇਸ ਮਹਾਨ ਤੇ ਇਤਿਹਾਸ ਦਿਹਾੜੇ ਨੂੰ ਸਮਰਪਿਤ ਲਾਸੀਓ ਸੂਬੇ ਵਿੱਚ ਸਿੱਖੀ ਦੇ ਪ੍ਰਚਾਰ ਤੇ ਪ੍ਰਚਾਰ ਲਈ ਦਿਨ-ਰਾਤ ਸੇਵਾ ਵਿੱਚ ਜੁੜੇ ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਤੇਰਾਚੀਨਾ(ਲਾਤੀਨਾ)ਵੱਲੋਂ ਵੀ ਵਿਸ਼ਾਲ ਨਗਰ ਕੀਤਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਸ਼ਹਿਰ ਤੇਰਾਚੀਨਾ ਵਿਖੇ ਸਜਾਇਆ ਗਿਆ। ਜਿਸ ਦੀ ਅਗਵਾਈ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਨੇ ਕੀਤੀ।ਭਾਵੇਂ ਭਾਦੋਂ 24 ਦਿਨ ਮੌਕੇ ਸਜੇ ਨਗਰ ਕੀਰਤਨ ਦੀ ਦੁਪਿਹਰ ਤਪੀ ਪਈ ਸੀ ਪਰ ਅਕਾਲ ਪੁਰਖ ਦੀ ਮੌਜ ਅਨੁਸਾਰ ਸੰਗਤਾਂ ਦਾ ਗੁਰੂ ਪ੍ਰਤੀ ਉਤਸ਼ਾਹ ਤੇ ਸ਼ਰਧਾ ਜੈ ਕਾਰਿਆਂ ਦੇ ਰੂਪ ਪ੍ਰਤੱਖ ਹੋ ਰਹੀ ਸੀ । ਗੁਰੂ ਦੇ ਜੈਕਾਰੇ ਛੱਡਦਾ ਨਗਰ ਕੀਰਤਨ ਤੇਰਾਚੀਨਾ ਸ਼ਹਿਰ ਦੀ ਪ੍ਰਕਰਮਾ ਕਰਦਾ ਹੋਇਆ ਸਮਾਪਤ ਹੋਇਆ ਇਸ ਮੌਕੇ ਸੰਗਤਾਂ ਲਈ ਸੇਵਾਦਾਰਾਂ ਵੱਲੋਂ ਠੰਡੇ-ਮਿੱਠੇ ਜਲ ਦੀਆਂ ਛਬੀਲਾਂ,ਮਿਲਕ ਬਦਾਮ,ਛੋਲੇ,ਸਮੋਸੇ,ਆਈਸ ਕਰੀਮ ਤੇ ਫਲਾਂ ਦੀ ਚਾਟ ਦੇ ਅਤੁੱਟ ਭੰਡਾਰੇ ਵਰਤਾਏ ਗਏ।ਇਸ ਨਗਰ ਕੀਰਤਨ ਮੌਕੇ ਪ੍ਰਸਿੱਧ ਰਾਗੀ, ਢਾਡੀ, ਕੀਰਤਨੀਏ ਤੇ ਕਥਾਵਾਚਕਾਂ ਨੇ ਹਾਜ਼ਰੀ ਕਰਦਿਆਂ ਮਹਾਨ ਸਿੱਖ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ।ਇਟਲੀ ਦੇ ਪ੍ਰਸਿੱਧ ਕਵੀਸ਼ਰ ਜੱਥੇ ਗਿਆਨੀ ਤਰਸੇਮ ਸਿੰਘ ਪਾਤਰਾ ਨੇ ਆਪਣੀ ਦਮਦਾਰ ਤੇ ਬੁਲੰਦ ਆਵਾਜ਼ ਵਿੱਚ ਗੁਰੂ ਨਾਨਕ ਦੇ ਘਰ ਦੀਆਂ ਸਿਫ਼ਤਾਂ ਕਰਦਿਆਂ ਸੰਗਤਾਂ ਦੀ ਸੁਰਤ ਨੂੰ ਗਗਨਮੰਡਲ ਦੀ ਸੈਰ ਕਰਵਾ ਦਿੱਤੀ। ਹਜ਼ੂਰੀ ਰਾਗੀ ਸ਼੍ਰੀ ਅੰਮ੍ਰਿਤਸਰ ਸਾਹਿਬ ਭਾਈ ਗੁਰਵਿੰਦਰ ਸਿੰਘ ਤੇ ਹੈੱਡ ਗ੍ਰੰਥੀ ਭਾਈ ਸਤਨਾਮ ਸਿੰਘ ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਹੁਰਾਂ ਵੀ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਸਰਵਣ ਕਰਵਾਇਆ ।ਇਸ ਮੌਕੇ 96 ਕਰੋੜੀ ਗੱਤਕਾ ਅਕੈਡਮੀ ਪੁਨਤੀਨੀਆ ਦੇ ਨੰਨੇ ਮੁੰਨੇ ਸਿੰਘਾਂ ਨੇ ਸਿੱਖ ਮਾਰਸ਼ਲ ਆਰਟ ਦੇ ਹੈਰਤਅੰਗੇਜ ਕਰਤੱਬ ਵੀ ਦਿਖਾਏ ਤੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦਸਤਾਰ ਲਹਿਰ ਦੇ ਸਿੰਘਾਂ ਵੱਲੋਂ ਸੰਗਤਾਂ ਦੇ ਦਸਤਾਰਾਂ ਵੀ ਸਜਾਈਆਂ ਗਈਆਂ ।ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਨੇ ਸਾਂਝੇ ਤੌਰ ਤੇ ਸਭ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਗੁਰੂ ਨੂੰ ਯਾਦ ਕਰਦਿਆਂ ਗੁਰਪੁਰਬ ਮਨਾਉਣੇ ਸਿੱਖੀ ਦੇ ਬੂਟੇ ਨੂੰ ਵਿਦੇਸ਼ਾਂ ਵਿੱਚ ਪ੍ਰਫੁੱਲਤ ਕਰਨ ਲਈ ਅਹਿਮ ਯੋਗਦਾਨ ਹੈ॥ਨਗਰ ਕੀਰਤਨ ਵਿੱਚ ਰੋਮ, ਲਾਸੀਓ, ਵਿਲੇਤਰੀ, ਚਿਸਤੇਰਨਾ ਦੀ ਲਾਤੀਨਾ, ਸਬਾਊਦੀਆ, ਸੰਨਵੀਤੋ, ਪੁਨਤੀਨੀਆ, ਫੌਂਦੀ ਆਦਿ ਇਲਾਕਿਆਂ ਤੇ ਗੁਰਦੁਆਰਾ ਸਿੰਘ ਸਭਾਵਾਂ ਤੋਂ ਸੰਗਤਾਂ ਕਾਫਲਿਆਂ ਦੇ ਰੂਪ ਵਿੱਚ ਸਮੂਲੀਅਤ ਕਰਨ ਲਈ ਪਹੁੰਚੀਆਂ॥ਗੁਰਦੁਆਰਾ ਸਾਹਿਬ ਸਿੰਘ ਸਭਾ ਬੋਰਗੋ ਹਰਮਾਦਾ ਤੇਰਾਚੀਨਾ(ਲਾਤੀਨਾ) ਦੀ ਪ੍ਰਬੰਧਕ ਕਮੇਟੀ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸੇਵਾ ਕਰਨ ਵਾਲੇ ਸਮੂਹ ਸੇਵਾਦਾਰਾਂ ਦਾ ਗੁਰੂ ਦੀ ਬਖ਼ਸਿਸ ਸਿਰੋਪਾਓ ਨਾਲ ਵਿਸ਼ੇਸ ਸਨਮਾਨ ਕੀਤਾ ਗਿਆ।

# ਪੀ.ਏ.ਯੂ ਵਿਖੇ ਸਟੱਡੀ ਸਰਕਲ ਦੇ 50 ਸਾਲ ਪੂਰੇ ਹੋਣ ਤੇ ਮਹੱਤਵਪੂਰਨ ਸੈਮੀਨਾਰ





ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿੱਚ ਆਪਣੀ ਸਥਾਪਨਾ ਦੇ 50 ਸਾਲ (1974-2024) ਪੂਰੇ ਕਰ ਲਏ ਹਨ। ਇਸ ਅੱਧੀ ਸਦੀ ਦੀ ਸੇਵਾ ਅਤੇ ਸਮਰਪਣ ਦੀ ਯਾਦ ਵਿੱਚ ਪੰਜਾਬ ਦੀ ਪੁਨਰ ਸੁਰਜੀਤੀ ਵਿੱਚ ਨੌਜਵਾਨਾਂ ਦੀ ਭੂਮਿਕਾ ਵਿਸ਼ੇ ਤੇ ਇੱਕ ਮਹੱਤਵਪੂਰਨ ਸੈਮੀਨਾਰ ਆਯੋਜਿਤ ਕੀਤਾ ਗਿਆ।

ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਅਤੇ ਈਗਰੋ ਫਾਊਂਡੇਸ਼ਨ ਦੇ ਸੀਈਓ-ਕਮ-ਸੰਸਥਾਪਕ ਡਾ: ਚਰਨ ਸਿੰਘ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਨੌਜਵਾਨਾਂ ਦੀ ਊਰਜਾ ਨੂੰ ਸਿਰਜਣਾਤਮਕ ਅਤੇ ਉਸਾਰੂ ਖੇਤਰਾਂ ਵਿੱਚ ਸੇਧਿਤ ਕਰਨ ਅਤੇ ਸਮੇਂ-ਸਮੇਂ 'ਤੇ ਗਿਆਨ ਵਧਾਉਣ ਵਾਲੇ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਕਰਨ ਲਈ ਕੀਤੇ ਨਿਰੰਤਰ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਆਪਣੇ ਪਿਆਰੇ ਸੂਬੇ ਲਈ ਤਰੱਕੀ ਦੇ ਨਵੇਂ ਦਿਸਹੱਦਿਆਂ ਨੂੰ ਖੋਲ੍ਹਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਨੇ ਉਭਰਦੇ ਨੌਜਵਾਨਾਂ ਨੂੰ ਇਕਜੁੱਟਤਾ ਨਾਲ ਕੰਮ ਕਰਨ ਅਤੇ ਆਪਣੇ ਰਾਜ ਨੂੰ ਸ਼ਾਨ ਦੀਆਂ ਨਵੀਆਂ ਬੁਲੰਦੀਆਂ 'ਤੇ ਲਿਜਾਣ ਵਿਚ ਵੱਡਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਸਮਾਗਮ ਦੇ ਮਹਿਮਾਨ, ਉੱਘੇ ਅਰਥ ਸ਼ਾਸਤਰੀ ਅਤੇ ਸਾਬਕਾ ਚਾਂਸਲਰ, ਕੇਂਦਰੀ ਯੂਨੀਵਰਸਿਟੀ, ਬਠਿੰਡਾ ਪਦਮ ਭੂਸ਼ਨ ਡਾ: ਸਰਦਾਰਾ ਸਿੰਘ ਜੌਹਲ ਨੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਨੌਜਵਾਨਾਂ ਦੇ ਵਿਕਾਸ ਅਤੇ ਤਰੱਕੀ ਲਈ ਮੌਕੇ ਪੈਦਾ ਕਰਨ ਦੀ ਸਖ਼ਤ ਲੋੜ 'ਤੇ ਜ਼ੋਰ ਦਿੱਤਾ। ਪੰਜਾਬ ਦੇ ਨੌਜਵਾਨਾਂ ਨੂੰ ਲੀਡਰਸ਼ਿਪ ਦੀਆਂ ਭੂਮਿਕਾਵਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ ਲਈ ਆਪਣੇ ਨਿੱਜੀ ਤਜ਼ਰਬੇ ਵੀ ਸਾਂਝੇ ਕੀਤੇ। ਉਨ੍ਹਾਂ ਨੇ ਨੌਜਵਾਨ ਭਾਰਤ ਦੇ ਹੁਨਰ ਵਿਕਾਸ 'ਤੇ ਜ਼ੋਰ ਦਿੱਤਾ ਤਾਂ ਜੋ ਜ਼ਮੀਨੀ ਪੱਧਰ 'ਤੇ ਮੌਕੇ ਪੈਦਾ ਕੀਤੇ ਜਾ ਸਕਣ।

ਪ੍ਰਧਾਨਗੀ ਭਾਸ਼ਣ ਵਿੱਚ ਡਾ: ਸਤਬੀਰ ਸਿੰਘ ਗੋਸਲ, ਵਾਈਸ-ਚਾਂਸਲਰ, ਪੀਏਯੂ, ਨੇ ਸਟੱਡੀ ਸਰਕਲ ਦੇ ਮਾਨਵਤਾਵਾਦੀ ਯਤਨਾਂ ਦੀ ਸ਼ਲਾਘਾ ਕੀਤੀ ਜੋ ਪੰਜਾਬ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਵਿੱਚ ਲਗਾਤਾਰ ਲੱਗੇ ਹੋਏ ਹਨ। ਉਹਨਾਂ ਕਿਹਾ ਕਿ ਇਸ ਨੇਕ ਕਾਰਜ ਪ੍ਰਤੀ ਅਟੁੱਟ ਵਚਨਬੱਧਤਾ ਸਦਕਾ ਹੀ ਪੰਜਾਬ ਦਾ ਨੌਜਵਾਨ ਵੱਖ-ਵੱਖ ਕਾਬਲੀਅਤਾਂ ਵਿੱਚ ਇੱਕ ਤਬਦੀਲੀ ਵਾਲੀ ਭੂਮਿਕਾ ਨਿਭਾ ਰਿਹਾ ਹੈ। ਡਾ: ਗੋਸਲ ਨੇ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਪੂਰਾ ਕਰਨ ਅਤੇ ਇੱਕ ਨਵੇਂ ਖੇਤਰ ਦੀ ਸ਼ੁਰੂਆਤ ਕਰਨ ਲਈ ਪਰਉਪਕਾਰੀ ਸੰਸਥਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੂੰ ਵਧਾਈ ਦਿੱਤੀ ਜੋ ਕਿ ਪੰਜਾਬ ਰਾਜ ਦੀ ਭਲਾਈ ਲਈ ਨਵੀਆਂ ਖੋਜਾਂ ਕਰਨ ਦੀ ਇਸਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸ੍ਰੀ ਤਰੁਣ ਕਪੂਰ ਵਿਦਿਆਰਥੀ ਨੂੰ ਸਮਾਜ ਸੇਵਾ ਲਈ ਡਾ: ਦਲੀਪ ਸਿੰਘ ਦੀਪ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਸਰਦਾਰ ਬਲਜੀਤ ਸਿੰਘ ਚੇਅਰਮੈਨ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਹੈਡ ਆਫਿਸ ਨੇ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਦੇ ਸੰਚਾਰ ਤੇ ਜ਼ੋਰ ਦਿੱਤਾ। ਉਹਨਾ ਦੇ ਨਾਲ ਉਚੇਚੇ ਤੌਰ ਤੇ ਕੇਂਦਰੀ ਦਫਤਰ ਵੱਲੋਂ ਸ ਗੁਰਮੀਤ ਸਿੰਘ ਫਾਊਂਡਰ ਮੈਂਬਰ, ਡਾ ਚਰਨਕਵਲ ਸਿੰਘ, ਡਾ ਬਲਵਿੰਦਰਪਾਲ ਸਿੰਘ, ਸ ਹਰਦੀਪ ਸਿੰਘ,ਸ ਹਰਜੀਤ ਸਿੰਘ ਖ਼ਾਲਸਾ, ਸ ਜਸਪਾਲ ਸਿੰਘ ਪਿੰਕੀ, ਸ ਜਸਪਾਲ ਸਿੰਘ ਕੋਚ, ਸ ਸੁਰਜੀਤ ਸਿੰਘ, ਸ ਵਰਿੰਦਰਜੀਤ ਸਿੰਘ ਬੀਰ ਪ੍ਰੋ ਅਪਿੰਦਰ ਸਿੰਘ, ਸ ਗੁਰਜੀਤ ਸਿੰਘ ਰੋਮਾਣਾ ਅਤੇ ਹੋਰ ਕੋਰ ਕਮੇਟੀ ਮੈਂਬਰ ਸ਼ਾਮਲ ਹੋਏ।

ਡਾ: ਨਿਰਮਲ ਜੌੜਾ, ਡਾਇਰੈਕਟਰ ਵਿਦਿਆਰਥੀ ਭਲਾਈ, ਪੀਏਯੂ ਨੇ ਇਕੱਤਰਤਾ ਦਾ ਧੰਨਵਾਦ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਅਹਿਮ ਯੋਗਦਾਨਾਂ 'ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਅਗਵਾਈ ਦੀਆਂ ਭੂਮਿਕਾਵਾਂ ਨਿਭਾਉਣ ਅਤੇ ਸਮਾਜ ਵਿਚ ਤਬਦੀਲੀ ਲਿਆਉਣ ਲਈ ਵਧਾਈ ਦਿੱਤੀ।

ਇਸ ਮਹੱਤਵਪੂਰਨ ਮੌਕੇ 'ਤੇ, 12 ਨੌਜਵਾਨਾਂ ਨੂੰ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਉਭਰਦੇ ਨੌਜਵਾਨ ਆਗੂ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸ. ਪ੍ਰਤਾਪ ਸਿੰਘ, ਪਹਿਲੇ ਬੈਚ (1974) ਦੇ ਸਾਬਕਾ ਵਿਦਿਆਰਥੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਬਹੁਤ ਸਾਰੇ ਸਾਬਕਾ ਵਿਦਿਆਰਥੀ ਮੈਂਬਰਾਂ ਦੀ ਸਨਮਾਨਯੋਗ ਮੌਜੂਦਗੀ ਵੀ ਦੇਖਣ ਨੂੰ ਮਿਲੀ ਅਤੇ ਸਾਰਿਆਂ ਦਾ ਸਨਮਾਨ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ 50 ਸਾਲਾਂ ਦੇ ਸਫ਼ਰ ਨੂੰ ਰੋਸ਼ਨ ਕਰਨ ਵਾਲੀ ਇੱਕ ਸ਼ਾਨਦਾਰ ਦਸਤਾਵੇਜ਼ੀ ਫਿਲਮ ਦੇ ਨਾਲ-ਨਾਲ ਉੱਘੇ ਸਾਬਕਾ ਵਿਦਿਆਰਥੀਆਂ ਦੀਆਂ ਵੀਡੀਓ ਕਲਿੱਪਾਂ ਵੀ ਪ੍ਰਦਰਸ਼ਿਤ ਕੀਤੀਆਂ ਗਈਆਂ।

ਸਮਾਗਮ ਦੀ ਪੂਰੀ ਕਾਰਵਾਈ/ ਪ੍ਰੋਗਰਾਮ ਸ ਡਾ ਸਰਬਜੀਤ ਸਿੰਘ ਰੇਣੂਕਾ ਟੀਚਰ ਇੰਚਾਰਜ , ਸ ਡਾ ਮਨਮੋਹਨਜੀਤ ਸਿੰਘ ਡੀਨ, ਸ ਡਾ ਕੇ ਬੀ ਸਿੰਘ ਨੇ ਬਖੂਬੀ ਨਿਭਾਈ। ਸਟੱਡੀ ਸਰਕਲ ਦੀ ਸ਼ਾਨਦਾਰ ਯਾਤਰਾ ਨੂੰ ਦਰਸਾਉਂਦੀ ਪ੍ਰਦਰਸ਼ਨੀ ਵੀ ਲਗਾਈ ਗਈ।

# ਅਪ੍ਰੀਲੀਆ ਵਿਖੇ ਪੰਜਾਬਣ ਮੁਟਿਆਰਾਂ ਵਲੋ ਇੱਕਠੀਆਂ ਹੋ ਕੇ ਮਨਾਇਆਂ ਤੀਆ ਦਾ ਤਿਉਹਾਰ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)-ਸਾਉਣ ਦੇ ਮਹੀਨੇ ਦਾ ਜਿੰਨਾਂ ਇੰਤਜ਼ਾਰ ਪੰਜਾਬਣਾਂ ਨੂੰ ਹੁੰਦਾ ਹੈ ਉਨ੍ਹਾਂ ਸ਼ਾਇਦ ਹੀ ਕੋਈ ਹੋਰ ਕਰਦਾ ਹੋਵੇ ਕਿਉਂਕਿ ਇਸ ਮਹੀਨੇ ਪੰਜਾਬ ਦੀ ਮੁਟਿਆਰ ਨੂੰ ਤੀਆਂ ਤੀਜ ਦੀਆਂ ਦਾ ਮੇਲਾ ਮਨਾਉਣ ਦਾ ਮੌਕਾ ਮਿਲਦਾ ਹੈ ਫਿਰ ਇਹ ਪੰਜਾਬਣ ਚਾਹੇ ਸੱਤ ਸਮੁੰਦਰੋਂ ਪਾਰ ਹੋਵੇ ਜਾਂ ਪੰਜਾਬ ਇਸ ਤਿਉਹਾਰ ਨੂੰ ਧੂਮਾਂ ਪਾਕੇ ਮਨਾਉਂਦੀ ਹੈ ਕੁਝ ਅਜਿਹਾ ਹੀ ਮਾਹੌਲ ਬਣਿਆ ਇਟਲੀ ਦੇ ਸੂਬੇ ਲਾਸੀਓ ਦੇ ਜਿਲ੍ਹਾ ਲਾਤੀਨਾ ਦੇ ਪ੍ਰਸਿੱਧ ਸ਼ਹਿਰ ਅਪ੍ਰੀਲੀਆ ਦੇ "ਦਾ ਕਿੰਗ ਬਾਰ ਐਡ ਰੈਸਟੋਰੈਂਟ" ਵਿਖੇ ਜਿੱਥੇ ਪੰਜਾਬ ਦੀਆਂ ਪੰਜਾਬਣਾਂ ਨੇ "ਤੀਆ ਤੀਜ ਦਾ ਮੇਲਾ" ਪੂਰੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਿਸ ਵਿੱਚ ਪੰਜਾਬੀ ਪਹਿਰਾਵੇ ਵਿੱਚ ਸੱਜੀਆ ਮੁਟਿਆਰਾ ਨੇ ਗਿੱਧਾ, ਭੰਗੜਾ ਤੇ ਬੋਲੀਆਂ ਨਾਲ ਖੂਬ ਰੰਗ ਬੰਨਿਆ ਅਤੇ ਜਿਸ ਵਿਚ ਪੰਜਾਬੀ ਮੁਟਿਆਰਾ ਵੱਲੋ ਪੰਜਾਬੀ ਸੰਗੀਤ ਦੇ ਦਿਲ ਨੂੰ ਛੂਹ ਲੈਣ ਵਾਲੇ ਗਾਣਿਆ ਤੇ ਸੋਲੋ ਪਰਫਾਰਮੈਸ ਪੇਸ਼ ਕਰਕੇ ਸਭ ਦੀ ਵਾਹ-ਵਾਹ ਖੱਟੀ। ਇਸ ਮੌਕੇ ਮੁਟਿਆਰਾਂ ਵਲੋ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਭਾਵੇ ਇਟਲੀ ਦੀ ਧਰਤੀ ਤੇ ਰਹਿਣ ਵਸੇਰਾ ਕਰ ਰਹੀਆ ਹਾਂ। ਪਰ ਸਾਨੂੰ ਅਪਣੇ ਵਿਰਸੇ ਤੇ ਸੱਭਿਆਚਾਰ ਜੁੜ ਕੇ ਰਹਿਣਾ ਚਾਹੀਦਾ ਹੈ। ਕਿਉਕਿ ਭਾਵੇ ਅਸੀ ਵੈਸ਼ਟਰਨ ਕਲਚਰ ਚ ਰਹਿੰਦੇ ਹਾਂ ਪਰ ਸਾਨੂੰ ਪੰਜਾਬੀ ਪਹਿਰਾਵਾ ਵੀ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਖਾਣ ਪੀਣ ਲਈ ਬੰਨ- ਸਵੰਨੇ ਪਕਵਾਨਾ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ।

# ਮਰਹੂਮ ਗਾਇਕ ਦਿਲਜਾਨ ਦੀ 'ਜ਼ਿੰਦਗੀ' ਪ੍ਰਮੁੱਖ ਸ਼ਖਸ਼ੀਅਤਾਂ ਵਲੋਂ ਰਿਲੀਜ਼

## ਸਤਨਾਮ ਸਿੰਘ ਮਾਣਕ ਦੀ ਸ਼ਾਇਰੀ ਨੂੰ ਜਹਾਨ ਤੋਂ ਰੁਖਸਤ ਹੋਣ ਤੋਂ ਕੁੱਝ ਸਮਾਂ ਪਹਿਲਾਂ ਦਿੱਤੀ ਸੀ ਆਵਾਜ਼



*ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਦੁਆਰਾ ਲਿਖੀ ਤੇ ਮਰਹੂਮ ਗਾਇਕ ਦਿਲਜਾਨ ਵਲੋਂ ਗਈ .ਗਜ਼ਲ 'ਜ਼ਿੰਦਗੀ' ਨੂੰ ਰਿਲੀਜ਼ ਕਰਦੇ ਹੋਏ ਡਾ. ਲਖਵਿੰਦਰ ਸਿੰਘ ਜੌਹਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਰਾਜੇਸ਼ ਥਾਪਾ, ਅਨਾਦੀ ਮਿਸ਼ਰਾ, ਸੰਗਤ ਰਾਮ, ਦਲਵਿੰਦਰ ਦਿਆਲਪੁਰੀ, ਸ੍ਰੀਮਤੀ ਰਾਜ ਮਾਣਕ, ਅਮਰਜੋਤ ਸਿੰਘ, ਡਾ. ਰਘਬੀਰ ਕੌਰ, ਵਿਕਾਸ ਪਰਾਸ਼ਰ ਤੇ ਗੁਰਮੀਤ ਸਿੰਘ ਪਲਾਹੀ।*

ਫਗਵਾੜਾ-ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਵਲੋਂ ਲਿਖੀ ਅਤੇ ਮਰਹੂਮ ਗਾਇਕ ਦਿਲਜਾਨ ਵਲੋਂ ਬਹੁਤ ਹੀ ਭਾਵਪੂਰਤ ਅੰਦਾਜ਼ 'ਚ ਗਾਈ ਗਈ .ਗਜ਼ਲ 'ਜ਼ਿੰਦਗੀ' ਜਲੰਧਰ ਪੰਜਾਬ ਪ੍ਰੈੱਸ ਕਲੱਬ ਵਿਖੇ ਕਰਵਾਏ ਗਏ ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵੀ. ਆਈ. ਪੀ. ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਪੱਤਰਕਾਰੀ ਤੇ ਸਾਹਿਤ ਜਗਤ ਤੋਂ ਇਲਾਵਾ ਸੰਗੀਤਕ ਖੇਤਰ ਨਾਲ ਸੰਬੰਧਿਤ ਪ੍ਰਮੁੱਖ ਸ਼ਖਸ਼ੀਅਤਾਂ ਵਲੋਂ ਰਿਲੀਜ਼ ਕੀਤੀ ਗਈ।

ਦਿਲਜਾਨ ਵਲੋਂ ਇਹ .ਗਜ਼ਲ ਕਰੀਬ ਤਿੰਨ ਸਾਲ ਪਹਿਲਾਂ ਰਿਕਾਰਡ ਕੀਤੀ ਗਈ ਸੀ ਪਰ ਰਿਲੀਜ਼ ਤੋਂ ਪਹਿਲਾਂ ਹੀ ਉਹ ਇਕ ਸੜਕ ਹਾਦਸੇ 'ਚ ਸਦਾ ਲਈ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ, ਪਰ ਸਤਨਾਮ ਸਿੰਘ ਮਾਣਕ, ਉੱਘੇ ਪ੍ਰੋਡਿਊਸਰ ਵਿਕਾਸ ਪਰਾਸ਼ਰ ਤੇ ਡਾਇਰੈਕਟਰ ਮੈਡਮ ਟੀਨਾ ਸ਼ਰਮਾ ਦੇ ਯਤਨਾਂ ਨੇ ਇਕ ਵਾਰ ਫਿਰ ਦਿਲਜਾਨ ਦੀ ਸੁਰੀਲੀ ਤੇ ਦਮਦਾਰ ਗਾਇਕੀ ਨੂੰ ਜ਼ਿੰਦਾ ਕਰ ਦਿੱਤਾ। ਇਸ .ਗਜ਼ਲ ਦੀ ਰਿਲੀਜ਼ ਦੇ ਨਾਲ ਜਿੱਥੇ ਦਿਲਜਾਨ ਦੇ ਪ੍ਰਸ਼ੰਸ਼ਕਾਂ ਨੂੰ ਵੀ ਇਕ ਲੰਬੇ ਅਰਸੇ ਬਾਅਦ ਆਪਣੇ ਪਿਆਰੇ ਗਾਇਕ ਦਿਲਜਾਨ ਦੀ ਆਵਾਜ਼ ਮੁੜ ਸੁਣਨ ਨੂੰ ਮਿਲੀ ਹੈ, ਉੱਥੇ ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਦੀ ਬਹੁਪੱਖੀ ਸ਼ਖਸ਼ੀਅਤ ਦਾ ਇਕ ਹੋਰ ਅਹਿਮ ਪੱਖ ਵੀ ਉਸ ਵੇਲੇ ਉਘੜ ਕੇ ਸਾਹਮਣੇ ਆਇਆ, ਜਦੋਂ ਰਿਲੀਜ਼ ਸਮਾਗਮ ਮੌਕੇ ਉਨ੍ਹਾਂ ਵਲੋਂ ਕੋਰੋਨਾ ਮਹਾਂਮਾਰੀ ਦੇ ਡਰਾਉਣੇ ਤੇ ਉਦਾਸ ਦਿਨਾਂ, ਸੰਕਟ 'ਚ ਘਿਰੇ ਗਰੀਬਾਂ ਤੇ ਮਜ਼ਦੂਰਾਂ ਦੇ ਆਪਣੇ ਘਰਾਂ ਤੱਕ ਪਹੁੰਚਣ ਦੇ ਕਦੇ ਨਾ ਮੁੱਕਣ ਵਾਲੇ ਪੈਂਡੇ, ਵੰਡ ਦੇ ਸੰਤਾਪ ਅਤੇ ਕਿਸਾਨੀ ਅੰਦੋਲਨ ਨਾਲ ਸੰਬੰਧਿਤ ਲਿਖੇ ਕਰੀਬ ਅੱਧੀ ਦਰਜਨ ਗੀਤਾਂ ਨੂੰ ਵੱਡੀ ਸਕ੍ਰੀਨ 'ਤੇ ਦਿਖਾਇਆ ਗਿਆ। ਸ੍ਰੀ ਮਾਣਕ ਵਲੋਂ ਆਪਣੀ ਕਲਮ ਰਾਹੀਂ ਪ੍ਰਗਟਾਏ ਗਏ ਦਿਲ ਦੇ ਵਲਵਲਿਆਂ ਤੇ ਸ਼ਾਇਰੀ ਨੂੰ ਮਰਹੂਮ ਗਾਇਕ ਦਿਲਜਾਨ ਤੋਂ ਇਲਾਵਾ ਉੱਘੇ ਸੂਫੀ ਗਾਇਕ ਯਾਕੂਬ ਅਤੇ ਅਨਾਦੀ ਮਿਸ਼ਰਾ ਸਮੇਤ ਹੋਰਨਾਂ ਗਾਇਕਾਂ ਨੇ ਆਪਣੀ ਆਵਾਜ਼ ਨਾਲ ਹੋਰ ਵੀ ਉਚਾਈਆਂ 'ਤੇ ਪਹੁੰਚਾ ਦਿੱਤਾ ਹੈ। 'ਜ਼ਿੰਦਗੀ' .ਗਜ਼ਲ ਵਾਂਗ ਹੀ ਸਾਰੇ ਗੀਤਾਂ ਦੀ ਵੀਡੀਓਗ੍ਰਾਫੀ ਕਮਾਲ ਦੀ ਹੈ ਅਤੇ ਮਾਣਕ ਦੀ ਸੰਵੇਨਸ਼ੀਲ ਸ਼ਾਇਰੀ ਦੇ ਨਾਲ ਮੇਲ ਖਾਂਦੀ ਹੋਈ ਸਰੋਤਿਆਂ ਤੇ ਦਰਸ਼ਕਾਂ ਨੂੰ ਭਾਵੁਕ ਕਰ ਜਾਂਦੀ ਹੈ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਉੱਘੇ ਲੇਖਕ ਤੇ ਚਿੰਤਕ ਡਾ. ਲਖਵਿੰਦਰ ਸਿੰਘ ਜੌਹਲ ਨੇ ਸਤਨਾਮ ਸਿੰਘ ਮਾਣਕ ਦੀ ਸ਼ਾਇਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਗੀਤ ਇਨਸਾਨੀ ਜ਼ਿੰਦਗੀ ਦੀ ਹਕੀਕਤ ਨੂੰ ਬਿਆਨ ਕਰਦੇ ਹਨ ਤੇ ਉਹ ਫਿਕਰਮੰਦੀ ਤੇ ਵਿਚਾਰਾਂ ਦੇ ਸ਼ਾਇਰ ਹਨ। ਉਨ੍ਹਾਂ ਦੀ ਦਮਦਾਰ ਸ਼ਾਇਰੀ, ਜਿੱਥੇ ਰੂਹ ਦੀ ਖੁਰਾਕ ਹੈ, ਉੱਥੇ ਉਹ ਸਮਾਜ ਨੂੰ ਸੇਧ ਦੇਣ ਵਾਲੀ ਵੀ ਹੈ। ਡਾ. ਰਘਬੀਰ ਕੌਰ ਨੇ ਸ੍ਰੀ ਮਾਣਕ ਨਾਲ ਆਪਣੀ ਭਾਵੁਕ ਸਾਂਝ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਹ ਬਹੁਤ ਹੀ ਸੰਵੇਦਨਸ਼ੀਲ ਵਿਅਕਤੀ ਹਨ ਤੇ ਅੱਜ ਪੱਤਰਕਾਰੀ ਤੋਂ ਬਾਅਦ ਉਨ੍ਹਾਂ ਦਾ ਇਕ ਵੱਖਰਾ ਹੀ ਰੂਪ ਸਾਹਮਣੇ ਆਇਆ ਹੈ।

ਇਸੇ ਤਰ੍ਹਾਂ ਸੂਫੀ ਗਾਇਕ ਯਾਕੂਬ ਅਤੇ ਅਨਾਦੀ ਮਿਸ਼ਰਾ ਨੇ ਵੀ ਸ੍ਰੀ ਮਾਣਕ ਦੀ ਸਾਫ ਸੁਥਰੀ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਸ਼ਾਇਰੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਅਜਿਹੇ ਗੀਤ ਗਾ ਕੇ ਮਾਣ ਮਹਿਸੂਸ ਹੋ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਮਰਜੋਤ ਸਿੰਘ, ਸੰਗਤ ਰਾਮ ਤੇ ਰਾਜੇਸ਼ ਥਾਪਾ ਨੇ ਵੀ ਸ੍ਰੀ ਮਾਣਕ ਦੀ ਸ਼ਾਇਰੀ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ। ਇਸ ਮੌਕੇ ਸ੍ਰੀ ਮਾਣਕ ਨੇ ਜਿੱਥੇ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ, ਉੱਥੇ ਆਪਣੇ ਪੱਤਰਕਾਰੀ ਦੇ ਜ਼ਹਿਨ ਤੇ ਗੰਭੀਰ ਖੇਤਰ ਤੋਂ ਸ਼ਾਇਰੀ ਤੱਕ ਦੇ ਸਫਰ ਬਾਰੇ ਗੱਲ ਕਰਦਿਆਂ ਕਿਹਾ ਕਿ ਸੰਗੀਤ ਅਤੇ ਸ਼ਾਇਰੀ ਨਾਲ ਲਗਾਅ ਉਨ੍ਹਾਂ ਨੂੰ ਬਚਪਨ ਤੋਂ ਹੀ ਰਿਹਾ ਹੈ

# ਇਟਲੀ ਵਿੱਚ ਭਿਆਨਕ ਸੜਕ ਹਾਦਸੇ ਵਿੱਚ 2 ਭਾਰਤੀ ਨੌਜਵਾਨਾਂ ਦੀ ਮੌਤ 4 ਲੋਕ ਗੰਭੀਰ ਜਖ਼ਮੀ



ਰੋਮ ਇਟਲੀ- (ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ ਆਏ ਦਿਨ ਭਾਰਤੀ ਭਾਈਚਾਰੇ ਦੇ ਨੌਜਵਾਨਾਂ ਦੀਆ ਬੇਵਕਤੀ ਮੌਤਾ ਨਾਲ ਭਾਰਤੀ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ। ਇਸੇ ਤਰ੍ਹਾ ਦੀ ਹੀ ਇੱਕ ਹੋਰ ਖਬਰ ਸਾਹਮਣੇ ਆਈ ਹੈ। ਜਿੱਥੇ ਇਟਲੀ ਦੇ ਮੁੱਖ ਰਾਸ਼ਟਰੀ ਮੋਟਰਵੇਅ ਏ 21 ਉਪੱਰ ਕਰੇਮੋਨਾ ਨੇੜੇ ਬਰੇਸ਼ੀਆ ਵਾਲੇ ਪਾਸੇ ਬੀਤੀ ਰਾਤ ਕਰੀਬ 10,45 ਵਜੇ 3 ਵਾਹਨਾਂ ਦੀ ਜਬਰਦਸਤ ਟੱਕਰ ਵਿੱਚ ਦੋ ਲੋਕਾਂ ਦੀ ਮੌਤ ਤੇ 4 ਲੋਕਾਂ ਦੇ ਗੰਭੀਰ ਰੂਪ ਵਿੱਚ ਜਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਟਾਲੀਅਨ ਮੀਡੀਏ ਅਨੁਸਾਰ ਇਸ ਐਕਸੀਡੈਂਟ ਵਿੱਚ ਮਰਨ ਵਾਲੇ ਦੋ ਭਾਰਤੀ ਨੌਜਵਾਨ ਹਨ ਜਿਹਨਾਂ ਦੀ ਉਮਰ 20 ਸਾਲ ਤੇ 29 ਸਾਲ ਸੀ ਪਰ ਹਾਲੇ ਤੱਕ ਇਹਨਾਂ ਦੀ ਪਹਿਚਾਣ ਜਨਤਕ ਨਹੀਂ ਕੀਤੀ ਗਈ ਜਦੋਂ ਕਿ ਹਾਦਸੇ ਵਿੱਚ ਚਾਰ ਲੋਕ ਹੋਰ ਗੰਭੀਰ ਜਖ਼ਮੀ ਹੋਏ ਹਨ ਜਿਹਨਾਂ ਵਿੱਚ ਇੱਕ 20 ਸਾਲ ਭਾਰਤੀ ਸਮੇਤ ਇੱਕ 57 ਸਾਲ ਵਿਅਕਤੀ ਤੇ ਦੋ ਔਰਤਾਂ 56 ਤੇ 86 ਸਾਲ ਸ਼ਾਮਿਲ ਹਨ। ਇਸ ਭਿਆਨਕ ਸੜਕ ਹਾਦਸੇ ਕਾਰਨ ਮੋਟਰਵੇਅ ਸਵੇਰੇ 6 ਵਜੇ ਤੱਕ ਬੰਦ ਰਿਹਾ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਫੋਰਡ ਕਾਰ (ਜਿਸ ਵਿੱਚ 3 ਭਾਰਤੀ ਸਵਾਰ ਸਨ )ਦੇ ਕੰਟਰੋਲ ਤੋਂ ਬਾਹਰ ਹੋ ਜਾਣ ਨਾਲ ਹੋਇਆ ਜਿਹੜੀ ਕਿ ਪਹਿਲਾਂ ਸੱਜੇ ਖੱਬੇ ਘੁੰਮਣ ਲੱਗੀ ,ਫਿਰ ਇੱਕ ਕਾਰ ਵਿੱਚ ਵੱਜੀ ਤੇ ਬਾਅਦ ਵਿੱਚ ਸਾਹਮਣ੍ਹੇ ਤੋਂ ਆ ਰਹੀ ਤੇਜ ਰਫ਼ਤਾਰ ਕਾਰ ਨਾਲ ਟੱਕਰਾ ਗਈ ਜਿਸ ਕਾਰਨ 2 ਭਾਰਤੀਆਂ ਦੀ ਦਰਦਨਾਕ ਮੌਤ ਹੋ ਗਈ ਤੇ ਤੀਜਾ ਇਹਨਾਂ ਦਾ ਸਾਥੀ ਗੰਭੀਰ ਜਖ਼ਮੀ ਹੋ ਗਿਆ ਜਿਸ ਨੂੰ ਰਾਹਤ ਕਰਮਚਾਰੀਆਂ ਨੇ ਹੈਲੀਕਾਪਰ ਰਾਹੀ ਹਸਤਪਾਲ ਪਹੁੰਚਾਇਆ। ਇਸ ਘਟਨਾ ਨਾਲ ਇਲਾਕੇ ਵਿੱਚ ਮਾਤਮ ਛਾ ਗਿਆ। ਪੁਲਸ ਸਾਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

# Basti medical clinics could serve two crore people in two years–APunjab Government Report

There is a report from the side of Punjab Government that BastiMedical Clinics set up by Punjab Government could serve two crorepeople infirst two years. A very good report. Most of the peoplehere in India are poor and cannot approach private medical clinics andoften government hospitals are far away and there is no cheaparrangement for transporting patients. AAP has started this privisionand reports tell that with this system, we can give service to morepeople. Let this system be examined by all the states in India and ifneed be, such provisions be made throughout in India in all thestates. Even specialists posted in main government clinics may bevisiting these Basti Medical clinic on days fied for them and let usallow these Basti Clinic be order of the day. Punjab government had earlier started service at hom and peopleare getting service from the office while sitting at home and thattwoo within prescribed time. There is no need of people visitinggovernment and semi government offices. Time has come when all the states adopt these useful services tothe people and ensure efficient working. If there is corruption ingovernemnt offices, that too shall stop because there shall be nooccasion to talk and request people sitting on chairs in offices.Most of the people offer bribes for stopping their visits and let thework be done sitting at home. Files be taken yup and disposed of andif someone has net connection, he could be informed that his file hasbeen taken up for consideration. Time has come when all houses beprovided with net connections so that most of the works could be donewhile sitting at hom. This system shall reduce crowding too. Evenrepurchasing system could be established in India.

dalip singh Wasan, Advocate

# ਬੱਚਾ ਸਿਖਾਉਂਦਾ ਹੈ ਖੁਸ਼ੀਆਂ ਬਖ਼ਸ਼ਦਾ ਹੈ ਮਾਂ ਬਾਪ ਨੂੰ

ਅਮਰਜੀਤ ਟਾਂਡਾ
+61 417271147



ਤੁਸੀਂ ਇਹ ਗੱਲ ਸੁਣ ਕੇ ਮੇਰੇ ਗਲ਼ ਪਵੋਗੇ ਕਿ ਡਾਕਟਰ ਸਾਹਿਬ ਦਾ ਦਿਮਾਗ ਖਰਾਬ ਹੋ ਗਿਆ ਹੈ। ਇਹ ਕਿਹੋ ਜਿਹੀਆਂ ਗੱਲਾਂ ਕਰਨ ਲੱਗ ਪਏ ਹਨ। ਪਰ ਹੌਲੀ ਹੌਲੀ ਮੇਰੀਆਂ ਸਤਰਾਂ ਨੂੰ ਪੜਿਓ ਤੇ ਫਿਰ ਵਿਚਾਰਿਓ ਇਹ ਮੇਰੇ ਵਿਸ਼ੇ ਤੁਸੀਂ ਕਦੇ ਵੀ। ਕਿਤੇ ਵੀ ਨਹੀਂ ਪੜ੍ਹੇ ਹੋਣਗੇ। ਤੇ ਨਾ ਹੀ ਅਜਿਹੇ ਵਿਸ਼ੇ ਕਦੇ ਪੜੋਗੇ। ਜਦ ਮੈਂ ਕਹਿੰਦਾ ਹਾਂ ਕਿ ਬੱਚਾ ਪਾਲਦਾ ਸਿਖਾਉਂਦਾ ਹੈ ਆਪਣੇ ਮਾਂ ਬਾਪ ਨੂੰ। ਭੈਣਾਂ ਭਰਾਵਾਂ ਨੂੰ ਵੀ।

ਬੱਚੇ ਦੇ ਜਨਮ ਨਾਲ ਮਾਂ ਬਾਪ ਭੈਣਾਂ ਭਰਾਵਾਂ ਨੇੜੇ ਦੀਆਂ ਰਿਸ਼ਤੇਦਾਰੀਆਂ ਵਿੱਚ ਵੀ ਖੁਸ਼ੀਆਂ ਵਿੱਚ ਵਾਧਾ ਹੁੰਦਾ ਹੈ। ਕੋਈ ਹੱਦ ਨਹੀਂ ਰਹਿੰਦੀ ਖੁਸ਼ੀਆਂ ਦੀ। ਰਾਤ ਦਿਨ ਖੁਸ਼ੀ ਵਿੱਚ ਨੱਚਣ ਲੱਗ ਜਾਂਦਾ ਹਾਂ ਇਹ ਸਾਰਾ ਕੁਝ ਉਸ ਪਹਿਲੀ ਕਿਲਕਾਰੀ ਨੇ ਹੀ ਕੀਤਾ ਹੈ ਸੀ ਜਦੋਂ ਸ਼ਾਮ ਰਾਤ ਨੂੰ ਪਹਿਲਾ ਤਾਰਾ ਚੜਿਆ ਸੀ। ਉਹਨੇ ਹੀ ਟੰਗੇ ਸਨ ਬੂਹਿਆਂ ਦਰਾਂ ਉੱਤੇ ਸ਼ਰੀਂਹ ਅੰਬ ਦੇ ਪੱਤੇ

ਉਹ ਮੁਸਕਾਨ ਨਾ ਲੈ ਕੇ ਆਉਂਦਾ ਤਾਂ ਸਾਰੇ ਪਿੰਡ ਨੂੰ ਨੱਚਣਾ ਹਸਣਾ ਗਾਉਣਾ ਨਹੀਂ ਸੀ ਆਉਣਾ। ਉਹਨੇ ਅੱਖ ਖੋਲੀ ਤਾਂ ਹਵਾ ਵੀ ਗਾਉਣ ਲੱਗ ਪਈ ਸੀ। ਘਰ ਦੀ ਹਰ ਇੱਕ ਚੀਜ਼ ਵਿੱਚ ਖੁਸ਼ੀ ਨਜ਼ਰ ਆਉਣ ਲੱਗ ਪਈ ਸੀ। ਉਹਨੇ ਘਰ ਦੇ ਖਾਲੀ ਭੜੋਲੇ ਵੀ ਭਰ ਦਿੱਤੇ ਸਨ। ਚੁੱਪ ਚਾਪ ਬੈਠੇ ਬਰਤਨਾਂ ਨੂੰ ਉਹਨੇ ਕਿਹਾ ਚੁੱਲ੍ਹੇ ਤੇ ਚੜ੍ਹ ਕੇ ਸਾਨੂੰ ਕੁਝ ਬਣਾ ਕੇ ਵਿਖਾਵੋ ਤੇ ਸਾਰਿਆਂ ਨੂੰ ਖਵਾਵੋ।

ਵਿਹੜੇ ਨੂੰ ਨੱਚਣਾ ਬੱਚੇ ਨੇ ਸਿਖਾਇਆ ਸੀ ਪਹਿਲੀ ਵਾਰ ਜਦੋਂ ਵੀ ਉਸਨੇ ਅੱਖ ਖੋਲ੍ਹੀ। ਬੱਚੇ ਦੇ ਜਨਮ ਲੈਂਦਿਆਂ ਸਾਰ ਹੀ ਸਾਰਿਆਂ ਦੇ ਚਿਹਰਿਆਂ ਤੇ ਮੁਸਕਰਾਟਾਂ ਆ ਛਾ ਵਿਛ ਜਾਂਦੀਆਂ ਹਨ। ਬੱਚਾ ਮਾਂ ਦਾ ਰੁਤਬਾ ਉੱਚਾ ਕਰਦਾ ਹੈ। ਕਬੀਲੇ ਵਿੱਚ ਬਾਪੂ ਬੜਕ ਮਾਰਨ ਜੋਗਾ ਹੋ ਜਾਂਦਾ ਹੈ। ਬੱਚੇ ਨੇ ਮੁੱਛ ਨੂੰ ਤਾਅ ਦੇਣਾ ਵੀ ਸਿਖਾਇਆ। ਉਹ ਨਾ ਅੱਖ ਖੋਲਦਾ ਕਿਲਕਾਰੀ ਮਾਰਦਾ ਤਾਂ ਕਿਹਨੇ ਸਿੱਖਣੀਆਂ ਸੀ ਇਹ ਸਭ ਗੱਲਾਂ।

ਜਦੋਂ ਬੱਚੇ ਨੇ ਜਨਮ ਲਿਆ। ਦਰ ਘਰ ਰਾਹ ਵੀ ਖੁਸ਼ੀਆਂ ਨਾਲ ਭਰੇ ਗਏ ਸਨ। ਉਹਨੇ ਆਪਣੇ ਪਹਿਲੇ ਪਲਾਂ ਨਾਲ ਹੀ ਅੱਖ ਖੋਲ੍ਹਦਿਆਂ ਮਾਂ ਬਾਪ ਦੀ ਦੁਨੀਆਂ ਬਦਲ ਕੇ ਰੱਖ ਦਿੱਤੀ ਸੀ।

ਘਰ ਵਿੱਚ ਦੋਸਤਾਂ ਮਿੱਤਰਾਂ ਦਾ ਆਉਣ ਜਾਣ ਵਧਿਆ ਤਰ੍ਹਾਂ ਤਰ੍ਹਾਂ ਦੇ ਭੋਜਨ ਪਦਾਰਥ ਬਣਨੇ ਸ਼ੁਰੂ ਹੋਏ ਮਿਠਿਆਈਆਂ ਲੱਡੂ ਵੰਡੇ ਗਏ। ਇਹ ਸਭ ਨਵ ਜਨਮੀ ਰੂਹ ਨੇ ਹੀ ਕੀਤਾ ਹੁੰਦਾ ਹੈ ਹਵਾਵਾਂ ਨੇ ਵੀ ਮੂੰਹ ਮਿੱਠਾ ਕੀਤਾ। ਆਲੇ ਦੁਆਲੇ ਸਭ ਉਦਾਸੀਆਂ ਉਹਨੇ ਹੀ ਆ ਕੇ ਪੂੰਝੀਆਂ।

ਨੇੜੇ ਤੇੜੇ ਵਿਲਕਦੀਆਂ ਰੂਹਾਂ ਵੀ ਉਹਨੇ ਚੁੱਪ ਕਰਾ ਦਿੱਤੀਆਂ ਖੁਸ਼ੀਆਂ ਵਿੱਚ ਤਬਦੀਲ ਕਰ ਦਿੱਤੀਆਂ ਹਨ। ਉਸ ਘਰ ਜੋ ਵੀ ਆਇਆ ਉਹ ਵਧਾਈਆਂ ਲੈ ਕੇ ਆਇਆ। ਮੁਬਾਰਕਾਂ ਦੇਣ ਆਇਆ। ਹੱਸਦੇ ਮੂੰਹ ਨਾਲ ਲੈ ਕੇ ਆਇਆ। ਖੁਸ਼ੀਆਂ ਦਿੰਦਾ ਵੰਡਦਾ ਨੇੜੇ ਬੈਠਾ।

ਬੋਲੀ ਮੱਥੇ ਸਿਰ ਉਸਾਰਦੀ ਹੈ। ਜਦੋਂ ਉਹ ਹੌਲੀ ਹੌਲੀ ਕਿਲਕਾਰੀ ਮਾਰਦਾ ਹੈ। ਬੱਚਾ ਜਦੋਂ ਜਨਮ ਲੈਂਦਾ ਹੈ ਕਿਲਕਾਰੀ ਮਾਰਦਾ ਹੈ। ਉਹ ਪਹਿਲੀ ਚੀਖ਼ ਕਿਸੇ ਕੋਲੋਂ ਸਿੱਖੀ ਨਹੀਂ ਹੁੰਦੀ। ਉਹ ਭੁੱਖ ਪਿਆਸ ਦੀ ਪੂਰਤੀ ਲਈ ਤਲਾਸ਼ ਕਰਦਾ ਹੈ। ਹੱਥ ਪੈਰ ਮਾਰਨੇ ਸ਼ੁਰੂ ਕਰਦਾ ਹੈ।

ਹਾਲ ਪਾਹਰਿਆ ਪਾ ਦਿੰਦਾ ਹੈ ਆਲੇ ਦੁਆਲੇ ਜਦ ਤੀਕ ਸ਼ਹਿਦ ਗੁੜ੍ਹਤੀ ਨਾਲ ਜ਼ਰਾ ਐਨਰਜੀ ਨਹੀਂ ਮਿਲਦੀ। ਦੁੱਧ ਦੇ ਤੁਪਕੇ ਨਹੀਂ ਅੰਦਰ ਜਾਂਦੇ। ਉਹ ਆਲੇ ਦੁਆਲੇ ਸਫ਼ਾਈ ਰੱਖਣੀ ਸਿਖਾਉਂਦਾ ਹੈ। ਕਹਿਣਾ ਮੰਨਣਾ ਦੱਸਦਾ ਹੈ ਹੱਸਣਾ ਸਿਖਾਉਂਦਾ ਹੈ ਮੁਸਕਾਨਾਂ ਵੰਡਦਾ।

ਹੌਲੀ ਹੌਲੀ ਹੱਥ ਮਾਰਨਾ ਸ਼ੁਰੂ ਕਰਦਾ ਹੈ ਉਹ। ਉਹਨੂੰ ਕਿਤੇ ਦੁੱਧ ਭੋਜਨ ਦਿਸਦਾ ਹੈ। ਅੱਖਾਂ ਖੋਲੀਆਂ ਸੰਸਾਰ ਦੇਖਿਆ ਮਾਂ ਦੀ ਹਿੱਕ ਨੂੰ ਨਿੱਘ ਉਹਨੇ ਬਖਸ਼ਿਆ। ਮਾਣ ਦਿੱਤਾ।

ਅਸਲ ਵਿੱਚ ਉਹਦੇ ਨਾਲ ਖੁਸ਼ੀਆਂ ਘਰ ਵਿੱਚ ਆਉਂਦੀਆਂ ਹਨ। ਮਾਂ ਬਾਪ ਦਾ ਖੂਨ ਵਧਦਾ ਹੈ। ਉਹਨੇ ਇਹ ਇੱਕ ਮਹਾਨ ਕਾਰਵਾਈ ਸ਼ੁਰੂ ਕੀਤੀ। ਇਹ ਹੋਰ ਕੋਈ ਵੀ ਦੁਨੀਆਂ ਦਾ ਬੰਦਾ ਨਹੀਂ ਸੀ ਸ਼ੁਰੂ ਕਰ ਸਕਦਾ। ਇਹ ਸਭ ਬੱਚੇ ਨੇ ਸ਼ੁਰੂ ਕੀਤਾ ਸੀ ਪਹਿਲਾਂ। ਘਰ ਵਿੱਚ ਰਿਸ਼ਤੇਦਾਰਾਂ ਵਿੱਚ ਖੁਸ਼ੀਆਂ ਹੁੰਦੀਆਂ ਆਈਆਂ। ਉਹ ਸਾਰੀ ਬੱਚੇ ਦੀ ਹੀ ਦੇਣ ਹੁੰਦੀ ਹੈ।

ਬੱਚੇ ਦਾ ਜਨਮ ਹੁੰਦਾ ਹੈ ਫਿਰ ਹੌਲੀ ਹੌਲੀ ਉਹ ਤੁਹਾਨੂੰ ਬੋਲਣਾ ਸਿਖਾਉਂਦਾ ਹੈ। ਤੁਸੀਂ ਉਹਨੂੰ ਨੋਨਾ ਕਹਿੰਦੇ ਹੋ ਉਹ ਸੋਹਣਾ ਸੋਹਣਾ ਦੱਸਦਾ ਹੈ। ਉਹ ਤੁਹਾਨੂੰ ਉਦਾਸੀ ਵਿੱਚ ਵੀ ਹੱਸਣਾ ਸਿਖਾਉਂਦਾ ਹੈ ਜਦੋਂ ਇੱਕ ਮਿੱਠੀ ਜਿਹੀ ਮੁਸਕਾਨ ਦਿੰਦਾ ਹੈ।

ਬੱਚੇ ਦੀਆਂ ਕੁਤਕਤਾਰੀਆਂ ਹਾਸੇ ਨਿੱਕੀਆਂ ਨਿੱਕੀਆਂ ਮੁਸਕਰਾਟਾਂ ਮਾਂ ਬਾਪ ਦੀਆਂ ਖੁਸ਼ੀਆਂ ਵਿੱਚ ਖੇੜੇ ਲੈ ਕੇ ਵੰਡਦੀਆਂ ਹਨ। ਇਹ ਕਿਲਕਾਰੀਆਂ ਮੁਸਕਾਨਾਂ ਨਾ ਹੁੰਦੀਆਂ ਜਨਮਦੀਆਂ ਤਾਂ ਇਹ ਆਲਮ ਨਹੀਂ ਸੀ ਵਸਣਾ ਬੰਦੇ ਨੇ ਇਹਨਾਂ ਚੀਜ਼ਾਂ ਤੋਂ ਵਾਂਝੇ ਭਟਕਦਿਆਂ ਤੁਰ ਜਾਣਾ ਸੀ। ਬੱਚੇ ਦੀ ਪਹਿਲੀ ਕਿਲਕਾਰੀ ਨੇ ਦੁਨੀਆਂ ਵਸਾਈ ਸੀ। ਵਸਣ ਜੋਗੇ ਕੀਤਾ ਸੀ।

ਜਦੋਂ ਉਸਨੇ ਪਹਿਲੜੀ ਮੁਸਕਰਾਟ ਦਿੱਤੀ ਸੀ ਤਾਂ ਦੁਨੀਆਂ ਚੋਂ ਉਦਾਸੀਆਂ ਪੂੰਝੀਆਂ ਗਈਆਂ ਸਨ ਖਿੜ ਖਿੜਾ ਕੇ ਹੱਸਣਾ ਤੁਹਾਨੂੰ ਬੱਚਾ ਹੀ ਦੱਸਦਾ ਹੈ-

## ਰਾਤ ਦਿਨ ਵਿਚ ਸੁੱਖ ਵਰਤਾਉਂਦੀ ਹੈ ਉਹ ਨਿੱਕੀ ਜਿਹੀ ਰੂਹ

ਖੁਸ਼ੀਆਂ ਵਿੱਚ ਨੱਚਣਾ ਸਿਖਾਉਂਦਾ ਹੈ ਇਹ ਨਵਾਂ ਸੰਸਾਰ ਤੁਸੀਂ ਗੀਤ ਗਾਉਣੇ ਸਿੱਖ ਜਾਂਦੇ ਹੋ। ਗੀਤ ਲੋਰੀਆਂ ਉਹ ਸਿਖਾਉਂਦਾ ਹੈ ਗਾਉਣੀਆਂ ਦੁਨੀਆਂ ਭਰ ਦੀਆਂ ਮਾਵਾਂ ਨੂੰ ਦਾਦੀਆਂ ਨੂੰ ਨਾਨੀਆਂ ਨੂੰ ਤਾਈਆਂ ਚਾਚੀਆਂ ਨੂੰ।

ਉਹ ਰੋਂਦਾ ਭੁੱਖ ਲਈ ਹੈ। ਭੁੱਖ ਪਿਆਸ ਦਾ ਹੱਲ ਤੁਹਾਨੂੰ ਦੱਸਦਾ ਹੈ। ਤੇ ਤਰ੍ਹਾਂ ਤਰ੍ਹਾਂ ਦੇ ਪ੍ਰਬੰਧ ਕਰਨੇ ਭੁੱਖ ਦੁੱਖ ਦੇ

ਖਿੜ ਖਿੜਾ ਕੇ ਹੱਸਣਾ ਤੁਹਾਨੂੰ ਬੱਚਾ ਹੀ ਦੱਸਦਾ ਹੈ ਤੁਸੀਂ ਨਹੀਂ ਕਦੀ ਦੱਸਦੇ ਤ੍ਰਿਪਤ ਹੋ ਕੇ ਖੁਸ਼ੀ ਮਨਾਉਂਦਾ ਹੈ ਤੁਹਾਨੂੰ ਵੀ ਦੱਸਦਾ ਹੈ ਖਿੜ ਖਿੜ ਹੱਸਣਾ।

ਉਹ ਤੁਹਾਨੂੰ ਤੁਹਾਡਾ ਸਾਰਾ ਬਚਪਨ ਯਾਦ ਕਰਵਾ ਦਿੰਦਾ ਹੈ ਗਾਂ ਵੱਛੜੇ ਨੂੰ ਵੀ ਚੁੰਮਦੀ ਚੱਟਦੀ ਹੈ। ਪਰ ਉਹ ਦੁੱਧ ਦੇ ਥਣਾਂ ਵੱਲ ਨੂੰ ਆਪ ਜਾਂਦਾ ਹੈ ਆਪ ਲੱਭਦਾ ਹੈ ਭੁੱਖ ਦੀ ਤ੍ਰਿਪਤੀ ਕਰਦਾ ਹੈ।

ਆਪ ਸਿੱਖਦਾ ਹੈ ਦੁੱਧ ਚੁੰਘਣਾ ਉਹਨੂੰ ਕੋਈ ਨਹੀਂ ਸਿਖਾਉਂਦਾ। ਇਹੀ ਬੱਚੇ ਦੇ ਵਿੱਚ ਹੈ ਸਾਰਾ ਕੁਝ ਕੁਦਰਤ ਵੱਲੋਂ। ਉਹ ਭੁੱਖ ਪਿਆਸ ਦਾ ਹੱਲ ਲੱਭਣਾ ਦੱਸਦਾ ਹੈ।

ਉਹਦੀ ਤ੍ਰਿਪਤੀ ਨਾਲ ਦਿਮਾਗ ਵੀ ਬਣਦਾ ਰੌਸ਼ਨ ਹੁੰਦਾ ਹੈ। ਮਾਂ ਥੋੜ੍ਹੀ ਬਹੁਤੀ ਕੋਸ਼ਿਸ਼ ਕਰਦੀ ਹੈ। ਪਰ ਉਹ ਛੇਤੀ ਹੀ ਆਪਣੇ ਆਪ ਲੱਭਣ ਲੱਗ ਜਾਂਦਾ ਹੈ ਦੁੱਧ ਨਾਲ ਭਰੀਆਂ ਛਾਤੀਆਂ ਨੂੰ।

ਨਿਪਲਾਂ ਨੂੰ ਟਾਟੋਲਣ ਲੱਗ ਜਾਂਦਾ ਹੈ। ਨਿਪਲਾਂ ਨੂੰ ਬੁੱਲੀਆਂ ਵਿੱਚ ਪਾਉਂਦਾ ਮਾਂ ਨੂੰ ਵੀ ਤ੍ਰਿਪਤ ਕਰਦਾ ਹੈ। ਮਾਂ ਦੀ ਭੁੱਖ ਇਹ ਸਾਰਾ ਦ੍ਰਿਸ਼ ਦੇਖ ਕੇ ਹੀ ਮਰ ਜਾਂਦੀ ਹੈ। ਉਹ ਅੰਬਰਾਂ ਵਿੱਚ ਉੱਡਣ ਲੱਗ ਜਾਂਦੀ ਹੈ ਇਹ ਦੁਨੀਆ ਉਸਰੀ ਦੇਖ। ਮਾਂ ਨੇ ਤਾਂ ਲਾਡ ਨਾਲ ਚੱਕ ਕੇ ਛਾਤੀ ਨਾਲ ਹੀ ਲਾਇਆ ਸੀ। ਉਹਨੇ ਨਿੱਘ ਪਿਆਰ ਮਾਂ ਨੂੰ ਦਿੱਤਾ ਸੀ।

ਮਾਂ ਬਾਪ ਬਹੁਤ ਕੁਝ ਸਿੱਖਦੇ ਹਨ ਬੱਚੇ ਕੋਲੋਂ। ਅਸੀਂ ਤਾਂ ਐਵੇਂ ਹੀ ਕਹਿਣ ਲੱਗ ਜਾਂਦੇ ਹਾਂ ਕਿ ਅਸੀਂ ਬੱਚੇ ਨੂੰ ਪਾਲਿਆ ਸਿਖਾਇਆ ਹੈ ਬੋਲਣਾ। ਅਸੀਂ ਤਾਂ ਲਾਡ ਵਿੱਚ ਬੱਚੇ ਨੂੰ ਨੋਨਾ ਨੋਨਾ ਕਹਿੰਦੇ ਹਾਂ। ਨਾ ਮੇਰਾ ਨੋਨਾ ਬੱਚਾ।

ਬੱਚੇ ਨੇ ਦੁੱਧੂ ਪੀਣਾ। ਨੋਟੀ ਖਾਣੀ। ਨੋਨੇ ਨੂੰ ਭੁੱਖੀ ਲੱਗੀ। ਕਦੇ ਵੀ ਸੋਹਣਾ ਸੋਹਣਾ ਨਹੀਂ ਕਹਿੰਦੇ। ਮੇਰਾ ਬੱਚਾ ਸੋਹਣਾ ਸੋਹਣਾ। ਕਦੇ ਵੀ ਨਹੀਂ ਕਹਿੰਦੇ ਬੱਚਾ ਪਾਲਦਾ ਸਿਖਾਉਂਦਾ ਹੈ ਮਾਂ ਬਾਪ ਨੂੰ ਬੋਲੀ ਭਾਸ਼ਾ ਵੀ ਮੱਥੇ ਸਿਰ ਨੂੰ ਉਸਾਰਦੀ ਹੈ। ਫਿਰ ਤੁਸੀਂ ਤੋਤਲੇ ਹੋ ਕਿ ਉਹ

ਉਹ ਤੋਤਲਾ ਬੋਲਦਾ ਹੈ। ਤੁਸੀਂ ਤੋਤਲੇ ਬੋਲਾਂ ਚ ਹੀ ਕੁਝ ਕਹਿੰਦੇ ਹੋ ਉਹ ਹੌਲੀ ਹੌਲੀ ਤੁਹਾਨੂੰ ਸਿਖਾਉਂਦਾ ਹੈ

ਰਿੜ੍ਹਨ ਦੀ ਉਹ ਕੋਸ਼ਿਸ਼ ਕਰਦਾ ਹੈ ਖਿਡਾਉਣਿਆਂ ਕੋਲ ਜਾਣ ਲਈ। ਤੁਸੀਂ ਨਾਲ ਰਿੜ੍ਹਦੇ ਹੋ ਕੂਹਣੀਆਂ ਭਾਰ। ਤੁਸੀਂ ਝੂਠੀ ਮੂਠੀ ਵੀ ਰੋਂਦੇ ਹੋ ਉਹ ਤੁਹਾਨੂੰ ਚੁੱਪ ਕਰਾਉਂਦਾ ਹੈ। ਅੱਖਾਂ ਵੀ ਪੂੰਝਣ ਜਾਂਦਾ ਹੈ।

ਉਂਗਲੀ ਨਾਲ ਵੀ ਮਨਾ ਕਰਦਾ ਸਮਝਾਉਂਦਾ ਹੈ ਨੋਨਾ ਨਹੀਂ। ਤੁਸੀਂ ਕੁਤਕਤਾਰੀਆਂ ਕੱਢਦੇ ਹੋ ਹੱਸਣਾ ਖਿੜ ਖਿੜਾ ਕੇ ਹੱਸਣਾ ਉਹ ਤੁਹਾਨੂੰ ਦੱਸਦਾ ਹੈ।

## ਮਿੰਨੀ ਕਹਾਣੀ / ਸ਼ਰਾਬ ਬੁਰੀ ਚੀਜ਼ ਆ

ਪੂਰੀ ਛੁੱਟੀ ਦੀ ਘੰਟੀ ਵੱਜਦੇ ਸਾਰ ਹੀ ਅੱਠਵੀਂ ਕਲਾਸ ਦੇ ਦੋ ਵਿਦਿਆਰਥੀ ਮਾਸਟਰ ਗਗਨਦੀਪ ਸਿੰਘ ਕੋਲ ਆ ਕੇ ਉਸ ਨੂੰ ਇੱਕ ਆਵਾਜ਼ ਵਿੱਚ ਕਹਿਣ ਲੱਗੇ, "ਮਾਸਟਰ ਜੀ, ਮਾਸਟਰ ਜੀ, ਤੁਸੀਂ ਕੱਲ੍ਹ ਪੰਜਾਬੀ ਵਾਲੇ ਮਾਸਟਰਾਂ ਦੇ ਭਤੀਜੇ ਦੀ ਵਿਆਹ ਦੀ ਪਾਰਟੀ 'ਚ ਕਿਉਂ ਨ੍ਹੀ ਗਏ ?"



"ਮੈਨੂੰ ਇੱਕ ਜ਼ਰੂਰੀ ਕੰਮ ਪੈ ਗਿਆ ਸੀ, ਪਰ ਤੁਸੀਂ ਮੈਨੂੰ ਇਹ ਕਿਉਂ ਪੁੱਛਦੇ ਹੋ ?" ਮਾਸਟਰ ਗਗਨਦੀਪ ਸਿੰਘ ਨੇ ਆਖਿਆ।

"ਜੀ ਅਸੀਂ ਦੋਵੇਂ ਗਏ ਸੀ।" ਉਨ੍ਹਾਂ ਨੇ ਆਖਿਆ।

"ਫਿਰ ਉੱਥੇ ਕੀ ਹੋਇਆ ?" ਮਾਸਟਰ ਗਗਨਦੀਪ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ।

"ਉੱਥੇ ਜੀ ਡਰਾਇੰਗ ਵਾਲੇ ਤੇ ਅੰਗਰੇਜ਼ੀ ਵਾਲੇ ਮਾਸਟਰਾਂ ਨੇ ਸ਼ਰਾਬ ਪੀਤੀ ਹੋਈ ਸੀ। ਜੀ ਉਹ ਕੁਰਸੀਆਂ ਤੇ ਹੇਠਾਂ ਵੱਲ ਸਿਰ ਸੁੱਟ ਕੇ ਬੈਠੇ ਸਨ। ਸਾਨੂੰ ਕਹਿੰਦੇ ਰਹਿੰਦੇ ਆ, ਸ਼ਰਾਬ ਬੁਰੀ ਚੀਜ਼ ਆ, ਸਿਹਤ ਲਈ ਹਾਨੀਕਾਰਕ ਆ। ਆਪਣੇ ਡੈਡੀਆਂ ਨੂੰ ਸ਼ਰਾਬ ਪੀਣ ਤੋਂ ਰੋਕਿਆ ਕਰੋ। ਭਲਾ ਸਾਡੇ ਡੈਡੀ ਸਾਡੇ ਕਹੇ ਤੇ ਸ਼ਰਾਬ ਪੀਣ ਤੋਂ ਕਿਵੇਂ ਰੁਕ ਸਕਦੇ ਆ? ਇਹ ਆਪ ਤਾਂ.......।"

ਇਸ ਤੋਂ ਪਹਿਲਾਂ ਕਿ ਮਾਸਟਰ ਗਗਨਦੀਪ ਸਿੰਘ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਜਵਾਬ ਦਿੰਦਾ, ਉਹ ਉਸ ਕੋਲੋਂ ਮੁਸਕਰਾਉਂਦੇ ਹੋਏ ਚਲੇ ਗਏ।



ਮਹਿੰਦਰ ਸਿੰਘ ਮਾਨ, ਕੈਨਾਲ ਰੋਡ
ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ
ਨਵਾਂ ਸ਼ਹਿਰ-144514 ਫੋਨ 9915803554

# ਕਿਵੇਂ ਹੁੰਦਾ ਹੈ ਇੱਕ ਚੰਗੀ ਸ਼ਖਸੀਅਤ ਦਾ ਨਿਰਮਾਣ ?

ਹਰਕੀਰਤ ਕੌਰ
9779118066

ਸੰਸਾਰ ਦਾ ਹਰ ਵਿਅਕਤੀ ਜੀਵਨ ਵਿੱਚ ਆਪਣੇ ਢੰਗਾਂ ਨਾਲ ਵਿਚਰਦਾ ਹੈ। ਆਪਣੇ ਨਿੱਜੀ ਗੁਣਾਂ ਨੂੰ ਵਰਤੋਂ ਵਿੱਚ ਲਿਆਉਣ ਦਾ ਉਸਦਾ ਆਪਣਾ ਹੀ ਨਿਵੇਕਲਾ ਢੰਗ ਹੁੰਦਾ ਹੈ। ਦੂਸਰੇ ਲੋਕ ਉਸਦੇ ਸੋਚਣ, ਕਾਰਜ ਕਰਨ ਅਤੇ ਨਿਸ਼ਾਨੇ ਪ੍ਰਾਪਤ ਕਰਨ ਦੇ ਢੰਗ ਤਰੀਕੇ ਤੋਂ ਹੀ ਉਸਦੀ ਸ਼ਖਸ਼ੀਅਤ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਆਪਣੇ ਵਿਚਾਰ ਬਣਾਉਂਦੇ ਹਨ। ਸ਼ਖਸੀਅਤ ਇੱਕ ਵਿਅਕਤੀ ਦੇ ਤੌਰ ਤੇ ਤੁਹਾਡੀਆਂ ਆਦਤਾਂ ਅਤੇ ਵਰਤਾਰੇ ਦਾ ਇੱਕ ਅਜਿਹਾ ਪ੍ਰਗਟਾਵਾ ਹੁੰਦਾ ਹੈ ਜਿਸ ਦੁਆਰਾ ਤੁਹਾਡੀਆਂ ਸਰੀਰਕ ਤੇ ਮਾਨਸਿਕ ਗਤੀਵਿਧੀਆਂ ਦੇ ਨਾਲ ਤੁਹਾਡੀ ਮਾਨਸਿਕ ਪਹੁੰਚ ਦਾ ਵੀ ਪਤਾ ਲੱਗਦਾ ਹੈ।

ਪ੍ਰਭਾਵਸ਼ਾਲੀ ਲੋਕਾਂ ਦੀਆਂ ਸ਼ਖਸ਼ੀਅਤਾਂ ਵੀ ਯਕੀਨਨ ਪ੍ਰਭਾਵਸ਼ਾਲੀ ਹੁੰਦੀਆਂ ਹਨ। ਇੱਕ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਨਿਰਮਾਣ ਕਰਨਾ ਹਰੇਕ ਵਿਅਕਤੀ ਦਾ ਸੁਪਨਾ ਹੁੰਦਾ ਹੈ। ਕਿਉਂਕਿ ਇਹ ਨਵੇਂ ਮੌਕਿਆਂ ਨੂੰ ਪ੍ਰਦਾਨ ਕਰਨ, ਅਰਥਪੂਰਨ ਸਬੰਧਾਂ ਨੂੰ ਵਧਾਉਣ, ਅਤੇ ਦੂਜਿਆਂ 'ਤੇ ਸਥਾਈ ਪ੍ਰਭਾਵ ਛੱਡਣ ਵਿੱਚ ਸਹਾਈ ਹੁੰਦਾ ਹੈ।

ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਵਿਕਸਤ ਕਰਨ ਲਈ ਇਸ ਪਿੱਛੇ ਸਾਡੀ ਸਵੈ-ਜਾਗਰੂਕਤਾ ਅਤੇ ਸਵੈ-ਵਿਕਾਸ ਦੀ ਲਗਨ ਲੁਕੀ ਹੁੰਦੀ ਹੈ।

ਇੱਕ ਚੰਗੀ ਸ਼ਖਸੀਅਤ ਦੇ ਨਿਰਮਾਣ ਲਈ ਸਭ ਤੋਂ ਪਹਿਲਾਂ, ਭਾਵਨਾਤਮਕ ਬੁੱਧੀ ਪੈਦਾ ਕਰਨਾ ਜ਼ਰੂਰੀ ਹੈ, ਜਿਸ ਵਿੱਚ ਤੁਹਾਡੀਆਂ ਭਾਵਨਾਵਾਂ ਨੂੰ ਸਮਝਣਾ ਅਤੇ



ਪ੍ਰਬੰਧਨ ਕਰਨਾ ਸ਼ਾਮਲ ਹੈ। ਇਸ ਵਿੱਚ ਦੂਜਿਆਂ ਨਾਲ ਹਮਦਰਦੀ ਕਰਨਾ ਵੀ ਸ਼ਾਮਲ ਹੈ। ਆਪਣੀਆਂ ਭਾਵਨਾਵਾਂ ਅਤੇ ਦੂਜਿਆਂ ਦੀਆਂ ਭਾਵਨਾਵਾਂ ਨਾਲ ਜੁੜੇ ਰਹਿਣ ਨਾਲ, ਤੁਸੀਂ ਇੱਕ ਵਧੇਰੇ ਪ੍ਰਭਾਵਸ਼ਾਲੀ ਸੰਚਾਰਕ ਬਣੋਗੇ । ਜੋ ਤੁਹਾਡੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨਾਲ ਮਜ਼ਬੂਤ ਸੰਬੰਧ ਬਣਾਉਣ ਵਿੱਚ ਸਹਾਇਕ ਹੋਵੇਗਾ।

ਇੱਕ ਵਧੀਆ ਸ਼ਖਸੀਅਤ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਪ੍ਰਮਾਣਿਕਤਾ ਹੈ। ਲੋਕ ਉਹਨਾਂ ਵਿਅਕਤੀਆਂ ਵੱਲ ਖਿੱਚੇ ਜਾਂਦੇ ਹਨ ਜੋ ਸੱਚੇ, ਪਾਰਦਰਸ਼ੀ ਅਤੇ ਖਰੇ ਹੁੰਦੇ ਹਨ। ਆਪਣੀਆਂ ਵਿਲੱਖਣ ਸ਼ਕਤੀਆਂ, ਕਦਰਾਂ-ਕੀਮਤਾਂ ਅਤੇ ਗੁਣਾਂ ਨੂੰ ਜਾਣੋ ਅਤੇ ਉਹਨਾਂ ਨੂੰ ਲੋਕਾਂ ਸਾਹਮਣੇ ਪ੍ਰਦਰਸ਼ਿਤ ਕਰਨ ਤੋਂ ਨਾ ਡਰੋ।

ਗੁਣੀ ਸ਼ਖਸੀਅਤ ਦਾ ਨਿਰਮਾਣ ਕਰਨ ਲਈ ਪ੍ਰਭਾਵਸ਼ਾਲੀ ਸੰਚਾਰ ਵੀ ਜ਼ਰੂਰੀ ਹੁੰਦਾ ਹੈ। ਸੱਪਸ਼ਟ, ਸੰਖੇਪ ਪ੍ਰਗਟਾਵੇ ਦਾ ਅਭਿਆਸ ਕਰਕੇ, ਅੱਖਾਂ ਦੇ ਸੰਪਰਕ ਨੂੰ ਬਣਾਈ ਰੱਖਣ, ਅਤੇ ਸਰਲ ਤਰੀਕੇ ਨਾਲ ਆਪਣੀ ਗੱਲ ਕਹਿਣ ਦੀਆਂ ਤਕਨੀਕਾਂ ਦੀ ਵਰਤੋਂ ਕਰੋ। ਸਰਗਰਮ ਸੁਣਨਾ ਅਤੇ ਸੂਝ-ਬੂਝ ਵਾਲੇ ਸਵਾਲ ਪੁੱਛਣਾ ਵੀ ਤੁਹਾਨੂੰ ਤਾਲਮੇਲ ਬਣਾਉਣ ਅਤੇ ਦੂਜਿਆਂ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ।

ਇਸ ਤੋਂ ਇਲਾਵਾ, ਇੱਕ ਸਤਿਕਾਰਤ ਵਿਅਕਤੀ ਨਿਯੰਤਰਣ ਵਿਕਾਸ ਦੀ ਮਾਨਸਿਕਤਾ ਰੱਖਦੇ ਹਨ। ਉਹ ਨਿਰੰਤਰ ਗਿਆਨ, ਚੁਣੌਤੀਆਂ ਅਤੇ ਸਵੈ-ਸੁਧਾਰ ਦੀ ਭਾਲ ਕਰਦੇ ਹਨ। ਅਜਿਹੀ ਸ਼ਖਸੀਅਤ ਦੀ ਘਾੜਤ ਲਈ ਉਤਸੁਕ ਰਹੋ, ਸਵਾਲ ਪੁੱਛੋ, ਤੇ ਵਿਕਾਸ ਦੇ ਮੌਕਿਆਂ ਵਜੋਂ ਅਸਫਲਤਾਵਾਂ ਨੂੰ ਗਲੇ ਲਗਾਓ। ਇਹ ਮਾਨਸਿਕਤਾ ਤੁਹਾਨੂੰ ਗਿਆਨ ਹਾਸਿਲ ਕਰਨ, ਅਨੁਕੂਲ, ਨਵੀਨਤਾਕਾਰੀ, ਅਤੇ ਦੂਸਰਿਆਂ ਤੋਂ ਅੱਗੇ ਰਹਿਣ ਵਿੱਚ ਮਦਦ ਕਰੇਗੀ।

ਚੰਗੀ ਸ਼ਖਸੀਅਤਾਂ ਹਮਦਰਦੀ ਅਤੇ ਦਿਆਲਤਾ ਦਾ ਪ੍ਰਦਰਸ਼ਨ ਕਰਦੀਆਂ ਹਨ। ਦੂਜਿਆਂ ਵਿੱਚ ਸੱਚੀ ਦਿਲਚਸਪੀ ਦਿਖਾਓ, ਸਮਰਥਨ ਅਤੇ ਉਤਸ਼ਾਹ ਦੀ ਪੇਸ਼ਕਸ਼ ਕਰੋ, ਅਤੇ ਉਹਨਾਂ ਦੀਆਂ ਸਫਲਤਾਵਾਂ ਦਾ ਜਸ਼ਨ ਮਨਾਓ। ਅਜਿਹਾ ਕਰਨ ਨਾਲ, ਤੁਸੀਂ ਇੱਕ ਸਕਾਰਾਤਮਕ, ਉੱਚਾ ਚੁੱਕਣ ਵਾਲਾ ਮਾਹੌਲ ਬਣਾਓਗੇ ਜੋ ਲੋਕਾਂ ਨੂੰ ਤੁਹਾਡੇ ਵੱਲ ਖਿੱਚਦਾ ਹੈ।

ਇਕ ਪ੍ਰਭਾਵਸ਼ਾਲੀ ਸ਼ਖਸੀਅਤ ਦਾ ਨਿਰਮਾਣ ਕਰਨਾ ਇਕ ਚੁਣੌਤੀਪੂਰਨ ਸਫ਼ਰ ਹੈ। ਇਸ ਵਿਚ ਸਾਡੀਆਂ ਕਮਜ਼ੋਰੀਆਂ ਨੂੰ ਸਵੀਕਾਰਨਾ, ਆਪਣੇ ਆਪ ਨੂੰ ਸੁਧਾਰਨ ਦਾ ਸਾਹਸ ਕਰਨਾ ਅਤੇ ਹਰ ਦਿਨ ਆਪਣੇ ਆਪ ਨੂੰ ਬਿਹਤਰ ਬਣਾਉਣ ਦਾ ਜ਼ਿਆਦਾ ਯਤਨ ਕਰਨਾ ਸ਼ਾਮਲ ਹੈ। ਜੇਕਰ ਅਸੀਂ ਇਹ ਸਫ਼ਰ ਨਿਰੰਤਰ ਜਾਰੀ ਰੱਖਦੇ ਹਾਂ, ਤਾਂ ਅਸੀਂ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਬਦਲ ਸਕਦੇ ਹਾਂ ਬਲਕਿ ਦੂਜਿਆਂ ਦੀਆਂ ਜ਼ਿੰਦਗੀਆਂ ਵਿੱਚ ਵੀ ਇੱਕ ਡੂੰਘਾ ਅਸਰ ਪਾ ਸਕਦੇ ਹਾਂ।

ਅੰਤ ਵਿੱਚ, ਇੱਕ ਅਸਰਦਾਰ ਸ਼ਖਸੀਅਤ ਬਣਾਉਣ ਲਈ ਇੱਕ ਬਹੁਪੱਖੀ ਪਹੁੰਚ ਦੀ ਲੋੜ ਹੁੰਦੀ ਹੈ ਜਿਸ ਵਿੱਚ ਭਾਵਨਾਤਮਕ ਬੁੱਧੀ, ਪ੍ਰਮਾਣਿਕਤਾ, ਪ੍ਰਭਾਵਸ਼ਾਲੀ ਸੰਚਾਰ, ਇੱਕ ਵਿਕਸਿਤ ਮਾਨਸਿਕਤਾ ਅਤੇ ਹਮਦਰਦੀ ਸ਼ਾਮਲ ਹੁੰਦੀ ਹੈ। ਇਹਨਾਂ ਮੁੱਖ ਖੇਤਰਾਂ 'ਤੇ ਧਿਆਨ ਕੇਂਦ੍ਰਤ ਕਰਕੇ ਅਤੇ ਨਿਰੰਤਰ ਸਵੈ-ਸੁਧਾਰ ਕਰਨ ਲਈ ਵਚਨਬੱਧ ਹੋ ਕੇ, ਤੁਸੀਂ ਇੱਕ ਵਧੇਰੇ ਪ੍ਰਭਾਵਸ਼ਾਲੀ, ਸਤਿਕਾਰਯੋਗ ਅਤੇ ਪ੍ਰੇਰਨਾਦਾਇਕ ਵਿਅਕਤੀ ਬਣ ਸਕਦੇ ਹੋ।

# ਰਿਸ਼ਤਿਆਂ ਨੂੰ ਸੰਜੋਈ ਰੱਖਦੀ ਹੈ ਸਾਡੀ ਬੋਲ-ਬਾਣੀ

ਹਰਦੀਪ ਕੌਰ ਨਾਜ਼
ਫਗਵਾੜਾ



ਸਾਡੇ ਜੀਵਨ ਵਿੱਚ ਸ਼ੁੱਭ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਇਹਨਾਂ ਗੁਣਾਂ ਵਿੱਚੋਂ ਹੀ ਅਹਿਮ ਗੁਣ ਹੈ ਸਾਡੇ ਬੋਲਾਂ ਦੀ ਮਿਠਾਸ ਭਾਵ ਮਿੱਠਾ ਬੋਲਣਾ। ਜੋ ਸਾਡੇ ਕਿਰਦਾਰ ਨੂੰ ਵੀ ਉੱਚਾ ਕਰਦਾ ਹੈ। ਸਾਡੀ ਬੋਲਬਾਣੀ ਤੋਂ ਹੀ ਸਾਡੀ ਵਿਰਾਸਤ ਅਤੇ ਸਾਡੇ ਸੱਭਿਆਚਾਰ ਦੀ ਪਯਾਣ ਹੁੰਦੀ ਹੈ। ਗੁਰਬਾਣੀ ਵਿੱਚ ਵੀ ਮਨੁੱਖ ਨੂੰ ਮਿੱਠਾ ਬੋਲਣ ਦੀ ਤਾਕੀਦ ਕਰਦਿਆਂ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ: ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ ਅਤੇ ਨਾਲ ਹੀ ਸਮਝਾਉਂਦੇ ਹਨ ਕਿ ਕਿਸੇ ਨੂੰ ਉੱਚਾ ਜਾਂ ਫਿਕਾ ਬੋਲ ਨਹੀਂ ਬੋਲਣਾ ਚਾਹੀਏ, 'ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥' ਭਾਵ ਜੋ ਮਨੁੱਖ ਰੁੱਖੇ ਬਚਨ ਬੋਲਦਾ ਰਹੇ, ਤਾਂ ਉਸ ਦਾ ਤਨ ਅਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਜਿਸ ਕਰਕੇ ਮਨੁੱਖ ਦੇ ਅੰਦਰੋਂ ਪ੍ਰੇਮ ਉੱਡ ਜਾਂਦਾ ਹੈ। ਰੱਖਾ ਬੋਲਣਾ ਵਾਲਾ ਮਨੁੱਖ ਲੋਕਾਂ ਵਿੱਚ ਵੀ ਰੁੱਖਾ ਅਖਵਾਉਂਦਾ ਹੈ ਅਤੇ ਫਿਰ ਲੋਕ ਵੀ ਉਸਨੂੰ ਰੁੱਖੇ ਬਚਨਾਂ ਨਾਲ ਹੀ ਯਾਦ ਕਰਦੇ ਹਨ।

ਇਹ ਭਾਸ਼ਾ ਜਾਂ ਬੋਲਣ ਦਾ ਇੱਕ ਗੁਣ



ਅਜਿਹਾ ਹੈ, ਜੋ ਸਾਨੂੰ ਪਸ਼ੂਆਂ ਨਾਲੋਂ ਵੱਖਰਾ ਕਰਦਾ ਹੈ। ਕੁੱਝ ਲੋਕ ਰਹਿਣ-ਸਹਿਣ ਜਾਂ ਪਹਿਨਣ-ਪਰਚਣ ਤੋਂ ਬੜੇ ਪ੍ਰਭਾਵਸ਼ਾਲੀ ਲੱਗਦੇ ਹਨ ਪਰ ਜਦ ਉਹ ਬੋਲਦੇ ਹਨ ਤਾਂ ਆਪਣੀ ਸਾਰੀ ਤਹਿਜ਼ੀਬ ਦੇ ਅਸਲ ਦਰਸ਼ਨ ਕਰਵਾ ਦਿੰਦੇ ਹਨ। ਕੁੱਝ ਲੋਕ ਤਾਂ ਸਿਰਫ਼ ਆਪਣੇ ਕਿਸੇ ਸੁਆਰਥ ਨੂੰ ਪੂਰਾ ਕਰਨ ਹਿੱਤ ਹੀ ਸਲੀਕੇ ਦੀ ਭਾਸ਼ਾ ਵਰਤਦੇ ਹਨ, ਪਰ ਮਨੋਰਥ ਪੂਰਾ ਹੋ ਜਾਣ 'ਤੇ ਅਗਲੇ ਨੂੰ ਟੁੱਟ-ਟੁੱਟ ਕੇ ਪੈਂਦੇ ਹਨ।

ਸੱਚ ਜਾਣੋ ! ਤਾਂ ਧਰਮ ਦਾ ਦੂਜਾ ਨਾਮ ਹੀ ਮਿੱਠਾ ਬੋਲਣਾ ਜਾਂ ਸੱਚ ਕਮਾਉਣਾ ਹੈ। ਗੁਰਬਾਣੀ ਰਾਹੀਂ ਗੁਰੂ ਨਾਨਕ ਪਾਤਸ਼ਾਹ ਫ਼ੁਰਮਾਉਂਦੇ ਹਨ 'ਜਿਤੁ ਬੋਲੀਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥' ਭਾਵ ਉਹੀ ਬੋਲ ਬੋਲਿਆ ਹੋਇਆ ਸੁਚੱਜਾ ਹੈ ਜਿਸ ਦੇ ਬੋਲਣ ਨਾਲ (ਪ੍ਰਭੂ ਦੀ ਹਜ਼ੂਰੀ ਵਿੱਚ) ਆਦਰ ਮਿਲਦਾ ਹੈ। ਇਹ ਦੋ ਮਿੱਠੇ ਬੋਲ ਹੀ ਹਨ ਜੋ ਮਨੁੱਖ ਨੂੰ ਮਨੁੱਖ ਨਾਲ ਜੋੜ ਕੇ ਰੱਖਦੇ ਹਨ। ਆਮ ਦੁਕਾਨਦਾਰ ਦੇਖੋ ਜੇ ਉਹ ਮਿੱਠਾ ਨਹੀਂ ਬੋਲਣਗੇ ਤਾਂ ਗ੍ਰਾਹਕ ਮੁੜ ਉਹਨਾਂ ਦੀ ਦੁਕਾਨ 'ਤੇ ਕਿਉਂ ਜਾਵੇਗਾ। ਇਸੇ ਤਰ੍ਹਾਂ ਰਿਸ਼ਤੇਦਾਰੀ ਜਾਂ ਸ਼ਰੀਕਾਚਾਰੀ ਜਾਂ ਫਿਰ ਆਂਡ-ਗੁਆਂਡ ਵੱਸਣ ਵਾਲੇ ਆਪਣਿਆਂ ਨਾਲ ਮਿੱਠਾ ਬੋਲਣਗੇ, ਸਲੀਕੇ ਦੀ ਭਾਸ਼ਾ ਵਰਤਣਗੇ ਤਾਂ ਲੰਮਾ ਸਮਾਂ ਇਹ ਰਿਸ਼ਤੇ ਅਤੇ ਆਪਸੀ ਸਾਂਝ ਨਿਭਦੀ ਰਹੇਗੀ ਜਦੋਂ ਹੀ ਕਿਸੇ ਦੀ ਬੋਲ-ਬਾਣੀ ਵਿਗੜ ਜਾਂਦੀ ਹੈ ਤਾਂ ਉਥੇ ਰਿਸ਼ਤੇ ਵਿੱਚ ਵੀ ਵਿਗਾੜ ਪੈਦਾ ਹੋ ਜਾਂਦਾ ਹੈ। ਜਿਵੇਂ ਗੁਰਬਾਣੀ ਦਾ ਬੜਾ ਸੁੰਦਰ ਦ੍ਰਿਸ਼ਟਾਂਤ ਹੈ ਕਿ, 'ਟੂਟਿ ਪਰੀਤਿ ਗਈ ਬੁਰ ਬੋਲਿ ॥' ਭਾਵ ਕਿ, 'ਮੰਦਾ ਬੋਲ ਬੋਲਿਆਂ ਪ੍ਰੀਤ ਟੁੱਟ ਜਾਂਦੀ ਹੈ।'

ਪਰ ਇਹ ਵੀ ਚੇਤੇ ਰਹੇ ਕਿ ਕੇਵਲ ਲੋਕ ਵਿਖਾਵੇ ਖਾਤਰ ਝੂਠੀ ਨਿਮਰਤਾ ਧਾਰਨ ਕਰਨੀ ਜਾਂ ਮਿੱਠਾ ਬੋਲਣਾ ਵੀ ਇੱਕ ਅਪਰਾਧ ਦੀ ਤਰ੍ਹਾਂ ਹੈ। ਅਜਿਹੇ ਲੋਕਾਂ ਵਾਸਤੇ ਹੀ ਲੋਕ ਕਹਾਵਤ ਹੈ, 'ਮੂੰਹ ਮੇਂ ਰਾਮ ਰਾਮ, ਬਗਲ ਮੇਂ ਛੁਰੀ।' ਇਸ ਲਈ ਸਾਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਸੰਸਾਰ ਵਿੱਚ ਸਮੂਹ ਜਾਤੀਆਂ ਵਿੱਚੋਂ ਮਨੁੱਖਾ ਜਾਤੀ ਹੀ ਅਜਿਹੀ ਹੈ ਜਿਸ ਕੋਲ ਸ਼ਬਦ ਭੰਡਾਰ ਹੋਣ ਦੇ ਨਾਲ ਪ੍ਰਮਾਤਮਾ ਵੱਲੋਂ ਬੋਲੀ/ਬਾਣੀ ਬਖਸ਼ਿਸ਼ ਕੀਤੀ ਹੈ, ਜਿਸ ਨਾਲ ਉਹ ਇੱਕ ਦੂਜੇ ਨਾਲ ਵਿਚਾਰਾਂ ਦੀ ਸਾਂਝ ਪਾ ਸਕਦਾ ਹੈ। ਗੁਰੂਬਾਣੀ ਸਮਝਾਉਂਦੀ ਹੈ ਕਿ, 'ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥' ਇਸ ਲਈ ਕੋਸ਼ਿਸ਼ ਕਰੀਏ ਕਿ ਜਦ ਵੀ ਬੋਲੀਏ, ਜਿੱਥੇ ਵੀ ਬੋਲੀਐ, ਜਿਸ ਵੀ ਹਾਲਤ ਵਿੱਚ ਬੋਲੀਐ, ਭਲਾ ਬੋਲੀਏ, ਚੰਗਾ ਬੋਲੀਏ ਅਤੇ ਮਿੱਠਾ ਬੋਲੀਏ। ਆਮੀਨ !

# • ਪੰਜਾਬੀ ਫ਼ਿਲਮ ਦਰਪਣ •

## ਇੰਦੀ ਬਿਲਿੰਗ ਬਣੇਗਾ ਕਾਮਯਾਬ ਮੇਕਰ



ਲੋਕ ਗਾਇਕਾ ਸੁਖਵੰਤ ਸੁੱਖੀ ਆਪਣੇ ਕਰਤਾਰ ਰਮਲਾ ਨਾਲ ਗਾਏ ਗੀਤਾਂ ਲਈ ਜਾਣੀ ਜਾਂਦੇ ਰਹੇ ਹਨ। ਸੁਖਵੰਤ ਸੁੱਖੀ ਦਾ ਬੇਟਾ ਇੰਦੀ ਬਿਲਿੰਗ ਮਨੋਰੰਜਨ ਖੇਤਰ ਦਾ ਚਰਚਿਤ ਨਾਮ ਹੈ। ਓਸ ਦੇ ਪਿਤਾ ਭੁਪਿੰਦਰ ਭਿੰਦੀ ਸਫਲ ਫ਼ਿਲਮ ਐਕਟਰ ਰਹੇ ਹਨ। ਇੰਦੀ ਬਿਲਿੰਗ ਬਹੁਤ ਸਾਰੇ ਗਾਇਕਾਂ ਨੂੰ ਸੰਗੀਤ ਟਰੈਕ ਨਾਲ ਪੇਸ਼ ਕਰਨ ਦੇ ਇਲਾਵਾ ਫ਼ਿਲਮਜ਼ ਦੇ ਲਾਈਨ ਨਿਰਮਾਤਾ ਵੀ ਹਨ।

ਇੰਦੀ ਬਿਲਿੰਗ ਜਿੱਥੇ ਨਵੀਂ ਫ਼ਿਲਮ ਕਰਨਗੇ ਓਥੇ ਓਹ ਗਾਇਕ ਸ਼ਮਸ਼ੇਰ ਛੀਨਾ ਦੇ ਟਰੈਕ ਵੀ ਪੇਸ਼ ਕਰ ਰਹੇ ਹਨ। ਓਹ ਨਾਮਵਰ ਸੰਗੀਤ ਪੇਸ਼ਕਾਰ ਤੇ ਫ਼ਿਲਮ ਨਿਰਮਾਤਾ ਬਣ ਬਹੁਤ ਦੂਰ ਤੱਕ ਜਾਣ ਲਈ ਸਰਗਰਮ ਹਨ। ਗੁੱਗੂ ਗਿੱਲ ਓਸ ਦੀ ਮਿਹਨਤ ਦੇ ਕਾਇਲ ਹਨ।

## ਲਾਡੀ ਬਾਜਵਾ ਨੇ ਵੀ ਖਿੱਚੀ ਤਿਆਰੀ



ਲਾਡੀ ਬਾਜਵਾ ਸੰਗੀਤਕ ਤੇ ਸੱਭਿਆਚਾਰਕ ਹਲਕਿਆਂ ਵਿੱਚ ਖਾਸ ਚਰਚਿਤ ਰਹੇ ਹਨ। ਬਬਲੀ ਬਰਾੜ, ਸਾਬਰਕੋਟੀ, ਸੁੱਖੀ ਦੇ ਸ਼ੋ ਓਹਨਾਂ ਯੂ ਐਸ ਏ ਵਿਖੇ ਕਰਵਾਏ ਹਨ। ਲਾਡੀ ਬਾਜਵਾ ਕੁੱਝ ਦੇਰ ਸ਼ਾਂਤ ਰਹੇ ਤੇ ਓਹਨਾਂ ਅਨੁਸਾਰ ਕਰੋਨਾ ਤੇ ਹੋਰ ਕੰਮ ਕਾਰ ਕਾਰਨ ਓਹਨਾਂ ਦੀ ਦੂਰੀ ਸੀ। ਇਸ ਦੌਰਾਨ ਓਹਨਾਂ ਫ਼ਿਲਮ ਬਣਾਉਣ ਦੀ ਯੋਜਨਾ ਵੀ ਬਣਾਈ। ਖੈਰ ਹੁਣ ਓਹ ਧਮਾਕੇਦਾਰ ਵਾਪਸੀ ਕਰਨ ਜਾ ਰਹੇ ਹਨ। ਓਹ ਯੂ ਐਸ ਏ ਵਿਖੇ ਗਾਇਕ ਤੇ ਪੰਜਾਬੀ ਫ਼ਿਲਮ ਨਾਇਕ ਗੁਰਨਾਮ ਭੁੱਲਰ ਦੇ ਸ਼ੋ ਕਰਵਾ ਰਹੇ ਹਨ। ਜ਼ਾਹਿਰ ਹੈ ਪੰਜਾਬੀ ਫ਼ਿਲਮ ਹੀਰੋਇਨਾਂ ਵੀ ਇਸ ਸ਼ੋ ਵਿੱਚ ਆ ਕਿ ਲਾਡੀ ਬਾਜਵਾ ਨੂੰ ਸਟਾਰ ਪ੍ਰਮੋਟਰ ਬਣਾ ਦੇਣਗੀਆਂ।

## "ਬੀਬੀ ਰਜਨੀ" ਨੇ ਕਮਾਲ ਕਰ ਦਿੱਤੀ

ਹਰ ਘਰ "ਬੀਬੀ ਰਜਨੀ" ਫ਼ਿਲਮ ਦੇਖਣ ਜਾ ਰਿਹਾ ਹੈ, ਫ਼ਿਲਮ ਖੂਬ ਚਲ ਰਹੀ ਹੈ। ਰੱਬ ਹੈ ਇਹ ਵਿਸ਼ਵਾਸ ਇਸ ਫ਼ਿਲਮ ਦਾ ਮੁੱਦਾ ਹੈ। ਅਮਰ ਹੁੰਦਲ, ਬਲਦੇਵ ਗਿੱਲ ਦੀ



ਪਰਦੇ ਪਿੱਛੇ ਤੇ ਯੋਗਰਾਜ ਸਿੰਘ, ਰੂਪੀ ਗਿੱਲ, ਜੱਸ ਬਾਜਵਾ, ਗੁਰਪ੍ਰੀਤ ਕੌਰ ਭੰਗੂ, ਸੀਮਾ ਕੌਸ਼ਲ, ਸੁਨੀਤਾ ਧੀਰ ਸਾਰੇ ਕਲਾਕਾਰ ਫ਼ਿਲਮ ਵਿਚ ਛਾਏ ਪਏ ਹਨ।

ਯੋਗਰਾਜ ਸਿੰਘ ਤੇ ਰੂਪੀ ਦੁਆਲੇ ਘੁੰਮਦੀ ਇਹ ਫ਼ਿਲਮ ਚਲ ਕਿ ਇਤਿਹਾਸਕ ਫ਼ਿਲਮਜ਼ ਲਈ ਰਸਤੇ ਖੋਹਲ ਗਈ ਹੈ। ਵਿਦੇਸ਼ਾਂ ਵਿੱਚ ਵੀ ਇਸ ਫ਼ਿਲਮ ਦੀ ਬੱਲੇ ਬੱਲੇ ਹੈ। "ਬੀਬੀ ਰਜਨੀ" ਸਾਲ ਦੀ ਸੁਪਰ ਹਿਟ ਫਿਲਮ ਕਹੀ ਜਾ ਸਕਦੀ ਹੈ। ਗੀਤ, ਸੰਗੀਤ, ਕਹਾਣੀ ਤੇ ਪਾਤਰ ਅਭਿਨੈ ਹਰ ਪੱਖ ਤੋਂ ਫ਼ਿਲਮ ਵਧੀਆ ਹੈ।

## ਜਸਮੇਰ ਢੱਟ ਲੱਭ ਕਿ ਲਿਆਓ 24 ਦੀ ਸਭ ਤੋਂ ਸੋਹਣੀ



ਆਸਟ੍ਰੇਲੀਆ ਇਸ ਵਾਰ ਗਵਾਹ ਬਣੇਗਾ ਹੁਸਨ ਦਾ ਜਿੱਥੇ ਜਸਮੇਰ ਸਿੰਘ ਢੱਟ ਦੁਆਰਾ "ਮਿਸ ਪੰਜਾਬਣ 24" ਲੱਭੀ ਜਾਣੀ ਹੈ। ਨੀਰੂ ਵਿਰਕ ਨਾਲ ਓਹਨਾਂ ਦੇ ਇਹ ਲੱਭ ਲਿਆ ਰਹੀ ਹੈ। ਪੰਜਾਬਣ ਕੁੜੀਆਂ 18 ਤੋਂ ਉੱਪਰ ਦੀਆਂ ਕਿਤੇ ਦੀਆਂ ਵੀ ਕਰਨ ਪ੍ਰਵੇਸ਼ ਦਾਖਲਾ ਫਰੀ ਹੈ। ਜਸਮੇਰ ਢੱਟ ਦੀਆਂ ਚੁਣੀਆਂ ਸੋਹਣੀਆਂ ਕੁੜੀਆਂ ਸਿੱਧੀਆਂ ਫਿਲਮੀ ਦੁਨੀਆਂ ਰਾਜ ਕਰਦੀਆਂ ਹਨ। ਜਪਜੀ ਖੈਹਰਾ ਮਿਸਾਲ ਹੈ। ਸੁੰਦਰਤਾ ਦਾ ਜੌਹਰੀ ਤੇ ਸੁਨਿਆਰਣ ਸੁਹੱਪਣ ਦੀ ਨੀਰੂ ਵਿਰਕ ਦੇ "ਸੋਹਣੀਆਂ ਸੂਰਤਾਂ" ਦੇ ਇਸ ਸ਼ੋ ਲਈ ਸ਼ੁਭ ਕਾਮਨਾਵਾਂ।

## ਮਹਿਕ ਸ਼ਰਮਾ ਦੀ ਮਹਿਕ "ਰਾਣੋ ਦੂਜੀ" ਨੇ ਲਈ


ਮਹਿਕ ਸ਼ਰਮਾ ਪੰਜਾਬ ਦੀ ਟੋਪ ਮਾਡਲ ਹੈ ਤੇ ਇਸ ਦੀ ਫਿੱਟਨੈੱਸ ਕਮਾਲ ਹੈ। ਬਿੱਟੂ ਮਾਨ ਦੀ "ਰਾਣੋ" ਓ ਟੀ ਟੀ ਤੇ ਮਹਿਮੂਦ ਅਲੀ ਨੇ ਜ਼ਾਰੀ ਕੀਤੀ ਸੀ। ਮਹਿਕ ਓਸ ਦੀ ਨਾਇਕਾ ਸੀ ਤੇ ਹੁਣ ਇਸ ਦਾ ਦੂਜਾ ਹਿੱਸਾ ਆਇਆ ਹੈ। ਬਿੱਟੂ ਮਾਨ ਦੇ ਨਾਲ ਬਲਵਿੰਦਰ ਕੁਮਾਰ ਦਾ ਆਸਰਾ ਹੈ। ਮਹਿਕ



ਆਖਦੀ ਹੈ ਕਿ ਸਾਡੀ ਇਹ ਫ਼ਿਲਮ ਪੱਕੀ ਚਲੇਗੀ। ਮਹਿਕ ਨੇ ਪੂਜਾ ਕੌਸ਼ਲ, ਗੁਰੀ, ਚਾਚਾ ਬਿਸ਼ਨਾ ਨਾਲ ਫ਼ਿਲਮ ਕੀਤੀ ਹੈ। ਮਹਿਕ ਨੇ ਜੇ ਜੇ ਪ੍ਰੋਡਕਸ਼ਨ ਹਾਊਸ ਦੀ ਇਸ ਫ਼ਿਲਮ ਨੂੰ ਟੋਪ ਦੀ ਫ਼ਿਲਮ ਕਿਹਾ ਹੈ ਤੇ ਮਹਿਕ ਨੂੰ ਇਸ ਦਾ ਸਿੱਧਾ ਲਾਭ ਓਹ ਵੱਡੀਆਂ ਫ਼ਿਲਮਾਂ ਕਰੇਗੀ।

## ਸ਼ਗਨਦੀਪ ਸਿੰਘ ਪਵਾਰ ਦੀ ਐਂਕਰਿੰਗ

ਨੌਜਵਾਨ ਐਂਕਰ ਸ਼ਗਨਦੀਪ ਸਿੰਘ ਪਵਾਰ ਨੇ ਦਰਅਸਲ ਮਾਡਲਿੰਗ ਤੇ ਟਿਕ



ਟੋਕ ਤੋਂ ਸ਼ੌਂਕੀਆ ਕੈਰੀਅਰ ਸ਼ੁਰੂ ਕੀਤਾ ਪਰ ਕੁੱਝ ਮੇਲਿਆਂ ਤੇ ਸਟੇਜ ਸੰਚਾਲਨ, ਵੀਡਿਓ ਗੀਤ ਅਚਾਨਕ ਮਿਲਣ ਤੇ ਐਕਟਿੰਗ ਨੇ ਓਸ ਨੂੰ ਇਹ ਖੇਤਰ ਗੰਭੀਰਤਾ ਨਾਲ ਲੈਣ ਲਈ ਮਹਿਸੂਸ ਕਰਵਾਇਆ ਹੈ।

ਸ਼ਗਨ ਆਪਣਾ ਰੋਲ ਮਾਡਲ ਅਭਿਨੇਤਾ ਯੋਗਰਾਜ ਸਿੰਘ ਨੂੰ ਮੰਨਦੇ ਹਨ। ਓਹ ਯੋਗਰਾਜ ਸਿੰਘ ਕ੍ਰਿਕਟ ਅਕੈਡਮੀ ਵਿੱਚ ਖੇਡ ਦੇ ਵੀ ਰਹੇ ਹਨ। ਆ ਰਹੇ ਵਕਤ ਵਿੱਚ ਕ੍ਰਿਕਟ ਦੇ ਨਾਲ ਹੋ ਸਕਦਾ ਹੈ ਐਂਕਰਿੰਗ ਤੇ ਮਾਡਲਿੰਗ ਦੋਵਾਂ ਵਿੱਚ ਓਹ ਸਰਗਰਮੀ ਨਾਲ ਹਿੱਸਾ ਲੈਣ ਤੇ ਯੋਗਰਾਜ ਸਿੰਘ ਨੇ ਵੀ ਕਿਹਾ ਹੈ ਕਿ ਹਰ ਚੀਜ਼ ਨੂੰ ਤੁਰੰਤ ਫਾਲੋ ਕਰ ਲੈਣ ਦੀ ਖੂਬੀ ਓਸ ਨੂੰ ਟੀਵੀ ਤੇ ਫ਼ਿਲਮਾਂ ਦੇ ਨਾਲ ਮਨੋਰੰਜਨ ਸੰਸਾਰ ਵਿੱਚ ਨਵਾਂ ਰਾਹ ਦਿਖਾਏਗੀ। ਪੇਸ਼ਕਸ਼

-ਅੰਮ੍ਰਿਤ ਪਵਾਰ

## ★ ਖਿੜ ਖਿੜ ਹੱਸੋ ★

ਤਿਹਾੜ ਜੇਲ੍ਹ ਦੇ ਜੇਲਰ ਪ੍ਰੇਸ਼ਾਨੀ ਵਿੱਚ ਆਪਣੇ ਦਫ਼ਤਰ ਵਿੱਚ ਇੱਧਰ-ਉੱਧਰ ਚੱਕਰ ਲਗਾ ਰਹੇ ਸਨ। ਉਨ੍ਹਾਂ ਦੇ ਡਿਪਟੀ ਜੇਲਰ ਨੇ ਕਾਰਨ ਪੁੱਛਿਆ, ਤਾਂ ਉਹ ਬੋਲੇ, "ਕਿਸੇ ਨੂੰ ਅੰਦਰ ਭੇਜ ਕੇ ਕਿਸੇ ਮਸ਼ਹੂਰ ਚੋਰ ਨੂੰ ਬੁਲਾ। ਅਲ੍ਹਮਾਰੀ ਦੀ ਚਾਬੀ ਗੁਆਚ ਗਈ ਹੈ, ਤਾਲਾ ਖੁਲ੍ਹਵਾਉਣਾ ਹੈ।"

• • •

ਮਾਂ ਨੇ ਬੇਟੇ ਨੂੰ ਕਿਹਾ, "ਤੂੰ ਬਿਲਕੁੱਲ ਨਾਲਾਇਕ ਏਂ, ਆਪਣੇ ਪਿਓ ਦੇ ਚੰਗੇ ਚਾਲ-ਚਲਣ ਤੋਂ ਹੀ ਕੁੱਝ ਸਿੱਖ ਲੈ।"

ਬੇਟਾ, "ਉਨ੍ਹਾਂ ਨੇ ਕੀ ਕੀਤਾ ਹੈ?"

ਮਾਂ, "ਉਨ੍ਹਾਂ ਦੇ ਚੰਗੇ ਚਾਲ-ਚਲਣ ਕਾਰਨ ਹੀ ਜੇਲ੍ਹ ਵਾਲਿਆਂ ਨੇ ਉਨ੍ਹਾਂ ਦੀ ਕੈਦ ਦੀ ਸਜ਼ਾ ਅੱਧੀ ਕਰ ਦਿੱਤੀ ਹੈ।"

• • •

ਪਤਨੀ (ਪਤੀ ਨੂੰ), "ਕਿਉਂ ਜੀ! ਜਦੋਂ ਵੀ ਮੈਂ ਤੁਹਾਡੇ ਕੋਲ ਆਉਂਦੀ ਹਾਂ ਤੁਸੀਂ ਐਨਕ ਲਗਾ ਲੈਂਦੇ ਹੋ?"

ਪਤੀ, "ਡਾਕਟਰ ਨੇ ਕਿਹਾ ਹੈ ਕਿ ਜਦੋਂ ਸਿਰਦਰਦ ਹੋਵੇ ਤਾਂ ਐਨਕ ਲਗਾ ਲੈਣਾ।"

• • •

ਇਕ ਵਿਅਕਤੀ ਜੰਗਲ ਵਿਚੋਂ ਦੀ ਲੰਘ ਰਿਹਾ ਸੀ ਕਿ ਉਸ ਨੇ ਇਕ ਵਿਅਕਤੀ ਨੂੰ ਟੋਏ ਵਿਚ ਡਿੱਗੇ ਹੋਏ ਦੇਖਿਆ। ਉਸ ਨੇ ਆਪ ਵੀ ਟੋਏ ਵਿਚ ਛਾਲ ਮਾਰ ਦਿੱਤੀ।

ਦੂਸਰਾ ਵਿਅਕਤੀ-ਕੀ ਤੁਸੀਂ ਮੈਨੂੰ ਬਾਹਰ ਕੱਢਣ ਦੇ ਲਈ ਆਏ ਹੋ?

ਪਹਿਲਾ-ਜੀ ਨਹੀਂ।

ਦੂਸਰਾ-ਫਿਰ ਕਿਸ ਲਈ ਆਏ ਹੋ?

ਪਹਿਲਾ-ਆਪਣੇ ਸ਼ੇਅਰ ਸੁਣਾਉਣ ਲਈ, ਮੈਂ ਜਿਸ ਨੂੰ ਵੀ ਆਪਣੇ ਸ਼ੇਅਰ ਸੁਣਾਉਂਦਾ ਹਾਂ, ਉਹ ਦੌੜ ਜਾਂਦਾ ਹੈ ਪਰ ਤੁਸੀਂ ਕਿਥੇ ਜਾਓਗੇ!

• • •

ਅਕਾਸ਼-ਦੇਖਿਆ ਮੈਂ ਤੈਨੂੰ ਹਨੇਰੇ ਵਿਚ ਵੀ ਲੱਭ ਲਿਆ

ਰੋਹਿਤ-ਤਾਂ ਹੀ ਮੈਡਮ ਇਸਨੂੰ ਉੱਲੂ ਕਹਿੰਦੇ ਹਨ।

• • •

ਪਹਿਲੀ ਜੂੰ-ਮੇਰਾ ਮਕਾਨ ਬਹੁਤ ਸੋਹਣਾ ਹੈ ਉਸ ਵਿਚ ਲੰਬੀਆਂ - ਲੰਬੀਆਂ ਸੜਕਾਂ ਹਨ

ਦੂਜੀ ਜੂੰ-ਮੇਰੇ ਮਕਾਨ ਵਿਚ ਤਾਂ ਛੋਟੀਆਂ -ਛੋਟੀਆਂ ਸੜਕਾਂ ਹਨ

ਤੀਜੀ ਜੂੰ-(ਇਕ ਗੰਜੇ ਦੇ ਸਿਰ ਚ ਲਿਜਾ ਕੇ) ਮੈਂ ਤਾ ਹਜੇ ਪਲਾਟ ਹੀ ਲਿਆ ਹੈ ਮਕਾਨ ਬਣਾਉਣਾ ਬਾਕੀ ਹੈ।

• • •

# ਲਹਿੰਦੇ ਪੰਜਾਬ ਦਾ ਚੜ੍ਹਦਾ ਸੂਰਜ ਅਰਸ਼ਦ ਨਦੀਮ

ਪ੍ਰਿੰ. ਸਰਵਣ ਸਿੰਘ



ਅਰਸ਼ਦ ਨਦੀਮ ਲਹਿੰਦੇ ਪੰਜਾਬ ਦਾ ਮਾਣ ਹੈ ਤੇ ਪਾਕਿਸਤਾਨ ਦੀ ਸ਼ਾਨ। ਨੀਰਜ ਚੋਪੜਾਹਰਿਆਣੇ ਦਾ ਮਾਣ ਤੇ ਭਾਰਤ ਦੀ ਸ਼ਾਨ ਹੈ। ਦੋਵੇਂ ਦੋਸਤ ਹਨ ਤੇ ਦੁਨੀਆ ਦੇ ਸਭ ਤੋਂ ਤਕੜੇ ਜੈਵਲਿਨ ਥਰੋਅਰ। ਉਨ੍ਹਾਂ ਦੀਆਂ ਗੁਆਂਢੀ ਮੁਲਕਾਂ 'ਚ ਵਸਦੀਆਂ ਹਿੰਦੂ/ਮੁਸਲਮਾਨ ਮਾਵਾਂ ਵੀ ਦੋਹਾਂ ਨੂੰ ਆਪਣੇ ਇਕੋ ਜਿਹੇ ਪੁੱਤਰਸਮਝਦੀਆਂ ਹਨ। ਉਹ ਦੋਹਾਂ ਦੀ ਜਿੱਤ ਲਈ ਆਪਣੇ ਅੱਲਾ ਤੇ ਪ੍ਰਭੂ ਤੋਂ ਦੁਆਵਾਂ ਮੰਗਦੀਆਂ ਹਨ। ਨੀਰਜ ਤੇ ਨਦੀਮ ਵੀ ਮੁਕਾਬਲੇ ਤੋਂ ਪਹਿਲਾਂ ਇਕ ਦੂਜੇ ਨੂੰਸ਼ੁਭ ਇੱਛਾਵਾਂ ਦਿੰਦੇ ਹਨ। ਪਰ ਸਿਆਸਤ ਦੀ ਮਾਰ ਐਸੀ ਪੈ ਰਹੀ ਹੈ ਕਿ ਸਿਆਸਤਦਾਨਾਂ ਨੇ ਵੋਟਾਂ ਵੰਡਣ/ ਵਟੋਰਨਲਈ 'ਆਪਣਿਆਂ ਵਿਚਕਾਰ ਵੰਡੀਆਂ ਪਾ ਰੱਖੀਆਂ ਹਨ। ਖਿਡਾਰੀ ਦੇਖੋ ਦੋਸਤੀਆਂ ਪਾਲ ਰਹੇ ਹਨ ਤੇ ਉਨ੍ਹਾਂ ਦੀਆਂ ਮਾਵਾਂ ਪਿਆਰ ਵੰਡ ਰਹੀਆਂ ਹਨ। ਪਰ ਦੋਹਾਂ ਦੇਸ਼ਾਂ ਨੂੰ ਹਾਕਮ ਹੀ ਅਜਿਹੇ ਟੱਕਰਦੇ ਆ ਰਹੇ ਹਨ ਜੋ ਆਪਸੀ ਪਿਆਰ ਵਧਾਉਣ ਦੀ ਥਾਂ ਨਫਰਤਾਂ ਪਾਲ ਰਹੇ ਹਨ।

ਟੋਕੀਓ ਓਲੰਪਿਕ 2021 'ਚ ਭਾਰਤ ਦੇ ਨੀਰਜ ਨੇ ਜੈਵਲਿਨ ਥਰੋਅ ਦਾ ਗੋਲਡ ਮੈਡਲ ਜਿੱਤਿਆ ਸੀ। ਉਥੇ ਨਦੀਮ ਪੰਜਵੀਂ ਥਾਂ ਰਿਹਾ ਸੀ। ਪਹਿਲਾਂ ਵੀ ਕਦੇ ਨਦੀਮ ਜਿੱਤ ਜਾਂਦਾ ਸੀ, ਕਦੇ ਨੀਰਜ। ਪੈਰਿਸ ਓਲੰਪਿਕ 2024 'ਚ ਨਦੀਮ ਗੋਲਡ ਮੈਡਲ ਜਿੱਤਿਆ ਤੇ ਨੀਰਜ ਸਿਲਵਰ। ਉਥੇ ਦੋਹਾਂ ਨੇ ਆਪੋ ਆਪਣੇ ਕੈਰੀਅਰ ਦਾ ਬਿਹਤਰੀਨ ਪ੍ਰਦਰਸ਼ਨ ਕੀਤਾ। ਨਦੀਮਜੈਵਲਿਨ ਦਾਨਵਾਂ ਓਲੰਪਿਕ ਚੈਂਪੀਅਨ ਬਣ ਕੇ ਨਵਾਂ ਰਿਕਾਰਡ ਵੀ ਕਰ ਗਿਆ। ਪੈਰਿਸ ਵਿਚ ਉਸ ਨੇ 92.97 ਮੀਟਰ ਯਾਨੀ 305.02 ਫੁੱਟਦੂਰ ਨੇਜ਼ਾ ਸੁੱਟਿਆ। ਉਦੋਂ ਓਲੰਪਿਕ ਰਿਕਾਰਡ 90.57 ਮੀਟਰ ਸੀ। ਨਦੀਮ ਦਾ ਪਰਿਵਾਰਕ ਪਿਛੋਕੜ ਵੇਖੀਏ ਤਾਂ ਉਹ ਗੋਦੜੀ ਦਾ ਲਾਲ ਹੈ।

ਅਰਸ਼ਦ ਹੋਰੀਂ ਅੱਠ ਭੈਣ ਭਰਾ ਹਨ ਜਿਨ੍ਹਾਂ 'ਚ ਉਹ ਤੀਜੇ ਥਾਂ ਜੰਮਿਆ। ਉਨ੍ਹਾਂ ਦਾ ਜੱਦੀ ਕਿੱਤਾ ਖੇਤੀਬਾੜੀ ਸੀ। ਪਰ ਉਸ ਦੇ ਵਾਲਦ ਨੂੰਸਾਰੀ ਉਮਰ ਰਾਜਗੀਰੀ ਕਰਨੀ ਪਈ। ਮਿਹਨਤ ਮਜਦੂਰੀ ਕਰਦੇ ਤੇਤੰਗੀਆਂ ਤੁਰਸ਼ੀਆਂਨਾਲ ਘੁਲਦੇਵੱਡੇ ਪਰਿਵਾਰ ਵਿਚਨਦੀਮਅਣਗੌਲੇ ਬਾਲਕ ਵਾਂਗ ਪਲਿਆ। ਉਸ ਨੂੰ ਖੇਡਾਂ ਦਾ ਸ਼ੌਕ ਤਾਂ ਸੀ ਪਰ ਸਹੂਲਤਾਂ ਨਹੀਂ ਸਨ। ਕਦੇ ਕ੍ਰਿਕਟ ਖੇਡਦਾ, ਕਦੇ ਦੌੜਾਂ ਤੇ ਛਾਲਾਂ ਲਾਉਂਦਾ ਤੇ ਕਦੇ ਗੋਲਾ ਡਿਸਕਸ ਸੁੱਟਣ ਲੱਗਦਾ। ਆਖ਼ਰ ਜੈਵਲਿਨ ਸੁੱਟਣ ਲੱਗ ਪਿਆ। ਅਸਲੀ ਜੈਵਲਿਨ ਨਾ ਮਿਲਿਆ ਤਾਂਰੁੱਖਾਂ ਦੀਆਂਟਾਹਣੀਆਂ ਜੈਵਲਿਨ ਬਣਾ ਕੇ ਸੁੱਟਦਾ ਨੰਗੇ ਪੈਰੀਂ ਦੌੜਦਿਆਂਖੇਤਾਂ 'ਚ ਕਰਚੇ ਵੱਜਦੇ। ਪੈਰਾਂ 'ਤੇ ਪੱਟੀਆਂ ਬੰਨ੍ਹਦਾ। ਡੰਡ ਕੱਢਦਾ, ਬੈਠਕਾਂ ਮਾਰਦਾ ਤੇ ਦੇਸੀ ਭਾਰ ਦਾ ਜੁਗਾੜ ਜੋੜ ਕੇ ਵੇਟ ਟ੍ਰੇਨਿੰਗ ਕਰਦਾ। ਮਿਹਨਤ ਰੰਗ ਲਿਆਈ ਤਾਂਸਕੂਲੀ ਜਿੱਤਾਂ ਤੋਂ ਅੱਗੇ ਵਧਦਾ ਓਲੰਪਿਕ ਖੇਡਾਂ ਦੇ ਵਿਕਟਰੀ ਸਟੈਂਡ 'ਤੇ ਜਾ ਚੜ੍ਹਿਆ। ਸਧਾਰਨ ਘਰ ਤੇ ਪਰਿਵਾਰ ਨੂੰ ਰੰਗ ਭਾਗ ਲੱਗ ਗਏ। ਉਸ ਦਾ ਰੰਗ ਕਣਕਵੰਨਾ ਹੈ, ਕੱਦ 6 ਫੁੱਟ 4 ਇੰਚ ਤੇ ਭਾਰ 95 ਕਿਲੋਗਰਾਮ। ਭਰਵੱਟੇ ਸੰਘਣੇ, ਠੋਡੀ 'ਚ ਟੋਆ, ਅੱਖਾਂ ਮਸਤ ਤੇ ਬੁੱਲ੍ਹ ਰਤਾ ਮੋਟੇ। ਹੱਸਦਾ ਹੈ ਤਾਂ ਦੰਦਾਂ ਦੀਆਂ ਪਾਲਾਂ ਲਿਸ਼ਕਾਂ ਮਾਰਦੀਆਂ ਹਨ।ਉਹ ਕਾਮਨਵੈਲਥ ਖੇਡਾਂ ਦਾ ਵੀ ਚੈਂਪੀਅਨ ਹੈ ਤੇ ਓਲੰਪਿਕ ਖੇਡਾਂ ਦਾ ਵੀ। ਇਨ੍ਹਾਂ ਦੇ ਜੈਵਲਿਨ ਸੁੱਟਣ ਦੇ ਰਿਕਾਰਡ ਵੀ ਉਸੇ ਦੇ ਨਾਂ ਹਨ।

ਅਰਸ਼ਦ ਦਾ ਜਨਮ ਜ਼ਿਲ੍ਹਾ ਖਾਨੇਵਾਲ ਦੀ ਤਸੀਲ ਮੀਆਂ ਚੰਨੂੰ ਨਾਲ ਲੱਗਦੇ ਪਿੰਡ'ਚ ਮੁਹੰਮਦ ਅਸ਼ਰਫ ਦੇ ਘਰ ਰਜ਼ੀਆ ਪਰਵੀਨ ਦੀ ਕੁੱਖੋਂ 2 ਜਨਵਰੀ 1997 ਨੂੰ ਹੋਇਆ ਸੀ। ਪਿੰਡ ਦਾ ਨਾਂ ਸੂਫੀ ਬਾਬਾ ਮੀਆਂ ਚੰਨੂੰ ਦੇ ਨਾਂ 'ਤੇ ਰੱਖਿਆ ਗਿਆ ਸੀ ਜਿਸ ਦੀ ਕਬਰ ਵੀ ਉਥੇ ਹੀ ਹੈ। ਅੰਗਰੇਜ਼ਾਂ ਦੇ ਰਾਜ ਵੇਲੇ ਪਿੰਡ ਦਾ ਨਾਂ ਬਦਲਣ ਦੀ ਕੋਸ਼ਿਸ਼ ਹੋਈ ਪਰ ਨਾਂ ਬਦਲਿਆ ਨਾ ਜਾ ਸਕਿਆ। ਇਹ ਪਿੰਡ ਮੁਲਤਾਨ ਦੇ ਇਲਾਕੇ 'ਚ ਇਸਲਾਮ ਦਾ ਪੁਰਾਣਾ ਗੜ੍ਹ ਹੈ। 1938 ਤਕ ਇਹ ਪਿੰਡ ਹੀ ਕਿਹਾ ਜਾਂਦਾ ਸੀ ਬਾਅਦ ਵਿਚ ਕਸਬਾ ਤੇ ਤਹਿਸੀਲ ਬਣ ਗਿਆ। 1975 ਵਿਚ ਇਸ ਦੀ ਮਿਊਂਸਪਲ ਕਮੇਟੀ ਬਣੀ। ਇਹ ਜੀ.ਟੀ. ਰੋਡ ਮੁਲਤਾਨ 'ਤੇ ਲਾਹੌਰ ਤੋਂ 250 ਕਿਲੋਮੀਟਰ ਦੂਰਹੈ। ਪਹਿਲਾਂ ਇਹ ਮੁਲਤਾਨ ਜ਼ਿਲ੍ਹੇ 'ਚ ਸੀ, 1985 ਤੋਂ ਜ਼ਿਲ੍ਹਾ ਖਾਨੇਵਾਲ ਦੀ ਤਸੀਲ ਬਣ ਗਿਆ। 2017 ਵਿਚ ਇਸ ਦੀ ਆਬਾਦੀ 90130 ਸੀ।ਕਰਾਚੀ ਇਥੋਂ 1050 ਕਿਲੋਮੀਟਰ ਦੂਰ ਹੈ। ਇਥੇ ਫਸਲਾਂ ਤਾਂ ਬਹੁਤ ਹੁੰਦੀਆਂ ਹਨ ਪਰ ਕਣਕ, ਕਪਾਹ ਤੇ ਅੰਬਾਂ ਦੀ ਸਰਦਾਰੀ ਹੈ। 'ਖੁਸ਼ੀ ਬਰਫੀ ਇਥੋਂ ਦੀ ਖ਼ਾਸ ਮਠਿਆਈ ਹੈ।

ਅਰਸ਼ਦ ਮਿਹਨਤ ਮਜ਼ਦੂਰੀ ਕਰਨ ਵਾਲੇ ਪਰਿਵਾਰ ਦਾ ਜੰਮਪਲ ਹੋਣ ਕਰਕੇ ਬਚਪਨ ਤੋਂ ਹੀ ਮਿਹਨਤੀ ਤੇ ਪਰਿਵਾਰ 'ਚ ਰਲੇਂਟਾ ਸੀ। ਉਹ ਅੱਲਾ ਦੀ ਰਜ਼ਾ 'ਚ ਰਹਿਣ ਵਾਲਾ ਨੌਜੁਆਨ ਹੈ। ਆਪਣੀਆਂ ਜਿੱਤਾਂ ਪਿੱਛੋਂ ਧਰਤੀ ਮਾਂ ਨੂੰ ਮੱਥਾ ਟੇਕਦਾ ਤੇ ਗੋਡਿਆਂ ਭਾਰ ਹੋ ਕੇ ਅੱਲਾ ਦਾ ਸ਼ੁਕਰ ਕਰਦਾ ਹੈ। ਅਜਿਹਾ ਉਸ ਨੇ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਵੀ ਕੀਤਾ। ਉਹ ਪਹਿਲਾ ਪਾਕਿਸਤਾਨੀ ਹੈ ਜੋ ਓਲੰਪਿਕ ਦੀਆਂ ਅਥਲੈਟਿਕ ਖੇਡਾਂ 'ਚੋਂ ਪਾਕਿਸਤਾਨ ਲਈ ਮੈਡਲ ਜਿੱਤ ਸਕਿਆ। ਪੈਰਿਸ ਓਲੰਪਿਕ ਤੋਂ ਪਹਿਲਾਂ ਪਾਕਿਸਤਾਨ ਨੇ ਕੇਵਲ ਤਿੰਨ ਗੋਲਡ ਮੈਡਲ ਜਿੱਤੇ ਸਨ ਜੋ 1960, 68, 84 ਦੀਆਂ ਓਲੰਪਿਕ ਖੇਡਾਂ 'ਚੋਂ ਹਾਕੀ ਦੇ ਸਨ। 1992 ਦੀਆਂ ਓਲੰਪਿਕ ਖੇਡਾਂ ਦੇ ਬਰਾਂਜ਼ ਮੈਡਲ ਤੋਂ ਬਾਅਦ ਪਾਕਿਸਤਾਨ ਦਾ ਕੋਈ ਖਿਡਾਰੀ ਕਦੇ ਵੀ ਕਈ ਮੈਡਲ ਨਹੀਂ ਸੀ ਜਿੱਤ ਸਕਿਆ। 32 ਸਾਲਾਂ ਦੀ ਔੜ ਨਦੀਮ ਦੇ ਗੋਲਡ ਮੈਡਲ ਨਾਲ ਟੁੱਟੀ।

ਨਦੀਮ ਦੀਆਂ ਪ੍ਰਾਪਤੀਆਂ ਵਿਚ ਦੋ ਵਾਰ ਓਲੰਪਿਕ ਖੇਡਾਂ 'ਚ ਭਾਗ ਲੈਣਾ, ਇਕ ਵਾਰ ਪੰਜਵਾਂ ਸਥਾਨ ਲੈਣਾ, ਦੂਜੀ ਵਾਰ ਸੋਨ ਤਗ਼ਮਾ ਜਿੱਤਣਾ, ਨਵਾਂ ਓਲੰਪਿਕ ਰਿਕਾਰਡ ਰੱਖਣਾ, 2022 ਦੀਆਂ ਕਾਮਨਵੈਲਥ ਖੇਡਾਂ 'ਚ ਗੋਲਡ ਮੈਡਲ ਜਿੱਤਦਿਆਂ 90.18 ਮੀਟਰ ਦਾ ਨਵਾਂ ਰਿਕਾਰਡ ਕਰਨਾ, 2023 ਦੀ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ ਵਿਚ ਪਹਿਲੀ ਵਾਰ ਕਿਸੇ ਪਾਕਿਸਤਾਨੀ ਅਥਲੀਟ ਦਾ ਪੁੱਜਣਾ ਤੇ ਸਿਲਵਰ ਮੈਡਲ ਜਿੱਤਣਾ ਹਨ। ਉਹ ਪਹਿਲਾ ਦੱਖਣੀ ਏਸ਼ਿਆਈ ਅਥਲੀਟ ਹੈ ਜਿਸ ਨੇ 90 ਮੀਟਰ ਤੋਂ ਪਾਰ ਨੇਜ਼ਾ ਸੁੱਟਿਆ। ਨੌਕਰੀ ਉਸ ਨੂੰ ਮਸੀਂ ਮਿਲੀ ਸੀ। ਹੁਣ ਉਹ 'ਵਾਪਡਾ ਵਿਚ ਕਲਾਸ ਵਨ ਅਫਸਰ ਵਜੋਂ ਸਰਵਿਸ ਕਰਦਾ ਤੇ ਲਾਹੌਰ ਰਹਿੰਦਾ ਹੈ।

ਉਹ ਸੱਤਵੀਂ 'ਚ ਪੜ੍ਹਦਿਆਂ ਕ੍ਰਿਕਟ, ਫੁੱਟਬਾਲ ਤੇ ਬੈਡਮਿੰਟਨ ਖੇਡਣ ਲੱਗਾ ਸੀ। ਗੋਲਾ ਤੇ ਡਿਸਕਸ ਵੀ ਸੁੱਟ ਲੈਂਦਾ ਸੀ। ਸਕੂਲ 'ਚ ਉਹ ਸਬੱਬੀਂ ਰਸ਼ੀਦ ਅਹਿਮਦ ਸਾਕੀ ਦੀ ਨਜ਼ਰੇ ਚੜ੍ਹ ਗਿਆ ਜਿਸ ਨੇ ਉਸ ਨੂੰ ਜੈਵਲਿਨ ਸੁੱਟਣ ਲਾਲਿਆ। ਪੰਜਾਬ ਯੂਥ ਫੈਸਟੀਵਲ ਵਿਚ ਉਹ ਗੋਲਡ ਮੈਡਲ ਜਿੱਤਿਆ ਤਾਂ ਉਸ ਦਾ ਹੌਸਲਾ ਵਧ ਗਿਆ। ਉਹ ਆਰਮੀ, ਏਅਰ ਫੋਰਸ ਤੇ ਵਾਪਡਾ ਦੀਆਂ ਨਜ਼ਰਾਂ 'ਚ ਆ ਗਿਆ ਤੇ ਸਿਫ਼ਾਰਸ਼ ਨਾਲ ਵਾਪਡਾ ਦਾ ਕਰਮਚਾਰੀ ਬਣ ਗਿਆ। ਇਹ ਗੱਲ 2015 ਦੀ ਹੈ। ਫਿਰ ਉਸ ਦਾ ਵਿਆਹ ਵੀ ਹੋ ਗਿਆ ਹੁਣ ਉਸ ਦੇ ਇਕ ਧੀ ਤੇ ਪੁੱਤ ਹੈ।

2015 ਵਿਚ ਉਸ ਨੂੰ 'ਵਰਲਡ ਅਥਲੈਟਿਕਸ ਵੱਲੋਂ ਵਜ਼ੀਫ਼ਾ ਮਿਲਿਆ ਜਿਸ ਨਾਲ ਹਾਈ ਪਰਫਾਰਮੈਂਸ ਟ੍ਰੇਨਿੰਗ ਸੈਂਟਰ ਮੌਰੀਸ਼ੀਅਸ ਵਿਚ ਸਿਖਲਾਈ ਮਿਲ ਗਈ। ਫਿਰ ਉਸ ਨੇ ਫਰਵਰੀ 2016 'ਚ ਗੁਹਾਟੀ 'ਚ ਹੋਈਆਂ ਸਾਊਥ ਏਸ਼ੀਅਨ ਖੇਡਾਂ ਵਿਚ ਭਾਗ ਲਿਆ ਜਿਥੇ 78.33 ਮੀਟਰ ਦੂਰ ਜੈਵਲਿਨ ਸੁੱਟ ਕੇ ਕਾਂਸੀ ਦਾ ਤਗ਼ਮਾ ਜਿੱਤਿਆ। ਜੂਨ 2016 'ਚ ਹੋ ਚੀ ਮਿਨ੍ਹ ਵਿਖੇ ਹੋਈ ਏਸ਼ੀਅਨ ਜੂਨੀਅਰ ਅਥਲੈਟਿਕ ਚੈਂਪੀਅਨਸ਼ਿਪ 'ਚ ਵੀ ਬਰਾਂਜ਼ ਮੈਡਲ ਜਿੱਤਿਆ। ਮਈ 2017 'ਚ ਬਾਕੂ ਦੀਆਂ ਇਸਲਾਮਿਕ ਸੌਲੀਡੈਰਟੀ ਖੇਡਾਂ ਤੇ ਗੋਲਡ ਕੋਸਟ, ਆਸਟਰੇਲੀਆ ਦੀਆਂ ਕਾਮਨਵੈਲਥ ਖੇਡਾਂ ਵਿਚ ਚੰਗੀ ਕਾਰਗੁਜ਼ਾਰੀ ਵਿਖਾਈ। 2018 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ 'ਚੋਂ 80.75 ਮੀਟਰ ਦੂਰ ਜੈਵਲਿਨ ਸੁੱਟ ਕੇ ਬਰਾਂਜ਼ ਮੈਡਲ ਜਿੱਤਿਆ। 2019 ਵਿਚ ਦੋਹਾ ਦੀ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ 'ਚ 81.52 ਮੀਟਰ ਅਤੇ ਪਿਸ਼ਾਵਰ ਦੀਆਂ ਕੌਮੀ ਖੇਡਾਂ ਵਿਚ 83.65 ਮੀਟਰ ਨਾਲ ਨਵਾਂ ਮੀਟ ਰਿਕਾਰਡ ਰੱਖਿਆ। ਨੇਪਾਲ ਦੀਆਂ ਸਾਊਥ ਏਸ਼ੀਅਨ ਖੇਡਾਂ 2019 'ਚ 86.29 ਮੀਟਰ ਦੂਰ ਜੈਵਲਿਨ ਸੁੱਟ ਕੇ ਗੋਲਡ ਮੈਡਲ ਜਿੱਤਿਆ। ਨਾਲ ਦੀ ਨਾਲ ਨਦੀਮ ਤੇ ਨੀਰਜ ਦੀ ਦੋਸਤੀ ਵੀ ਵਧਦੀ ਗਈ।

ਟੋਕੀਓ ਓਲੰਪਿਕ 2021 ਵਿਚ ਨੀਰਜ ਫਸਟ ਆਇਆ ਤੇ ਨਦੀਮ 84.62 ਮੀਟਰ ਨਾਲ ਪੰਜਵੀਂ ਥਾਂ। 2022 ਦੀ ਵਿਸ਼ਵ ਚੈਂਪੀਅਨਸ਼ਿਪ ਤੋਂ ਪਹਿਲਾਂ ਨਦੀਮ ਦੱਖਣੀ ਅਫਰੀਕਾ ਵਿਚ ਵਿਸ਼ਵ ਦੇ ਮੰਨੇ ਪ੍ਰਮੰਨੇ ਕੋਚ ਟੀ. ਲਿਬਨਬਰਗ ਦੀ ਨਿਗਰਾਨੀ ਹੇਠ ਕੋਚਿੰਗ ਲੈਣ ਦੱਖਣੀ ਅਫਰੀਕਾ ਗਿਆ। ਵਿਸ਼ਵ ਚੈਂਪੀਅਨਸ਼ਿਪ ਵਿਚ ਉਹ 86.16 ਮੀਟਰ ਜੈਵਲਿਨ ਸੁੱਟ ਕੇ ਪੰਜਵੇਂ ਥਾਂ ਰਿਹਾ। 2022 ਦੀਆਂ ਕਾਮਨਵੈਲਥ ਖੇਡਾਂ ਵਿਚ 90.18 ਮੀਟਰ ਦੀ ਸੁੱਟ ਨਾਲ ਦੁਨੀਆ ਦੰਗ ਕਰ ਦਿੱਤੀ !ਉਥੇ ਨਾ ਸਿਰਫ਼ ਗੋਲਡ ਮੈਡਲ ਜਿੱਤਿਆ ਬਲਕਿ ਪੈਰਿਸ ਓਲੰਪਿਕ ਜਿੱਤਣ ਵਾਲਾ ਸਭ ਤੋਂ ਤਕੜਾ ਉਮੀਦਵਾਰ ਬਣ ਗਿਆ। ਨਵੰਬਰ 2022 ਵਿਚ ਲਾਹੌਰ ਦੀ ਨੈਸ਼ਨਲ ਮੀਟ 'ਚ ਉਹਦੀ ਕੂਹਣੀ ਖਿੱਚੀ ਗਈ ਤੇ ਗੋਡਾ ਉਤਰ ਗਿਆ।

ਬਾਕੀ ਹਿਸਾ ਸਫ਼ਾ 61 ਤੇ ਪੜ੍ਹੋ





### 60 ਸਫ਼ੇ ਦੀ ਬਾਕੀ

ਉਸ ਨੂੰ ਯੂ.ਕੇ. ਕੈਂਬਰਿਜ ਲੀ ਹਸਪਤਾਲ ਵਿਚ ਦਾਖਲ ਕਰਾਉਣਾ ਪਿਆ। 2023 ਵਿਚ ਗੋਡਾ ਫਿਰ ਜਰਕ ਖਾ ਗਿਆ। ਠੀਕ ਹੋਇਆ ਤਾਂ 2023 ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ 87.82 ਮੀਟਰ ਦੀ ਸੁੱਟ ਨਾਲ ਸਿਲਵਰ ਮੈਡਲ ਜਿੱਤ ਗਿਆ ਤੇ ਪੈਰਿਸ ਓਲੰਪਿਕ ਲਈ ਕੁਆਲੀਫਾਈ ਕਰ ਗਿਆ। ਪਰ 2024 ਦੀ ਪੈਰਿਸ ਡਾਇਮੰਡ ਲੀਗ 'ਚ ਉਹ ਕੇਵਲ 84.21 ਮੀਟਰ ਨਾਲ ਪੰਜਵਾਂ ਸਥਾਨ ਹੀ ਹਾਸਲ ਕਰ ਸਕਿਆ।

ਪੈਰਿਸ ਓਲੰਪਿਕ 2024 ਵਿਚ ਨਦੀਮ ਨੇ ਆਪਣੀ ਦੂਜੀ ਸੁੱਟ 92.97 ਮੀਟਰ ਸੁੱਟੀ ਤਾਂ ਦਰਸ਼ਕ ਦੰਗ ਹੋ ਗਏ। ਨਦੀਮ ਨੇ ਖੁਸ਼ੀ 'ਚ ਬਾਹਵਾਂ ਉਪਰ ਚੁੱਕੀਆਂ। ਫਿਰ ਦੋਹਾਂ ਹੱਥਾਂ ਨਾਲ ਮੂੰਹ ਢਕ ਲਿਆ। ਗੋਡਿਆਂ ਭਾਰ ਹੋ ਕੇ ਅੱਲਾ ਦਾ ਸ਼ੁਕਰਾਨਾ ਕੀਤਾ। ਇਸ ਸੁੱਟ ਨਾਲ ਉਸ ਨੇ ਬੀਜਿੰਗ ਓਲੰਪਿਕ 2008 'ਚ ਰੱਖਿਆ ਨਾਰਵੇ ਦੇ ਐਂਡਰੀਜ਼ ਦੀ 90.57 ਮੀਟਰ ਸੁੱਟ ਦਾ ਓਲੰਪਿਕ ਰਿਕਾਰਡ ਤੋੜ ਦਿੱਤਾ। ਨੀਰਜ ਚੋਪੜਾ ਆਪਣੇ ਕੈਰੀਅਰ ਦੀ ਬਿਹਤਰੀਨ ਸੁੱਟ 89.45 ਮੀਟਰ ਨਾਲ ਦੂਜੇ ਥਾਂ ਰਿਹਾ। ਤਿੰਨ ਹੋਰ ਸੁਟਾਵੇ ਵੀ ਨੀਰਜ ਦੀ ਟੋਕੀਓ ਵਾਲੀ ਸੁੱਟ ਤੋਂ ਅੱਗੇ ਨਿਕਲ ਗਏ। ਨਦੀਮ ਪਾਕਿਸਤਾਨੀ ਝੰਡਾ ਮੋਢਿਆਂ 'ਤੇ ਤਾਣ ਕੇ ਆਪਣੇ ਕੋਚ ਲਿਬਨਬਰਗ ਤੇ ਸਲਮਾਨ ਇਕਬਾਲ ਬੱਟ ਕੋਲ ਗਿਆ ਜਿਥੇ ਸ਼ੁਕਰਾਨੇ ਵਿਚ ਉਸ ਦੇ ਹੰਝੂ ਵਹਿ ਤੁਰੇ। ਕੋਚਾਂ ਨੇ ਦਿਲਾਸਾ ਦਿੱਤਾ ਤੇ ਮੁਬਾਰਕਾਂ ਵੀ ਦਿੱਤੀਆਂ। ਨਦੀਮ ਨੇ ਸਟੇਡੀਅਮ ਦੀ ਜੇਤੂ ਗੇੜੀ ਲਾਈ। ਇਕ ਥਾਂ ਪੱਗਾਂ ਵਾਲੇ ਸਰਦਾਰ ਖੜ੍ਹੇ ਸਨ ਜਿਨ੍ਹਾਂ ਕੋਲ ਉਹ ਆਪਣੇ ਪੰਜਾਬੀ ਭਰਾ ਸਮਝ ਕੇ ਉਚੇਚਾ ਰੁਕਿਆ। ਪੱਗ ਦਾੜ੍ਹੀ ਪੰਜਾਬੀ ਹੋਣ ਦੀ ਵਿਸ਼ੇਸ਼ ਪਛਾਣ ਹੈ। ਇਹ ਸਭ ਕੁਝ ਕਰੋੜਾਂ ਲੋਕਾਂ ਨੇ ਟੀਵੀ ਤੋਂ ਵੇਖਿਆ।

ਓਲੰਪਿਕ ਚੈਂਪੀਅਨ ਬਣਨ ਤੋਂ ਪਹਿਲਾਂ ਉਹਨਾਂ ਦਾ ਪੇਂਡੂ ਘਰ ਤਿੰਨਕਮਰਿਆਂ ਦਾ ਸੀ ਜਿਨਾਂ ਸੀਮੈਂਟ ਟੀਪ ਦੇ ਕੰਧਾਂ ਤੇ ਕੱਚਾ ਵਿਹੜਾ। ਪਰਿਵਾਰ ਦੀ ਕੁਲ ਜਾਇਦਾਦ ਪਾਕਿਸਤਾਨ ਦੇ 80 ਕੁ ਲੱਖ ਰੁਪਈਆਂ ਦੀ ਹੋਵੇਗੀ। ਓਲੰਪਿਕ ਚੈਂਪੀਅਨ ਬਣਨ ਨਾਲ 80 ਲੱਖ ਦੀ ਜਾਇਦਾਦ ਤੋਂ ਹੁਣ ਕਰੋੜਾਂ ਦੀ ਹੋ ਗਈ ਹੈ। ਅਜੇ ਕਿਹੜਾ ਬੱਸ ਹੈ? ਓਲੰਪਿਕ ਖੇਡਾਂ ਦੇ ਗੋਲਡ ਮੈਡਲ ਨੇ ਗੋਲਡ ਹੀ ਗੋਲਡ ਕਰ ਦਿੱਤਾ ਹੈ। ਪਹਿਲਾਂ ਪਹਿਲ ਪਾਕਿਸਤਾਨ ਦੀਆਂ ਸਰਕਾਰਾਂ ਨੇ ਨਦੀਮ ਨੂੰਕ੍ਰਿਕਟ ਤੇ ਹਾਕੀ ਦੇ ਖਿਡਾਰੀਆਂ ਵਾਂਗਖ਼ਾਸ ਸਹੂਲਤਾਂ ਨਹੀਂ ਸਨ ਦਿੱਤੀਆਂ। ਉਸ ਨੇ ਕਿਸੇ ਅਥਲੈਟਿਕ ਮੀਟ 'ਤੇ ਜਾਣਾਤਾਂ ਰਿਸ਼ਤੇਦਾਰ ਤੇ ਮੀਆਂ ਚੰਨੂੰ ਦੇਗਰਾਈਂ ਉਹਦੇ ਕਿਰਾਏ ਭਾੜੇ ਦਾ ਪ੍ਰਬੰਧ ਕਰਦੇ। ਪਹਿਲਵਾਨ ਨੂੰ ਖੁਰਾਕ ਦੇਣ ਵਾਂਗ ਖੁਰਾਕ 'ਕੱਠੀ ਕਰ ਕੇ ਦਿੰਦੇ ਪਈ ਕਦੇ ਉਹ ਵੀ ਮੀਆਂ ਚੰਨੂੰ ਦਾ ਨਾਂ ਕੱਢੇਗਾ। ਵੇਖ ਲਓ ਹੁਣ ਮੀਆਂ ਚੰਨੂੰ ਮੀਆਂ ਚੰਨੂੰ ਹੋਈ ਪਈ ਐ!

ਰੁੱਖਾਂ ਦੀਆਂ ਟਾਹਣੀਆਂ ਦੇ ਜੈਵਲਿਨ ਬਣਾ ਕੇ ਪ੍ਰੈਕਟਿਸ ਕਰਨ ਵਾਲੇ ਨਦੀਮ ਨੂੰ 'ਵਰਲਡ ਅਥਲੈਟਿਕਸ ਨੇ ਹੌਸਲਾ ਅਫ਼ਜ਼ਾਈ ਵਜੋਂ 50000 ਡਾਲਰਾਂ ਦਾ ਸ਼ਗਨ ਪਾਇਆ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ 5 ਲੱਖ ਅਮਰੀਕਨ ਡਾਲਰਾਂਨਾਲ ਮਾਣ ਸਨਮਾਨ ਕੀਤਾ ਤੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ 3 ਲੱਖ 50 ਹਜ਼ਾਰ ਡਾਲਰਾਂ ਦੀ ਥੈਲੀ ਭੇਟ ਕੀਤੀ। ਕਾਰਾਂ ਦੀਆਂ ਕੰਪਨੀਆਂ ਨੇ ਕਰੋੜੀ ਕਾਰਾਂ ਤੋਹਫ਼ੇ ਵਜੋਂ ਦਿੱਤੀਆਂ। ਉਨ੍ਹਾਂ ਕਾਰਾਂ ਦੇ ਪਲੇਟ ਨੰਬਰ ਵੀ ਉਹਦੇ ਓਲੰਪਿਕ ਰਿਕਾਰਡ 92.97 ਮੀਟਰ ਮੁਤਾਬਿਕ 92.97 ਲਾਏ।

ਖ਼ਬਰਾਂ ਹਨ ਕਿ ਅਰਸ਼ਦ ਦੇ ਇਨਾਮ ਮਿਲੀਅਨ ਤੋਂ ਵੱਧ ਡਾਲਰਾਂ ਤਕ ਪਹੁੰਚ ਗਏ ਨੇ। ਕਰੋੜਾਂ ਦੀਆਂ ਮਹਿੰਗੀਆਂ ਕਾਰਾਂ ਝੂੰਗੇ 'ਚ ਮਿਲਣ ਲੱਗੀਆਂ ਹਨ। ਅਮੀਰ ਵਜ਼ੀਰ, ਮੰਤਰੀ ਸੰਤਰੀ ਤੇ ਅਰਬਦੇਸ਼ਾਂ ਦੇ ਸ਼ੇਖ਼ ਉਸ ਨੂੰ ਜੱਫੀਆਂ ਪਾ ਪਾ ਮਿਲਦੇ ਹਨ। ਫਿਲਮੀਹੀਰੋਇਨਾਂਉਹਦੇ ਨਾਲ ਫੋਟੋ ਖਿਚਵਾ ਕੇ ਖ਼ੁਸ਼ ਹੁੰਦੀਆਂ ਹਨ। ਕਾਰਪੋਰੇਟ ਜਗਤ ਉਹਦੀ ਮਸ਼ਹੂਰੀ ਦਾਲਾਹਾ ਲੈਣ ਲੱਗ ਪਿਐ। ਮਾਲ ਵੇਚਣ ਵਾਲੇ ਉਹਦੇ ਨਾਂ ਨਾਲ ਸੌਦਾ ਵੇਚਣ ਨੂੰ ਕਾਹਲੇ ਹਨ। ਨਦੀਮ ਦੀਆਂ ਕਾਰਾਂ ਲਈ ਉਮਰ ਭਰ ਦਾ ਤੇਲ ਮੁਫ਼ਤ, ਪਾਰਕਿੰਗ ਮੁਫ਼ਤ ਤੇ ਗੋਲਡ ਕਰਾਉਣ ਵੱਖਰੇ। ਰੱਬ ਜਦੋਂ ਦਿੰਦਾ ਹੈ ਤਾਂ ਛੱਪਰ ਪਾੜ ਕੇ ਦਿੰਦਾ ਹੈ!

ਅਰਸ਼ਦ ਨਦੀਮ ਵਿਆਹਿਆ ਵਰਿਆ ਹੈ। ਨਦੀਮ ਦੇ ਸਹੁਰਾ ਸਾਹਿਬ ਜ਼ਿਮੀਂਦਾਰ ਹਨ। ਦਾਮਾਦ ਦੇ ਗੋਲਡ ਮੈਡਲ ਜਿੱਤਣ 'ਤੇ ਉਹ ਜੁਆਈ ਨੂੰ ਚੋਖਾ ਦੁੱਧ ਦੇਣ ਵਾਲੀ ਮੱਝ ਦੇਣ ਆਏ। ਖਿਡਾਰੀ ਲਈ ਇਹ ਸਭ ਤੋਂ ਵੱਡਾ ਤੋਹਫ਼ਾ ਸੀ। ਇਕ ਟੀਵੀ ਸ਼ੋਅ ਦਾ ਐਂਕਰ ਨਦੀਮ ਨੂੰ ਕਹਿਣ ਲੱਗਾ: ਮੈਂ ਤਾਂ ਸੋਚਦਾ ਸੀ, ਤੁਹਾਡੇ ਸਹੁਰਾ ਸਾਹਿਬ ਤੁਹਾਨੂੰ ਜ਼ਮੀਨ ਦੇਣਗੇ ਪਰ ਦਿੱਤੀ ਕਾਲੀ ਕਲੋਟੀ ਮੱਝ!

ਉਸ ਐਂਕਰ ਨੂੰ ਕੀ ਪਤਾ ਕਿ ਮੱਝ ਹੀ ਸਭ ਤੋਂ ਵੱਡਾ ਤੋਹਫ਼ਾ ਸੀ ਜੀਹਦਾ ਦੁੱਧ ਘਿਓ ਪੀ ਖਾ ਕੇ ਉਹ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਤੱਕ ਪੁੱਜਾ ਸੀ। ਮੱਝਾਂ ਦਾ ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਸਥਾਨ ਹੈ ਜਿਵੇਂ ਅਰਬ ਮੁਲਕਾਂ ਵਿਚ ਊਠ ਊਠਣੀਆਂ ਦਾ ਹੈ। ਮੱਝਾਂ ਪੰਜਾਬੀਆਂ ਦਾ ਕਾਲਾ ਸੋਨਾ ਸਮਝੀਆਂ ਜਾਂਦੀਆਂਹਨ ਜਿਨ੍ਹਾਂ ਨਾਲ ਦੁੱਧ ਘਿਓ ਦੀਆਂ ਲਹਿਰਾਂ ਲੱਗੀਆਂ ਰਹਿੰਦੀਆਂ ਹਨ। ਪਾਕਿਸਤਾਨ ਵਿਚ ਦੁੱਧ ਦੀ ਕੁਲ ਖਪਤ ਵਿਚ 72 ਫੀਸਦੀ ਮੱਝਾਂ ਦਾ ਦੁੱਧ ਹੀ ਵਰਤਿਆ ਜਾਂਦਾ ਹੈ। ਦੁੱਧ ਨਾਲ ਕੱਟੇ ਕੱਟੀਆਂ ਦੀ ਵੀ ਮੌਜ ਲੱਗੀ ਰਹਿੰਦੀ ਹੈ ਜਿਸ ਕਰਕੇ ਕਿਸਾਨ ਮਜਦੂਰ ਮੱਝ ਨੂੰ ਹੀ ਆਪਣਾ ਬੈਂਕ ਸਮਝਦੇ ਹਨ। ਕਿਸੇ ਦੀ ਮੱਝ ਮਰ ਜਾਵੇ ਤਾਂ ਦੋਸਤ ਮਿੱਤਰ ਤੇ ਰਿਸ਼ਤੇਦਾਰ ਘਰ ਦੇ ਕਮਾਊ ਜੀਅ ਮਰਨ ਵਾਂਗ ਹੀ ਅਫਸੋਸ ਕਰਨ ਆਉਂਦੇ ਹਨ। ਨਦੀਮ ਦੇ ਸਹੁਰਾ ਸਾਹਿਬ ਨੇ ਸ਼ਾਇਦ ਇਹ ਸੋਚ ਕੇ ਵੀ ਮੱਝ ਦਿੱਤੀ ਹੋਵੇਗੀ ਕਿ ਉਹਨਾਂ ਦਾ ਜੁਆਈ ਅਗਲੀਆਂ ਓਲੰਪਿਕ ਖੇਡਾਂ ਤੱਕ ਨਿੱਠ ਕੇ ਪ੍ਰੈਕਟਿਸ ਕਰਦਾ ਰਵ੍ਹੇ। ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਵਿਚੋਂ ਵੀ ਗੋਲਡ ਮੈਡਲ ਜਿੱਤੇ। ਹਰਿਆਣੇ ਦੇ ਨੀਰਜ ਦਾ ਸਹੁਰਾ ਅਜੇ ਕੋਈ ਨਹੀਂ। ਵੇਖਦੇ ਹਾਂ ਕੌਣ ਬਣਦਾ ਤੇ ਦਾਜ ਵਿਚ ਮੱਝ ਦਿੰਦਾ ਜਾਂ ਨਹੀਂ? ਮੈਂ ਲਿਖਿਆ ਸੀ, ਵਾਹ ਨਦੀਮ! ਬੱਲੇ ਨੀਰਜ! ਧੰਨ ਨੇ ਤੁਹਾਡੀਆਂ ਮਾਵਾਂ!

ਭਾਰਤ-ਪਾਕਿ ਦੇ ਆਮ ਲੋਕਾਂ ਦੀ ਦੁਆ ਹੈ ਕਿ ਭਾਰਤ-ਪਾਕਿ ਵਿਚਕਾਰ ਨਦੀਮ-ਨੀਰਜ ਵਾਂਗ ਦੋਸਤਾਨਾ ਸੰਬੰਧ ਬਣੇ ਰਹਿਣ ਤੇ ਭਰਾਤਰੀਮੁਲਕਾਂ ਦੀਆਂ ਮਾਵਾਂ ਦੋਹੀਂ ਪਾਸੀਂ ਅਸ਼ੀਰਵਾਦਾਂ ਤੇ ਸ਼ੁਭ ਦੁਆਵਾਂ ਦਿੰਦੀਆਂ ਰਹਿਣ!

*principalsarwansingh@gmail.com*

# ਖ਼ਬਰਾਂ ਹੀ ਨਹੀਂ ਖੋਜ-ਕਹਾਣੀਆਂ ਵੀ ਪ੍ਰਕਾਸ਼ਿਤ, ਪ੍ਰਸਾਰਿਤ ਕਰੋ

**ਪ੍ਰੋ. ਕੁਲਬੀਰ ਸਿੰਘ**



ਮੈਂ ਅਖ਼ਬਾਰ ਖੋਲ੍ਹਦੇ ਸਾਰ ਵੱਖ ਵੱਖ ਖੇਤਰਾਂ ਨਾਲ ਸੰਬੰਧਤ ਖੋਜ-ਕਹਾਣੀਆਂ ਲੱਭਦਾ, ਪੜ੍ਹਦਾ ਹਾਂ। ਧਰਤੀ ਬਾਰੇ, ਬ੍ਰਹਿਮੰਡ ਬਾਰੇ, ਸਰੀਰ ਬਾਰੇ, ਸਿਹਤ ਬਾਰੇ, ਚੰਦਰਮਾ ਬਾਰੇ, ਸੂਰਜ ਬਾਰੇ, ਸਮੁੰਦਰ ਬਾਰੇ, ਸਾਇੰਸ ਬਾਰੇ, ਸੈਰ ਬਾਰੇ, ਕਸਰਤ ਬਾਰੇ, ਮਨੁੱਖ ਬਾਰੇ, ਮਨ ਬਾਰੇ।

ਸਰੀਰ ਦੇ ਵਿਗਿਆਨ ਬਾਰੇ, ਸਿਹਤ ਦੇ ਵਿਗਿਆਨ ਬਾਰੇ, ਖੁਰਾਕ ਦੇ ਵਿਗਿਆਨ ਬਾਰੇ, ਇਲਾਜ ਦੇ ਵਿਗਿਆਨ ਬਾਰੇ, ਦਵਾਈਆਂ ਦੇ ਵਿਗਿਆਨ ਬਾਰੇ, ਜੀਵਨ ਦੇ ਵਿਗਿਆਨ ਬਾਰੇ, ਬ੍ਰਹਿਮੰਡ ਦੇ ਵਿਗਿਆਨ ਬਾਰੇ।

ਇਕ ਪਾਸੇ ਪੱਤਰਕਾਰੀ ਦਾ ਦਾਇਰਾ ਦਿਨੋ ਦਿਨ ਮੋਕਲਾ ਹੋ ਰਿਹਾ ਹੈ। ਦੂਸਰੇ ਪਾਸੇ ਸੀਮਤ-ਸੌੜਾ ਹੋ ਰਿਹਾ ਹੈ। ਇਕ ਪਾਸੇ ਕਦਰਾਂ-ਕੀਮਤਾਂ ਨਾਲੋਂ ਟੁੱਟ ਕੇ ਇਸਦਾ ਮੂੰਹ-ਮੁਹਾਂਦਰਾ ਵਿਗੜ ਰਿਹਾ ਹੈ, ਦੂਸਰੇ ਪਾਸੇ ਵਧੇਰੇ ਮਿਹਨਤ, ਵਧੇਰੇ ਗਹਿਰਾਈ, ਵਧੇਰੇ ਵਿਸ਼ਾਲਤਾ ਵੇਖਣ ਨੂੰ ਮਿਲ ਰਹੀ ਹੈ। ਮੁਕਾਬਲਾ ਬੇਹੱਦ ਸਖ਼ਤ ਹੋ ਗਿਆ ਹੈ। ਕਦਮ ਕਦਮ ਤੇ ਚੁਣੌਤੀਆਂ ਹਨ, ਕਦਮ ਕਦਮ 'ਤੇ ਰੁਕਾਵਟਾਂ ਹਨ।

ਇਸ ਸਭ ਦੇ ਬਾਵਜੂਦ ਪ੍ਰਸੰਗਕ ਬਣੇ ਰਹਿਣ ਲਈ ਵੱਖ ਵੱਖ ਨਵੇਂ ਨਿਵੇਕਲੇ ਖੇਤਰਾਂ ਬਾਬਤ ਅਤੇ ਅਜੋਕੇ ਮਨੁੱਖ ਦੀ ਦਿਲਚਸਪੀ ਤੇ ਉਤਸੁਕਤਾ ਵਾਲੇ ਖੇਤਰਾਂ ਬਾਰੇ ਖੋਜ ਅਧਾਰਿਤ ਕਹਾਣੀਆਂ ਨੂੰ, ਖੋਜਾਂ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਤੇ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਪ੍ਰਕਾਸ਼ਨ ਤੇ ਪ੍ਰਸਾਰਨ ਨੂੰ ਲੱਖਾਂ ਲੋਕ ਚਾਹ ਕੇ ਪੜ੍ਹਦੇ ਅਤੇ ਵੇਖਦੇ ਹਨ।



ਬੀਤੇ ਇਕ ਦੋ ਸਾਲਾਂ ਦੌਰਾਨ ਇਕ ਪ੍ਰਮੁੱਖ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਮਨੁੱਖ ਦੀ ਸਿਹਤ ਅਤੇ ਵੱਖ ਵੱਖ ਬਿਮਾਰੀਆਂ ਬਾਰੇ ਬੁਨਿਆਦੀ ਤੇ ਮਹੱਤਵਪੂਰਨ ਜਾਣਕਾਰੀ ਸੰਖੇਪ ਵਿਚ ਦਰਸ਼ਕਾਂ, ਪਾਠਕਾਂ ਤੱਕ ਪਹੁੰਚਾਈ ਜਾ ਰਹੀ ਹੈ। ਕਿਸੇ ਮਾਹਿਰ ਡਾਕਟਰ ਨਾਲ ਮੁਲਕਾਤ ਦੇ ਰੂਪ ਵਿਚ ਜਾਂ ਐਂਕਰ ਦੁਆਰਾ ਤਿਆਰ ਕੀਤੀ ਸੰਖੇਪ ਵੀਡੀਓ ਦੇ ਰੂਪ ਵਿਚ। ਅਜਿਹੀ ਮੁਲਾਕਾਤ, ਅਜਿਹੀ ਵੀਡੀਓ ਨੂੰ ਲੱਖਾਂ ਲੋਕ ਪੜ੍ਹਦੇ, ਸੁਣਦੇ ਅਤੇ ਵੇਖਦੇ ਹਨ। ਸਿਹਤ ਦਾ ਵਿਸ਼ਾ ਵਿਸ਼ਵ-ਵਿਆਪੀ ਹੈ। ਰਾਜਨੀਤਕ ਸੁਰਖੀਆਂ ਵਿਚ ਕੇਵਲ 20 ਪ੍ਰਤੀਸ਼ਤ ਪਾਠਕਾਂ ਦਰਸ਼ਕਾਂ ਦੀ ਦਿਲਚਸਪੀ ਹੁੰਦੀ ਹੈ ਅਤੇ ਇਹ ਖੇਤਰ ਸਥਾਨਕ ਅਤੇ ਸੀਮਤ ਹੈ। ਕਿਉਂ ਕਿ ਹਰੇਕ ਖੇਤਰ, ਹਰੇਕ ਸੂਬੇ, ਹਰੇਕ ਦੇਸ਼ ਦੀ ਆਪਣੀ ਰਾਜਨੀਤੀ ਹੈ। ਆਪਣੀਆਂ ਸਮੱਸਿਆਵਾਂ ਪ੍ਰੇਸ਼ਾਨੀਆਂ ਹਨ। ਆਪਣੀਆਂ ਮੰਗਾਂ-ਉਮੰਗਾਂ ਹਨ। ਪਰੰਤੂ ਸਿਹਤ ਦਾ, ਸਰੀਰ ਦਾ, ਮਨ ਦਾ ਵਿਸ਼ਾ ਸਾਂਝਾ ਅਤੇ ਸਰਵ-ਵਿਆਪੀ ਹੈ।

ਸਿਹਤ ਬਾਰੇ, ਸਿਹਤ-ਖੋਜਾਂ ਬਾਰੇ ਬਣਾਈ ਵੀਡੀਓ ਭਾਵੇਂ ਕਿਸੇ ਵੀ ਭਾਸ਼ਾ ਵਿਚ ਹੋਵੇ ਪਰੰਤੂ ਸਕਰੀਨ 'ਤੇ ਸੰਖੇਪ ਜਾਣਕਾਰੀ ਅੰਗਰੇਜ਼ੀ ਵਿਚ ਵੀ ਦੇ ਦਿੱਤੀ ਜਾਵੇ ਤਾਂ ਅਜਿਹੀ ਵੀਡੀਓ ਪੂਰੀ ਦੁਨੀਆਂ ਵਿਚ ਵੇਖੀ ਜਾਂਦੀ ਹੈ। ਹਰੇਕ ਵਿਅਕਤੀ ਤੰਦਰੁਸਤ ਰਹਿਣਾ ਚਾਹੁੰਦਾ ਹੈ। ਲੰਮੀ, ਪ੍ਰਸੰਨ ਤੇ ਖੁਸ਼ਹਾਲ ਜ਼ਿੰਦਗੀ ਜਿਊਣਾ ਲੋਚਦਾ ਹੈ। ਇਸੇ ਲਈ ਇਸ ਖੇਤਰ, ਇਸ ਵਿਸ਼ੇ ਵਿੱਚ ਹਰੇਕ ਦੀ ਦਿਲਚਸਪੀ ਰਹਿੰਦੀ ਹੈ।


ਅੱਜ ਪੱਤਰਕਾਰੀ ਵਧੇਰੇ ਕਰਕੇ ਸਥਾਨਕ ਸਰੋਕਾਰਾਂ ਨਾਲ ਜੁੜ ਗਈ ਹੈ ਪਰ ਪਾਠਕ, ਦਰਸ਼ਕ ਦੁਨੀਆਂ ਬਾਰੇ ਵੀ ਜਾਨਣਾ ਚਾਹੁੰਦੇ ਹਨ। ਹਰ ਵੇਲੇ ਨਾਕਾਰਾਤਮਕ ਖ਼ਬਰਾਂ। ਲੁੱਟਾਂ, ਖੋਹਾਂ, ਲੜਾਈ, ਝਗੜਿਆਂ, ਕਤਲਾਂ ਦੀਆਂ ਖ਼ਬਰਾਂ। ਦਰਸ਼ਕ, ਪਾਠਕ ਵੇਖ ਪੜ੍ਹ ਕੇ ਅੱਕ ਥੱਕ ਗਏ ਹਨ। ਪ੍ਰੇਸ਼ਾਨ ਹਨ, ਉਦਾਸ ਹਨ, ਉਪਰਾਮ ਹਨ।

ਪਹਿਲਾਂ ਪਹਿਲ ਕਿਸੇ ਪਿੰਡ ਵਿਚ, ਸ਼ਹਿਰ ਦੇ ਕਿਸੇ ਗਲੀ ਮਹੱਲੇ ਵਿਚ ਕੋਈ ਲੜਾਈ ਝਗੜਾ, ਕੋਈ ਛੋਟੀ ਮੋਟੀ ਵਾਰਦਾਤ ਹੋ ਜਾਂਦੀ ਸੀ ਤਾਂ ਨਾਲ ਦੇ ਪਿੰਡ, ਨਾਲ ਦੇ ਗਲੀ ਮਹੱਲੇ ਨੂੰ ਵੀ ਪਤਾ ਨਹੀਂ ਸੀ ਚੱਲਦਾ। ਹੁਣ ਲੜਾਈ ਝਗੜੇ, ਲੁੱਟਾਂ ਖੋਹਾਂ ਵੀ ਵੱਧ ਗਈਆਂ ਹਨ ਅਤੇ ਹਰੇਕ ਦੇ ਹੱਥ ਵਿਚ ਕੈਮਰਾ ਹੈ, ਹਰ ਗਲੀ ਮਹੱਲੇ ਦੇ ਹਰ ਘਰ ਦੇ ਬਾਹਰ ਸੀ ਸੀ ਟੀ ਵੀ ਕੈਮਰੇ ਲੱਗੇ ਹਨ। ਸੋ ਚੈਨਲ ਸਾਰਾ ਦਿਨ ਅਜਿਹੀਆਂ ਖ਼ਬਰਾਂ, ਅਜਿਹੀਆਂ ਵੀਡੀਓ ਵਿਖਾਉਂਦੇ ਰਹਿੰਦੇ ਹਨ ਅਤੇ ਉਹ ਪ੍ਰਸਾਰਨ ਦੁਨੀਆਂ ਭਰ ਵਿਚ ਪਹੁੰਚ ਰਿਹਾ ਹੁੰਦਾ ਹੈ।

ਕੁਦਰਤ ਬੇਹੱਦ ਆਕਰਸ਼ਕ ਹੈ, ਜ਼ਿੰਦਗੀ ਬੇਹੱਦ ਖੂਬਸੂਰਤ ਹੈ, ਧਰਤੀ ਬੇਹੱਦ ਮਨਮੋਹਕ ਹੈ, ਬ੍ਰਹਿਮੰਡ ਬੇਹੱਦ ਵਿਸ਼ਾਲ ਹੈ, ਮਨੁੱਖ ਬੇਹੱਦ ਮਹੱਤਵਪੂਰਨ ਹੈ। ਮੀਡੀਆ ਨੇ ਕਦੇ ਖੁਲ੍ਹ ਕੇ, ਨਿੱਠ ਕੇ, ਵਿਸਥਾਰ ਵਿਚ ਇਨ੍ਹਾਂ ਪੱਖਾਂ ਦੀ ਗੱਲ ਨਹੀਂ ਕੀਤੀ। ਰੋਜ਼ਾਨਾ ਮੁਖ ਸੁਰਖੀ ਸਿਆਸਤ ਨਾਲ ਸੰਬੰਧਤ ਹੁੰਦੀ ਹੈ। ਸਿਆਣੇ ਕਹਿੰਦੇ ਹਨ ਬਹੁਤਾਤ ਕਿਸੇ ਵੀ ਚੀਜ਼ ਦੀ ਮਾੜੀ ਹੁੰਦੀ ਹੈ। ਸੰਤੁਲਿਤ ਪਹੁੰਚ ਨੂੰ ਹੀ ਸਹੀ ਮੰਨਿਆ ਜਾਂਦਾ ਹੈ।

# ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ 2024: ਖੁੱਲ ਕੇ ਗੱਲਬਾਤ ਕਰਕੇ ਖੁਦਕੁਸ਼ੀ ਕਰਨ ਵਾਲਿਆਂ ਨੂੰ ਬਚਾਓ

**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)




"ਖੁਦਕੁਸ਼ੀ ਕਿਸੇ ਸਮੱਸਿਆ ਦਾ ਹਲ ਨਹੀਂ, ਅੱਜ ਯੋਜਨਾਵਦ ਰਾਸ਼ਟਰੀ ਨੀਤੀਆਂ ਨਾਲ ਖੁਦਕੁਸ਼ੀਆਂ ਨੂੰ ਰੋਕਣ ਦੀ ਲੋੜ ਹੈ"-



ਹੈਲਥ ਮੀਡੀਆ ਕੈਨੇਡਾ : ਵਿਸ਼ਵ ਆਤਮ ਹੱਤਿਆ ਅਵੇਅਰਨੈਸ ਦਿਵਸ 10 ਸਤੰਬਰ, 2024 ਦੇ ਦਿਨ ਅੰਤਰਰਾਸ਼ਟਰੀ ਪੱਧਰ 'ਤੇ ਵਰਲਡ ਹੈਲਥ ਅਰਗਨਾਈਜ਼ੇਸ਼ਨ ਵਿਸ਼ਵ ਸਿਹਤ W.H.O. ਦੇ ਸਹਿਯੋਗ ਨਾਲ ਜਨਤਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਖੁਦਕੁਸ਼ੀ ਰੋਕਥਾਮ ਦਿਵਸ ਸਾਲ 2024 ਦਾ ਥੀਮ ਹੈ-ਗੱਲਬਾਤ ਰਾਹੀਂ ਆਤਮਹੱਤਿਆ ਦੇ ਬਿਰਤਾਂਤ ਨੂੰ ਬਦਲ ਕੇ ਇਸ ਕਲੰਕ ਦੇ ਮਹੱਤਵ ਬਾਰੇ ਜਾਗਰੁਕਤਾ ਪੈਦਾ ਕਰਕੇ ਖੁਦਕੁਸ਼ੀਆਂ ਨੂੰ ਰੋਕਣ ਲਈ ਖੁੱਲੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਹੈ। ਦੁਨਿਆ ਦੇ 70 ਦੇਸ਼ਾਂ ਵਿੱਚ ਖੁਦਕਸ਼ੀ ਦੀ ਰੋਕਥਾਮ ਲਈ ਸੋਸ਼ਲ ਮੀਡਿਆ, ਯਾਦਗਾਰੀ, ਵਿਦਿਅਕ ਸਮਾਗਮ, ਪ੍ਰੈਸ ਕਾਨਫਰੰਸਾਂ ਰਾਹੀਂ ਕਮਉਿਨਿਟੀ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਜਨਤਾ ਨੂੰ ਅਵੇਅਰ ਕੀਤਾ ਜਾਂਦਾ ਹੈ। ਦੀ ਰਿਪੋਰਟ ਮੁਤਾਬਿਕ ਹਰ 40 ਸਕਿੰਟਾਂ ਵਿੱਚ ਕੋਈ ਆਪਣੀ ਜਾਨ ਲੈਂਦਾ ਹੈ। ਕਰੀਬਨ 1 ਮਿਲੀਅਨ ਦੇ ਨੇੜੇ ਆਂਕੜਾ ਪਹੁੰਚ ਗਿਆ ਹੈ। ਜਿਨਾਂ ਵਿਚ 85% ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਕੀਟਨਾਸ਼ਕ ਜ਼ਹਿਰ, ਨਸ਼ੀਲੇ ਵਸਤਾਂ ਦੇ ਓਵਰਡੋਜ਼, ਹਥਿਆਰ ਨਾਲ ਅਤੇ ਫਾਂਸੀ ਵਗੈਰਾ ਲਾ ਕੇ ਕਰਨਾ ਆਮ ਗੱਲ ਹੋ ਗਈ ਹੈ। ਨੌਜਵਾਨਾਂ ਤੋਂ ਲੈ ਕੇ ਹਰ ਉਮਰ ਵਿਚ ਆਤਮ ਹੱਤਿਆ ਦਾ ਆਂਕੜਾ ਘੱਟ ਕਰਨ ਲਈ ਰਾਸ਼ਟਰੀ- ਅੰਤਰਰਾਸ਼ਟਰੀ ਪੱਧਰ 'ਤੇ ਸਾਂਝੀ ਰਣਨੀਤੀ ਬਣਾਈ ਜਾ ਰਹੀ ਹੈ। ਵਿਸ਼ਵ ਭਰ ਵਿਚ 15-29 ਸਾਲ ਦੇ ਬੱਚਿਆਂ ਦੀ ਮੌਤ ਦਾ ਮੁੱਖ ਕਾਰਨ ਬਿਮਾਰੀ ਤੌਂਨ ਇਲਾਵਾ ਖੁਦਕਸ਼ੀ ਦਸਿਆ ਗਿਆ ਹੈ।ਕਾਫੀ ਸਮੇਂ ਤੋਂ ਸਮੱਸਿਆ ਦਾ ਹੱਲ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। 50 ਸਾਲ ਤੋਂ ਵੱਧ ਉਮਰ ਦੇ ਲੋਕ ਖੁਦਕਸ਼ੀ ਮਾਨਸਿਕ ਕਮਜ਼ੋਰੀ ਅਤੇ ਜ਼ਿਆਦਾ ਸਟ੍ਰੈਸ ਰਹਿਣ ਕਰਕੇ ਕਰਦੇ ਹਨ।

ਪਰਿਵਾਰ ਵਿਚ ਲਗਾਤਾਰ ਕਲੇਸ਼ ਰਹਿਣਾ, ਜੋਬ-ਕੰਮਕਾਜ ਨਾ ਰਹਿਣਾ, ਵਪਾਰ ਵਿਚ ਘਾਟਾ, ਹੋਰ-ਹੋਰ ਦੀ ਪ੍ਰਾਪਤੀ ਲਈ ਲਾਲਚ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਅਤੇ ਮਾਡਰਨ ਲਾਈਫ ਸਟਾਇਲ ਸਟ੍ਰੈਸ ਇਨਸਾਨ ਨੂੰ ਖੁਦਕਸ਼ੀ ਦੇ ਰਸਤੇ 'ਤੇ ਲੈ ਕੇ ਜਾ ਰਿਹਾ ਹੈ।

ਆਤਮ ਹੱਤਿਆ ਆਪਣੇ ਆਪ ਵਿੱਚ ਇੱਕ ਮਾਨਸਿਕ ਬਿਮਾਰੀ ਨਹੀਂ ਹੈ ਬਲਕਿ ਇਲਾਜ ਯੋਗ ਮਾਨਸਿਕ ਵਿਗਾੜਾਂ ਦਾ ਇੱਕ ਸੰਭਾਵਿਤ ਗੰਭੀਰ ਨਤੀਜਾ ਹੈ। ਜਿਸ ਵਿਚ ਪ੍ਰਮੁੱਖ ਤਨਾਅ, ਬਾਈਪੋਲਰ ਡਿਸਆਡਰ, ਸਦਮੇ ਤੋਂ ਬਾਅਦ ਦੇ ਤਨਾਅ ਵਿਕਾਰ, ਬਾਰਡਰਲਾਈਨ ਸ਼ਖਸੀਅਤ ਵਿਗਾੜ, ਸ਼ਾਈਜ਼ੋਫਰਨੀਆ, ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ, ਅਤੇ ਖਾਣ ਦੀਆਂ ਬਿਮਾਰੀਆਂ ਬਲੀਮੀਆ ਅਤੇ ਐਨੋਰੈਕਸੀਆ ਨਰਵੋਸਾ ਵਗੈਰਾ ਸ਼ਾਮਿਲ ਹਨ।

ਡਬਲਯੂਐਚਓ ਨੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ਾਂ ਨੂੰ ਆਪਸੀ ਤਾਲਮੇਲ ਨਾਲ ਸਿਹਤ ਦੇ ਨਾਲ-ਨਾਲ ਰੁਜ਼ਗਾਰ, ਅਦਾਲਤੀ ਜਸਟਿਸ, ਸਿੱਖਿਆ ਅਤੇ ਸਮਾਜ ਭਲਾਈ ਦੇ ਖੇਤਰ ਵਿਚ ਉੱਚ ਪੱਧਰੀ ਵਚਨਵਧਤਾ ਬਰਕਰਾਰ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਵਿਸ਼ਵ ਭਰ ਵਿਚ W.H.O. ਨੇ ਮਾਨਸਿਕ ਸਿਹਤ ਐਕਸ਼ਨ ਪਲਾਨ ਮੁਤਾਬਿਕ ਇਸ ਦਿਨ ਆਤਮ ਹੱਤਿਆ ਅਤੇ ਖੁਦਕਸ਼ੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਾਂਝੇ ਕਦਮ ਚੱਕਣ ਦਾ ਮੌਕਾ ਦਿੰਦਾ ਹੈ।

W.H.O. ਦੇ ਮੈਂਬਰ ਦੇਸ਼ਾਂ ਨੇ ਆਤਮ ਹੱਤਿਆ ਦੀ ਦਰ ਘਟਾਓਣ ਲਈ ਆਪਣੇ ਆਪ ਨੂੰ ਵਿਸ਼ਵ ਪੱਧਰ 'ਤੇ ਇੱਕ ਪਹਿਲ ਦੀ ਸ਼ਕਲ ਵਿਚ ਸੇਵਾ ਪ੍ਰਬੰਧਾਂ ਦਾ ਵਿਸਥਾਰ ਕਰਨ ਅਤੇ ਟੀਚੇ ਵੱਲ ਕੰਮ ਕਰਨ ਲਈ ਤਕਨੀਕੀ ਖੋਜ਼ ਲਈ ਵਚਨਵੱਧ ਕੀਤਾ ਹੈ।

ਖੁਦਕਸ਼ੀ ਦੇ ਚਿਤਾਵਨੀ ਸੰਕੇਤਾਂ ਯਾਨਿ ਵੱਧ ਰਹੀ ਮਾਨਸਿਕ ਨਿਰਾਸ਼ਾ ਦੀ ਭਾਵਨਾ ਦੀ ਪਛਾਣ ਕਰਨ ਵਿਚ ਪਰਿਵਾਰ, ਦੋਸਤ, ਸਮਾਜ ਅਤੇ ਸਰਕਾਰ ਦੇ ਆਪਸੀ ਸਹਿਯੋਗ ਦੀ ਲੋੜ ਹੈ।

ਖੁਦਕਸ਼ੀ ਦੇ ਚਿਤਾਵਨੀ ਸੰਕੇਤ ਜਿਵੇਂ: ਨਸ਼ਿਆਂ ਦੀ ਦੁਰਵਰਤੋਂ, ਵੱਧ ਰਹੇ ਤਲਾਕ, ਜ਼ਿਆਦਾ ਉਦਾਸੀ ਵਾਲੀ ਮਨੋਦਸ਼ਾ, ਭਵਿੱਖ ਪ੍ਰਤੀ ਲੰਬੇ ਸਮੇਂ ਤੱਕ ਰਹਿਣ ਵਾਲੀ ਉਦਾਸੀ, ਇਕੱਲਾਪਨ, ਬਦਲ ਰਹੀ ਮਨੋਦਸ਼ਾ, ਅਚਾਨਕ ਗੁੱਸਾ, ਨਿਰਾਸ਼ਾ, ਨੈਗੇਟਿਵ ਸੋਚ, ਹੀਨ ਭਾਵਨਾ, ਅਚਾਨਕ ਸ਼ਾਂਤੀ, ਸਵੈ-ਨੁਕਸਾਨਦੇਹ ਵਿਵਹਾਰ, ਸਰੀਰਕ 'ਤੇ ਮਾਨਸਿਕ ਬਿਮਾਰੀਆਂ ਵਗੈਰਾ ਚੰਗੇ ਭਲੇ ਨੂੰ ਆਤਮ ਹੱਤਿਆ ਦਾ ਫੈਸਲਾ ਲੈਣ ਨੂੰ ਮਜਬੂਰ ਕਰ ਦਿੰਦੀ ਹੈ।ਆਤਮ ਹੱਤਿਆ ਦੀ ਹਰ ਧਮਕੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਨੋਟ: ਜ਼ਿੰਦਗੀ ਬੜੀ ਕੀਮਤੀ ਹੈ। ਵਕਤ ਨਾਲ ਬਦਲ ਕੇ ਮਾਨਸਿਕ ਪ੍ਰੇਸ਼ਾਨੀ ਦੀ ਹਾਲਤ ਵਿਚ ਹਮੇਸ਼ਾ ਆਪਣੇ ਪਰਿਵਾਰ, ਦੋਸਤ-ਮਿੱਤਰਾਂ ਅਤੇ ਸਮਾਜ ਦਾ ਕਮਉਨੀਟੀ ਅਤੇ ਚੰਗਾ ਕੰਮ ਕਰਨ ਵਾਲੀਆਂ ਸੰਸਥਾਂਵਾਂ ਦੇ ਆਪਸੀ ਸਹਿਯੋਗ ਨਾਲ ਖਿਆਲ ਰੱਖੋ। ਤੇਜ਼ ਰਫਤਾਰ ਜ਼ਿੰਦਗੀ ਦੌਰਾਣ ਹਰ ਆਦਮੀ ਨੂੰ ਆਪਣੇ ਅੰਦਰ ਆਤਮ ਵਿਸ਼ਵਾਸ ਬਰਕਰਾਰ ਰੱਖ ਕੇ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕਰਨ ਦੀ ਆਦਤ ਪਾ ਲੈਣੀ ਚਾਹੀਦੀ ਹੈ। ਲੌੜ ਪੈਣ 'ਤੇ ਪ੍ਰੋਫੈਸ਼ਨਲ ਦੀ ਸਲਾਹ ਜਰੂਰ ਲਵੋ ਅਤੇ ਆਪਣੇ ਆਪ ਨੂੰ ਸੰਭਾਲੋ। ਸਰਕਾਰੀ ਗੈਰ-ਸਰਕਾਰੀ ਸੰਸਥਾਂਵਾਂ, ਆਪਣੇ ਪਰਿਵਾਰ, ਦੋਸਤ-ਮਿੱਤਰਾਂ ਨਾਲ ਖੁੱਲ ਕੇ ਸਮੱਸਿਆ ਬਾਰੇ ਗੱਲਬਾਤ ਆਪਣੀ ਅਨਮੋਲ ਜ਼ਿੰਦਗੀ ਨੂੰ ਬਚਾਓ।

******

# ਰਾਹੁਲ ਨੇ ਅਮਰੀਕਾ 'ਚ ਕਿਹਾ- ਸਭ ਕੁਝ ਮੇਡ ਇਨ ਚਾਈਨਾ, ਇਸ ਲਈ ਭਾਰਤ 'ਚ ਰੁਜ਼ਗਾਰ ਦੀ ਸਮੱਸਿਆ



ਟੈਕਸਾਸ: ਰਾਹੁਲ ਗਾਂਧੀ ਵਿਰੋਧੀ ਧਿਰ ਦੇ ਨੇਤਾ ਵਜੋਂ ਪਹਿਲੀ ਵਾਰ ਵਿਦੇਸ਼ ਦੌਰੇ 'ਤੇ ਹਨ। ਉਹ ਐਤਵਾਰ ਨੂੰ ਅਮਰੀਕਾ ਦੇ ਟੈਕਸਾਸ ਰਾਜ ਪਹੁੰਚੇ। ਇੱਥੇ ਉਨ੍ਹਾਂ ਨੇ 2 ਪ੍ਰੋਗਰਾਮਾਂ 'ਚ ਹਿੱਸਾ ਲਿਆ। ਪਹਿਲਾਂ ਉਹ ਡਲਾਸ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਮਿਲੇ। ਇਸ ਤੋਂ ਬਾਅਦ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਯੂਨੀਵਰਸਿਟੀ ਆਫ ਟੈਕਸਾਸ ਦੇ ਵਿਦਿਆਰਥੀਆਂ ਨਾਲ ਭਾਰਤੀ ਰਾਜਨੀਤੀ, ਅਰਥ ਵਿਵਸਥਾ ਅਤੇ ਭਾਰਤ ਜੋੜੋ ਯਾਤਰਾ ਸਮੇਤ ਕਈ ਮੁੱਦਿਆਂ 'ਤੇ ਚਰਚਾ ਕੀਤੀ। ਰਾਹੁਲ ਨੇ ਕਿਹਾ ਕਿ ਭਾਰਤ ਵਿੱਚ ਹਰ ਚੀਜ਼ ਚੀਨ ਵਿੱਚ ਬਣੀ ਹੈ। ਚੀਨ ਨੇ ਉਤਪਾਦਨ 'ਤੇ ਧਿਆਨ ਦਿੱਤਾ ਹੈ, ਇਸ ਲਈ ਚੀਨ ਵਿੱਚ ਰੁਜ਼ਗਾਰ ਦੀ ਕੋਈ ਸਮੱਸਿਆ ਨਹੀਂ ਹੈ। ਇਸ ਮੌਕੇ 'ਤੇ ਬੋਲਦਿਆਂ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਸੈਮ ਪਿਤਰੋਦਾ ਨੇ ਕਿਹਾ ਕਿ ਰਾਹੁਲ ਗਾਂਧੀ ਪੱਪੂ ਨਹੀਂ ਹਨ, ਉਹ ਪੜ੍ਹੇ-ਲਿਖੇ ਅਤੇ ਕਿਸੇ ਵੀ ਮੁੱਦੇ 'ਤੇ ਡੂੰਘੀ ਸੋਚ ਵਾਲੇ ਹਨ। ਪ੍ਰੋਗਰਾਮ 'ਚ ਰਾਹੁਲ ਗਾਂਧੀ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਜ਼ਿੰਮੇਵਾਰੀ, ਭਾਰਤ ਦੀ ਆਰਥਿਕ ਸਥਿਤੀ, ਰੁਜ਼ਗਾਰ ਸਮੇਤ 6 ਮੁੱਦਿਆਂ 'ਤੇ ਆਪਣੀ ਰਾਏ ਜ਼ਾਹਰ ਕੀਤੀ। ਇਸ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਮੇਰੀ ਭੂਮਿਕਾ ਸੰਸਦ ਵਿੱਚ ਸਰਕਾਰ ਵਿਰੁੱਧ ਬੋਲਣ ਅਤੇ ਉਨ੍ਹਾਂ ਨੂੰ ਤਾਨਾਸ਼ਾਹ ਬਣਨ ਤੋਂ ਰੋਕਣ ਤੱਕ ਸੀਮਤ ਨਹੀਂ ਹੈ। ਮੈਨੂੰ ਲਗਦਾ ਹੈ ਕਿ ਮੇਰੀ ਭੂਮਿਕਾ ਭਾਰਤੀ ਰਾਜਨੀਤੀ ਵਿੱਚ ਪਿਆਰ, ਸਤਿਕਾਰ ਅਤੇ ਨਿਮਰਤਾ ਲਿਆਉਣਾ ਹੈ। ਪਿਆਰ ਅਤੇ ਸਤਿਕਾਰ ਸਿਰਫ ਤਾਕਤਵਰ ਲੋਕਾਂ ਲਈ ਨਹੀਂ, ਸਗੋਂ ਉਨ੍ਹਾਂ ਸਾਰਿਆਂ ਲਈ ਹੈ ਜੋ ਦੇਸ਼ ਦੇ ਨਿਰਮਾਣ ਵਿੱਚ ਲੱਗੇ ਹੋਏ ਹਨ।